# ਪੁਆਧੀ ਲੋਕਗੀਤ

ਡਾ. ਮੁਖਤਿਆਰ ਸਿੰਘ



ਪੁਆਧੀ ਲੋਕਗੀਤ

ਡਾ. ਮੁਖਤਿਆਰ ਸਿੰਘ



unistarbooks.com

UNISTAR BOOKS PVT. LTD.
INDIA
Chandigarh : 26-27 Top Floor, Sector 34A
Ph.: +91-172-5077427, 5077428, 5089761
Ludhiana : Punjabi Bhawan • +9198154 71219

ISBN 81-7142-877-0

Rs. 200/-

Cover Paintings: Ashpreet Kaur

# ਪੁਆਧੀ ਲੋਕਗੀਤ

ਡਾ. ਮੁਖਤਿਆਰ ਸਿੰਘ

Puadhi Lokgeet
by
Mukhtiar Singh
Village Jodhpur P.O Kathgarh
Distt. : Ambala (Haryana)
Mob: 098760-90172
2009

Published by Lokgeet Parkashan
S.C.O. 26-27, Sector 34 A, Chandigarh-160022,
India
Ph.0172-5077427, 5077428
Punjabi Bhawan, Ludhiana, 98154 71219
www.unistarbooks.com

Type Setting & Design PCIS
Printed & bound at Unistar Books (Printing Unit),
11-A, Industrial Area, Phase-2, Chandigarh (India)
98154-71219

***Produced and Bound in India***
© 2009

All rights reserved

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's and writer's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

ਸਮਰਪਣ

ਮਾਤਾ

ਮਹਿੰਦਰ ਕੌਰ

ਜੀ

ਨੂੰ

# ਤਤਕਰਾ


- ਪੁਆਧੀ ਲੋਕਗੀਤ 9
- ਆਪਣੇ ਵਲੋਂ 12
- ਪੁਆਧ : ਇਕ ਜਾਣ ਪਛਾਣ 25
- ਪੁਆਧੀ ਵਿਆਹ ਗੀਤ 48
- ਪੁਆਧੀ ਲੋਕ ਗੀਤ 116
- ਲੰਮੀਆਂ ਬੋਲੀਆਂ 134
- ਪੁਆਧੀ ਧਾਰਮਿਕ ਲੋਕ ਗੀਤ 192
- ਪੁਸਤਕ ਸੂਚੀ 202

# ਧੰਨਵਾਦ

ਲੋਕਗੀਤਾਂ ਦੇ ਸੰਗ੍ਰਹਿ-ਕਾਰਜ ਅਤੇ ਇਨ੍ਹਾਂ ਉਤੇ ਕੰਮ ਕਰਨ ਵਿਚ ਮੇਰੀ ਪ੍ਰੇਰਨਾ ਦੇ ਸਰੋਤ ਰਹੇ ਹਨ - ਡਾ. ਮਹਿੰਦਰ ਸਿੰਘ ਰੰਧਾਵਾ, ਪ੍ਰੋ. ਦੇਵਿੰਦਰ ਸਤਿਆਰਥੀ, ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, ਅੰਮ੍ਰਿਤਾ ਪ੍ਰੀਤਮ ਅਤੇ ਡਾ. ਨਾਹਰ ਸਿੰਘ। ਇਨ੍ਹਾਂ ਸ਼ਖਸੀਅਤਾਂ ਦੀ ਅਣਥੱਕ ਮਿਹਨਤ ਸਦਕਾ ਪੰਜਾਬੀ ਲੋਕਗੀਤਾਂ ਦਾ ਖਜ਼ਾਨਾ ਲਬਾਲਬ ਭਰਿਆ ਪਿਆ ਹੈ। ਸਭ ਨੂੰ ਮੇਰੀ ਸਲਾਮ।

ਪੰਜਾਬੀ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ ਦੇ ਪ੍ਰਾਧਿਆਪਕਾਂ ਦਾ ਮੈਂ ਰਿਣੀ ਹਾਂ ਜਿਨ੍ਹਾਂ ਨੇ ਹਮੇਸ਼ਾ ਮੇਰੀ ਸਾਹਿਤਕ ਰੁਚੀਆਂ ਨੂੰ ਜਗਾਈ ਰੱਖਿਆ ਹੈ। ਪ੍ਰੋ. ਅਮਰਜੀਤ ਸਿੰਘ ਕਾਂਗ, ਡਾ. ਨਰਵਿੰਦਰ ਸਿੰਘ ਕੌਸ਼ਲ, ਡਾ. ਕਰਮਜੀਤ ਸਿੰਘ ਅਤੇ ਡਾ. ਰਾਜਿੰਦਰ ਸਿੰਘ ਭੱਟੀ ਹੁਰਾਂ ਦੀ ਵਡਮੁੱਲੀ ਅਗਵਾਈ ਸਦਕਾ ਹੀ ਹਥਲੀ ਪੁਸਤਕ ਹੋਂਦ ਵਿਚ ਆ ਸਕੀ ਹੈ। ਗੁਰੂਜਨ ਮੇਰੇ ਵਲੋਂ ਧੰਨਵਾਦ ਕਬੂਲ ਕਰਨ। ਧੰਨਵਾਦ ਪ੍ਰੋ. ਸਤਿੰਦਰ ਸਿੰਘ ਨੂਰ ਅਤੇ ਪ੍ਰੋ. ਜਗਬੀਰ ਸਿੰਘ ਦਾ ਵੀ ਕਰਦਾ ਹਾਂ ਜੋ ਸਮੇਂ ਸਮੇਂ ਸਾਹਿਤਕ ਮੇਲਿਆਂ ਵਿਚ ਇਸ ਕੰਮ ਬਾਰੇ ਹੱਲਾਸ਼ੇਰੀ ਦੇ ਨਾਲ ਨਾਲ ਸਲਾਹ ਮਸ਼ਵਰਾ ਵੀ ਦਿੰਦੇ ਰਹੇ ਹਨ।

ਮੇਰੀ ਉਪਰੋਕਤ ਪ੍ਰੇਰਨਾ ਨੂੰ ਅਮਲੀ ਜਾਮਾ ਪਹਿਨਾਉਣ ਲਈ ਸ੍ਰੀ ਸੀ. ਆਰ. ਮੌਦਗਿਲ ਦਾ ਬਹੁਤ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਪੁਸਤਕ ਦੇ ਖਰੜੇ ਨੂੰ ਪੜ੍ਹ ਕੇ ਨਾ ਕੇਵਲ ਸੁਚੱਜੀ ਰਹਿਨੁਮਾਈ ਹੀ ਦਿਤੀ ਹੈ ਸਗੋਂ ਇਸ ਪੁਸਤਕ ਦੀ ਭੂਮਿਕਾ ਲਿਖਣ ਦਾ ਸਨਮਾਨਯੋਗ ਕਾਰਜ ਵੀ ਕੀਤਾ ਹੈ।

ਧੰਨਵਾਦੀ ਹਾਂ ਆਪਣੀ ਮਾਤਾ ਜੀ, ਭੈਣਾਂ ਤੇ ਉਨ੍ਹਾਂ ਸਾਰੀਆਂ ਕੁੜੀਆਂ ਅਤੇ ਇਸਤਰੀਆਂ ਦਾ ਜਿਨ੍ਹਾਂ ਨੇ ਲੋਕਗੀਤਾਂ ਦੇ ਇਸ ਵਡਮੁੱਲੇ ਖਜਾਨੇ ਨੂੰ ਇਕੱਠਾ ਕਰਨ ਵਿਚ ਮੇਰੀ ਮਦਦ ਕੀਤੀ ਹੈ।

ਪ੍ਰਕਾਸ਼ਨ ਦੇ ਖੇਤਰ ਵਿਚ ਲੋਕਗੀਤ ਪ੍ਰਕਾਸ਼ਨ ਦਾ ਆਪਣਾ ਨਾਮ ਹੈ। ਇਸ ਸਾਹਿਤਕ ਕਾਰਜ ਨੂੰ ਪੁਸਤਕ ਰੂਪ ਦੇਣ ਵਿਚ ਉਨ੍ਹਾਂ ਦੇ ਯੋਗਦਾਨ ਦਾ ਮੈਂ ਧੰਨਵਾਦੀ ਹਾਂ। ਪੁਸਤਕ ਦਾ ਕਵਰ ਡਿਜਾਇਨ ਐਸਪ੍ਰੀਤ ਕੌਰ ਵਲੋਂ ਬੜੀ ਮਿਹਨਤ ਨਾਲ ਤਿਆਰ ਕੀਤਾ ਗਿਆ ਜਿਸ ਲਈ ਮੈਂ ਉਨ੍ਹਾਂ ਦਾ ਵੀ ਧੰਨਵਾਦੀ ਹਾਂ।

(ਲੇਖਕ)

# ਪੁਆਧੀ ਲੋਕਗੀਤ

ਸਾਹਿਤ ਵਿੱਚ ਜਿਥੇ ਸਿਰਜਨਾਤਮਿਕ ਸਾਹਿਤ ਦੀ ਵਿਸ਼ੇਸ਼ ਮਹੱਤਤਾ ਹੈ ਉਥੇ ਸਾਹਿਤ ਵਿੱਚ ਖੋਜ ਦਾ ਆਪਣਾ ਮਹੱਤਵ ਹੈ। ਖੋਜ ਕਰਨ ਵਾਲੇ ਮੂਲ ਲੇਖਕ ਦੀ ਕਿਰਤ ਨੂੰ ਪਰਖਕੇ ਉਸ ਦੇ ਗੁਣਾਂ ਅਤੇ ਰਹਿ ਗਈਆਂ ਖਾਮੀਆਂ ਸਬੰਧੀ ਆਪਣੀ ਨਿਰਪੱਖ ਰਾਏ ਦੇ ਕੇ ਸੁਚੱਜੇ ਅਤੇ ਉਤਮ ਸਾਹਿਤ ਦਾ ਮਾਰਗ ਪ੍ਰਸ਼ਸਤ ਕਰਦੇ ਹਨ। ਆਲੋਚਕ ਜੇਕਰ ਨਿਰਪੱਖ ਅਤੇ ਉਸਾਰੂ ਰੁਚੀਆਂ ਨਾਲ ਆਪਣਾ ਕਾਰਜ ਬਿਨਾਂ ਕਿਸੇ ਵਿਤਕਰੇ ਦੇ ਕਰਦੇ ਹਨ ਤਾਂ ਉਨ੍ਹਾਂ ਵਲੋਂ ਦਰਸਾਇਆ ਰਾਹ ਮੂਲ ਲੇਖਕ ਪਰਵਾਨ ਵੀ ਕਰਦਾ ਹੈ ਅਤੇ ਅੱਗੇ ਲਈ ਉਨ੍ਹਾਂ ਦੀਆਂ ਦੱਸੀਆਂ ਗੱਲਾਂ ਵੱਲ ਧਿਆਨ ਦੇ ਕੇ ਇਕ ਕਦਮ ਅਗਾਹਾਂ ਵਲ ਨੂੰ ਵੀ ਪੁਟਦਾ ਹੈ।

ਕਿਸੇ ਲੇਖਕ ਵਲੋਂ ਕੀਤੀ ਸਾਹਿਤਕ ਕਿਰਤ ਨੂੰ ਤਾਂ ਉਸ ਦੇ ਨਾਂ ਨਾਲ ਜੋੜਕੇ ਪਰਖਿਆ ਜਾਂਦਾ ਹੈ ਪਰ ਜਦੋਂ ਗੱਲ ਉਸ ਸਾਹਿਤ ਦੀ ਆਉਂਦੀ ਹੈ ਜੋ ਲੋਕਾਂ ਦੀ ਹਿੱਕ ਪਾੜਕੇ ਆਪ ਮੁਹਾਰੇ ਜਨਮਿਆ ਹੋਵੇ ਅਤੇ ਉਸ ਵਿਚ ਚਿਤਰਨ ਵੀ ਉਨ੍ਹਾਂ ਪ੍ਰਸਥਿਤਿਆਂ ਦਾ ਹੀ ਕੀਤਾ ਗਿਆ ਹੋਵੇ ਜੋ ਉਸ ਕਿਰਤ ਦੇ ਜਨਮ ਸਮੇਂ ਹਾਵੀ ਹੋਣ, ਉਸ ਸਥਿਤੀ ਵਿਚ ਆਲੋਚਕ ਵਲੋਂ ਉਸ ਰਚਨਾ ਦਾ ਮੁੱਲ ਅਤੇ ਮੰਤਵ ਤਾਂ ਪਰਖਿਆ ਜਾ ਸਕਦਾ ਹੈ, ਉਸ ਲਈ ਕਿਸੇ ਮਾਰਗ ਦਰਸ਼ਨ ਦੀ ਗੁੰਜਾਇਸ ਬਹੁਤ ਘੱਟ ਰਹਿ ਜਾਂਦੀ ਹੈ। ਖੋਜ ਕਾਰਜ ਕਰ ਰਹੇ ਵਿਦਵਾਨ ਦੇ ਸਾਹਵੇਂ ਉਸ ਕਿਰਤ ਸਮੇਂ ਦੀਆਂ ਪ੍ਰਚਲੱਤ ਪ੍ਰਸਥਿਤੀਆਂ ਅਤੇ ਰਚਨਾਂ ਵਿੱਚ ਝਲਕਦਾ ਉਨ੍ਹਾਂ ਦਾ ਪਰਛਾਵਾਂ ਹੀ ਉਸ ਦੀ ਆਲੋਚਨਾ ਦਾ ਵਿਸ਼ਾ ਬਣਦੇ ਹਨ।

ਅਗਲੀ ਗੱਲ ਕਰਨ ਤੋਂ ਪਹਿਲਾਂ ਇਹ ਜਰੂਰ ਕਹਿਣਾ ਚਾਹਾਂਗਾ ਕਿ ਪੰਜਾਬ ਵਰਗੀ ਹਵਾ, ਪਾਣੀ ਅਤੇ ਇਥੋਂ ਦੇ ਲੋਕਾਂ ਦੇ ਜੁੱਸੇ ਦਾ ਕੋਈ ਸਾਨੀ ਨਹੀਂ ਹੈ। ਇਸ ਪਿਛੇ ਮੇਰੀ ਨਿੱਜੀ ਸੋਚ ਵੀ ਜੁੜੀ ਹੋ ਸਕਦੀ ਹੈ ਕਿ ਮੈਨੂੰ ਪੰਜਾਬੀ ਜਨ ਜੀਵਨ ਪ੍ਰੋ: ਪੂਰਨ ਸਿੰਘ ਦੇ ਸ਼ਬਦਾਂ ਵਿੱਚ ਚਿਤਰਿਆ ਹੀ ਪਰਵਾਨ ਲਗਦਾ ਹੈ। ਇਥੇ ਦੇ ਲੋਕਾਂ ਦਾ ਉਦੇਸ਼ ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛਕਣਾ ਹੈ। ਇਥੇ ਮੇਰਾ ਭਾਵ ਕੇਵਲ ਅਜੋਕੇ ਉਸ ਭੂ-ਖੰਡ ਦੇ ਵਾਸੀਆਂ ਤੋਂ ਕਦਾਚਿੱਤ ਨਹੀਂ ਜੋ ਪੰਜਾਬ ਵਿੱਚ ਰਹਿੰਦੇ ਹਨ। ਪੰਜਾਬੀ ਆਪਣੇ ਮੂਲ ਸੰਸਕਾਰਾਂ ਨਾਲ ਹੀ ਜਨਮਦਾ ਹੈ, ਜਿਉਂਦਾ ਹੈ ਅਤੇ ਸਮਾਪਤ ਹੁੰਦਾ ਹੈ। ਉਹ ਜਿਥੇ ਵੀ ਪੇਟ ਦੀ ਅੱਗ ਬੁਝਾਉਣ ਲਈ ਰਹਿੰਦਾ ਹੈ

ਉਥੋਂ ਦੇ ਸੰਸਕਾਰਾਂ ਤੋਂ ਸਨੇਹ, ਸਿਖਿਆ ਤਾਂ ਲੈਦਾ ਹੈ ਪਰ ਆਪਣੇ ਮੂਲ ਨਾਲੋਂ ਬਿਲਕੁਲ ਨਹੀਂ ਟੁਟਦਾ। ਉਹ ਭਾਵੇਂ ਵਿਸ਼ਵ ਦੇ ਕਿਸੇ ਹਿੱਸੇ ਵਿਚ ਵੀ ਰਹਿੰਦਾ ਹੋਵੇ ਆਪਣੇ ਸੰਸਕਾਰਾਂ ਅਨੁਸਾਰ ਜੰਮਣ, ਮਰਨ, ਵਿਆਹ-ਸਾਦੀਆਂ, ਖੁਸ਼ੀਆਂ-ਗ਼ਮੀਆਂ ਨੂੰ ਉਵੇਂ ਹੀ ਲੈਂਦਾ ਹੈ ਜਿਵੇਂ ਪੰਜਾਬ ਦੀ ਧਰਤ ਤੇ ਬੈਠਾ ਪੰਜਾਬੀ ਮਾਣਦਾ ਹੈ। ਇਥੇ ਇਹ ਵੀ ਗੱਲ ਵਿਸ਼ੇਸ਼ ਹੈ ਕਿ ਇਹ ਸੁਭਾਅ ਪੰਜਾਬੀ ਜਨ-ਜੀਵਨ ਦਾ ਹੈ ਕਿਸੇ ਜਾਤੀ ਵਿਸ਼ੇਸ਼ ਦਾ ਨਹੀਂ।

ਇਨ੍ਹਾਂ ਸਮੁੱਚੇ ਪ੍ਰਭਾਵਾਂ ਤਹਿਤ ਜਨਮੇ ਲੋਕ ਗੀਤਾਂ ਨੂੰ ਅਸੀਂ ਅੱਗੇ ਪੰਜਾਬ ਦੇ ਵੱਖ ਵੱਖ ਖੇਤਰਾਂ ਵਿੱਚ ਵੀ ਥੋੜ੍ਹੇ ਬਹੁਤੇ ਫਰਕ ਨਾਲ ਲੱਗਭੱਗ ਇਕੋ ਜਿਹੇ ਹੀ ਰੂਪ ਵਿੱਚ ਮਾਣਦੇ ਹਾਂ। ਅੱਜ ਜਦੋਂ ਮਾਂ-ਬੋਲੀ ਪੰਜਾਬੀ ਇਕ ਤ੍ਰਾਸਦੀ ਦੀ ਜੂਨ ਵੀ ਭੋਗ ਰਹੀ ਹੈ ਅਤੇ ਵਿਸ਼ਵ ਪੱਧਰ ਤੇ ਇਹ ਖ਼ਦਸ਼ਾ ਹੈ ਕਿ ਕੁਝ ਭਾਸ਼ਾਵਾਂ ਆਪਣੀ ਮੌਤ ਵੱਲ ਨੂੰ ਵਧ ਰਹੀਆਂ ਹਨ, ਉਸ ਵੇਲੇ ਜਦੋਂ ਅਸੀਂ ਆਪਣੇ ਧਾਰਮਿਕ ਅਤੇ ਵਿਸ਼ੇਸ਼ ਕਰਕੇ ਲੋਕ ਸਾਹਿਤ ਵੱਲ ਨਿਗਾਹ ਮਾਰਦੇ ਹਾਂ ਤਾਂ ਇੱਕ ਗੱਲ ਦਾ ਯਕੀਨ ਵੀ ਬੱਝਦਾ ਹੈ ਕਿ ਸਾਡੀ ਭਾਸ਼ਾ ਵਿਚੋਂ ਕੁਝ ਵੀ ਮਨਫ਼ੀ ਹੋ ਜਾਵੇ ਇਹ ਆਪਣੀ ਹੋਂਦ ਨਹੀਂ ਖੋ ਸਕਦੀ।

ਮੁਖਤਿਆਰ ਸਿੰਘ ਜਿਸ ਨੇ ਲੋਕ ਸਹਿਤ ਦੇ ਇਸ ਵਿਸ਼ਾਲ ਸਾਗਰ ਦਾ ਮੰਥਨ ਕੀਤਾ ਹੈ ਤਾਂ ਖੁਸ਼ੀ ਹੋਈ ਹੈ ਇਹ ਜਾਣਕੇ ਕਿ ਇਸ ਨੇ ਆਪਣੇ ਇਸ ਸਿਦਕ ਅਤੇ ਸਿਰੜ ਨਾਲ ਆਪਣੀ ਬੋਲੀ ਨੂੰ ਚਿਰ-ਜੀਵੀ ਹੋਣ ਦਾ ਮਾਣ ਦਿੱਤਾ ਹੈ। ਲੇਖਕ ਨੂੰ ਮੈਂ ਲੱਗਭੱਗ ਪੰਦਰ੍ਹਾਂ ਵਰ੍ਹਿਆਂ ਤੋਂ ਜਾਣਦਾ ਹਾਂ। ਬਿਨਾਂ ਕਿਸੇ ਸ਼ੋਰ-ਸ਼ਰਾਬੇ ਦੇ ਗਹਿਰ ਗੰਭੀਰ ਗਤੀ ਨਾਲ ਡੂੰਘੇ ਪਾਣੀਆਂ ਦੇ ਵਹਾਅ ਵਾਂਗ ਚਲਣ ਵਾਲਾ ਵਿਅਕਤੀ ਹੈ। ਉਸ ਦੇ ਅੰਦਰ ਮਾਂ ਬੋਲੀ ਲਈ ਪਿਆਰ ਹੈ ਅਤੇ ਸ਼ਰਧਾ ਵੀ ਹੈ। ਉਸ ਕੋਲ ਆਪਣੇ ਮੂਲ ਸੰਸਕਾਰਾਂ ਦਾ ਗਿਆਨ ਵੀ ਹੈ ਅਤੇ ਅਜੋਕੇ ਸਾਹਿਤਕ ਮਾਪ-ਦੰਡ ਵੀ ਹਨ। ਇਸ ਗੰਭੀਰ ਆਲੋਚਕ ਨੇ ਜਨਮਾਨਸ ਦੀ ਚੇਤਨਾ ਨਾਲ ਜੁੜੇ ਲੋਕ ਗੀਤਾਂ ਨੂੰ ਆਪਣੀ ਖੋਜ ਦਾ ਵਿਸ਼ਾ ਬਣਾਕੇ ਇਕ ਹੌਸਲੇ ਵਾਲਾ ਅਤੇ ਸ਼ਲਾਘਾਯੋਗ ਕਾਰਜ ਕੀਤਾ ਹੈ। ਲੇਖਕ ਨੇ ਕੇਵਲ ਭਾਸ਼ਾਵੀ ਜਾਂ ਸਤਈ ਵਿਵੇਚਨ ਨਹੀਂ ਕੀਤਾ ਸਗੋਂ ਮਾਨਸ ਦੇ ਪਟਲ ਤੇ ਚੇਤਨ ਅਤੇ ਅਵਚੇਤਨ ਦੋਵਾ ਪੱਖਾਂ ਤੋਂ ਇਨ੍ਹਾਂ ਗੀਤਾਂ ਦਾ ਅਧਿਐਨ ਵੀ ਕੀਤਾ ਹੈ। ਇਸ ਤੋਂ ਵੀ ਅੱਗੇ ਜਾ ਕੇ ਲੇਖਕ ਨੇ ਇਨ੍ਹਾਂ ਪ੍ਰਚਲਤ ਲੋਕ ਗੀਤਾਂ ਨੂੰ ਅਜੋਕੇ ਸਮਾਜਿਕ ਸਰੋਕਾਰਾਂ ਦੇ ਆਧਾਰ ਤੇ ਵੀ ਪਰਖਿਆ ਹੈ। ਉਸ ਨੇ ਹੁਣ ਤੱਕ ਵੱਖ ਵੱਖ ਵਿਦਵਾਨਾਂ ਵਲੋਂ ਪੁਆਧੀ ਲੋਕ-ਸਾਹਿਤ ਬਾਰੇ ਕੀਤੇ ਪ੍ਰੇਖਣਾਂ ਨੂੰ ਵੀ ਗੰਭੀਰਤਾ ਨਾਲ ਲਿਆ ਹੈ। ਅਤੇ ਇਕ ਸਫਲ ਆਲੋਚਕ ਵਾਂਗ ਇਹ ਕਾਮਯਾਬ ਕੋਸਿਸ ਕੀਤੀ ਹੈ ਕਿ ਲੋਕ ਸਾਹਿਤ ਕਿਸੇ ਖਿੱਤੇ ਦੇ ਲੋਕਾ ਦੇ ਆਪਣੀ ਭਾਸ਼ਾ ਵਿੱਚ ਪ੍ਰਗਟ ਕੀਤੇ ਉਦਗਾਰ ਹੁੰਦੇ ਹਨ। ਇਸ ਲਈ ਉਸਨੇ ਪੁਆਧੀ ਉਪਭਾਸ਼ਾ ਵਿੱਚ ਵਿਸ਼ੇਸ਼ ਉਚਾਰਨਾਂ ਦੇ ਆਧਾਰ ਤੇ ਲੋਕ ਗੀਤਾਂ ਦੇ ਅੰਤਰ ਨੂੰ ਪਰਖਿਆ ਹੈ। ਇੰਝ ਉਹ ਇਸ ਉਦੇਸ਼ ਵਿੱਚ ਸਫਲ ਵੀ



ਹੋਇਆ ਹੈ ਕਿ ਪੁਆਧੀ ਲੋਕ ਗੀਤਾਂ ਦੀ ਵੱਖਰੀ ਪਹਿਚਾਣ ਹੈ। ਭਾਵੇਂ ਕਿ ਮਲਵਈ ਲੋਕ ਗੀਤਾਂ ਦੀ ਵਧੇਰੇ ਚੜ੍ਹਤ ਪੰਜਾਬੀ ਸਾਹਿਤ ਨੇ ਮਾਣੀ ਹੈ ਪਰ ਵੱਖ ਵੱਖ ਉਪ ਭਾਸ਼ਾਵਾਂ ਦੇ ਆਪਣੇ ਵਿਰਸੇ ਨੂੰ ਨਕਾਰਿਆ ਨਹੀਂ ਜਾ ਸਕਦਾ। ਪੁਆਧੀ ਲੋਕ ਗੀਤਾਂ ਵਿੱਚ ਇਸ ਖਿੱਤੇ ਦੀ ਭਾਸ਼ਾ ਦਾ ਪ੍ਰਭਾਵ ਅਤੇ ਉਚਾਰਨ ਇਨ੍ਹਾਂ ਨੂੰ ਮਲਵਈ ਉਪ ਭਾਸ਼ਾ ਨਾਲੋਂ ਵਖਰਾਉਂਦਾ ਪ੍ਰਤੀਤ ਹੁੰਦਾ ਹੈ। ਇਨ੍ਹਾਂ ਉਪਰ ਹਿੰਦੀ ਭਾਸਾ ਦਾ ਉਚਾਰਨ ਹਾਵੀ ਹੁੰਦਾ ਜਾਪਦਾ ਹੈ, ਪਰ ਇਹੋ ਕਾਰਜ ਲੇਖਕ ਦੀ ਕਿਰਤ ਦੀ ਸਫਲਤਾ ਨੂੰ ਸਿੱਧ ਕਰਦਾ ਹੈ ਕਿ ਉਸ ਨੇ ਜਨਮਾਨਸ ਦੀ ਸਾਂਝੀ ਸੋਚ ਨੂੰ ਪਰਗਟਾਉਣ ਲਈ ਕਿਸੇ ਵਿਸ਼ੇਸ਼ ਭਾਸ਼ਾਵੀ ਖੇਤਰ ਨੂੰ ਨਾ ਮੰਨਕੇ ਆਪਣੇ ਵਲੋਂ ਪੇਸ਼ ਕੀਤੇ ਗਏ ਸਾਂਝੇ ਉਦਗਾਰਾਂ ਦਾ ਸਹੀ ਮੁੱਲ ਪਾਇਆ ਹੈ।

ਮੁਖਤਿਆਰ ਸਿੰਘ ਨੇ ਪੁਆਧੀ ਲੋਕ ਗੀਤਾਂ ਨੂੰ ਵੱਖ ਵੱਖ ਵਰਗਾਂ ਵਿੱਚ ਵੰਡ ਕੇ ਇਨ੍ਹਾਂ ਦੇ ਉਦਾਹਰਣ ਉਦਰਿਤ ਕੀਤੇ ਹਨ ਜਿਵੇਂ ਕਿ ਸੁਹਾਗ, ਘੋੜੀਆਂ, ਨਾਨਕ ਛੱਕ/ ਬਾਅਤ (ਭਾਤ), ਸਿੱਠਣੀਆਂ, ਗਿੱਧੇ ਦੀਆਂ ਬੋਲੀਆਂ, ਟੱਪੇ, ਲੰਮੀਆਂ ਬੋਲੀਆਂ ਅਤੇ ਪੁਆਧੀ ਧਾਰਮਿਕ ਲੋਕ ਗੀਤ। ਇਨ੍ਹਾਂ ਦੇ ਭਰਪੂਰ ਸੰਗ੍ਰਹਿ ਲੇਖਕ ਨੇ ਇਸ ਪੁਸਤਕ ਵਿਚ ਦੇ ਕੇ ਪੰਜਾਬੀ ਮਾਂ ਬੋਲੀ ਦੀ ਇਸ ਉਪਭਾਸ਼ਾ ਨੂੰ ਸਿਰ ਉੱਚਾ ਕਰਕੇ ਤੁਰਨ ਦਾ ਮਾਣ ਬਖਸ਼ਿਆ ਹੈ। ਮੈਨੂੰ ਪੁਸਤਕ ਲਈ ਕੀਤੇ ਜਤਨਾਂ ਨੇ ਬੇਹੱਦ ਪ੍ਰਭਾਵਿਤ ਕੀਤਾ ਹੈ। ਆਸ ਹੈ ਪੰਜਾਬੀ ਸਾਹਿਤ ਦੇ ਪਾਠਕ ਇਸ ਪੁਸਤਕ ਨੂੰ ਭਰਵਾਂ ਹੁੰਗਾਰਾ ਦੇਣਗੇ ਅਤੇ ਮੁਖਤਿਆਰ ਸਿੰਘ ਦੇ ਇਸ ਪ੍ਰਯਾਸ ਦੀ ਹਰ ਥੰਨੇ ਸਲਾਘਾ ਹੋਵੇਗੀ।

ਆਮੀਨ<br>
ਸੀ.ਆਰ ਮੋਦਗਿਲ

# ਆਪਣੇ ਵਲੋਂ

ਪੰਜਾਬੀਆਂ ਬਾਰੇ ਦੋ ਗੱਲਾਂ ਬਹੁਤ ਮਸ਼ਹੂਰ ਹਨ ਇਕ 'ਪੰਜਾਬ ਦਿਆਂ ਜੰਮਿਆਂ ਨੂੰ ਨਿੱਤ ਮੁਹਿੰਮਾਂ' ਅਤੇ ਦੂਜੀ 'ਪੰਜਾਬੀ ਜੰਮਦਾ ਵੀ ਗੀਤਾਂ ਵਿਚ ਅਤੇ ਮਰਦਾ ਵੀ ਗੀਤਾਂ ਵਿਚ ਹੈ'। ਪਹਿਲੀ ਗੱਲ ਜਿਥੇ ਸੂਰਬੀਰਤਾ ਅਤੇ ਜੁਝਾਰੂਪਣ ਨਾਲ ਸੰਬੰਧਿਤ ਹੈ ਉਥੇ ਦੂਜੀ ਇਨ੍ਹਾਂ ਦੀ ਜੀਵਨ ਪ੍ਰਤੀ ਹੁਸੀਨ ਅਤੇ ਨਿਰੋਈ ਸੋਚ ਨੂੰ ਦਰਸਾਉਂਦੀ ਹੈ। ਜ਼ਿੰਦਗੀ ਵਿਚ ਆਉਣ ਵਾਲੇ ਉਤਰਾਅ-ਚੜ੍ਹਾਅ ਨਾਲ ਦੋ ਚਾਰ ਹੋਣਾ ਇਨ੍ਹਾਂ ਨੂੰ ਆਉਂਦਾ ਹੈ। ਖੁਸ਼ੀ ਹੋਵੇ ਭਾਵੇਂ ਗ਼ਮੀ ਦੋਵਾਂ ਮੌਕਿਆਂ ਤੇ ਜੀਵਨ ਵਿਚਲੇ ਸੰਤੁਲਨ ਨੂੰ ਬਣਾਈ ਰੱਖਣਾ ਪੰਜਾਬੀ ਸੁਭਾਅ (ਪ੍ਰਕ੍ਰਿਤੀ) ਦੇ ਪ੍ਰਮੁੱਖ ਲੱਛਣਾਂ ਵਿਚੋਂ ਇਕ ਹੈ। ਰਾਂਗਲੀ ਤਬੀਅਤ ਦੇ ਇਨ੍ਹਾਂ ਲੋਕਾਂ ਬਾਰੇ ਅਮਰ ਨਾਥ ਵਿਦਿਆਲੰਕਾਰ 'ਪੰਜਾਬ' ਨਾਂ ਦੀ ਪੁਸਤਕ ਦੀ ਭੂਮਿਕਾ ਵਿਚ ਲਿਖਦਾ ਹੈ, "ਪੰਜਾਬ ਇਕ ਰਾਂਗਲਾ ਦੇਸ ਹੈ। ਇਥੇ ਕੁਦਰਤ ਆਪਣੇ ਪੂਰੇ ਨਿਖਾਰ ਵਿਚ ਬਹੁਰੰਗੀ ਤਸਵੀਰ ਪੇਸ਼ ਕਰਦੀ ਹੈ। ਹਰਿਆਵਲ ਤੇ ਸੋਕਾ, ਗਰਮੀ ਤੇ ਸਰਦੀ, ਮੀਂਹ ਤੇ ਔੜ, ਹੁੱਸੜ ਤੇ ਤੀਖਣ ਬੁੱਲੇ, ਸਰੀਰਕ ਸ੍ਰਮ ਤੇ ਕੋਮਲ ਹੁਨਰ, ਮਾਲਾ ਤੇ ਚੰਡੀ, ਰੁਖੜਪਣ ਤੇ ਸਾਹਿਤਕ ਸਰਸਤਾ ਆਦਿ ਬੇਜੋੜ ਜੋੜੇ ਸਹੇਲੀਆਂ ਵਾਂਙ ਇਥੇ ਗਲਵੱਕੜੀਆਂ ਪਾਈ ਨਜ਼ਰੀ ਪੈਂਦੇ ਹਨ।"

ਮਨੁੱਖੀ ਸੁਭਾਅ ਦੇ ਬਹੁਤੇ ਰੂਪਾਂ ਦੇ ਦਰਸ਼ਨ ਪੰਜਾਬੀ ਲੋਕ ਮਾਨਸ ਵਿਚ ਹੋ ਜਾਂਦੇ ਹਨ। ਆਪਣੇ ਬਹੁਪੱਖੀ ਸੁਭਾਅ ਕਾਰਨ ਇਨ੍ਹਾਂ ਨੇ ਭਾਰਤ ਵਿਚ ਹੀ ਨਹੀ ਸਗੋਂ ਦੁਨੀਆਂ ਦੇ ਕੋਣੇ-ਕੋਣੇ ਵਿਚ ਪਹੁੰਚ ਕੇ ਆਪਣੀ ਵੱਖਰੀ ਸਭਿਆਚਾਰਕ ਪਛਾਣ ਦੀ ਛਾਪ ਛੱਡੀ ਹੈ। ਭਾਰਤੀ ਸਭਿਅਤਾ ਦਾ ਮਾਣ ਪੰਜਾਬ ਅੱਜ ਵੀ ਭਾਰਤ ਦੀ ਤਰੱਕੀ ਅਤੇ ਖੁਸ਼ਹਾਲੀ ਵਿਚ ਮਹੱਤਵਪੂਰਣ ਭੂਮਿਕਾ ਨਿਭਾ ਰਿਹਾ ਹੈ। ਇਸਦੀ ਇਤਿਹਾਸਕ ਮਹੱਤਤਾ ਬਾਰੇ ਸ੍ਰੀ ਰਬਿੰਦਰ ਨਾਥ ਲਿਖਦੇ ਹਨ, "ਸਾਡਾ ਪੰਜਾਬ ਯੂਰਪ ਵਿਚ ਜਰਮਨੀ, ਪੱਛਮੀ ਏਸ਼ੀਆ ਵਿਚ ਦਜਲਾ-ਫਰਾਤ ਦੀ ਵਾਦੀ ਤੇ ਪੂਰਬੀ ਏਸੀਆ ਵਿਚ ਚੀਨ ਦੇ ਮੈਦਾਨ ਵਾਂਙ ਧਰਤੀ ਦੇ ਤਖ਼ਤੇ ਉਤੇ ਉਨ੍ਹਾਂ ਹਿੱਸਿਆਂ ਵਿਚੋਂ ਹੈ, ਜਿਨ੍ਹਾ ਉਤੇ ਇਤਿਹਾਸ ਦੇ ਵਹਿਣ ਆਪਣੇ ਪੂਰੀ ਜ਼ੋਰ ਨਾਲ ਵਗਦੇ ਰਹੇ ਹਨ। ਇਹ ਧਰਤੀ ਦਾ ਉਹ ਸੁੰਦਰ ਟੁਕੜਾ ਹੈ ਜਿਸ ਦੇ ਅਸਮਾਨਾ ਉਤੇ ਪਹਿਲੀ ਪ੍ਰਭਾਤ ਉਤਰੀ, ਜਿਸ ਦੇ ਤਪੋਬਨਾਂ ਵਿਚ ਸ਼ਾਮ ਗੀਤਾਂ ਦੀ ਪਹਿਲੀ ਕੂਕ ਉਠੀ ਅਤੇ ਜਿਥੇ ਭਾਰਤ ਦੇ ਪਹਿਲੇ ਸੱਭਯ ਮਨੁੱਖ ਨੇ ਜਨਮ ਲਿਆ ਅਤੇ ਜਿਥੇ ਭਾਰਤ ਦੀ ਸੰਸਕ੍ਰਿਤੀ ਪਹਿਲਾਂ ਪਹਿਲ ਉਦਗਮ ਹੋਈ।"

ਕਿਸੇ ਵੀ ਜਾਤੀ ਵਿਸ਼ੇਸ਼ ਦੇ ਜੀਵਨ ਦਰਸ਼ਨ ਨੂੰ ਜਾਨਣ ਤੇ ਸਮਝਣ ਵਿਚ ਉਸ ਜਾਤੀ ਸਮੂਹ ਦਾ ਲੋਕ ਸਾਹਿਤ ਸਾਡੀ ਬਹੁਤ ਮਦਦ ਕਰਦਾ ਹੈ। ਲੋਕਾਂ ਦਾ, ਲੋਕਾਂ ਦੁਆਰਾ, ਲੋਕਾਂ ਲਈ ਰਚਿਤ ਇਹ ਸਾਹਿਤ ਜਾਤੀ ਵਿਸ਼ੇਸ਼ ਦਾ ਵਡਮੁੱਲਾ ਸਰਮਾਇਆ ਹੁੰਦਾ ਹੈ।ਲੋਕ ਮਨ ਅਤੇ ਲੋਕ ਚੇਤਨਾ ਦੀ ਸਹੀ ਤਸਵੀਰ ਲੋਕ ਸਾਹਿਤ ਵਿਚ ਪੇਸ਼ ਹੋਈ ਮਿਲਦੀ ਹੈ। ਉਨ੍ਹਾਂ ਦੀਆਂ ਖੁਸ਼ੀਆਂ-ਗਮੀਆਂ, ਹਾਸੇ-ਠਠੇ, ਚਾਅ-ਮਲ੍ਹਾਰ, ਖਾਣ-ਪੀਣ, ਰਹਿਣ-ਸਹਿਣ, ਰੀਤੀ-ਰਿਵਾਜ, ਵਹਿਮ-ਭਰਮ ਅਤੇ ਧਰਮ-ਵਿਸ਼ਵਾਸ ਆਦਿ ਜੀਵਨ



ਨਾਲ ਜੁੜੇ ਬਹੁਤੇ ਪੱਖਾਂ ਦਾ ਪ੍ਰਗਟਾਵਾ ਲੋਕ ਸਾਹਿਤ ਵਿਚ ਰੂਪਮਾਨ ਹੁੰਦਾ ਹੈ। ਵਣਜਾਰਾ ਬੇਦੀ ਆਪਣੀ ਪੁਸਤਕ 'ਲੋਕਧਾਰਾ ਅਤੇ ਸਾਹਿਤ' ਵਿਚ ਲਿਖਦਾ ਹੈ, "ਲੋਕ ਸਾਹਿਤ ਵਿਚ ਕਿਸੇ ਜਾਤੀ ਦਾ ਸਭਿਆਚਾਰ ਮੂਲ ਪ੍ਰਵਿਰਤੀਆਂ, ਸਮਾਜਕ ਪ੍ਰਪੰਚ ਤੇ ਜਾਤੀ ਚਰਿਤਰ ਪੂਰੀ ਤਰ੍ਹਾਂ ਰੂਪਮਾਨ ਹੁੰਦਾ ਹੈ।" ਸੋਕੋਲੋਵ ਜਿਥੇ ਲੋਕ ਸਾਹਿਤ ਨੂੰ 'ਅਤੀਤ ਦੀ ਗੂੰਜ ਅਤੇ ਸਮੇਂ ਦੀ ਪੁਰਜ਼ੋਰ ਆਵਾਜ ਦੱਸਦਾ ਹੈ' (ਰਸੀਅਨ ਫੋਕਲੋਰ) ਉਥੇ ਵਣਜਾਰਾ ਬੇਦੀ ਅਨੁਸਾਰ, "ਲੋਕ ਸਾਹਿਤ ਮਨੁੱਖ ਦੇ ਅਤੀਤ ਉਤੇ ਚਾਨਣ ਸੁਟਣ ਦੇ ਨਾਲ ਨਾਲ ਅਜੋਕੇ ਜੀਵਨ ਦਾ ਦਰਪਣ ਵੀ ਹੈ। ਇਹ ਭੂਤ, ਵਰਤਮਾਨ ਅਤੇ ਭਵਿੱਖ ਤਿੰਨਾਂ ਨੂੰ ਆਪਣੇ ਨਾਲ ਜੋੜੀ ਰੱਖਦਾ ਹੈ।" (ਪੰਜਾਬੀ ਲੋਕ ਸਾਹਿਤ ਦਾ ਮਹੱਤਵ)

ਅਸਲ ਵਿਚ ਇਹ ਵੇਖਿਆ ਗਿਆ ਹੈ ਕਿ ਮਨੁੱਖ ਜਾਤੀ ਕਾਲ ਦੇ ਤਿੰਨਾਂ ਸਮਿਆਂ ਨਾਲ ਆਪਣੇ ਆਪ ਨੂੰ ਜੋੜੀ ਰੱਖਣਾ ਚਾਹੁੰਦੀ ਹੈ। ਉਹ ਅਤੀਤ ਦੀਆਂ ਚੰਗੀਆਂ ਤੇ ਮਿੱਠੀਆਂ ਯਾਦਾਂ ਨੂੰ ਵਰਤਮਾਨ ਵਿਚ ਮਾਨਣ ਦੇ ਨਾਲ-ਨਾਲ ਚੰਗੇਰੇ ਭਵਿੱਖ ਦੀ ਕਾਮਨਾ ਵੀ ਕਰਦੀ ਹੈ। ਲੋਕਮਨ ਤਾਂ ਇਸ ਜਨਮ ਦੀ ਹੀ ਨਹੀ ਸਗੋਂ ਅਗਲੇਰੇ ਜਨਮ ਨੂੰ ਸਫਲ ਬਣਾਉਣ ਦੇ ਉਪਰਾਲੇ ਵੀ ਕਰਦਾ ਹੈ। ਜੇਕਰ ਇਹ ਜਨਮ ਸੁਖੀ ਤੇ ਖੁਸ਼ਹਾਲ ਹੈ ਤਾਂ ਇਸਨੂੰ ਪਿਛਲੇਰੇ ਜਨਮ ਵਿਚ ਕੀਤੇ ਚੰਗੇ ਕਰਮਾਂ ਦਾ ਫਲ ਮੰਨਦਾ ਹੈ।

ਅਨੁਕੂਲ-ਪ੍ਰਤਿਕੂਲ ਅਤੇ ਸੰਤੁਸ਼ਟੀ-ਅਸੰਤੁਸ਼ਟੀ ਦੇ ਦਵੰਦ ਵਿਚ ਵਿਚਰ ਰਿਹਾ ਮਨੁੱਖ ਆਪਣੇ ਜੀਵਨ ਨੂੰ ਸੁਖਾਲਾ ਤੇ ਸੁਖਾਵਾਂ ਬਣਾਉਣ ਦੇ ਆਹਰ ਵਿਚ ਲੱਗਾ ਰਹਿੰਦਾ ਹੈ। ਪਦਾਰਥਕ ਸੁਖ ਭਾਵੇਂ ਉਸਨੂੰ ਮਿਲੇ ਜਾਂ ਨਾ ਮਿਲੇ ਪਰੰਤੂ ਮਾਨਸਿਕ ਤਲ ਉਤੇ ਲੋਕ ਸਾਹਿਤ ਹਮੇਸ਼ਾਂ ਉਸਦਾ ਮਦਦਗਾਰ ਰਿਹਾ ਹੈ। ਗਰੀਬ ਤੋਂ ਗਰੀਬ ਅਤੇ ਸਾਧਨ ਵਿਹੀਨ ਵਿਅਕਤੀ ਦੀਆਂ ਇਛਾਵਾਂ ਦੀ ਪੂਰਤੀ ਨੂੰ ਲੋਕ ਸਾਹਿਤ ਵਿਚ ਪੂਰੀ ਹੁੰਦਿਆਂ ਵੇਖਿਆ ਜਾ ਸਕਦਾ ਹੈ। ਲੋਕ ਮਨ ਆਪਣੀਆਂ ਭਾਵਨਾਵਾਂ ਨੂੰ ਕਲਪਨਾ ਦੇ ਖੰਭ ਲਾ ਕੇ ਇੱਛਾ ਪੂਰਤੀ ਮੰਡਲ ਵਿਚ ਉਡਾਰੀਆਂ ਲਾਉਂਦਾ ਹੈ। ਲੋਕ ਸਾਹਿਤ ਨੇ ਨਾ ਕੇਵਲ ਮਾਨਸਿਕ ਸ਼ਾਂਤੀ ਦਿੱਤੀ ਹੈ ਸਗੋਂ ਇਹ ਤਾਂ ਉਸ ਦੀ ਰੂਹ ਤੱਕ ਪਹੁੰਚ ਕੇ ਆਤਮਕ ਆਨੰਦ ਵੀ ਦਿੰਦਾ ਰਿਹਾ ਹੈ। ਹਮੇਸ਼ਾ ਤੋਂ ਹੀ ਮਨੁੱਖ ਜਾਤੀ ਦੇ ਅੰਗ-ਸੰਗ ਰਿਹਾ ਹੈ। ਦੇਵਿੰਦਰ ਸਤਿਆਰਥੀ ਅਨੁਸਾਰ, "ਲੋਕ ਸਾਹਿਤ ਚਿਰਜੀਵੀ ਹੁੰਦਾ ਹੈ। ਸਵੈਮਾਣ ਤੇ ਸੁਹੱਪਣ ਦੇ ਅਹਿਸਾਸ ਦਾ ਜੰਮਪਲ, ਇਹ ਛਲਾਵਿਆਂ ਪਿਛੇ ਨਹੀ ਭੱਜਦਾ, ਮਨੁੱਖੀ ਅਹਿਸਾਸ ਨੂੰ ਕਿਤੇ ਵੀ ਉਹਲੇ ਨਹੀਂ ਕਰਦਾ।"(ਪੰਜਾਬੀ ਲੋਕ ਸਾਹਿਤ ਵਿਚ ਸੈਨਿਕ)

ਲੋਕ ਗੀਤ ਲੋਕ ਸਾਹਿਤ ਦਾ ਮਹੱਤਵ ਪੂਰਨ ਅੰਗ ਹਨ। ਲੋਕ ਮਨ ਦੀ ਅਭਿਵਿਅਕਤੀ ਜਿੰਨੀ ਸ਼ਿੱਦਤ ਤੇ ਨਿਹਚਲ ਰੂਪ ਵਿਚ ਲੋਕਗੀਤਾਂ ਵਿਚ ਹੋਈ ਹੈ ਇੰਨੀ ਕਿਸੇ ਹੋਰ ਸਾਹਿਤ ਰੂਪ ਵਿਚ ਨਹੀ ਵੇਖੀ ਗਈ। ਲੋਕਗੀਤ ਲੋਕ ਜੀਵਨ ਨਾਲ ਘੁਲੇ-ਮਿਲੇ ਹੁੰਦੇ ਹਨ। ਇਹ ਲੋਕ ਜੀਵਨ ਦਾ ਪ੍ਰਤਿਬਿੰਬ ਹੁੰਦੇ ਹਨ। ਇਹੀ ਕਾਰਨ ਹੈ ਕਿ ਕਿਸੇ ਵੀ ਜਾਤੀ ਵਿਸ਼ੇਸ਼ ਦੇ ਨੈਣ ਨਕਸ਼ਾਂ ਨੂੰ ਉਨ੍ਹਾਂ ਦੇ ਲੋਕ ਗੀਤਾਂ ਵਿਚ ਪਛਾਣਿਆ ਜਾ ਸਕਦਾ ਹੈ। ਇਹ ਲੋਕ ਗੀਤ ਹੀ ਹਨ, ਜਿਨ੍ਹਾਂ ਰਾਹੀ ਜਾਤੀ ਵਿਸ਼ੇਸ਼ ਦੇ ਜੀਵਨ ਢੰਗ ਨੂੰ ਜਾਨਣ ਵਿਚ ਮਦਦ ਮਿਲਦੀ ਹੈ। ਲੋਕ ਗੀਤ ਜਿੰਨੇ ਸਰਲ ਤੇ ਸਹਿਜ ਹੁੰਦੇ ਹਨ, ਉਂਨੇ ਹੀ ਦਿਲਾਂ ਨੂੰ ਟੁੰਬਣ ਵਾਲੇ ਵੀ ਹੁੰਦੇ ਹਨ। ਇਹ ਸਭ ਦੀ ਸਾਂਝੀ ਵਿਰਾਸਤ ਹੁੰਦੇ ਹਨ। ਲੋਕ ਗੀਤ ਇਕ ਅਜਿਹੀ ਸੰਗੀਤਮਈ ਰਚਨਾ ਹੈ, ਜਿਸਨੂੰ ਗਾਉਣ ਜਾਂ ਸੁਣਨ ਨਾਲ ਸਰੀਰ ਵਿਚ ਝਰਨਾਟਾਂ ਛਿੜ ਪੈਂਦੀਆਂ ਹਨ। ਲੂੰ-ਕੰਡੇ ਖੜੇ ਹੋ ਜਾਂਦੇ ਹਨ।

ਜੋਸ਼ ਚੜ੍ਹਨ ਲਗਦਾ ਹੈ। ਇਕੱਲੇ ਕਾਰੇ ਅਤੇ ਸਮੂਹ ਵਿਚ ਗਾਏ ਜਾਣ ਵਾਲੇ ਲੋਕ ਗੀਤ ਵਿਛੋੜੇ ਦੀ ਟੀਸ ਨੂੰ ਘਟ ਕਰਨ ਵਾਲੇ ਅਤੇ ਦੁਖ ਦਰਦ ਵਿਚ ਸਾਥ ਦੇ ਕੇ ਮਨ ਨੂੰ ਧਰਵਾਸ ਵੀ ਦਿੰਦੇ ਹਨ। ਇਸ ਵਿਚ ਕਿਸੇ ਇਕ ਦੀ ਖੁਸ਼ੀ ਗ਼ਮੀ ਸਮੂਹ ਦੀ ਖੁਸ਼ੀ ਗ਼ਮੀ ਦੇ ਰੂਪ ਵਿਚ ਪੇਸ਼ ਹੋਈ ਹੁੰਦੀ ਹੈ। ਇਕ ਮਨ ਵਿਚ ਉਠਿਆ ਵਿਚਾਰ/ਬੋਲ ਭਾਵਨਾਤਮਕ ਸਾਂਝ ਬਣਕੇ ਬਹੁਤ ਸਾਰੇ ਮਨਾਂ ਦਾ ਵਿਚਾਰ/ਬੋਲ ਬਣ ਜਾਂਦਾ ਹੈ। ਬਾਕੀ ਸਮੂਹ ਨੂੰ ਵੀ ਇਹ ਆਪਣਾ ਆਪਣਾ ਜਾਪਣ ਲਗ ਪੈਂਦਾ ਹੈ ਅਤੇ ਲੋੜ ਪੈਣ ਤੇ ਉਹ ਵੀ ਆਪਣਾ ਬਣਦਾ ਹਿੱਸਾ ਇਸ ਵਿਚ ਪਾ ਦਿੰਦੇ ਹਨ। ਇਹ ਸਭ ਕੁਝ ਅਛੋਪਲੇ ਜਿਹੇ ਸਹਿਜਮਈ ਰੂਪ ਵਿਚ ਸੁਭਾਵਿਕ ਹੀ ਹੁੰਦਾ ਹੈ।ਕੋਈ ਵਿਸ਼ੇਸ਼ ਉਪਰਾਲਾ ਨਹੀ ਕਰਨਾ ਪੈਂਦਾ। ਇਕ ਬੋਲ ਦੇ ਨਾਲ ਅਣਗਿਣਤ ਬੋਲ ਸਾਂਝੇ ਤੌਰ ਤੇ ਇਕੱਠੇ ਹੋ ਕੇ ਨਾਲ ਤੁਰ ਪੈਂਦੇ ਹਨ।ਵਣਜਾਰਾ ਬੇਦੀ ਅਨੁਸਾਰ,"ਲੋਕ ਗੀਤਾਂ ਨੂੰ ਜਿਹੜੀ ਚੇਤਨਾ ਜਨਮ ਦਿੰਦੀ ਹੈ, ਉਸ ਦਾ ਇਕ ਆਧਾਰ ਲੋਕ ਮਾਨਸ ਹੈ।ਲੋਕ ਮਾਨਸ ਸਮੂਹ ਜਾਤੀ ਦਾ ਉਹ ਮਨ ਹੈ ਜਿਹੜਾ ਜਾਤੀ ਦੇ ਅਵਚੇਤਨ ਵਿਚ ਵਸਿਆ ਰਹਿੰਦਾ ਹੈ ਤੇ ਲੋਕਾਂ ਦੇ ਹਰ ਸਾਂਸਕ੍ਰਿਤਕ ਜਾਂ ਵਿਅਕਤੀਗਤ ਕਾਰਜ ਵਿਚ ਸੁੱਤੇਸਿੱਧ ਕ੍ਰਿਆਸ਼ੀਲ ਰਹਿੰਦਾ ਹੈ।ਜੇ ਵੇਖਿਆ ਜਾਵੇ ਤਾਂ ਲੋਕ-ਮਾਨਸ ਕਿਧਰੇ ਸੂਖਮ ਰੂਪ ਵਿਚ, ਕਿਧਰੇ ਸਥੂਲ ਰੂਪ ਵਿਚ, ਕਿਧਰੇ ਪ੍ਰਗਟ ਰੂਪ ਵਿਚ ਅਤੇ ਕਿਧਰੇ ਅਦ੍ਰਿਸ਼ਟ ਰੂਪ ਵਿਚ ਸਾਡੀ ਲੋਕਧਾਰਾ ਵਿਚ ਵਸਿਆ ਹੈ। ਲੋਕ ਗੀਤ ਵੀ ਇਸੇ ਮਨ ਦਾ ਹੀ ਸਹਿਜ ਪ੍ਰਗਟਾਵਾ ਹਨ।"

ਮਨੁੱਖੀ ਮਨ ਦੀਆਂ ਚੇਤਨ, ਅਚੇਤਨ ਅਤੇ ਅਵਚੇਤਨ ਤਿੰਨੇ ਅਵੱਸਥਾਵਾਂ ਨੂੰ ਹੀ ਲੋਕ ਗੀਤਾਂ ਵਿਚ ਅਭਿਵਿਅਕਤੀ ਮਿਲਦੀ ਹੈ। ਦਬੇ ਘੁਟੇ ਅਰਮਾਨਾਂ ਨੂੰ ਪ੍ਰਗਟਾ ਕੇ ਆਪਣੇ ਮਨ ਦੀ ਗੱਲ ਨੂੰ ਸਹੀ ਤੇ ਸਹਿਜਮਈ ਰੂਪ ਵਿਚ ਦੂਜਿਆਂ ਤੱਕ ਪਹੁੰਚਾਉਣ ਦਾ ਸਭ ਤੋਂ ਵਧੀਆ ਤੇ ਸਰਲ ਸਾਧਨ ਲੋਕ ਗੀਤ ਹੀ ਹਨ। ਇਨ੍ਹਾਂ ਰਾਹੀਂ ਜਿੱਥੇ ਕਹਿਣ ਵਾਲਾ ਆਪਣੀ ਗੱਲ (ਮਨਸ਼ਾ) ਦੂਜਿਆਂ ਤੱਕ ਪਹੁੰਚਾਉਂਦਾ ਹੈ ਉਥੇ ਸੁਣਨ ਵਾਲਾ ਵੀ ਸਮਝ ਜਾਂਦਾ ਹੈ ਅਤੇ ਕਈ ਵਾਰ ਤਾਂ ਉਹ ਵੀ ਨਾਲ ਹੀ ਗੁਣ ਗੁਣਾਉਣ ਲਗ ਪੈਂਦਾ ਹੈ। ਉਸਨੂੰ ਲਗਦਾ ਹੈ ਕਿ ਇਹ ਉਸਦੇ ਆਪਣੇ ਮਨ ਦੀ ਗੱਲ ਹੈ। ਇਸ ਤਰ੍ਹਾਂ ਇਕ ਦਿਲ ਦੀ ਧੜਕਣ ਕਈ ਦਿਲਾਂ ਨੂੰ ਧੜਕਣ ਲਈ ਮਜ਼ਬੂਰ ਕਰ ਦਿੰਦੀ ਹੈ।

ਲੋਕ ਗੀਤਾਂ ਦੀ ਸਿਰਜਣਾ ਸੰਬੰਧੀ ਕਈ ਤਰ੍ਹਾਂ ਦੇ ਵਿਚਾਰ ਪ੍ਰਗਟਾਏ ਗਏ ਹਨ। ਉਪਰੋਕਤ ਚਰਚਾ ਤੋਂ ਇਹ ਪਤਾ ਚਲਦਾ ਹੈ ਲੋਕਗੀਤਾਂ ਦੀ ਸਿਰਜਣਾ ਆਪ ਮੁਹਾਰੇ ਸਹਿਜਮਈ ਰੂਪ ਵਿਚ ਸਮੇਂ ਸਮੇਂ ਹੁੰਦੀ ਰਹਿੰਦੀ ਹੈ। ਆਦਿ ਕਾਲ ਤੋਂ ਸਮਾਜਕ ਚੇਤਨਾ ਦੇ ਨਾਲ ਨਾਲ ਲੋਕ ਗੀਤਾਂ ਦੀ ਸਿਰਜਣਾ ਵੀ ਸ਼ੁਰੂ ਹੋ ਗਈ ਸੀ। ਭਾਵੇਂ ਖੁਸ਼ੀ ਹੋਵੇ ਜਾਂ ਗ਼ਮੀ ਮਨੁੱਖ ਜਾਤੀ ਆਪਣੀਆਂ ਭਾਵਨਾਵਾਂ ਅਤੇ ਜਜ਼ਬਿਆਂ ਦਾ ਪ੍ਰਗਟਾਵਾ ਆਪਣੀ ਬੋਲੀ ਰਾਹੀਂ ਕਰਦਾ ਰਿਹਾ ਹੈ। ਦੇਵਿੰਦਰ ਸਤਿਆਰਥੀ ਲਿਖਦਾ ਹੈ, "ਕਿਥੋਂ ਆਉਂਦੇ ਨੇ ਇੰਨੇ ਗੀਤ ? ਸਮਰਣ-ਵਿਸਮਰਣ ਦੀ ਅੱਖ ਮਿਚੋਲੀ ਤੋਂ, ਕੁਝ ਹਾਸਿਆਂ ਤੋਂ, ਕੁਝ ਉਦਾਸ ਹਿਰਦੇ 'ਚੋਂ, ਜੀਵਨ ਦੇ ਖੇਤ ਵਿਚ ਉਗਦੇ ਨੇ ਇਹ ਸਭ ਗੀਤ। ਇਸ ਵਿਚ ਕਲਪਨਾ ਵੀ ਆਪਣਾ ਕੰਮ ਕਰਦੀ ਹੈ, ਰਸ ਸੰਸਾਰ ਵੀ, ਭਾਵਨਾ ਅਤੇ ਨਾਚ ਦਾ ਹਿਲੋਰਾ ਵੀ, ਪਰ ਇਹ ਸਭ ਹਨ ਖਾਦ। ਜੀਵਨ ਦੇ ਸੁੱਖ, ਜੀਵਨ ਦੇ ਦੁੱਖ ਇਹ ਹਨ ਲੋਕਗੀਤ ਦੇ ਬੀਅ।"(ਗਿੱਧਾ)



ਜ਼ਿੰਦਗੀ ਵਿਚਲੇ ਸੁੱਖ-ਦੁੱਖ ਦੇ ਸੰਕਲਪ ਅਤੇ ਲੋਕਾਂ ਦੇ ਅਮਲੀ ਤਜਰਬੇ ਨੂੰ ਲੋਕਗੀਤਾਂ ਵਿਚ ਬਾਖੂਬੀ ਪੇਸ਼ਕਾਰੀ ਮਿਲੀ ਹੈ। ਮਨੁੱਖ ਦਾ ਸਮੁੱਚਾ ਜੀਵਨ ਅਜਿਹੇ ਸੁੱਖਾਂ-ਦੁੱਖਾਂ ਅਤੇ ਅਮਲੀ ਤਜਰਬਿਆਂ ਵਿਚ ਬੀਤ ਜਾਂਦਾ ਹੈ। ਉਸਨੂੰ ਜਦੋਂ ਕੁਝ ਪ੍ਰਾਪਤ ਹੁੰਦਾ ਹੈ ਤਾਂ ਖੁਸ਼ੀ ਅਤੇ ਜਦੋਂ ਉਸਤੋਂ ਕੁਝ ਖੋਹ ਲਿਆ ਜਾਵੇ ਜਾਂ ਕੋਈ ਆਪਣਾ ਪਿਆਰਾ ਵਿਛੜ ਜਾਵੇ ਤਾਂ ਦੁੱਖ ਮਹਿਸੂਸ ਹੁੰਦਾ ਹੈ। ਇਹ ਮਨੁੱਖੀ ਫ਼ਿਤਰਤ ਦੀ ਸਭ ਤੋਂ ਵੱਡੀ ਪਹਿਚਾਣ ਹੈ। ਇਹ ਸਥਿਤੀ ਭਾਵੇਂ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਵਸਦੇ ਮਨੁੱਖ ਦੀ ਹੋਵੇ ਜ਼ਿਆਦਾਤਰ ਮਨੁੱਖ ਕੁਝ ਮਿਲਣ ਵਿਚ ਹੀ ਖੁਸ਼ੀ ਪ੍ਰਾਪਤ ਕਰਦੇ ਹਨ। ਉਪਰੋਕਤ ਪ੍ਰਕਾਰ ਦੀ ਖੁਸ਼ੀ ਅਤੇ ਗ਼ਮੀ ਦੇ ਮੌਕੇ ਮਨੁੱਖ ਚੁੱਪ ਨਹੀਂ ਰਹਿ ਸਕਦਾ। ਉਹ ਆਪਣੀ ਖੁਸ਼ੀ ਅਤੇ ਗ਼ਮੀ ਦਾ ਇਜ਼ਹਾਰ ਕਿਸੇ ਨਾ ਕਿਸੇ ਰੂਪ ਵਿਚ ਜ਼ਰੂਰ ਕਰਦਾ ਹੈ। ਇਹ ਭਾਵੇਂ ਨੱਚ-ਟੱਪ ਕੇ ਹੋਵੇ ਜਾਂ ਫਿਰ ਰੋ-ਪਿਟ ਕੇ। ਦੋਵਾਂ ਸਥਿਤੀਆਂ ਵਿਚ ਉਸਦੀ ਆਪਣੀ ਭਾਸ਼ਾ ਉਸਦਾ ਸਾਥ ਦਿੰਦੀ ਹੈ। ਮਨ ਵਿਚ ਉਠੇ ਭਾਵ ਅਤੇ ਜਜ਼ਬੇ ਵੇਗਮਈ ਰੂਪ ਵਿਚ ਸ਼ਬਦਾਂ ਦਾ ਜਾਮਾ ਪਹਿਨ ਕੇ ਲੋਕ ਗੀਤਾਂ ਦਾ ਰੂਪ ਧਾਰਨ ਕਰ ਲੈਂਦੇ ਹਨ। ਇਹ ਲੋਕ ਗੀਤ ਕਿਸੇ ਵੀ ਜਾਤੀ ਵਿਸ਼ੇਸ਼ ਦੀ ਵਿਸ਼ੇਸ਼ ਪਰਪਾਟੀ ਬਣ ਜਾਂਦੇ ਹਨ ਅਤੇ ਪੀੜ੍ਹੀ ਦਰ ਪੀੜ੍ਹੀ ਨਾਲ ਤੁਰਦੇ ਰਹਿੰਦੇ ਹਨ। ਲੋਕਗੀਤ ਜਾਤੀ ਵਿਸ਼ੇਸ਼ ਦਾ ਇਕ ਨਾ ਮੁੱਕਣ ਵਾਲਾ ਖਜ਼ਾਨਾ ਹੁੰਦੇ ਹਨ, ਜਿਨ੍ਹਾਂ ਨੂੰ ਜਿੰਨਾ ਜ਼ਿਆਦਾ ਖਰਚ ਕਰੋਗੇ ਉਨਾ ਜ਼ਿਆਦਾ ਇਨ੍ਹਾਂ ਵਿਚ ਵਾਧਾ ਹੁੰਦਾ ਜਾਵੇਗਾ।

ਪੰਜਾਬੀ ਲੋਕ ਗੀਤਾਂ ਦਾ ਖਜ਼ਾਨਾ ਬੜਾ ਭਰਪੂਰ ਹੈ। ਪੰਜਾਬ ਨੂੰ ਆਪਣੇ ਇਸ ਵਡਮੁੱਲੇ ਵਿਰਸੇ ਤੇ ਹਮੇਸ਼ਾਂ ਮਾਣ ਰਿਹਾ ਹੈ। ਪੰਜਾਬ ਦੇ ਵਿਭਿੰਨ ਖਿੱਤਿਆਂ ਵਿਚ ਮਿਲਦੇ ਲੋਕ ਗੀਤਾਂ ਨੂੰ ਜੇਕਰ ਖਿੱਤਾ ਪੱਧਰ ਤੇ ਪੂਰੀ ਸੁਹਿਰਦਤਾ ਨਾਲ ਇਕੱਠਾ ਕੀਤਾ ਜਾਵੇ ਤਾਂ ਉਪਰੋਕਤ ਖਜ਼ਾਨੇ ਵਿਚ ਹੋਰ ਵਾਧਾ ਕੀਤਾ ਜਾ ਸਕਦਾ ਹੈ। ਸਿਰਫ ਇਹ ਕਹਿਣ ਨਾਲ ਕਿ ਪੁਰਾਤਨ ਰੀਤੀ ਰਿਵਾਜ ਜਾਂ ਵਿਰਾਸਤ ਵਿਚ ਮਿਲੀਆਂ ਸਾਂਸਕ੍ਰਿਤਕ ਵਸਤਾਂ ਜਾਂ ਫਿਰ ਸਭਿਆਚਾਰਕ ਪਛਾਣ ਸਮਾਪਤ ਹੁੰਦੀ ਜਾ ਰਹੀ ਹੈ, ਠੀਕ ਕਥਨ ਨਹੀਂ ਲਗਦਾ। ਪੱਛਮੀ ਸਭਿਅਤਾ ਦਾ ਪ੍ਰਭਾਵ ਪੰਜਾਬੀ ਜੀਵਨ ਉਤੇ ਵੇਖਿਆ ਜਾ ਸਕਦਾ ਹੈ ਪਰੰਤੂ ਪਰੰਪਰਕ ਅੰਸ਼ ਅਜੇ ਵੀ ਕਾਇਮ ਹਨ। ਖਾਸ ਕਰਕੇ ਪੇਂਡੂ ਸਭਿਆਚਾਰ ਵਿਚ ਇਹ ਪਰੰਪਰਕ ਪਰਪਾਟੀ ਦੇ ਰੂਪ ਵਿਚ ਅਜੇ ਵੀ ਮੌਜੂਦ ਹਨ। ਆਧੁਨਿਕ ਸਮੇਂ ਵਿਚ ਮਸ਼ੀਨੀਕਰਨ ਦਾ ਪ੍ਰਭਾਵ ਪਿੰਡਾਂ ਵਿਚ ਵੀ ਸਪੱਸ਼ਟ ਵਿਖਾਈ ਦਿੰਦਾ ਹੈ। ਜੀਵਨ ਵਿਚਲੇ ਬਹੁਤੇ ਪੱਖਾਂ ਵਿਚ ਬਦਲਾਵ ਵੀ ਵੇਖਿਆ ਜਾ ਸਕਦਾ ਹੈ ਪਰੰਤੂ ਇਹ ਬਦਲਾਵ ਸੁਭਾਵਕ ਹੈ। ਪਰਿਵਰਤਨ ਕਾਰਨ ਸਾਨੂੰ ਇਹ ਬਦਲਾਵ ਲਗਦਾ ਹੈ ਪਰ ਉਨ੍ਹਾਂ ਦਾ ਆਪਣਾ ਵਿਰਸਾ ਆਪਣੇ ਆਪ ਨੂੰ ਨਵੇਂ ਰੂਪ ਵਿਚ ਪੇਸ਼ ਕਰ ਰਿਹਾ ਹੁੰਦਾ ਹੈ। ਦੇਵਿੰਦਰ ਸਤਿਆਰਥੀ ਲਿਖਦਾ ਹੈ, "ਪੁਰਾਤਨ ਸੰਸਕਾਰਾਂ ਦੀ ਕੁੰਜ ਲਾਹ ਕੇ ਨਵੇਂ ਅਰਥ ਦੀ ਖੋਜ ਲੋਕ ਸਾਹਿਤ ਵਿਚ ਇਕ ਅਮੁਕ ਪ੍ਰਵਿਰਤੀ ਵਾਂਗ ਪਲਮਦੀ ਹੈ।"

ਲੋਕ ਗੀਤਾਂ ਬਾਰੇ ਵੀ ਇਹ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਵਿਚ ਵੀ ਸਮੇਂ ਦੇ ਨਾਲ ਨਾਲ ਬਦਲਾਵ ਆਉਂਦਾ ਰਹਿੰਦਾ ਹੈ। ਇਹ ਕਹਿਣਾ ਕਿ ਫਲਾਣਾ ਲੋਕ ਗੀਤ ਪੁਰਾਣਾ ਹੋ ਗਿਆ ਹੈ, ਬੜਾ ਅਜੀਬ ਲਗਦਾ ਹੈ। ਲੋਕਗੀਤ ਹਰ ਸਮੇਂ ਸੱਜਰੀ ਅਵਸਥਾ ਵਿਚ ਹੁੰਦਾ ਹੈ। ਲੋਕ ਗੀਤ ਪੁਰਾਤਨ ਹੁੰਦਾ ਹੋਇਆ ਵੀ ਨਵਾਂ ਹੁੰਦਾ ਹੈ ਅਤੇ ਨਵਾਂ ਹੁੰਦਾ ਹੋਇਆ ਵੀ ਪੁਰਾਤਨ ਅੰਸ਼ਾਂ ਨੂੰ ਆਪਣੇ ਅੰਦਰ ਸਮੋਈ ਰੱਖਦਾ ਹੈ। ਗੱਲ

ਭਾਵਨਾਵਾਂ ਤੇ ਜਜ਼ਬਿਆਂ ਨੂੰ ਸਮੇਂ ਅਨੁਕੂਲ ਪ੍ਰਗਟਾਉਣ ਦੀ ਹੈ। ਇਕੋ ਤਰ੍ਹਾਂ ਦੀਆਂ ਭਾਵਨਾਵਾਂ ਨੂੰ ਸਮੇਂ ਅਨੁਸਾਰ ਪ੍ਰਗਟਾਉਣ ਦਾ ਢੰਗ ਬਦਲ ਜਾਂਦਾ ਹੈ। ਰਾਲਫ ਫਾਕਸ ਲਿਖਦਾ ਹੈ, "ਲੋਕ ਗੀਤ ਨਾ ਪੁਰਾਣਾ ਹੁੰਦਾ ਹੈ ਅਤੇ ਨਾ ਨਵਾਂ। ਉਹ ਤਾਂ ਜੰਗਲ ਦੇ ਇਕ ਰੁੱਖ ਵਰਗਾ ਹੈ, ਜਿਸ ਦੀਆਂ ਜੜ੍ਹਾਂ ਤਾਂ ਦੂਰ ਧਰਤੀ (ਭੂਤਕਾਲ) ਵਿਚ ਧਸੀਆਂ ਹੁੰਦੀਆਂ ਹਨ ਪਰ ਜਿਸ ਵਿਚ ਲਗਾਤਾਰ ਨਵੀਆਂ ਡਾਲੀਆਂ, ਕਰੂੰਬਲਾਂ ਤੇ ਫਲ-ਫੁੱਲ ਫੁਟਦੇ ਰਹਿੰਦੇ ਹਨ।"(ਪੰਜਾਬ)

ਪਰਿਵਰਤਨ ਕੁਦਰਤ ਦਾ ਨਿਯਮ ਹੈ ਅਤੇ ਇਸ ਨਿਯਮ ਅਨੁਸਾਰ ਸਮਾਜਕ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ। ਬਦਲਦੀਆਂ ਪ੍ਰਸਥਿਤੀਆਂ ਅਨੁਸਾਰ ਮਨੁੱਖੀ ਸੋਚ ਵਿਚ ਵੀ ਬਦਲਾਵ ਆਉਣੇ ਸੁਭਾਵਿਕ ਹਨ। ਲੋਕ ਗੀਤਾਂ ਵਿਚ ਇਸ ਬਦਲਾਵ ਨੂੰ ਵਿਅਕਤੀਗਤ ਪੱਧਰ ਅਤੇ ਸਮੂਹਕ ਰੂਪ ਵਿਚ ਵੇਖਿਆ ਜਾ ਸਕਦਾ ਹੈ ਪਰੰਤੂ ਮਕਬੂਲ ਉਹੀ ਹੁੰਦਾ ਹੈ, ਜਿਸਨੂੰ ਲੋਕ ਮਾਨਸ ਪ੍ਰਵਾਨਗੀ ਦਿੰਦਾ ਹੈ। ਲੋਕ ਮਾਨਸ ਦੀ ਪ੍ਰਵਾਨਗੀ ਤਾਂ ਹੀ ਮਿਲਦੀ ਹੈ ਜੇਕਰ ਇਹ ਬਦਲਾਵ ਵਿਰਾਸਤ ਦੀ ਵੀ ਸੰਭਾਲ ਕਰਦਾ ਹੈ। ਵਣਜਾਰਾ ਬੇਦੀ ਪ੍ਰਵਾਹ ਵਿਚ ਪਏ ਰਹਿਣਾ ਅਤੇ ਬਦਲਾਵ ਨੂੰ ਲੋਕਧਾਰਾ ਦਾ ਸੁਭਾਵ ਮੰਨਦਾ ਹੈ। ਉਸ ਵਲੋਂ ਦਿੱਤੀ ਗਈ ਇਕ ਅਖਾਣ ਦੀ ਉਦਾਹਰਣ ਉਪਰੋਕਤ ਗੱਲ ਨੂੰ ਸਪੱਸ਼ਟ ਕਰ ਦਿੰਦੀ ਹੈ:-

– ਖਾਦਾ ਪੀਤਾ ਲਾਹੇ ਦਾ
ਰਹਿੰਦਾ ਨਾਦਰ ਸ਼ਾਹੇ ਦਾ।
– ਖਾਦਾ ਪੀਤਾ ਲਾਹੇ ਦਾ
ਰਹਿੰਦਾ ਅਹਿਮਦ ਸ਼ਾਹੇ ਦਾ।
– ਖਾਦਾ ਪੀਤਾ ਲਾਹੇ ਦਾ
ਰਹਿੰਦਾ ਪਿੰਡ ਦੇ ਸ਼ਾਹੇ ਦਾ।

ਉਪਰੋਕਤ ਅਖਾਣ ਦੀ ਮੂਲ ਸੁਰ ਤਾਂ ਇਕੋ ਹੈ ਲੁੱਟ-ਕਸੁੱਟ, ਪਰ ਸਮੇਂ ਦੇ ਨਾਲ ਨਾਲ ਇਸ ਵਿਚਲਾ ਪਾਤਰ ਬਦਲ ਜਾਂਦਾ ਹੈ। ਅੱਜ ਜੇਕਰ ਇਸ ਅਖਾਣ ਨੂੰ ਕਹਿਣਾ ਹੋਵੇ ਤਾਂ ਇਸ ਤਰ੍ਹਾਂ ਹੋਵੇਗਾ:—

ਖਾਦਾ ਪੀਤਾ ਲਾਹੇ ਦਾ,
ਬਾਕੀ ਨੌਕਰ ਸ਼ਾਹੇ ਦਾ।

ਇਹ ਨੌਕਰ ਭਾਵੇਂ ਬਾਬੂ, ਖਾਸ ਕਰਕੇ ਬੈਂਕਾ ਦੇ ਹੋਣ ਜਾਂ ਫਿਰ ਸਰਕਾਰ ਦੇ ਨੁਮਾਇੰਦੇ, ਲੁੱਟ ਕਸੁੱਟ ਤਾਂ ਅੱਜ ਵੀ ਜਾਰੀ ਹੈ। ਸਰਕਾਰ ਜੇਕਰ ਸ਼ਾਹੂਕਾਰਾਂ ਤੋਂ ਪਿੱਛਾ ਛੁਡਾਉਣ ਦੀ ਗੱਲ ਕਰਕੇ ਬੈਂਕਾਂ ਦੇ ਲੜ ਲਾ ਰਹੀ ਹੈ, ਵਿਆਜ ਤਾਂ ਉਥੇ ਵੀ ਦੇਣਾ ਪੈਣਾ ਹੈ। ਇਸ ਤਰ੍ਹਾਂ ਲੋਕ ਗੀਤ ਲੋਕ ਮਨ ਦੀ ਗੱਲ ਤਾਂ ਕਰਦਾ ਹੀ ਹੈ ਪਰ ਨਾਲ ਹੀ ਸਮੇਂ ਦੇ ਸੱਚ ਨੂੰ ਵੀ ਪ੍ਰਗਟਾਉਂਦਾ ਹੈ। ਸਮੇਂ ਦੇ ਨਾਲ ਨਾਲ ਆਏ ਬਦਲਾਵ ਦਾ ਪ੍ਰਗਟਾਵਾ ਪੰਜਾਬੀ ਲੋਕ ਗੀਤਾਂ ਵਿਚ ਸਪੱਸ਼ਟ ਵੇਖਿਆ ਜਾ ਸਕਦਾ ਹੈ।

**

ਲੋਕਗੀਤਾਂ ਨਾਲ ਮੇਰਾ ਲਗਾਵ ਸ਼ੁਰੂ ਤੋਂ ਰਿਹਾ ਹੈ। ਪਿੰਡ ਦੀਆਂ ਇਸਤਰੀਆਂ ਵਲੋਂ ਵਿਭਿੰਨ ਮੌਕਿਆਂ ਤੇ ਗਾਏ ਜਾਣ ਵਾਲੇ ਗੀਤ ਮੈਨੂੰ ਬਹੁਤ ਚੰਗੇ ਲਗਦੇ ਸੀ।



ਕਈ ਵਾਰ ਮੈਂ ਸੋਚਦਾ ਹਾਂ ਕਿ ਇਸ ਲਗਾਵ ਦਾ ਇਕ ਕਾਰਨ ਮੇਰੀਆਂ ਭੈਣਾਂ ਵੀ ਸਨ। ਭੈਣਾਂ ਨਾਲ ਮੋਹ ਮੈਨੂੰ ਹਮੇਸ਼ਾਂ ਉਨ੍ਹਾਂ ਦੇ ਨੇੜੇ ਤੇੜੇ ਹੀ ਰੱਖਦਾ ਸੀ। ਛੁੱਟੀਆਂ ਵਿਚ ਨਾਨਕਿਆਂ ਦੇ ਜਾਂ ਭੂਆ ਜੀ ਦੇ ਪਿੰਡ (ਦੋਵੇਂ ਪਿੰਡ ਪੁਆਧ ਵਿਚ ਹੀ ਹਨ) ਜਾਂਦੇ ਸੀ। ਮਾਮੇ ਤੇ ਫੂਫੜ ਜੀ ਦੀਆਂ ਕੁੜੀਆਂ ਅਤੇ ਮੇਰੀਆਂ ਭੈਣਾਂ ਜਦੋਂ ਵੀ ਮਿਲਕੇ ਇਕੱਠੇ ਕੰਮ ਕਰਦੀਆਂ ਤਾਂ ਉਹ ਨਾਲ ਨਾਲ ਗੀਤ ਵੀ ਗਾਉਂਦੀਆਂ ਰਹਿੰਦੀਆਂ ਸਨ। ਮੈਂ ਇਨ੍ਹਾਂ ਨੂੰ ਬੜੇ ਚਾਅ ਨਾਲ ਸੁਣਦਾ ਹੁੰਦਾ ਸੀ। ਹੌਲੀ-ਹੌਲੀ ਮੈਨੂੰ ਵੀ ਕੁਝ ਯਾਦ ਹੋਣ ਲਗ ਪਏ। ਵਿਆਹ ਸਮੇਂ ਗਾਏ ਜਾਣ ਵਾਲੇ ਗੀਤ ਘੋੜੀਆਂ, ਸੁਹਾਗ ਤਾਂ ਭਾਵੇਂ ਬਹੁਤੇ ਯਾਦ ਨਹੀਂ ਸਨ ਹੋਏ ਪਰ ਸਿੱਠਣੀਆਂ ਦੇ ਆਦਾਨ-ਪ੍ਰਦਾਨ ਸਮੇਂ ਮੈਂ ਕੁੜੀਆਂ ਦਾ ਬਰਾਬਰ ਸਾਥ ਦੇਣ ਲਗ ਪਿਆ ਸੀ। ਲੋਕ ਗੀਤਾਂ ਪ੍ਰਤੀ ਮੇਰੀ ਦਿਲਚਸਪੀ ਹੋਰ ਵਧਦੀ ਗਈ। ਹੁਣ ਕਈ ਵਾਰ ਮੈਂ ਗਿੱਧੇ ਵਿਚ ਬੋਲੀਆਂ ਪਾ ਕੇ ਨਾਲ ਨੱਚ ਵੀ ਲੈਂਦਾ ਸੀ। ਇਸ ਤਰ੍ਹਾਂ ਨੱਚਣਾ (ਗਿੱਧਾ, ਭੰਗੜਾ) ਮੁੱਖ ਸ਼ੁਗਲਾਂ ਵਿਚੋਂ ਇਕ ਹੋ ਨਿਬੜੇ।

ਐਮ. ਏ. ਪੰਜਾਬੀ ਕਰਨ ਤੋਂ ਬਾਅਦ ਐਮ. ਫਿਲ ਵਿਚ ਖੋਜ ਕਾਰਜ ਲਈ ਵਿਸ਼ਾ ਚੁਣਨ ਦਾ ਸਮਾਂ ਆਇਆ ਤਾਂ ਲੋਕ ਗੀਤ ਮੇਰੀ ਪਹਿਲੀ ਪਸੰਦ ਸਨ। ਮੇਰੀ ਖੋਜ ਪੜ੍ਹਤਾਲ ਅਨੁਸਾਰ ਉਸ ਸਮੇਂ ਤੱਕ ਪੁਆਧੀ ਲੋਕ ਗੀਤਾਂ ਉਤੇ ਕੋਈ ਬਹੁਤਾ ਖੋਜ ਕਾਰਜ ਜਾਂ ਸਾਹਿਤ ਉਪਲਬਧ ਨਹੀਂ ਸੀ। ਸ਼ੁਰੂ ਵਿਚ ਥੋੜ੍ਹੀ ਮੁਸ਼ਕਿਲ ਜ਼ਰੂਰ ਆਈ ਪਰ ਕੋਸ਼ਿਸ਼ ਜਾਰੀ ਰਹੀ ਅਤੇ ਕੁਝ ਕੁ ਵਿਆਹ ਗੀਤ ਰਿਕਾਰਡ ਵੀ ਕਰ ਲਏ। ਲੋਕ ਗੀਤ ਰਿਕਾਰਡ ਕਰਨਾ (ਇਕੱਠੇ ਕਰਨਾ) ਬਹੁਤ ਔਖਾ ਕੰਮ ਹੈ ਪਰ ਕਿਉਂਕਿ ਮੈਂ ਸ਼ੁਰੂ ਤੋਂ ਹੀ ਇਸ ਪਾਸੇ ਲਗਿਆ ਹੋਇਆ ਸੀ ਅਤੇ ਭੈਣਾਂ ਦੇ ਸਾਥ ਨੇ ਮੇਰੇ ਲਈ ਇਹ ਕੰਮ ਮੁਸ਼ਕਿਲ ਨਾ ਰਹਿਣ ਦਿੱਤਾ।

ਇਕ ਦਿਨ ਮੈਂ ਡਾ. ਕਰਨੈਲ ਸਿੰਘ ਥਿੰਦ ਦੁਆਰਾ ਸੰਪਾਦਤ ਪੁਸਤਕ 'ਲੋਕਯਾਨ ਅਧਿਐਨ' ਪੜ੍ਹਨ ਲਈ ਲਿਆਂਦੀ। ਇਸ ਵਿਚ ਇਕ ਲੇਖ "ਪੁਆਧੀ ਲੋਕਯਾਨ ਅਤੇ ਭਾਸ਼ਾ ਵਿਰੋਧ" ਡਾ. ਬਲਬੀਰ ਸਿੰਘ ਸੰਧੂ ਦਾ ਲਿਖਿਆ ਹੋਇਆ ਸੀ। ਲੇਖ ਪੜ੍ਹ ਕੇ ਬੜਾ ਧੱਕਾ ਜਿਹਾ ਲਗਾ ਕਿ ਪੁਆਧ ਦੇ ਤਾਂ ਆਪਣੇ ਵੱਖਰੇ ਲੋਕ ਗੀਤ ਹੀ ਨਹੀਂ ਹਨ। ਉਹ ਲਿਖਦਾ ਹੈ, "ਪੁਆਧੀ ਬੋਲੀ ਵਿਚ ਆਪਣਾ ਮੌਲਿਕ ਲੋਕਗੀਤ ਨਹੀਂ ਮਿਲਦਾ। ਇਸ ਇਲਾਕੇ ਦੇ ਵਾਸੀਆਂ ਵਲੋਂ ਗਾਏ ਜਾਂਦੇ ਗੀਤ ਕੇਂਦਰੀ ਪੰਜਾਬੀ ਜਾਂ ਇਸਦੀ ਦੂਜੀ ਮੁਖ ਉਪਬੋਲੀ ਮਲਵਈ ਦੇ ਹੁੰਦੇ ਹਨ।"(ਲੋਕਯਾਨ ਅਧਿਐਨ)

ਡਾ. ਸੰਧੂ ਦੀ ਇਸ ਗੱਲ ਨਾਲ ਸ਼ਾਇਦ ਹੀ ਕੋਈ ਲੋਕਧਾਰਾ ਵਿਗਿਆਨੀ ਸਹਿਮਤ ਹੋਵੇ। ਪੰਜਾਬ ਦੇ ਦੂਜਿਆਂ ਖਿੱਤਿਆਂ ਦੇ ਤਾਂ ਆਪਣੇ ਵੱਖਰੇ ਲੋਕਗੀਤ ਹਨ ਪਰ ਪੁਆਧ ਦੇ ਨਹੀਂ। ਖਿੱਤਾ ਤਾਂ ਵੱਖਰਾ ਹੈ ਪਰ ਗੀਤ ਨਹੀਂ। ਇਹ ਗੱਲ ਸ਼ਾਇਦ ਇਸ ਕਰਕੇ ਆਖੀ ਗਈ ਹੈ ਕਿਉਂਕਿ ਪੁਆਧੀ ਲੋਕਯਾਨ ਉਤੇ ਕੋਈ ਕੰਮ ਨਹੀਂ ਹੋਇਆ ਮਿਲਦਾ। ਥੋੜ੍ਹਾ ਬਹੁਤ ਜੇਕਰ ਹੈ ਵੀ ਤਾਂ ਉਹ ਖੋਜ ਕਾਰਜ ਰੂਪ ਵਿਚ ਜਾਂ ਫਿਰ ਦੂਜਿਆਂ ਖਿੱਤਿਆਂ ਦੇ ਲੋਕਯਾਨ ਵਿਚ ਹੀ ਰਲਗਡ ਕਰ ਦਿੱਤਾ ਗਿਆ। ਜੇਕਰ ਪੁਆਧੀ ਲੋਕਯਾਨ ਉਤੇ ਕੰਮ ਵਿਸ਼ਾਲ ਪੱਧਰ ਤੇ ਹੋਇਆ ਹੁੰਦਾ ਤਾਂ ਸ਼ਾਇਦ ਡਾ. ਸੰਧੂ ਆਪਣੀ ਉਪਰੋਕਤ ਗੱਲ ਕਿਸੇ ਹੋਰ ਰੂਪ ਵਿਚ ਕਹਿੰਦੇ। ਪੁਆਧੀ ਲੋਕ ਗੀਤਾਂ ਉਤੇ ਕੰਮ ਨਾ ਹੋਣ ਦੀ ਸਥਿਤੀ ਵਿਚ ਇਹ ਨਹੀਂ ਕਹਿ ਸਕਦੇ ਸੀ ਕਿ ਪੁਆਧ ਦੇ ਆਪਣੇ ਵੱਖਰੇ ਲੋਕ ਗੀਤ ਨਹੀਂ ਹਨ ਅਤੇ ਇਹ ਦੂਜੇ ਖਿੱਤਿਆਂ ਦੀ ਬੋਲੀ ਵਿਚ ਹੁੰਦੇ ਹਨ। ਇਕ ਹੋਰ ਗੱਲ ਕਿ

ਕੇਂਦਰੀ ਪੰਜਾਬੀ ਵਿਚ ਤਾਂ ਕੋਈ ਲੋਕ ਗੀਤ ਨਹੀ ਹੁੰਦਾ। ਡਾ. ਸੰਧੂ ਦਾ ਇਸ਼ਾਰਾ ਸ਼ਾਇਦ ਮਾਝੇ ਦੀ ਬੋਲੀ ਵੱਲ ਹੈ ਪਰੰਤੂ ਕੇਂਦਰੀ ਪੰਜਾਬੀ ਅਤੇ ਮਾਝੀ ਪੋਠੂ ਬੋਲੀ ਵਿਚ ਵੀ ਅੰਤਰ ਸਪੱਸ਼ਟ ਵਿਖਾਈ ਦਿੰਦਾ ਹੈ। ਲੋਕ ਗੀਤ ਤਾਂ ਭਾਸ਼ਾਈ ਆਧਾਰ ਉਤੇ ਵੱਖ-ਵੱਖ ਖਿੱਤਿਆਂ ਦੀਆਂ ਬੋਲੀਆਂ ਵਿਚ ਹੁੰਦੇ ਹਨ। ਲੋਕ ਮਾਨਸ ਆਪਣੀ ਅਭਿਵਿਅਕਤੀ ਉਨ੍ਹਾਂ ਦੀ ਆਪਣੀ ਭਾਸ਼ਾ ਵਿਚ ਹੀ ਕਰਦਾ ਹੈ। ਡਾ. ਨਾਹਰ ਸਿੰਘ 'ਲੋਕ ਕਾਵਿ ਦੀ ਸਿਰਜਣ ਪ੍ਰਕ੍ਰਿਆ' ਵਿਚ ਇਸ ਗੱਲ ਨੂੰ ਹੋਰ ਸਪੱਸ਼ਟ ਕਰਦੇ ਹੋਏ ਲਿਖਦਾ ਹੈ, "ਲੋਕ ਗੀਤਾਂ ਦੇ ਸਥਾਨ, ਲਹਿਜੇ ਅਤੇ ਉਪਭਾਸ਼ਾਈ ਆਧਾਰ 'ਤੇ ਇਹ ਵੀ ਕਿਹਾ ਜਾ ਸਕਦਾ ਹੈ ਕਿ ਨਿਰੋਲ ਕੇਂਦਰੀ ਪੰਜਾਬੀ ਭਾਸ਼ਾ ਵਿਚ ਕੋਈ ਲੋਕ ਗੀਤ ਨਹੀ ਹੁੰਦਾ। ਇਸ ਗੱਲ ਨੂੰ ਵਿਵਹਾਰਕ ਪੱਧਰ ਉਤੇ ਇਉਂ ਵੀ ਕਹਿ ਸਕਦੇ ਹਾਂ ਕਿ ਪੰਜਾਬੀ ਲੋਕ ਗੀਤ ਨਾਂ ਦਾ ਕੋਈ ਲੋਕ ਗੀਤ ਨਹੀ ਹੁੰਦਾ। ਭਾਰਤੀ ਪੰਜਾਬ ਦਾ ਲੋਕ ਗੀਤ ਨਿਸ਼ਚੇ ਹੀ ਮਾਝੀ,ਦੁਆਬੀ, ਮਲਵਈ ਜਾਂ ਪੁਆਧੀ ਵਿਚ ਕੋਈ ਇਕ ਹੋਵੇਗਾ। ਲੋਕ ਗੀਤ ਲਾਜ਼ਮੀ ਹੀ ਉਪਭਾਸ਼ਾਈ ਹੁੰਦਾ ਹੈ।"ਇਹ ਗੱਲ ਤਾਂ ਡਾ. ਸੰਧੂ ਵੀ ਮੰਨਦਾ ਹੈ ਕਿ ਲੋਕ ਗੀਤਾਂ ਦਾ ਸੰਬੰਧ ਉਸ ਲੋਕ ਬੋਲੀ ਨਾਲ ਹੁੰਦਾ ਹੈ ਜਿਹੜੀ ਉਸ ਖਿੱਤੇ ਵਿਸ਼ੇਸ਼ ਦੇ ਲੋਕ ਬੋਲਦੇ ਹਨ। ਉਸਨੇ ਧੁਨੀ ਪ੍ਰਬੰਧ ਦੇ ਆਧਾਰ ਤੇ ਪੁਆਧੀ ਨੂੰ ਇਕ ਵੱਖਰੀ ਬੋਲੀ ਮੰਨਿਆ ਹੈ ਅਤੇ ਪੁਆਧ ਵਾਸੀਆਂ ਨੇ ਇਸਨੂੰ ਆਤਮ ਪ੍ਰਗਟਾਵੇ ਲਈ ਵਰਤਿਆ ਹੈ। ਉਹ ਲਿਖਦਾ ਹੈ, "ਪੁਆਧੀ ਬੋਲੀ ਨੂੰ ਬੋਲਣ ਵਾਲੇ ਭਾਵੇਂ ਬਾਂਗਰੂ ਬੋਲੀ ਤੇ ਇਸਦੇ ਗੀਤਾਂ ਨੂੰ ਸੁਣ ਤਾਂ ਲੈਂਦੇ ਹਨ ਪਰ ਜਦੋਂ ਆਪੇ ਦਾ ਪ੍ਰਗਟਾਵਾ ਕਰਨਾ ਹੋਵੇ ਤਾਂ ਉਹ ਪੁਆਧੀ ਜਾਂ ਫਿਰ ਕੇਂਦਰੀ ਪੰਜਾਬੀ ਨੂੰ ਵਾਹਨ ਦੇ ਤੌਰ ਤੇ ਵਰਤਦੇ ਹਨ। ਇਸ ਤਰ੍ਹਾਂ ਇਹ ਇਕ ਤਰ੍ਹਾਂ ਨਾਲ ਬਾਹਰੋਂ ਆਉਣ ਵਾਲੇ ਭਾਸ਼ਾਈ ਪ੍ਰਭਾਵ ਦੇ ਦਬਾਅ ਨੂੰ ਰੋਕਣ ਵਾਲੀ ਬੋਲੀ ਦੇ ਤੌਰ ਤੇ ਕੰਮ ਕਰਦੀ ਹੈ।"

ਲੋਕ ਗੀਤ ਲੋਕ ਮਨ ਦੀ ਸਰਲ ਤੇ ਸਹਿਜ ਅਭਿਵਿਅਕਤੀ ਹੁੰਦੇ ਹਨ। ਇਸ ਅਭਿਵਿਅਕਤੀ ਲਈ ਵਰਤੀ ਗਈ ਭਾਸ਼ਾ ਉਨ੍ਹਾਂ ਦੀ ਆਪਣੇ ਦਾਇਰੇ ਵਿਸ਼ੇਸ਼ ਵਿਚ ਬੋਲੀ ਜਾਂਦੀ ਭਾਸ਼ਾ ਹੀ ਹੁੰਦੀ ਹੈ।ਇਸ ਲਈ ਕਿਸੇ ਖਿੱਤੇ ਵਿਸ਼ੇਸ਼ ਦਾ ਲੋਕ ਗੀਤ ਉਨ੍ਹਾਂ ਦੀ ਆਪਣੀ ਭਾਸ਼ਾ ਵਿਚ ਰਚਿਆ ਤੇ ਗਾਇਆ ਜਾਂਦਾ ਹੈ।ਆਮ ਸਾਧਾਰਣ ਮਨੁੱਖ ਕੇਵਲ ਬੋਲਦਾ ਹੀ ਨਹੀ ਸਗੋਂ ਸੋਚਦਾ ਤੇ ਵਿਚਾਰਦਾ ਵੀ ਆਪਣੀ ਮਾਂ ਬੋਲੀ ਖਿੱਤੇ ਵਿਸ਼ੇਸ਼ ਦੀ ਭਾਸ਼ਾ ਵਿਚ ਹੈ।ਪੀ. ਬੀ.ਬੈਲਾਰਡ ਅਨੁਸਾਰ, "ਮਾਤ ਭਾਸ਼ਾ ਦੁਆਰਾ ਉਹ (ਮਨੁੱਖ) ਸੋਚਦਾ ਤੇ ਸੁਪਨੇ ਉਸਾਰਦਾ ਹੈ।" ਪੁਆਧ ਵਾਸੀਆਂ ਦੀ ਮਾਤ ਭਾਸ਼ਾ ਪੰਜਾਬੀ ਦੀ ਇਕ ਵੱਖਰੀ ਉਪਭਾਸ਼ਾ ਪੁਆਧੀ ਹੈ। ਇਹ ਕਿਸ ਤਰ੍ਹਾਂ ਹੋ ਸਕਦਾ ਹੈ ਕਿ ਪੁਆਧੀ ਲੋਕ ਮਾਨਸ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਿਸੇ ਹੋਰ ਖਿੱਤੇ ਦੀ ਭਾਸ਼ਾ ਵਿਚ ਕਰਨ। ਨੈਂ ਐਵਸਟਰ ਨੇ ਬਹੁਤ ਵਧੀਆ ਗੱਲ ਕੀਤੀ ਹੈ, ਉਹ ਲਿਖਦਾ ਹੈ, "ਜੇਕਰ ਇਕ ਦੇਸ਼ ਦੇ ਲੋਕ ਆਪਣੇ ਭਾਵਾਂ ਦੀ ਨਿਆਰੀ ਹਸਤੀ ਕਾਇਮ ਨਹੀ ਰੱਖ ਸਕਦੇ ਤਾਂ ਉਹ ਭਾਸ਼ਾ ਦੀ ਵੀ ਅੱਡਰੀ ਹਸਤੀ ਕਾਇਮ ਕਰਨ ਤੋਂ ਅਸਮਰਥ ਰਹਿੰਦੇ ਹਨ।"

ਭਾਸ਼ਾ ਇਕ ਮਾਨਸਿਕ ਪ੍ਰਕ੍ਰਿਆ ਹੈ ਅਤੇ ਲੋਕ ਗੀਤ ਅਤੇ ਹੋਰ ਕੋਈ ਵੀ ਸਾਹਿਤ ਰੂਪ ਉਸਦਾ ਮਾਧਿਅਮ। ਮਨੁੱਖ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਨ ਲਈ ਇਨ੍ਹਾਂ ਦੋਹਾਂ ਦਾ ਸਹਾਰਾ ਲੈਂਦਾ ਹੈ। ਪੰਜਾਬ ਦੇ ਚਾਰੇ ਮੁੱਖ ਉਪਖਿੱਤਿਆਂ ਮਾਝਾ, ਮਾਲਵਾ, ਦੁਆਬਾ ਅਤੇ ਪੁਆਧ ਵਿਚ ਕ੍ਰਮਵਾਰ ਮਾਝੀ, ਮਲਵਈ, ਦੁਆਬੀ ਅਤੇ ਪੁਆਧੀ



ਉਪਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਇਨ੍ਹਾਂ ਚਾਰੇ ਉਪਭਾਸ਼ਾਵਾਂ ਦੀਆਂ ਆਪੋ ਆਪਣੀਆਂ ਉਚਾਰਨ ਅਤੇ ਵਿਆਕਰਣਕ ਵਿਸ਼ੇਸ਼ਤਾਵਾਂ ਹਨ। ਪੁਆਧ ਵਾਸੀ ਦੀ ਆਪਣੀ ਵੱਖਰੀ ਪਛਾਣ ਵਿਚ ਪੁਆਧੀ ਬੋਲੀ ਮਹੱਤਵਪੂਰਨ ਰੋਲ ਅਦਾ ਕਰਦੀ ਹੈ। ਇਥੇ ਵਰਤੇ ਜਾਂਦੇ ਪੜਨਾਂਵ; ਮ੍ਹਾਰਾ-ਥ੍ਹਾਰਾ, ਕਿਰਿਆ ਵਿਸ਼ੇਸਣ; ਇਬ, ਪਰਾਰ, ਔਗਲ, ਕੌਗਲ, ਇੱਬਾ-ਕਿੱਥਾ ਸੰਬੰਧਕ; ਗੈਲ, ਬੀਚਮਾ, ਲਵੇ, ਪਾਸ, ਕਨੀਓ, ਭੂਤਕਾਲੀ ਬੋਧਕ 'ਸੀ' ਦੀ ਥਾਂ ਤੇ ਥਾ, ਥੀ, ਥੇ ਅਤੇ ਤਾ ਵਰਤੇ ਜਾਂਦੇ ਹਨ। ਇਥੇ 'ਸ਼' ਨੂੰ ਆਮ ਤੌਰ ਤੇ 'ਸ' ਬੋਲਿਆ ਜਾਂਦਾ ਹੈ। ਪੁਆਧੀ ਲੋਕ ਗੀਤਾਂ ਵਿਚ ਇਹ ਭਾਸ਼ਾ ਸਪੱਸ਼ਟ ਵੇਖਣ ਨੂੰ ਮਿਲਦੀ ਹੈ:-

— ਡੋਲ ਕੂੰਏਂ ਕੇ ਬੀਚਮਾ ਏ, ਲੇਜੂ ਮਣ ਪਾ ਪੜੀ ਥੀ।
ਉਰਾ ਤੋ ਸਸੇ ਮੇਰੀ ਕਿਆ ਕਹੂੰ ਏ, ਚਲ ਗੁਰਾਂ ਕਹੂੰਗੀ।
ਰਾਜਾ ਪਸੰਦ ਦੇ ਨਾ ਮਿਲੇ ਏ, ਮੇ ਤੋ ਬਦਲਾ ਕਹੂੰਗੀ।
ਛੋਟਾ ਦੇਵਰ ਮੇਰਾ ਲਾਡਲਾ ਏ, ਮੈਂ ਤੋ ਉਸਕਾ ਰਹੂੰਗੀ।

— ਛੋਟੀ ਸੀ ਲਾਡੋ ਮ੍ਹਾਰੀ, ਆਗਰੇ ਮਾ ਗੁਡੀਆ ਖੇਲਾ।
ਦਿਨ ਮਾ ਸਲੀਮਾ ਦੇਖਾ, ਰਾਤ ਕੋ ਡਰਾਮਾ ਦੇਖਾ।

— ਧੂਮ ਤੋ ਕਹਾਂ ਤੇ ਬਾਬਲ, ਵਰ ਆਵਾਂਗੇ ਗੋਰੇ ਗੋਰੇ।
ਅਬ ਤੋ ਨੈਂ ਆ ਗਏ ਹੈਂ, ਡਹਿਰ ਵਾਲੇ ਕਾਲੇ ਕਾਲੇ।

ਇਨ੍ਹਾਂ ਗੀਤਾਂ ਵਿਚ ਬੀਚਮਾ, ਮਣ ਪਾ ਪੜੀ ਥੀ, ਉਰਾ ਤੋ, ਗੁਰਾਂ, ਮੇ ਤੋ, ਉਸਕਾ, ਮ੍ਹਾਰੀ, ਮਾ, ਕੋ, ਧੂਮ ਤੋ ਕਹਾਂ ਤੇ, ਨੈਂ, ਡਹਿਰ (ਪੁਆਧ ਦਾ ਇਕ ਪਿੰਡ) ਦੇ ਸ਼ਬਦ ਪੁਆਧੀ ਭਾਸੀ ਹਨ। ਜੇਕਰ ਇਨ੍ਹਾਂ ਗੀਤਾਂ ਨੂੰ ਸੁਣਿਆ ਜਾਵੇ ਤਾਂ ਪੁਆਧੀ ਲਹਿਜਾ ਸਪੱਸਟ ਵਿਖਾਈ ਦੇਵੇਗਾ।ਕਰਨੈਲ ਸਿੰਘ ਥਿੰਦ ਲਿਖਦਾ ਹੈ ਕਿ,"ਲੋਕ ਗੀਤ ਹਮੇਸਾਂ ਹੀ ਲੋਕਾਂ ਦੀ ਬੋਲੀ ਵਿਚ ਹੀ ਹੁੰਦਾ ਹੈ। ਵਧੇਰੇ ਕਰਕੇ ਇਹ ਸਥਾਨ ਵਿਸ਼ੇਸ਼ ਦੀ ਬੋਲੀ ਬੋਲਦਾ ਹੈ। ਇਸ ਨਾਲ ਲੋਕਗੀਤ ਵਿਚ ਸਥਾਨਕ ਰੰਗਣ, ਸਰਲਤਾ, ਸਪੱਸਟਤਾ, ਸੁਭਾਵਿਕਤਾ ਅਤੇ ਲੋਕਪ੍ਰਿਯਤਾ ਦੀਆਂ ਆਪਣੀਆਂ ਪੂਰੀਆਂ ਸੰਭਾਵਨਾਵਾਂ ਦੇ ਗੁਣ ਸਹਿਜ ਸੁਭਾਅ ਆ ਜਾਂਦੇ ਹਨ।"(ਲੋਕਯਾਨ ਤੇ ਮੱਧਕਾਲੀ ਸਾਹਿਤ)

ਪੁਆਧੀ ਲੋਕ ਗੀਤਾਂ ਦੀ ਵੱਖਰੀ ਪਛਾਣ ਸੰਬੰਧੀ ਗੱਲ ਨੂੰ ਇਕ ਹੋਰ ਨੁੱਕਤੇ ਤੋਂ ਵੀ ਵਿਚਾਰਿਆ ਜਾ ਸਕਦਾ ਹੈ।ਕਈ ਵਾਰ ਇਹ ਵੇਖਣ ਵਿਚ ਆਇਆ ਹੈ ਕਿ ਕਿਸੇ ਇਕ ਖਿੱਤੇ/ਪ੍ਰਦੇਸ਼ ਦੇ ਲੋਕ ਗੀਤਾਂ ਵਿਚ ਪੇਸ਼ ਹੋਇਆ ਵਿਸ਼ਾ ਦੂਜੇ ਖਿੱਤੇ/ਪ੍ਰਦੇਸ਼ ਦੇ ਲੋਕਗੀਤਾਂ ਨਾਲ ਬਹੁਤ ਮੇਲ ਖਾਂਦਾ ਹੈ।ਪੁਆਧੀ ਲੋਕ ਗੀਤਾਂ ਵਿਚ ਪੇਸ ਵਿਸੇ ਇੰਨ ਬਿੰਨ ਪੰਜਾਬ ਦੇ ਦੂਜੇ ਖਿੱਤਿਆਂ ਦੇ ਨਾਲ ਮਿਲਦੇ ਹਨ।ਸ਼ਾਇਦ ਇਸ ਕਾਰਨ ਵੀ ਪੁਆਧੀ ਲੋਕ ਗੀਤਾਂ ਦੀ ਵੱਖਰੀ ਹੋਂਦ ਤੋਂ ਇਨਕਾਰ ਕੀਤਾ ਗਿਆ ਹੈ। ਸਾਡਾ ਇਹ ਮੰਨਣਾ ਹੈ ਕਿ ਧਰਤੀ ਉਤੇ ਵਸਦੀ ਇਕ ਜਾਤੀ ਵਿਸ਼ੇਸ਼ ਦੀਆਂ ਸੁੱਖ ਦੁੱਖ ਨਾਲ ਸੰਬੰਧਿਤ ਭਾਵਨਾਵਾਂ ਕਿਸੇ ਦੂਜੀ ਜਾਤੀ ਦੀ ਤਰ੍ਹਾਂ ਦੀਆਂ ਹੋ ਸਕਦੀਆਂ ਹਨ।ਖੁਸ਼ੀ ਜਾਂ ਗ਼ਮੀ ਵੇਲੇ ਆਪਣੀਆਂ ਅਜਿਹੀਆਂ ਭਾਵਨਾਵਾਂ ਦਾ ਪ੍ਰਗਟਾਵਾ ਉਹ ਆਪਣੀ ਜਾਤੀ ਵਿਸ਼ੇਸ਼ ਦੀ ਹੀ ਭਾਸ਼ਾ ਵਿਚ ਕਰਦਾ ਹੈ। ਲੋਕ ਗੀਤਾਂ ਵਿਚ ਭਾਵਨਾਤਮਕ ਸਾਂਝ ਸੰਬੰਧੀ ਤੰਦਾਂ ਨੂੰ ਪਛਾਣਿਆ ਜਾ ਸਕਦਾ ਹੈ। ਪ੍ਰਿੰ. ਤੇਜਾ ਸਿੰਘ ਲਿਖਦਾ ਹੈ, "ਲੋਕਾਂ ਦੇ ਦਿਲਾਂ ਦੀ ਰਮਜ਼ ਇਕੋ ਹੈ, ਜੋ ਉਨ੍ਹਾਂ ਦੇ ਗੀਤਾਂ ਦੀ ਲੰਮੀ ਛੋਟੀ ਹੇਕ ਵਿਚ ਜਾਂ ਸਿੱਧੇ ਸਾਦੇ

ਲਫਜ਼ਾਂ ਵਿਚ ਛਿਪੀ ਹੁੰਦੀ ਹੈ। ਜਿਵੇ ਸਰੀਰ ਵਿਚ ਇਕੋ ਨਬਜ਼ ਚਲਦੀ ਹੈ, ਤਿਵੇਂ ਸਾਰਿਆਂ ਦੇ ਜੀਵਨ ਦੀ ਖੁਸ਼ੀ ਜਾਂ ਗਮੀ ਵਿਚ, ਮਰਨੇ ਜਾਂ ਪਰਨੇ ਦੇ ਢੰਗਾਂ ਵਿਚ, ਟੁੱਟੀਆਂ ਭੱਜੀਆਂ ਝੁਗੀਆਂ ਲਈ ਦੂਰ ਬੈਠੇ ਸਿੱਕਣ ਵਿਚ, ਜਾਂ ਜੂਹਾਂ ਬੇਲਿਆਂ ਵਿਚ ਚਰਦੇ ਡੰਗਰਾਂ ਦੇ ਪਿਆਰ ਵਿਚ, ਕੁੜਮਾਂ ਦੀ ਫੁੱਲਾਂ ਜਿਹੀ ਆਬਵਾਲੀ ਪ੍ਰਾਹੁਣਚਾਰੀ ਵਿਚ ਜਾਂ ਪੇਕਿਓਂ ਵਿਛੜੀ ਧੀ ਦੇ ਮਾਂ ਜਾਂ ਵੀਰ ਦੇ ਮਿਲਾਪ ਲਈ ਹਾੜਿਆਂ ਵਿਚ ਇੱਕੋ ਦਿਲ ਦੀ ਧੜਕਨ ਵਜਦੀ ਹੈ।'' (ਗਿੱਧਾ ਮੁਖਬੰਦ)

ਪ੍ਰਿੰ. ਤੇਜਾ ਸਿੰਘ ਨੇ ਉੱਤਰ ਪ੍ਰਦੇਸ਼, ਬਿਹਾਰ, ਮਥਰਾ, ਮਾਰਵਾੜੀ ਅਤੇ ਪੰਜਾਬ ਦੇ ਲੋਕ ਗੀਤਾਂ ਦੀਆਂ ਮਿਸਾਲਾਂ ਲੈ ਕੇ ਕਿਰਸਾਨੀ ਜੀਵਨ ਦੇ ਸਾਂਝੇ ਦੁੱਖਾਂ ਨੂੰ ਦਰਸਾਦਿਆਂ ਹੋਇਆਂ ਇਹ ਦੱਸਣ ਦਾ ਜਤਨ ਕੀਤਾ ਹੈ ਵੱਖ-ਵੱਖ ਭਾਸ਼ਾਈ ਤੇ ਭੂਗੋਲਿਕ ਪ੍ਰਸਥਿਤੀਆਂ ਹੁੰਦਿਆਂ ਹੋਇਆਂ ਵੀ ਲੋਕਾਂ ਦੀਆਂ ਭਾਵਨਾਵਾਂ ਵਿਚ ਇਕਸੁਰਤਾ/ਸਾਂਝ ਵੇਖੀ ਜਾ ਸਕਦੀ ਹੈ।ਅਸੀਂ ਇਥੇ ਵੱਖ-ਵੱਖ ਜਾਤੀ ਸਮੂਹਾਂ ਦੇ ਲੋਕ ਗੀਤਾਂ ਦੀਆਂ ਕੁਝ ਕੁ ਉਦਾਹਰਣਾਂ ਪੇਸ਼ ਕਰ ਰਹੇ ਹਾਂ, ਜਿਨ੍ਹਾਂ ਵਿਚ ਭਾਵਨਾਤਮਕ ਸਾਂਝ ਨੂੰ ਸਪੱਸ਼ਟ ਵੇਖਿਆ ਜਾ ਸਕਦਾ ਹੈ।

ਵਿਆਹ ਮਨੁੱਖੀ ਜੀਵਨ ਦੀ ਇਕ ਅਤਿ ਮਹੱਤਵਪੂਰਨ ਘਟਨਾ ਹੈ। ਲੋਕ ਮਨ ਵਿਆਹ ਬਾਰੇ ਆਪਣੇ ਵੱਖਰੇ ਵਿਚਾਰ ਰਖਦਾ ਹੈ। ਉਸ ਦਾ ਇਹ ਮੰਨਣਾ ਹੈ ਕਿ ਇਸਤਰੀ ਪੁਰਖ ਦਾ ਪਤੀ-ਪਤਨੀ ਦੇ ਰੂਪ ਵਿਚ ਵਿਆਹ ਦੇ ਬੰਧਨ ਵਿਚ ਬਨ੍ਹਣਾ ਮਹਿਜ਼ ਇਕ ਰਸਮ ਹੈ। ਰਿਸ਼ਤੇ ਤਾਂ ਪਹਿਲਾਂ ਹੀ ਧੁਰ ਦਰਗਾਹੋ ਪੱਕੇ ਹੋ ਕੇ ਆਉਂਦੇ ਹਨ। ਅਨਜੋੜ ਵਿਆਹਾਂ ਵਿਚ ਪਸੰਦ-ਨਾਪਸੰਦ ਦੀ ਬਜਾਏ ਸੰਜੋਗ ਜੋਰਾਵਰ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ। ਸ਼ਾਇਦ ਇਹੀ ਕਾਰਣ ਹੈ ਕਿ ਹਰ ਇਕ ਕੁੜੀ ਦੇ ਮਨ ਵਿਚ ਹਮੇਸ਼ਾਂ ਆਪਣੇ ਹੋਣ ਵਾਲੇ ਜੀਵਨ ਸਾਥੀ ਪ੍ਰਤੀ ਚਿੰਤਾ ਬਣੀ ਰਹਿੰਦੀ ਹੈ। ਇਸ ਪ੍ਰਕਾਰ ਦੀ ਚਿੰਤਾ ਨੂੰ ਵੱਖ-ਵੱਖ ਜਾਤੀ/ਪ੍ਰਦੇਸ਼ ਦੇ ਵਿਆਹ ਗੀਤਾਂ ਵਿਚ ਵੇਖਿਆ ਜਾ ਸਕਦਾ ਹੈ। ਅਨਜੋੜ ਵਿਆਹ ਦੀ ਉਦਾਹਰਣ ਦੇਖੋ:–

– ਮਾਪਿਆਂ ਸਾਡਿਆਂ ਮੰਦੀ ਜੁ ਕੀਤੀ
ਮੈਨੂੰ ਨਿੱਕੇ ਦੇ ਲੜ ਲਾਇਆ
ਮਾਪਿਓਂ ਵੇ ਵਰ ਬੁਢਾ ਸਹੇੜਿਆ
ਲੈ ਦੰਮਾਂ ਦੀ ਥੈਲੀ। (ਪੰਜਾਬੀ)

– ਓ ਬਾਬਲ ਤੈਨੈ ਬੁਰਾ ਕਿਯੋ
ਬੁੜ੍ਹੇ ਸੰਗ ਬਿਆਹ ਕਿਯੋ ਮੇਰੋ
ਮੇਰੀ ਰੋਏ ਰੋਏ ਅਖੀਆਂ ਲਾਲ ਭ੍ਈ। (ਬ੍ਰਜ ਲੋਕਗੀਤ)

– ਮੇਰੀਆਂ ਸਾਰੀਆਂ ਸਹੇਲੀਆਂ ਦੇ ਮਨ ਦੇ ਜੋੜੀਦਾਰ ਹਨ
ਪਰ ਮੇਰੀ ਕਿਸਮਤ ਵਿਚ ਤਾਂ ਇਹ ਕੋੜ੍ਹੀ ਬੁੱਢਾ ਹੈ।
ਹੇ ਮਾਂ ਮੈਂ ਤਾਂ ਰਾਜਿਆਂ ਦੇ ਲਾਇਕ ਸੀ,
ਪਰ ਮੇਰੇ ਹੱਥ ਇਹ ਬੁੱਢਾ ਕਿਉਂ ਪਕੜਾ ਦਿੱਤਾ ?(ਗੜ੍ਹਵਾਲੀ)

– ਪਿਆਰੀ ਅੰਬੜੀਏ ਨੀ, ਵਰ ਲੋੜੀਦੀਏ ਨੀ।



ਨਾ ਤਾਂ ਉਹ ਵਡੇਰਾ ਹੋਵੇ, ਨਾ ਹੋਵੇ ਨਿਕੜਾ,
ਸਿਪਾਹੀ ਵਰ ਲੋੜੀਏ, ਨਿੱਡਰ ਤੇ ਉਤਸਾਹੀ। (ਰੂਸੀ)

ਕੁੜੀਆਂ ਦੇ ਮਨ ਵਿਚ ਸਿਰਫ ਹਾਣ ਦੇ ਵਰ ਦੀ ਗੱਲ ਹੀ ਨਹੀਂ ਹੁੰਦੀ ਸਗੋਂ ਉਹ ਇਕ ਆਦਰਸ਼ ਪਤੀ ਅਤੇ ਆਦਰਸ਼ ਪਰਿਵਾਰ ਵੀ ਚਾਹੁੰਦੀਆਂ ਹਨ। ਭਾਰਤੀ ਸਮਾਜ ਵਿਚ ਰਾਮ ਸੀਤਾ ਦੀ ਜੋੜੀ ਨੂੰ ਆਦਰਸ਼ ਪਤੀ-ਪਤਨੀ ਦੇ ਰੂਪ ਵਿਚ ਸਵੀਕਾਰਿਆ ਗਿਆ ਹੈ ਅਤੇ ਲੋਕ ਗੀਤਾਂ ਰਾਹੀਂ ਆਪਣੀ ਮੰਗ ਨੂੰ ਵੀ ਵਾਰ-ਵਾਰ ਦੁਹਰਾਇਆ ਗਿਆ ਹੈ।

ਹਰ ਇਕ ਉਹ ਸਮਾਜ ਜਿਥੇ ਵਿਆਹ ਤੋਂ ਬਾਅਦ ਕੁੜੀਆਂ ਨੂੰ ਆਪਣਾ ਪੇਕਾ ਘਰ ਛੱਡ ਕੇ ਸਹੁਰੇ ਘਰ ਜਾਣਾ ਪੈਂਦਾ ਹੈ, ਨੂੰ ਆਪਣੇ ਪਿਆਰਿਆਂ ਤੋਂ ਵਿਛੜਣ ਦਾ ਦੁੱਖ ਹੁੰਦਾ ਹੈ। ਕੁੜੀ ਦੀ ਵਿਦਾਇਗੀ ਵੇਲੇ ਗਾਏ ਜਾਣ ਵਾਲੇ ਗੀਤਾਂ ਵਿਚ ਇਕੋ ਪ੍ਰਕਾਰ ਦੀਆਂ ਭਾਵਨਾਵਾਂ ਨੂੰ ਵਿਭਿੰਨ ਜਾਤੀ ਸਮੂਹਾਂ ਦੇ ਗੀਤਾਂ ਵਿਚ ਪੇਸ਼ ਹੋਏ ਵੇਖਿਆ ਜਾ ਸਕਦਾ ਹੈ–

– ਸਾਡਾ ਚਿੜੀਆਂ ਦਾ ਚੰਬਾ ਹੈ, ਬਾਬਲ ਅਸਾਂ ਉਡ ਜਾਣਾ।
ਸਾਡੀ ਲੰਮੀ ਉਡਾਰੀ ਵੇ, ਬਾਬਲ ਕਿਹੜੇ ਦੇਸ ਜਾਣਾ। (ਪੰਜਾਬ)

– ਮੈਂ ਤਾਂ ਹਰੇ ਭਰੇ ਜੰਗਲ ਦੀ ਚਿੜੀ ਹਾਂ,
ਪਰਦੇਸ ਵਲ ਉਡ ਜਾਂਗੀ।
ਅਜ ਮੈਂ ਆਪਣੇ ਬਾਬੇ ਦੇ ਦੇਸ ਵਿਚ ਹਾਂ,
ਕਲ੍ਹ ਨੂੰ ਉਡ ਜਾਂਗੀ। (ਗੁਜਰਾਤ)

– ਪੰਛੀ ਜਿਨ੍ਹਾਂ ਬਿਰਛਾਂ ਉਤੇ ਵਸਦੇ ਨੇ,
ਉਹਨਾਂ ਦਾ ਸਿੰਗਾਰ ਕਰਨ ਲਈ ਹੀ,
ਉਹ ਆਪਣਿਆਂ ਬਾਲ ਬੱਚਿਆਂ ਨੂੰ ਪਾਲਦੇ ਨੇ।
ਹਾਏ ਮੇਰੀ ਮਾਂ ਨੇ ਮੈਨੂੰ
ਓਪਰਿਆਂ ਦਾ ਘਰ ਸਿੰਗਾਰਨ ਲਈ ਵੱਡਾ ਕੀਤਾ ਹੈ। (ਅਸਾਮ)

– ਇਹ ਨਿੰਮ ਦਾ ਰੁੱਖ ਹਈ ਬਾਬਾ,
ਵੇਖੀਂ ਕਿਤੇ ਇਸਨੂੰ ਵੱਢ ਨਾ ਦੇਵੀਂ।
ਇਸ ਉਤੇ ਚਿੜੀਆਂ ਦੇ ਆਲ੍ਹਣੇ ਨੀ,
ਧੀਆਂ ਨੂੰ ਵੀ ਕੋਈ ਕਸ਼ਟ ਨਾ ਦੇਵੀਂ ਬਾਬਾ।
ਧੀਆਂ ਤੇ ਚਿੜੀਆਂ ਦੀ ਇਕੋ ਜੂਨ ਹੁੰਦੀ ਹੈ।
ਸਾਰੀਆਂ ਚਿੜੀਆਂ ਉਡ ਜਾਣਗੀਆਂ ਕਲੀ ਰਹਿ ਜਾਊ ਨਿੰਮ।
ਸਾਰੀਆਂ ਧੀਆਂ ਸੌਹਰੀਂ ਤੁਰ ਜਾਣਗੀਆਂ, ਕਲੀ ਰਹਿ ਜਾਊ ਮਾਂ।
(ਬਿਹਾਰ)

– ਕਾਹੇ ਬਿਆਹੀ ਵਿਦੇਸ਼ ਰੇ, ਲੱਖੀਆ ਬਾਬੁਲ ਮੇਰੇ।
ਹਮ ਤੋ ਰੇ ਬਾਬਲ ਬੇਲੇ ਕੀ ਕਲੀਆਂ,

ਘਰ-ਘਰ ਮਾਂਗੀ ਜਾਇ ਰੇ, ਲਖੀਆ ਬਾਬੁਲ ਮੇਰੇ।
ਹਮ ਤੋ ਰੇ ਬਾਬਲ ਖੂੰਟੇ ਕੀ ਗਈਆਂ,
ਜਿਧਰ ਹਾਂਕੋ ਹੰਕ ਜਾਇ ਰੇ, ਲਖੀਆ ਬਾਬੁਲ ਮੇਰੇ। (ਮਗਧੀ)

– ਖਿਛੜ ਗਈ ਹੰਸਣੀ,
ਕਿਵੇਂ ਹੰਸਣੀਆਂ ਦੇ ਝੁੰਡ ਤੋਂ ?
ਖਿਛੜ ਗਈ ਸਾਡੀ ਪਿਆਰੀ ਅਨ,
ਕਿਵੇਂ ਕੁਆਰੀਆਂ ਦੇ ਝੁੰਡ ਤੋਂ ? (ਰੂਸੀ)

ਲੋਕਮਨ ਦੀ ਅਜਿਹੀ ਸਾਂਝ ਦਾ ਪ੍ਰਗਟਾਵਾ ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਵਿਚ ਗਾਏ ਜਾਣ ਵਾਲੇ ਲੋਕ ਗੀਤਾਂ ਵਿਚ ਮਿਲ ਜਾਂਦਾ ਹੈ। ਲੋਕ ਗੀਤਾਂ ਵਿਚਲੇ ਪਾਤਰ ਆਪਣੀਆਂ ਵੱਖੋ-ਵੱਖਰੀਆਂ ਵਿਸ਼ੇਸ਼ਤਾਵਾਂ ਕਰਕੇ ਨਾਇਕ ਤੇ ਨਾਇਕਾ ਦੀ ਪਦਵੀ ਪ੍ਰਾਪਤ ਕਰਦੇ ਹਨ। ਲੋਕਮਨ ਨਾਇਕ ਪ੍ਰਤੀ ਪਿਆਰ ਅਤੇ ਖ਼ਲਨਾਇਕ ਪ੍ਰਤੀ ਗੁੱਸਾ ਤੇ ਨਫ਼ਰਤ ਦੇ ਭਾਵ ਰੱਖਦਾ ਹੈ। ਦੁਨੀਆਂ ਵਿਚ ਮਿਲਦੇ ਵੱਖ-ਵੱਖ ਖਿੱਤਿਆਂ ਦੇ ਲੋਕ ਗੀਤਾਂ ਦਾ ਜੇਕਰ ਅਧਿਐਨ ਕਰੀਏ ਤਾਂ ਇਕੋ ਜਿਹੇ ਲੋਕ ਮਨ ਦੀ ਤਸਵੀਰ ਦੀ ਝਲਕ ਪੈਂਦੀ ਹੈ। ਦੇਵਿੰਦਰ ਸਤਿਆਰਥੀ ਅਨੁਸਾਰ, "ਜਦ ਤੁਸੀ ਉਨ੍ਹਾਂ (ਲੋਕ ਗੀਤਾਂ) ਦੀ ਸ਼ਰਣ ਲੈਂਦੇ ਹੋ ਤੇ ਤੁਹਾਨੂੰ ਕੋਈ ਬੰਦਾ ਲੱਭ ਪਵੇ, ਜੋ ਉਨ੍ਹਾਂ ਦਾ ਅਨੁਵਾਦ ਕਰਕੇ ਉਨ੍ਹਾਂ ਦੇ ਮੂਲ ਸੰਗੀਤ ਦੀ ਸੁੰਦਰਤਾ ਤੋਂ ਨਹੀਂ ਸ਼ਾਇਦ ਮੂਲ-ਭਾਸ਼ਾ ਦੀ ਕਾਵਿ-ਮਈ ਸ਼ਬਦਾਵਲੀ ਤੋਂ ਵੀ ਨਹੀ, ਸਗੋਂ ਉਨ੍ਹਾਂ ਦਾ ਸਾਰਾਂਸ ਹੀ ਤੁਹਾਡੇ ਤੀਕ ਪੁਚਾ ਸਕੇ, ਤਾਂ ਤੁਹਾਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਬੁਨਿਆਦੀ ਤੌਰ ਤੇ ਸਾਰੇ ਸੰਸਾਰ ਵਿਚ ਇਕੋ ਜਿਹਾ ਲੋਕ-ਮਨ ਵਿਆਪਕ ਹੈ। ਇਹ ਲੋਕ-ਮਨ ਇਕੋ ਜਿਹੇ ਵਲਵਲਿਆਂ ਦਾ ਹੁੰਗਾਰਾ ਭਰਦਾ ਹੈ, ਇਹ ਇਕੋ ਇਕੋ ਜਿਹੇ ਅਲੰਕਾਰਾਂ ਦੀ ਵਰਤੋਂ ਕਰਦਾ ਹੈ, ਇਹ ਉਹੀਓ ਮਨੁੱਖੀ ਜਜ਼ਬੇ, ਮਨੁੱਖੀ ਖਾਹਿਸ਼ਾਂ, ਤੇ ਮਨੁੱਖੀ ਦਿਲਗੀਰੀਆਂ ਦਰਸਾਦਾ ਹੈ, ਭਾਵੇਂ ਇਹ ਗੀਤ ਸਵੀਡਨ ਜਾਂ ਚੀਨ ਦਾ ਹੋਵੇ ਤੇ ਭਾਵੇਂ ਅਰਮੀਨੀਆਂ ਦਾ।"

ਲੋਕ ਗੀਤਾਂ ਵਿਚ ਮਹਾਤਮਾ ਗਾਂਧੀ ਅਤੇ ਲੈਨਿਨ ਨੂੰ ਲੋਕ ਮਨ ਆਪਣੇ ਸਮੇ ਦੇ ਮਹਾਂਨਾਇਕ ਮੰਨਦਾ ਹੋਇਆ ਉਨ੍ਹਾਂ ਪ੍ਰਤੀ ਸ਼ਰਧਾ ਤੇ ਪਿਆਰ ਦੀ ਭਾਵਨਾ ਰਖਦਾ ਹੈ। ਦੋਵੇਂ ਮਹਾਨਾਇਕਾਂ ਸੰਬੰਧੀ ਲੋਕਗੀਤਾਂ ਵਿਚ ਉਪਮਾਵਾਂ ਤਕ ਦੀ ਸਮਾਨਤਾ ਵੇਖੀ ਜਾਂਦੀ ਹੈ:–

– ਲੈਨਿਨ ਸੂਰਜ ਨਾਲੋਂ ਵਧ ਤੇਜਵਾਨ,
ਤੇ ਜਲੌ-ਜਲਾਲ ਵਾਲਾ ਵੇ।
ਲੈਨਿਨ ਲਈ ਕੋਈ ਵੀ ਰਾਤ,
ਰਾਤ ਨਹੀਂ ਹੁੰਦੀ। (ਰੂਸੀ ਲੋਕਧਾਰਾ)

– ਸਾਡੇ ਵਿਹੜੇ ਸੂਰਜ ਚੜ੍ਹਿਆ, ਸੂਰਜ ਚੜ੍ਹਿਆ,
ਸੂਰਜ ਵੇਖਣ ਆ ਓ ਗਾਂਧੀ, ਆ ਓ ਗਾਂਧੀ
ਤੂੰ ਵੀ ਤਾਂ ਇਕ ਸੂਰਜ ਏ, ਇਕ ਸੂਰਜ ਏਂ
ਸੂਰਜ ਵੇਖਣ ਆ ਓ ਗਾਂਧੀ, ਆ ਓ ਗਾਂਧੀ।

(ਪੰਜਾਬੀ ਲੋਕ ਸਾਹਿਤ ਵਿਚ ਸੈਨਿਕ)



ਉਪਰੋਕਤ ਚਰਚਾ ਤੋਂ ਇਹ ਗੱਲ ਸਪੱਸ਼ਟ ਹੈ ਕਿ ਲੋਕ ਗੀਤਾਂ ਵਿਚਕਾਰਲਾ ਲੋਕ ਮਨ ਸਥਿਤੀ ਵਿਸ਼ੇਸ਼ ਪ੍ਰਤੀ ਇਕੋ ਜਿਹੇ ਭਾਵ ਰਖਦਾ ਹੈ। ਇਨ੍ਹਾਂ ਲੋਕ ਗੀਤਾਂ ਨੂੰ ਇਕ ਦੂਜੇ ਤੋਂ ਵੱਖਰੇ ਕਰਨ ਵਿਚ ਇਕ ਤਾਂ ਭਾਸ਼ਾ ਮੁੱਖ ਆਧਾਰ ਬਣਦੀ ਹੈ ਅਤੇ ਦੂਜੀ ਆਂਚਲਿਕਤਾ। ਸਥਾਨਕ ਪਾਤਰ, ਵਸਤਾਂ, ਭੂਗੋਲਿਕ ਵਿਸ਼ੇਸਤਾਵਾਂ ਅਤੇ ਇਤਿਹਾਸਕ/ ਮਿਥਿਹਾਸਕ ਘਟਨਾਵਾਂ ਵੀ ਇਕ ਦੂਜੇ ਖਿੱਤੇ ਦੇ ਲੋਕ ਗੀਤਾਂ ਵਿਚ ਵੱਖਰੀ ਹੋਂਦ ਸਥਾਪਤ ਕਰਨ ਵਿਚ ਸਹਾਇਕ ਹੁੰਦੀਆਂ ਹਨ।

ਲੋਕ ਮਾਨਸ ਦਾ ਆਪਣੇ ਖਿੱਤੇ ਵਿਸ਼ੇਸ਼ ਪ੍ਰਤੀ ਮੋਹ ਤੇ ਲਗਾਵ ਹੋਣਾ ਕੁਦਰਤੀ ਹੈ ਇਸ ਕਰਕੇ ਉਹ ਹਮੇਸ਼ਾਂ ਆਪਣੇ ਲੋਕਾਂ ਵਿਚ ਰਹਿਣਾ, ਵਸਣਾ ਤੇ ਜੀਵਨ ਗੁਜ਼ਾਰਨਾ ਚੰਗਾ ਸਮਝਦਾ ਹੈ। ਦੁਆਬੇ ਦੀਆਂ ਇਸਤਰੀਆਂ ਦਾ ਮਾਝੇ ਤੇ ਮਾਲਵੇ ਅਤੇ ਮਲਵੈਣਾ ਦਾ ਪੁਆਧ ਵਿਚ ਨਾ ਵਿਆਹੇ ਜਾਣ ਦਾ ਤਰਲਾ ਮਾਰਨਾ ਆਪਣੀ ਮਿੱਟੀ ਦਾ ਮੋਹ ਹੀ ਹੈ। ਇਨ੍ਹਾਂ ਗੀਤਾਂ ਤੋਂ ਤਾਂ ਇਹੀ ਪਤਾ ਲਗਦਾ ਹੈ ਕਿ ਮਾਝਾ, ਮਾਲਵਾ, ਦੁਆਬਾ ਤੇ ਪੁਆਧ ਵੱਖੋ ਵੱਖਰੇ ਖਿਤੇ ਹਨ। ਭਾਸਾਈ ਵੱਖਰਤਾ ਦੇ ਨਾਲ ਨਾਲ ਜੀਣ ਢੰਗ ਵਿਚ ਵੀ ਭਿੰਨਤਾਵਾਂ ਵੇਖਣ ਨੂੰ ਮਿਲਦੀਆਂ ਹਨ। ਭਾਵੇਂ ਇਕੋ ਪੰਜਾਬ ਦੇ ਹੀ ਵੱਖ-ਵੱਖ ਖਿੱਤੇ ਹਨ ਅਤੇ ਇਕ ਦੂਜੇ ਨਾਲ ਜੁੜੇ ਹੋਏ ਵੀ ਹਨ ਪਰੰਤੂ ਬਾਵਜੂਦ ਸਮਾਨਤਾਵਾਂ ਦੇ ਭਿੰਨਤਾਵਾਂ ਵੀ ਮਿਲਦੀਆਂ ਹਨ। ਇਹ ਸਭ ਕੁਝ ਲੋਕਗੀਤਾਂ ਵਿਚ ਵੀ ਵੇਖਣ ਨੂੰ ਮਿਲਦਾ ਹੈ ਭਾਵੇਂ ਇਹ ਘੱਟ ਮਾਤਰਾ ਵਿਚ ਹੀ ਹੈ:–

– ਜੰਗਲ ਧੀ ਨਾ ਦੇਈਂ ਬਾਬਲਾ,
ਉਥੇ ਪਾਣੀ ਦਾ ਤਸੀਹਾ।
ਬੇਲੇ ਜੰਗਲ ਦਾ ਬਬੀਹਾ।

– ਜੰਗਲ ਧੀ ਨਾ ਦੇਈਂ ਬਾਬਲਾ,
ਉਥੇ ਮੋਠਾਂ ਦੀ ਗੁਡਾਈ।
ਬੇਟੀ ਮਰਜੂ ਤਿਹਾਈ।

– ਹੋਰ ਤਾਂ ਧੀਆਂ ਦਿੱਤੀਆਂ ਦੇਸ਼ ਦੁਆਬੜੇ,
ਮੈਂ ਕਿਉਂ ਦਿਤੀ ਚੰਦਰੇ ਪਹਾੜ ਵੇ।

– ਜੰਗਲ ਦੀ ਮੈਂ ਜੰਮੀ ਜਾਈ, ਚੰਦਰੇ ਪੁਆਧ ਵਿਆਹੀ।
ਹੱਥ ਵਿਚ ਖੁਰਪਾ ਮੋਢੇ ਚਾਦਰ, ਮੱਕੀ ਗੋਡਣ ਲਾਈ।
ਗੋਡਦੀ ਗੋਡਦੀ ਪੈ ਗਏ ਛਾਲੇ, ਆਥਣ ਨੂੰ ਘਰ ਆਈ।
ਆਉਂਦੀ ਨੂੰ ਸੱਸ ਦੇਵੇ ਗਾਲ੍ਹਾਂ, ਘਾਹ ਦੀ ਪੰਡ ਨਾ ਲਿਆਈ।
ਵੱਛੇ ਕੱਟੇ ਵੱਗ ਰਲਾਵਾਂ, ਮੈਂਹ ਨੂੰ ਲੈਣ ਕਸਾਈ।
ਪੰਜੇ ਬੁੜ੍ਹੀਏ ਪੁਤ ਮਰ ਜਾਣ ਤੇਰੇ, ਛੇਵਾਂ ਮਰੇ ਜੁਆਈ।
ਗਾਲ੍ਹ ਭਰਾਵਾਂ ਦੀ, ਕੀਹਨੇ ਕੱਢਣ ਸਿਖਾਈ।

ਇਨ੍ਹਾਂ ਗੀਤਾਂ ਵਿਚ ਵਿਆਹੀ ਇਸਤਰੀ ਦੇ ਦੁੱਖ ਦਰਦ ਨੂੰ ਹੀ ਬਿਆਨ ਕੀਤਾ ਗਿਆ ਹੈ। ਸਮੇਂ ਤੇ ਸਥਾਨ ਅਨੁਸਾਰ ਪ੍ਰਸਥਿਤੀਆਂ ਵੱਖ-ਵੱਖ ਹੋਣ ਕਰਕੇ ਔਰਤ ਦੀਆਂ ਭਾਵਨਾਵਾਂ ਨੂੰ ਅਲੱਗ-ਅਲੱਗ ਰੂਪ ਵਿਚ ਪੇਸ਼ ਕੀਤਾ ਹੈ ਅਤੇ ਨਾਲ ਹੀ ਆਪਣੇ ਖਿੱਤੇ

ਵਿਸ਼ੇਸ਼ ਪ੍ਰਤੀ ਮੋਹ ਵੀ ਵਿਖਾਈ ਦਿੰਦਾ ਹੈ। ਹੋਰ ਬਹੁਤ ਸਾਰੀਆਂ ਉਦਾਹਰਣਾਂ ਮਿਲ ਜਾਂਦੀਆਂ ਹਨ, ਜਿਨ੍ਹਾਂ ਵਿਚ ਇਕ ਖਿੱਤੇ/ਪ੍ਰਦੇਸ਼ ਦੇ ਲੋਕਾਂ ਦੇ ਦੂਜੇ ਖਿੱਤੇ/ਪ੍ਰਦੇਸ਼ ਦੇ ਲੋਕਾਂ ਪ੍ਰਤੀ ਵਿਰੋਧੀ ਵਿਚਾਰ ਵੇਖੇ ਜਾ ਸਕਦੇ ਹਨ। ਇਹ ਵਿਰੋਧਤਾ ਹੀ ਇਨ੍ਹਾਂ ਦੀ ਆਪਣੀ ਵੱਖਰੀ ਹੋਂਦ ਸਥਾਪਤ ਕਰਨ ਵਿਚ ਮਦਦ ਕਰਦੀ ਹੈ। ਪੁਆਧੀ ਲੋਕ ਗੀਤਾਂ ਵਿਚ ਪੁਆਧੀ ਜਨ ਜੀਵਨ ਪੂਰੀ ਤਰ੍ਹਾਂ ਰੂਪਮਾਨ ਹੋਇਆ ਹੈ। ਪੁਆਧੀ ਲੋਕ ਗੀਤਾਂ ਦੀ ਵੱਖਰੀ ਪਛਾਣ, ਪੁਆਧੀ ਖਿੱਤੇ ਅਤੇ ਪੁਆਧੀ ਭਾਸ਼ਾ ਦੀ ਹੋਂਦ ਤੋਂ ਇਨਕਾਰੀ ਹੋਣਾ ਠੀਕ ਨਹੀਂ ਹੈ। ਜੇਕਰ ਪੁਆਧ ਪੰਜਾਬ ਦਾ ਵੱਖਰਾ ਖਿੱਤਾ ਹੈ ਅਤੇ ਇਥੇ ਪੰਜਾਬੀ ਦੀ ਇਕ ਵੱਖਰੀ ਉਪਭਾਸ਼ਾ ਪੁਆਧੀ ਬੋਲੀ ਜਾਂਦੀ ਹੈ ਤਾਂ ਪੁਆਧ ਦੇ ਆਪਣੇ ਵੱਖਰੇ ਲੋਕ ਗੀਤ ਵੀ ਹਨ।

***

ਲੋਕਗੀਤਾਂ ਨੂੰ ਇਕੱਠੇ ਕਰਨ ਦਾ ਕੰਮ ਜਿੰਨਾ ਮੁਸ਼ਕਿਲ ਹੈ ਉਸ ਤੋਂ ਵੱਧ ਔਖਾ ਇਨ੍ਹਾਂ ਨੂੰ ਹੂ-ਬ-ਹੂ ਲਿਖਤੀ ਰੂਪ ਦੇਣਾ। ਖਾਸ ਕਰਕੇ ਅਜਿਹੇ ਖਿੱਤੇ ਵਿਸ਼ੇਸ਼ ਦੇ ਲੋਕਗੀਤ ਜਿਸ ਦੀਆਂ ਸੀਮਾਵਾਂ ਕਈ ਵੱਖ-ਵੱਖ ਭਾਸ਼ਾਈ ਖੇਤਰਾਂ ਨਾਲ ਲਗਦੀਆਂ ਹਨ। ਪੁਆਧ ਖੇਤਰ ਨਾਲ ਹਿਮਾਚਲੀ, ਹਿੰਦੁਸਤਾਨੀ, ਕੋਰਵੀ, ਹਰਿਆਣਵੀ (ਬਾਂਗਰੂ ਤੇ ਬਾਗੜੀ), ਮਲਵਈ ਅਤੇ ਦੁਆਬੀ ਕਿੰਨੇ ਹੀ ਭਿੰਨ-ਭਿੰਨ ਭਾਸ਼ਾਈ ਖੇਤਰ ਲਗਦੇ ਹਨ। ਇਸ ਸੰਗ੍ਰਹਿ ਵਿਚਲੇ ਲੋਕਗੀਤਾਂ ਵਿਚ ਕੁਝ ਸ਼ਬਦ-ਜੋੜ ਅਤੇ ਕਈ ਥਾਵਾਂ ਤੇ ਵਰਤੀ ਗਈ ਸ਼ਬਦਾਵਲੀ ਵਿਚੋਂ ਉਪਰੋਕਤ ਭਾਸ਼ਾਵਾਂ ਦਾ ਝਾਉਲਾ ਜਰੂਰ ਪੈਂਦਾ ਹੈ ਪਰੰਤੂ ਇਹ ਨਾਂ-ਮਾਤਰ ਹੈ। ਪੁਸਤਕ ਵਿਚ ਸੰਗ੍ਰਹਿ ਕੀਤੇ ਗਏ ਲੋਕਗੀਤਾਂ ਵਿਚੋਂ ਪੁਆਧੀ ਭਾਸ਼ਾ ਅਤੇ ਸਭਿਆਚਾਰ ਬਾਰੇ ਜਾਣਕਾਰੀ ਮਿਲਦੀ ਹੈ। ਮੇਰੀ ਇਹ ਕੋਸ਼ਿਸ਼ ਰਹੀ ਹੈ ਕਿ ਪੁਆਧੀ ਲੋਕਗੀਤਾਂ ਦੇ ਵੱਖ-ਵੱਖ ਰੂਪਾਂ ਨੂੰ ਜਿਵੇ ਰਿਕਾਰਡ ਕੀਤਾ ਹੈ ਉਸੇ ਰੂਪ ਵਿਚ ਲਿਖਤੀ ਰੂਪ ਵੀ ਦੇਵਾਂ। ਆਪਣੀ ਇਸ ਕੋਸ਼ਿਸ਼ ਵਿਚ ਮੈਂ ਕਿੰਨਾ ਕੁ ਸਫਲ ਹੋ ਸਕਿਆ ਹਾਂ ਇਹ ਤਾਂ ਪਾਠਕਾਂ ਤੇ ਸਮੀਖਿਅਕਾਂ ਦੇ ਹੁੰਗਾਰੇ ਤੋਂ ਬਾਅਦ ਹੀ ਪਤਾ ਚਲ ਸਕੇਗਾ। ਉਮੀਦ ਕਰਦਾ ਹਾਂ ਤੁਸੀਂ ਸਾਰੇ ਮੇਰੀ ਇਸ ਨਿਮਾਣੀ ਜਿਹੀ ਕੋਸ਼ਿਸ਼ ਨੂੰ ਪਰਵਾਨ ਕਰਕੇ ਮੇਰੇ ਲਈ ਇਸ ਖੇਤਰ ਵਿਚ ਹੋਰ ਵੱਧ ਤੋਂ ਵੱਧ ਕੰਮ ਕਰਨ ਲਈ ਪ੍ਰੇਰਨਾ ਦੇ ਸਰੋਤ ਬਣੋਗੇ।

—0—



## ਪੁਆਧ : ਇਕ ਜਾਣ ਪਛਾਣ

ਪੰਜਾਬ ਦੀ ਭੂਗੋਲਿਕ ਸਥਿਤੀ ਹਮੇਸ਼ਾਂ ਇਕ ਨਹੀ ਰਹੀ। ਪ੍ਰਾਚੀਨ ਸਮੇਂ ਵਿਚ ਭਾਰਤ ਦੇ ਇਸ ਹਿੱਸੇ ਨੂੰ 'ਸਪਤਸਿੰਧੁ' ਨਾਂ ਨਾਲ ਜਾਣਿਆ ਜਾਂਦਾ ਸੀ। ਇਸਦਾ ਇਹ ਨਾਂ ਇਥੇ ਵਗਦੇ ਸੱਤ ਦਰਿਆਵਾਂ ਕਾਰਨ ਪਿਆ ਸੀ। ਇਹ ਸੱਤ ਦਰਿਆ ਸਨ– ਸਿੰਧ, ਜਿਹਲਮ, ਝਨਾਂ, ਰਾਵੀ, ਬਿਆਸ, ਸਤਲੁਜ ਅਤੇ ਸਰਸਵਤੀ। ਕਈ ਵਿਦਵਾਨ ਸੱਤਵਾਂ ਦਰਿਆ ਜਮਨਾ ਨੂੰ ਵੀ ਮੰਨਦੇ ਹਨ। ਸਿੰਧਵਾਦੀ ਵਿਚ ਵਸਦੇ ਲੋਕਾਂ ਦਾ ਜੀਵਨ ਬੜਾ ਖੁਸਹਾਲ ਸੀ। ਆਰੀਆ ਜਾਤੀ ਦੇ ਭਾਰਤ ਵਿਚ ਪ੍ਰਵੇਸ਼ ਨਾਲ ਹਮਲਿਆਂ ਅਤੇ ਲੜਾਈਆਂ-ਝਗੜਿਆਂ ਦਾ ਅਜਿਹਾ ਦੌਰ ਸੁਰੂ ਹੋਇਆ ਜੋ ਅੱਜ ਤੱਕ ਵੀ ਬਦਸਤੂਰ ਜਾਰੀ ਹੈ। ਪਾਕਿਸਤਾਨ ਅਤੇ ਚੀਨ ਨਾਲ ਸਰਹੱਦੀ ਝਗੜੇ ਅਜੇ ਤੱਕ ਨਹੀ ਨਿਬੜ ਸਕੇ।ਭਾਸਾਈ,ਧਾਰਮਿਕ ਅਤੇ ਰਾਜਨੀਤਕ ਕਾਰਨਾਂ ਕਰਕੇ ਵਿਭਿੰਨ ਭਾਰਤੀ ਪ੍ਰਾਂਤਾਂ ਦੇ ਬਟਵਾਰੇ ਦਾ ਝਗੜਾ ਅੱਜ ਵੀ ਜਾਰੀ ਹੈ। ਇਹੀ ਕਾਰਨ ਹੈ ਕਿ ਜਿਥੇ ਇਨ੍ਹਾਂ ਪ੍ਰਦੇਸਾਂ ਦੀਆਂ ਹੱਦਾਂ ਸੁੰਗੜਦੀਆਂ ਤੇ ਫੈਲਦੀਆਂ ਰਹੀਆਂ ਹਨ ਉਥੇ ਇਨ੍ਹਾਂ ਦੇ ਨਾਂ ਵੀ ਬਦਲਦੇ ਰਹੇ ਹਨ। ਪੰਜਾਬ ਦੇ ਸਪਤਸਿੰਧੁ, ਬ੍ਰਹਮਵਰਤ, ਟੱਕੀ, ਕੈਕਈ ਅਤੇ ਪੰਜਾਬ ਆਦਿ ਨਾਂ ਪ੍ਰਸਿੱਧ ਰਹੇ ਹਨ। 'ਪੰਜਾਬ' ਨਾਂ ਦਾ ਸੰਬੰਧ ਇਥੇ ਵਗਦੇ ਪੰਜਾਂ ਦਰਿਆਵਾਂ ਨਾਲ ਹੈ। ਡਾ. ਗੰਡਾ ਸਿੰਘ 'ਪੰਜਾਬ' ਪੁਸਤਕ ਵਿਚ ਹੋਰ ਸਪੱਸਟ ਕਰਦੇ ਹੋਏ ਲਿਖਦਾ ਹੈ, "ਚੜ੍ਹਦੇ ਵਲੋਂ ਸਤਲੁਜ ਤੇ ਬਿਆਸ ਰਲ ਕੇ ਅਤੇ ਉਤਰ-ਲਹਿੰਦੇ ਵਲੋਂ ਜਿਹਲਮ, ਝਨਾਂ ਤੇ ਰਾਵੀ ਇਕ ਹੋ ਕੇ ਸ਼ਹਿਰ ਉਚ ਦੇ ਉਤਰ ਵੱਲ ਖੇਰਪੁਰੋਂ ਲਹਿੰਦੇ ਪਾਸੇ ਇਕ ਥਾਂ ਇਕੱਠੇ ਹੋ ਜਾਂਦੇ ਹਨ ਤੇ ਉਥੋਂ ਇਨ੍ਹਾਂ ਦਾ ਨਾਉਂ ਪੰਜ-ਨਦ ਪੈ ਜਾਂਦਾ ਹੈ। ਇਸੇ ਤੋਂ (ਜਮਨਾ ਤੱਕ ਦੇ) ਸਾਰੇ ਚੜ੍ਹਦੇ ਦੇਸ ਦਾ ਨਾਉਂ ਪੰਜ-ਨਦ ਹੋ ਗਿਆ ਜੋ ਮੁਸਲਮਾਨਾਂ ਦੇ ਇਥੇ ਆਉਣ ਪਰ ਬਦਲ ਕੇ ਪੰਜਾਬ (ਪੰਜ-ਆਬ, ਪੰਜਾਂ ਦਰਿਆਵਾਂ ਦਾ ਦੇਸ) ਬਣ ਗਿਆ।"

ਇਕ ਸਮਾਂ ਉਹ ਵੀ ਸੀ ਜਦੋਂ ਦਿੱਲੀ ਅਤੇ ਪਿਸ਼ੋਰ ਤੱਕ ਦਾ ਇਲਾਕਾ ਪੰਜਾਬ ਅਖਵਾਉਂਦਾ ਸੀ।ਭਾਵੇਂ ਇਹ ਸਮਾਂ ਥੋੜ੍ਹਾ ਚਿਰ ਹੀ ਰਿਹਾ ਪਰੰਤੂ ਅੱਜ ਵੀ ਦਿੱਲੀ ਤੋਂ ਪਿਸ਼ੋਰ ਤੱਕ ਪੰਜਾਬੀ ਜਨ-ਜੀਵਨ ਵੇਖਿਆ ਜਾ ਸਕਦਾ ਹੈ। 1947 ਦੀ ਵੰਡ ਨੇ ਨਾ ਕੇਵਲ ਹਿੰਦੁਸਤਾਨ ਦੇ ਹੀ ਦੋ ਟੁਕੜੇ ਕੀਤੇ ਸਗੋਂ ਹਿੰਦੁਸਤਾਨ ਦਾ ਇਕ ਪ੍ਰਮੁੱਖ ਪ੍ਰਦੇਸ਼ ਪੰਜਾਬ ਵੀ ਦੋ ਹਿੱਸਿਆਂ ਵਿਚ ਵੰਡਿਆ ਗਿਆ। ਇਕ ਲਹਿੰਦਾ ਤੇ ਇਕ ਚੜ੍ਹਦਾ ਪੰਜਾਬ। ਲਹਿੰਦਾ ਪੰਜਾਬ ਪਾਕਿਸਤਾਨ ਅਤੇ ਚੜ੍ਹਦਾ ਪੰਜਾਬ ਹਿੰਦੁਸਤਾਨ ਦੇ ਹਿੱਸੇ ਆਇਆ। ਸਰਹੱਦੀ ਵੰਡ ਦੇ ਇਸ ਸੰਤਾਪ ਨੇ ਭਾਰਤ ਦੀ ਇਕ ਪ੍ਰਮੁੱਖ ਪੰਜਾਬੀ ਕੌਮ ਨੂੰ ਬਹੁਤ ਨੁਕਸਾਨ ਪਹੁੰਚਾਇਆ।ਪੰਜਾਬ ਅਤੇ ਪੰਜਾਬੀਅਤ ਨੂੰ ਲਕੀਰੀ ਵੰਡ ਨਾਲ ਦੋ ਹਿੱਸਿਆਂ ਵਿਚ ਕੱਟਣਾ ਕਿਸੇ ਵੀ ਰੂਪ ਵਿਚ ਠੀਕ ਨਹੀ ਸੀ। ਸਮੇਂ ਦੇ ਚੱਕਰ ਨਾਲ ਹਿੰਦੁਸਤਾਨੀ ਪੰਜਾਬ ਦੇ ਵੀ ਅੱਗੇ ਕਈ ਟੁਕੜੇ ਹੋ ਗਏ। ਇਹ ਹਨ ਹਰਿਆਣਾ,

ਹਿਮਾਚਲ ਪ੍ਰਦੇਸ ਅਤੇ ਅਜੋਕਾ ਪੰਜਾਬ। ਪੰਜਾਬ ਦੇ ਪੰਜਾਬੀ ਬੋਲਦੇ ਇਲਾਕਿਆਂ ਨੂੰ ਇਸ ਤੋਂ ਵੱਖ ਕਰਕੇ ਭਾਰਤ ਦੇ ਉਪਰੋਕਤ ਪ੍ਰਾਂਤਾਂ ਵਿਚ ਮਿਲਾ ਦਿੱਤਾ ਗਿਆ।

ਭਾਸ਼ਾ ਸਾਹਿਤ ਅਤੇ ਸਭਿਆਚਾਰ ਕਿਸੇ ਵੀ ਕੌਮ ਦੇ ਆਧਾਰ ਤੱਤ ਹੁੰਦੇ ਹਨ ਜੇਕਰ ਇਨ੍ਹਾਂ ਨੂੰ ਹੀ ਢਾਹ ਲਾਈ ਜਾਵੇ ਤਾਂ ਕਿਸੇ ਵੀ ਕੌਮ ਦੀ ਹੋਂਦ ਖਤਰੇ ਵਿਚ ਪੈ ਜਾਂਦੀ ਹੈ। ਵਾਰ-ਵਾਰ ਵੰਡ ਦੇ ਸੰਤਾਪ ਨੇ ਪੰਜਾਬੀਆਂ ਦੇ ਮਨਾਂ ਨੂੰ ਲਹੂ-ਲੁਹਾਣ ਹੀ ਨਹੀਂ ਕੀਤਾ ਸਗੋਂ ਇਹ ਸੋਚਣ ਲਈ ਵੀ ਮਜਬੂਰ ਕੀਤਾ ਹੈ ਕਿ ਆਖਿਰ ਇਹ ਧੱਕੇਸ਼ਾਹੀ ਤੇ ਵਿਤਕਰੇ ਭਰਿਆ ਸਲੂਕ ਕਦੋਂ ਤੱਕ ਜਾਰੀ ਰਹੇਗਾ। ਜੋ ਸਹੂਲਤਾਂ ਤੇ ਰਾਜਸੀ ਸਰਪ੍ਰਸਤੀ ਪੰਜਾਬੀਆਂ ਨੂੰ ਪੰਜਾਬ ਵਿਚ ਮਿਲਦੀ ਹੈ, ਉਹ ਦੂਜੇ ਗਵਾਂਢੀ ਰਾਜਾਂ ਤੋਂ ਉਮੀਦ ਨਹੀਂ ਕੀਤੀ ਜਾ ਸਕਦੀ। ਸ਼ਸ਼ੋਪੰਜ ਦੀ ਇਸ ਸਥਿਤੀ ਵਿਚ ਇਹ ਨਿਰਣਾ ਕਰਨਾ ਮੁਸਕਿਲ ਹੋ ਜਾਂਦਾ ਹੈ ਕਿ ਕੀ ਅਸੀ ਇਨ੍ਹਾਂ ਗਵਾਂਢੀ ਪੰਜਾਬੀਆਂ ਦੇ ਸਭਿਆਚਾਰ ਨੂੰ ਪੰਜਾਬੀ ਸਭਿਆਚਾਰ ਦੀ ਸ੍ਰੇਣੀ ਵਿਚ ਰਖ ਸਕਦੇ ਹਾਂ ? ਕੀ ਅਸੀ ਉਨ੍ਹਾਂ ਨੂੰ ਪੰਜਾਬ ਦਾ ਹੀ ਹਿੱਸਾ ਮੰਨ ਸਕਦੇ ਹਾਂ ? ਹਾਲਾਂ ਕਿ ਇਨ੍ਹਾਂ ਪੰਜਾਬੀਆਂ ਨੇ ਦੂਜੇ ਪ੍ਰਾਂਤਾਂ ਵਿਚ ਵਸਦੇ ਹੋਏ ਵੀ ਪੰਜਾਬੀ ਵਿਰਸੇ ਨੂੰ ਸੰਭਾਲ ਕੇ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ ਹੋਈ ਹੈ। ਡਾ. ਗੁਰਬਖਸ ਸਿੰਘ ਫਰੈਂਕ ਵੀ ਕੁਝ ਉਪਰੋਕਤ ਤਰ੍ਹਾਂ ਦੀ ਸਥਿਤੀ ਨਾਲ ਰੂ-ਬ-ਰੂ ਹੁੰਦੇ ਹੋਏ ਲਿਖਦਾ ਹੈ, "ਹੁਣ ਜੇ ਅਸੀ ਅੱਜ ਦੀ ਸਥਿਤੀ ਵੱਲ ਆਈਏ ਤਾਂ ਕੀ ਅੱਜ ਅਸੀਂ ਉਨ੍ਹਾਂ ਸਭਿਆਚਾਰਾਂ ਨੂੰ ਪੰਜਾਬੀ ਸਭਿਆਚਾਰ ਕਹਿ ਸਕਦੇ ਹਾਂ ਜਿਹੜੇ ਆਪਣੀ ਸਵੈ-ਹੋਂਦ ਦੇ ਰਾਹ ਤੇ ਤੁਰ ਪਏ ਹਨ ? ਕੀ ਅੱਜ ਦੀ ਸਥਿਤੀ ਵਿਚ ਹਰਿਆਣਵੀ, ਪਹਾੜੀ ਅਤੇ ਡੋਗਰੀ ਸਭਿਆਚਾਰ ਪੰਜਾਬੀ ਦੇ ਉਪ-ਸਭਿਆਚਾਰ ਹੀ ਹਨ ? ਭਾਵੁਕ ਤੌਰ ਉਤੇ ਤੀਬਰ ਇੱਛਾ ਦੇ ਬਾਵਜੂਦ ਇਨ੍ਹਾਂ ਸੁਆਲਾਂ ਦਾ ਜਵਾਬ ਹਾਂ ਵਿਚ ਦੇਣਾ ਮੁਸ਼ਕਿਲ ਹੈ। ਤਾਂ ਫਿਰ ਹਰਿਆਣੇ, ਹਿਮਾਚਲ ਪ੍ਰਦੇਸ਼ ਤੇ ਜੰਮੂ ਆਦਿ ਦੇ ਇਲਾਕਿਆਂ ਨੂੰ ਅੱਜ ਪੰਜਾਬੀ ਸਭਿਆਚਾਰ ਦੇ ਭੂਗੋਲਿਕ ਖਿੱਤੇ ਵਿਚ ਕਿਵੇਂ ਸ਼ਾਮਲ ਕਰ ਲਿਆ ਜਾਵੇ - -।" (ਸਭਿਆਚਾਰ ਅਤੇ ਪੰਜਾਬੀ ਸਭਿਆਚਾਰ)

ਪੰਜਾਬ ਨੂੰ ਸਮੇਂ-ਸਮੇਂ ਸਿਰ ਕੱਟ-ਵੱਢ ਕੇ ਛੋਟਾ ਕੀਤਾ ਜਾਂਦਾ ਰਿਹਾ ਹੈ। ਪੰਜਾਬੀ ਸਭਿਆਚਾਰ ਨਾਲ ਸੰਬੰਧਤ ਕੁਝ ਇਲਾਕੇ ਵੱਖ ਕਰਕੇ ਦੂਜੇ ਪ੍ਰਾਂਤਾਂ ਵਿਚ ਮਿਲਾ ਦਿੱਤੇ ਗਏ ਹਨ। ਪਰੰਤੂ ਭੂਗੋਲਿਕ ਹੱਦਾਂ ਦੀ ਲਕੀਰੀ ਵੰਡ ਪੰਜਾਬੀ ਕੌਮ ਦੀ ਸਭਿਆਚਾਰਕ ਪਛਾਣ ਨੂੰ ਨਾ ਤਾਂ ਵੰਡ ਸਕਦੀ ਹੈ ਅਤੇ ਨਾ ਹੀ ਖਤਮ ਕਰ ਸਕਦੀ ਹੈ। ਅੱਜ ਵੀ ਪੰਜਾਬੀਆਂ ਨੇ ਗਵਾਂਢੀ ਰਾਜਾਂ ਵਿਚ ਆਪਣੀ ਸਭਿਆਚਾਰਕ ਪਛਾਣ ਨੂੰ ਕਾਇਮ ਰੱਖਿਆ ਹੈ। ਪੁਆਧ ਦੇ ਸੰਬੰਧ ਵਿਚ ਇਹ ਗੱਲ ਵਿਸ਼ੇਸ਼ ਤੌਰ ਤੇ ਧਿਆਨ ਵਿਚ ਰੱਖਣ ਵਾਲੀ ਹੈ ਕਿਉਂਕਿ ਪੁਆਧ ਦੀਆਂ ਸੀਮਾਵਾਂ ਹਿਮਾਚਲ ਪ੍ਰਦੇਸ਼ ਤੇ ਹਰਿਆਣੇ ਨਾਲ ਲਗਦੀਆਂ ਹਨ। ਪੰਜਾਬ ਦੀ ਵੰਡ ਸਮੇਂ ਪੰਜਾਬੀ ਬੋਲਦੇ ਕੁਝ ਹਿੱਸੇ ਇਨ੍ਹਾਂ ਪ੍ਰਦੇਸ਼ਾਂ ਵਿਚ ਸ਼ਾਮਲ ਕਰ ਦਿੱਤੇ ਗਏ ਸਨ।

ਅੱਜ ਜਿਹੜਾ ਪੰਜਾਬ ਅਸੀ ਵੇਖ ਰਹੇ ਹਾਂ ਇਸਦੇ ਚਾਰ ਮੁੱਖ ਉਪ-ਖਿੱਤੇ ਹਨ- ਮਾਝਾ, ਮਾਲਵਾ, ਦੁਆਬਾ ਅਤੇ ਪੁਆਧ। ਇਨ੍ਹਾਂ ਚਾਰੇ ਉਪ-ਖਿਤਿਆਂ ਦੀਆਂ ਚਾਰ ਮੁਖ ਉਪ-ਭਾਸ਼ਾਵਾਂ ਮਾਝੀ, ਮਲਵਈ, ਦੁਆਬੀ ਅਤੇ ਪੁਆਧੀ ਹਨ। ਇਨ੍ਹਾਂ ਖਿਤਿਆਂ ਵਿਚ ਜਿੱਥੇ ਭਾਸ਼ਾਈ ਅਤੇ ਸਭਿਆਚਾਰਕ ਵੱਖਰਤਾ ਵੇਖਣ ਨੂੰ ਮਿਲਦੀ ਹੈ ਉਥੇ ਸਮਾਨਤਾ ਵੀ ਬਹੁਤ ਹੈ। ਇਹ ਪੰਜਾਬੀ ਸਭਿਆਚਾਰ ਦੇ ਹੀ ਅੱਗੋ ਉਪ-ਸਭਿਆਚਾਰ ਹਨ ਅਤੇ ਇਨ੍ਹਾਂ



ਵਿਚ ਬੋਲੀਆਂ ਜਾਂਦੀਆਂ ਭਾਸ਼ਾਵਾਂ ਪੰਜਾਬੀ ਦੀਆਂ ਹੀ ਅੱਗੋ ਵੰਨਗੀਆਂ, ਉਪ ਭਾਸ਼ਾਵਾਂ ਹਨ। ਭਾਰਤੀ ਸਭਿਆਚਾਰ ਦੇ ਸੰਦਰਭ ਵਿਚ ਇਨ੍ਹਾਂ ਚਾਰੇ ਖਿੱਤਿਆਂ ਨੂੰ ਵੱਖੋ-ਵੱਖਰਾ ਨਹੀਂ ਸਗੋਂ ਪੰਜਾਬੀ ਸਭਿਆਚਾਰ ਦੇ ਰੂਪ ਵਿਚ ਹੀ ਜਾਣਿਆ ਤੇ ਪਹਿਚਾਣਿਆ ਜਾਂਦਾ ਹੈ। ਡਾ. ਵਣਜਾਰਾ ਬੇਦੀ ਲਿਖਦਾ ਹੈ ਕਿ ਮਾਝਾ, ਮਾਲਵਾ, ਦੁਆਬਾ, ਬਾਰ, ਧਨੀ, ਪੋਠੋਹਾਰ ਆਦਿ ਦੇ ਲੋਕ ਸਭਿਆਚਾਰ ਅਤੇ ਆਂਚਲਿਕਤਾ ਕਈ ਚੱਕ੍ਰ-ਚਿਹਨਾਂ ਅਤੇ ਰੂੜ੍ਹੀਆਂ ਵਿਚ ਇਕ ਦੂਜੇ ਨਾਲੋਂ ਵਿਲੱਖਣ ਵੀ ਹੈ ਅਤੇ ਪਛਾਣ ਵੀ ਹੈ। ਵਿਵਿਧ ਲੋਕ ਸਭਿਆਚਾਰਾਂ ਦਾ ਪਿੰਡਾ ਤਾਂ ਇਕੋ ਹੈ, ਕੱਜਣ ਹੀ ਕੁਝ ਵੱਖਰੇ ਹਨ। ਜਿਵੇਂ ਪੋਠੋਹਾਰੀ ਉਪਭਾਸ਼ਾ ਆਪਣੀਆਂ ਵਿਸੇਸ ਧੁਨੀਆਂ, ਸ਼ਬਦਾਵਲੀ ਅਤੇ ਵਿਆਕਰਣਿਕ ਬਣਤਰਾਂ ਕਾਰਨ ਮਾਲਵੇ ਦੀ ਉਪਭਾਸ਼ਾ ਨਾਲੋਂ ਵੱਖਰੀ ਹੈ ਪਰ ਦੋਵੇਂ ਇਕੋ ਪੰਜਾਬੀ ਬੋਲੀ ਦੀਆਂ ਦੋ ਸੁਰਾਂ ਹਨ। ਇਹ ਗੱਲ ਇਥੋਂ ਦੇ ਲੋਕ ਸਭਿਆਚਾਰਾਂ ਉਪਰ ਵੀ ਢੁਕਦੀ ਹੈ ਜੋ ਵੱਖੋ-ਵੱਖਰੀਆਂ ਸੁਰਾਂ ਦੇ ਹੁੰਦਿਆਂ ਵੀ ਇਕੋ ਹਨ।"(ਪੰਜਾਬੀ ਸਾਹਿਤ ਇਤਿਹਾਸ ਦੀਆਂ ਲੋਕ ਰੂੜੀਆਂ) 'ਸਭਿਆਚਾਰਾਂ ਦਾ ਪਿੰਡਾ ਤਾਂ ਇਕੋ ਹੈ, ਕੱਜਣ ਹੀ ਕੁਝ ਵੱਖਰੇ ਹਨ' ਵਿਚਾਰ ਨੂੰ ਧਿਆਨ ਵਿਚ ਰਖਦੇ ਹੋਏ ਜੇਕਰ ਵੇਖਿਆ ਜਾਵੇ ਤਾਂ ਪੰਜਾਬ ਦੇ ਉਪਰੋਕਤ ਚਾਰੇ ਉਪ-ਖਿੱਤਿਆਂ ਵਿਚ ਭਾਸ਼ਾ, ਸਾਹਿਤ ਅਤੇ ਸਭਿਆਚਾਰ ਕਰਕੇ ਜਿਥੇ ਸਮਾਨਤਾ ਪਾਈ ਜਾਂਦੀ ਹੈ, ਉਥੇ ਵੱਖਰਤਾ ਵੀ ਵੇਖਣ ਨੂੰ ਮਿਲਦੀ ਹੈ।

## ਮਾਝਾ

ਪੰਜਾਬ ਦਾ ਉਹ ਇਲਾਕਾ ਜਿਥੇ ਪੰਜਾਬੀ ਦੀ ਇਕ ਪ੍ਰਮੁੱਖ ਉਪਭਾਸ਼ਾ ਮਾਝੀ ਬੋਲੀ ਜਾਂਦੀ ਹੈ, 'ਮਾਝਾ' ਅਖਵਾਉਂਦਾ ਹੈ। ਮਾਝੇ ਦਾ ਨਾਮਕਰਣ 'ਮਾਝਾ' ਦੋ ਦਰਿਆਵਾਂ ਦੇ ਵਿਚਕਾਰ, ਮੱਧ ਜਾਂ ਦਰਮਿਆਨ ਸਥਿਤ ਹੋਣ ਕਾਰਨ ਹੀ ਹੋਇਆ ਹੈ। ਡਾ. ਪ੍ਰੇਮ ਪ੍ਰਕਾਸ਼ ਅਨੁਸਾਰ, " 'ਮਾਝਾ' ਦਾ ਮੂਲ ਅਰਥ ਹੀ ਮੱਧ ਦਾ, ਵਿਚਕਾਰ ਦਾ, ਕੇਂਦਰੀ ਹੈ। ਮਾਝੇ ਦਾ ਸ੍ਰੋਤ ਸ਼ਬਦ 'ਮੱਧਯਾ' ਹੈ, ਜਿਸਦਾ ਅਰਥ ਦਰਮਿਆਨ ਹੈ ਜਾਂ ਰਾਵੀ ਤੇ ਬਿਆਸ ਦੋ ਨਦੀਆਂ ਦੇ ਦਰਿਮਿਆਨ ਸਥਿਤ ਹੋਣ ਕਰਕੇ ਇਸ ਮੱਧਵਰਤੀ ਦਰਮਿਆਨੇ ਇਲਾਕੇ ਨੂੰ 'ਮਾਝਾ' ਕਿਹਾ ਜਾਣ ਲੱਗਾ।" (ਸਿਧਾਂਤਕ ਭਾਸ਼ਾ ਵਿਗਿਆਨ) 'ਮਾਝਾ' ਸ਼ਬਦ ਦੋਹਾਂ ਪੰਜਾਬਾਂ (ਚੜ੍ਹਦਾ ਤੇ ਲਹਿੰਦਾ) ਦੇ ਵਿਚਕਾਰ ਜਾਂ ਮੱਧ ਵਿਚ ਸਥਿਤ ਹੋਣ ਕਰਕੇ ਵੀ ਢੁਕਦਾ ਹੈ। ਅਸਲ ਵਿਚ 'ਮਾਝਾ' ਸ਼ਬਦ ਭਾਵੇਂ ਅਜੋਕੇ ਭਾਰਤੀ ਪੰਜਾਬ ਵਿਚ ਸਥਿਤ ਇਲਾਕੇ ਲਈ ਵਰਤਿਆ ਜਾਂਦਾ ਹੈ ਪਰੰਤੂ ਮਾਝੇ ਦਾ ਕੁਝ ਇਲਾਕਾ ਪੱਛਮੀ ਪੰਜਾਬ (ਪਾਕਿਸਤਾਨ) ਲਾਹੌਰ ਵਿਚ ਚਲਾ ਗਿਆ ਹੈ। ਡਾ. ਗਰੀਅਰਸਨ ਅਤੇ ਕੁਝ ਹੋਰ ਵਿਦਵਾਨਾਂ ਨੇ ਮਾਝੇ ਦੀਆਂ ਜੋ ਸੀਮਾਵਾਂ ਨਿਸ਼ਚਿਤ ਕੀਤੀਆਂ ਹਨ ਉਨ੍ਹਾਂ ਵਿਚ ਲਾਹੌਰ ਦਾ ਵੀ ਕੁਝ ਹਿੱਸਾ ਮਾਝੇ ਵਿਚ ਸ਼ਾਮਲ ਕੀਤਾ ਹੋਇਆ ਹੈ। ਡਾ. ਹਰਕੀਰਤ ਅਨੁਸਾਰ, "ਮਾਝੇ ਵਿਚ ਪੂਰਾ ਜ਼ਿਲ੍ਹਾ ਅੰਮ੍ਰਿਤਸਰ, ਜ਼ਿਲ੍ਹਾ ਗੁਰਦਾਸਪੁਰ ਦੀਆਂ ਦੋ ਤਹਿਸੀਲਾਂ- ਬਟਾਲਾ ਤੇ ਪਾਕਿਸਤਾਨ ਦੇ ਜ਼ਿਲ੍ਹਾ ਲਾਹੌਰ ਦਾ ਰਾਵੀ ਤੋਂ ਖੱਬੇ ਪਾਸੇ ਦਾ ਇਲਾਕਾ ਆਉਂਦਾ ਹੈ।" (ਭਾਸ਼ਾ ਵਿਗਿਆਨ ਤੇ ਪੰਜਾਬੀ ਭਾਸ਼ਾ)

ਮਾਝੇ ਨੂੰ ਪੰਜਾਬ ਦਾ ਕੇਂਦਰੀ ਧੁਰਾ ਮੰਨਿਆ ਗਿਆ ਹੈ। ਸ਼ਾਇਦ ਇਹੀ ਕਾਰਨ ਹੈ ਕਿ ਇਸ ਨੂੰ ਪੰਜਾਬ ਦੇ ਬਾਕੀ ਖਿੱਤਿਆਂ ਨਾਲੋਂ ਵਿਸ਼ੇਸ਼ ਦਰਜਾ ਪ੍ਰਾਪਤ ਹੈ। ਭਾਸ਼ਾ ਪੱਖੋਂ ਮਾਝੀ ਨੂੰ ਟਕਸਾਲੀ ਪੰਜਾਬੀ ਹੋਣ ਦਾ ਮਾਣ ਪ੍ਰਾਪਤ ਹੈ ਇਸ ਕਰਕੇ ਬਹੁਤ

ਵਿਦਵਾਨ ਮਾਝੀ ਨੂੰ ਹੀ ਠੇਠ ਤੇ ਸੁਧ ਪੰਜਾਬੀ ਮੰਨ ਲੈਂਦੇ ਹਨ। ਅਸੀ ਇਥੇ ਇਹ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਮਾਝੇ ਦੇ ਆਮ ਲੋਕਾਂ ਦੀ ਬੋਲੀ (ਲੋਕ ਬੋਲੀ) ਅਤੇ ਟਕਸਾਲੀ ਪੰਜਾਬੀ ਵਿਚ ਫਰਕ ਹੈ। ਮਾਝੀ ਵਿਚ ਵਰਤੇ ਗਏ ਪੜਨਾਵਾਂ ਨੂੰ ਹੀ ਵੇਖਿਆ ਜਾ ਸਕਦਾ ਹੈ ਇਨ੍ਹਾਂ ਦਾ ਉਚਾਰਨ ਟਕਸਾਲੀ ਪੰਜਾਬੀ ਨਾਲੋਂ ਵੱਖਰਾ ਹੈ, ਜਿਵੇਂ:—

| **ਟਕਸਾਲੀ ਪੰਜਾਬੀ** | | **ਮਾਝੀ ਪੰਜਾਬੀ** |
|---|---|---|
| ਤੁਹਾਡਾ | — | ਧਿਆੜਾ, ਤਿਹਾਡਾ |
| ਤੁਹਾਨੂੰ | — | ਧਿਆਨੂੰ |

ਡਾ. ਪ੍ਰੇਮ ਪ੍ਰਕਾਸ਼ ਮਾਝੀ ਅਤੇ ਟਕਸਾਲੀ ਪੰਜਾਬੀ ਦੀਆਂ ਆਪਣੀਆਂ ਵੱਖਰੀਆਂ ਵਿਸ਼ੇਸ਼ਤਾਵਾਂ ਦੀ ਗੱਲ ਕਰਦੇ ਹੋਏ ਇਸ ਨੂੰ ਹੋਰ ਸਪੱਸ਼ਟ ਕਰਦਾ ਹੈ, "ਮਾਝੀ ਟਕਸਾਲੀ (ਪ੍ਰਤਿਮਾਨਕ) ਪੰਜਾਬੀ ਦੀ ਆਧਾਰ ਬੋਲੀ ਹੈ ਪਰੰਤੂ ਬੋਲਚਾਲੀ ਪੱਧਰ ਤੇ ਮਾਝੀ ਦੀਆਂ ਆਪਣੀਆਂ ਨਿਵੇਕਲੀਆਂ ਵਿਸ਼ੇਸ਼ਤਾਵਾਂ ਹਨ। ਅਜੋਕੀ ਟਕਸਾਲੀ ਪੰਜਾਬੀ ਦਾ ਆਧਾਰ ਮਾਝੀ ਬੋਲੀ ਹੈ। ਇਸ ਲਈ ਮਾਝੀ ਦਾ ਭਾਸ਼ਾਈ ਸੰਗਠਨ ਟਕਸਾਲੀ ਪੰਜਾਬੀ ਦਾ ਮਾਡਲ ਹੈ। ਟਕਸਾਲੀ ਨਿਰੀ ਪੁਰੀ ਮਾਝੀ ਨਹੀ ਹੈ ਕਿਉਂਕਿ ਬੋਲਚਾਲੀ ਮਾਝੀ ਵਿਚ ਬਹੁਤ ਕੁਝ ਗ਼ੈਰ ਟਕਸਾਲੀ ਹੈ। ਦੋ ਕੁ ਵਾਕਾਂ ਦਾ ਟਾਕਰਾ ਵੇਖੋ:—

| **ਕੇਂਦਰੀ ਪੰਜਾਬੀ** | **ਮਾਝੀ** |
|---|---|
| ਕੀ ਕਰਦੇ ਹੋ ? | ਕੀ ਕਰਨ ਡਏ ਓ ? |
| ਕਿੱਥੇ ਚਲਿਆ ਹੈ ? | ਕਿੱਥੇ ਜਾਣ ਡਿਆ ਏਂ ? |

ਉਪਰੋਕਤ ਕਾਰਣਾਂ ਕਰਕੇ ਹੀ ਮਾਝਾ ਜੀਵਨ ਦ੍ਰਿਸ਼ਟੀ ਅਤੇ ਵਿਕਾਸ ਪੱਖੋਂ ਬਾਕੀ ਖਿਤਿਆਂ ਨਾਲੋਂ ਅੱਗੇ ਰਿਹਾ ਹੈ। ਬਾਵਜੂਦ ਕੁਝ ਸਮਾਨਤਾਵਾਂ ਦੇ ਮਾਝੇ ਨੇ ਦੂਜੇ ਖਿੱਤਿਆਂ ਨਾਲੋਂ ਆਪਣੀ ਇਕ ਵੱਖਰੀ ਪਛਾਣ ਵੀ ਬਣਾਈ ਹੋਈ ਹੈ। ਭੁਪਿੰਦਰ ਸਿੰਘ ਖਹਿਰਾ ਦੇ ਇਹ ਸ਼ਬਦ ਮਾਝੇ ਦੀ ਵੱਖਰੀ ਸੱਭਿਆਚਾਰਕ ਮਹੱਤਤਾ ਅਤੇ ਉਥੋਂ ਦੇ ਲੋਕਾਂ ਦੀ ਵੱਖਰੀ ਪਛਾਣ ਲਈ ਬੜੇ ਢੁਕਵੇਂ ਹਨ— "ਜਦੋਂ ਦਿੱਲੀ ਵਲੋਂ ਦਰਿਆ ਬਿਆਸ ਟੱਪ ਕੇ ਮਾਝੇ ਵਿਚ ਪ੍ਰਵੇਸ਼ ਕਰੀਦਾ ਹੈ ਤਾਂ ਸੜਕ ਤੇ ਦੋਹਣੇ ਲੱਦੀ ਜਾ ਰਹੇ 'ਦੋਧੀ' ਇਸ ਖੇਤਰ ਦੇ ਸਭਿਆਚਾਰ ਦੀ ਵੱਖਰੀ ਪਹਿਚਾਣ ਕਰਾਉਂਦੇ ਹਨ। ਗੁਲਾਈਦਾਰ ਪੱਗਾਂ, ਭੂੰਥੇ, ਖੁਲ੍ਹੇ ਲਿਬਾਸ ਤੇ ਗੜ੍ਹਕਵੀ ਬੋਲੀ ਇਸ ਖਿੱਤੇ ਦੇ ਲੋਕਾਂ ਦੀਆਂ ਵਿਸੇਸ ਖਸਲਤਾਂ ਹਨ। ਗੁਰੂਆਂ ਨੇ ਵਿਸ਼ੇਸ਼ ਘਾਲ ਕਮਾਈ ਹੈ। ਬਹੁਤਾ ਮਾਝਾ ਸਿੱਖ ਬਣ ਚੁਕਿਆ ਹੈ। ਇਸ ਕਰਕੇ ਮਾਝੇ ਦੇ ਸਿੱਖ ਲੋਕਯਾਨ ਵਿਚ ਵਿਸ਼ੇਸ਼ ਸਥਾਨ ਰਖਦੇ ਹਨ।"(ਲੋਕਯਾਨ, ਭਾਸ਼ਾ ਅਤੇ ਸਭਿਆਚਾਰ)

## ਦੁਆਬਾ

ਛੱਡ ਕੇ ਦੇਸ਼ ਦੁਆਬਾ ਅੰਬੀਆਂ ਨੂੰ ਤਰਸੇਂਗੀ।

ਪੰਜਾਬੀ ਦਾ ਹਰ ਇਕ ਲੋਕ ਸਾਹਿਤ ਰਸੀਆ ਤੇ ਵਿਦਵਾਨ ਇਸ ਟੋਟਕੇ ਬਾਰੇ ਜਾਣਦਾ ਹੈ। ਇਹ 'ਦੇਸ਼ ਦੁਆਬਾ' ਕੋਈ ਬਾਹਰਲਾ ਦੇਸ਼ ਨਹੀ ਸਗੋਂ ਪੰਜਾਬ ਦਾ ਹੀ ਇਕ ਖਿੱਤਾ ਹੈ ਜਿਸਦਾ ਨਾਂ 'ਦੁਆਬਾ' ਹੈ। ਇਸ ਖਿੱਤੇ ਦਾ ਇਹ ਨਾਂ ਦੁਆਬਾ (ਦੋ+ਆਬ) ਦੋ ਦਰਿਆਵਾਂ ਵਿਚਕਾਰ ਸਥਿਤ ਹੋਣ ਕਰਕੇ ਪਿਆ ਹੈ। ਅਸਲ ਵਿਚ



ਪੰਜਾਬ ਦੀ ਧਰਤੀ ਅਤੇ ਇਸ ਵਿਚ ਸਥਿਤ ਵੱਖੋ-ਵੱਖ ਖਿਤਿਆਂ ਦਾ ਇਥੇ ਵਗਦੇ ਦਰਿਆਵਾਂ ਨਾਲ ਵਿਸੇਸ ਸੰਬੰਧ ਰਿਹਾ ਹੈ। ਸੱਤਾਂ ਦਰਿਆਵਾਂ ਦੀ ਧਰਤੀ ਵਿਚ ਵਗਦੇ ਇਹ ਦਰਿਆ ਖਿੱਤੇ ਵਿਸੇਸ ਦੀ ਵੱਖਰੀ ਪਛਾਣ ਵਿਚ ਆਪਣਾ ਯੋਗਦਾਨ ਪਾਉਂਦੇ ਹਨ। ਇਥੇ ਵਗਦੇ ਦਰਿਆਵਾਂ ਦੀ ਵਿਸ਼ੇਸ਼ ਮਹੱਤਤਾ ਕਾਰਨ ਡਾ. ਗੰਡਾ ਸਿੰਘ ਪੰਜਾਬ ਨੂੰ ਪੰਜ ਵੱਖ-ਵੱਖ ਦੁਆਬਿਆਂ ਵਿਚ ਵੰਡਦਾ ਹੈ। ਉਹ ਲਿਖਦਾ ਹੈ—'ਪੰਜਾਬ ਪੰਜ ਕੁਦਰਤੀ ਦੁਆਬਿਆਂ ਵਿਚ ਵੰਡਿਆ ਹੋਇਆ ਹੈ। ਦੁਆਬੇ ਦੇ ਅੱਖਰੀ ਅਰਥ ਹਨ ਦੋ ਦਰਿਆਵਾਂ (ਦੋਆਬ— ਦੋ ਨਦੀਆਂ) ਦੇ ਵਿਚਕਾਰਲਾ ਇਲਾਕਾ। ਪੰਜਾਬ ਦੇ ਦੁਆਬਿਆਂ ਦੇ ਨਾਉਂ ਭੀ ਸੰਬੰਧਿਤ ਦਰਿਆਵਾਂ ਦੇ ਨਾਵਾਂ ਦੇ ਪਹਿਲੇ ਅੱਖਰਾਂ ਤੋਂ ਹੀ ਪਏ ਹਨ। ਇਹ ਦੁਆਬੇ ਹਨ:—

(1) ਬਿਸਤ ਜਲੰਧਰ ਦੁਆਬ— (ਬਿਆਸ ਅਤੇ ਸਤਲੁਜ ਦਰਿਆਵਾਂ ਦੇ ਵਿਚਕਾਰਲਾ ਇਲਾਕਾ)
(2) ਬਾਰੀ ਦੁਆਬ— (ਬਿਆਸ ਅਤੇ ਰਾਵੀ ਦੇ ਵਿਚਕਾਰਲਾ ਇਲਾਕਾ)
(3) ਰਚਨਾ (ਰਚਿਨ-ਆਬ, ਰਚਿਨ—ਅਉ) ਦੁਆਬ— ਰਾਵੀ ਅਤੇ ਚਿਨਾਬ (ਝਨਾਂ) ਦੇ ਵਿਚਕਾਰਲਾ ਇਲਾਕਾ।
(4) ਚੱਜ ਦੁਆਬ— ਚਿਨਾਬ ਅਤੇ ਜਿਹਲਮ ਦੇ ਵਿਚਕਾਰਲਾ ਇਲਾਕਾ
(5) ਸਿੰਧ ਸਾਗਰ ਦੁਆਬ— ਸਿੰਧ ਅਤੇ ਜਿਹਲਮ (ਬਿਹਤ) ਦੇ ਵਿਚਕਾਰਲਾ ਇਲਾਕਾ (ਪੰਜਾਬ)

ਦੁਆਬਾ ਸਤਲੁਜ ਅਤੇ ਬਿਆਸ ਦੋ ਦਰਿਆਵਾਂ ਵਿਚਕਾਰ ਸਥਿਤ ਹੈ।ਇਥੋਂ ਦੇ ਲੋਕਾਂ ਦੁਆਰਾ ਵਰਤੀ ਜਾਂਦੀ ਆਮ ਬੋਲਚਾਲ ਦੀ ਭਾਸ਼ਾ ਨੂੰ ਦੁਆਬੀ ਉਪਬੋਲੀ ਨਾਂ ਦਿੱਤਾ ਗਿਆ ਹੈ।ਕੁਝ ਵਿਦਵਾਨ ਦੁਆਬੀ ਨੂੰ ਕੋਈ ਵੱਖਰੀ ਉਪਭਾਸ਼ਾ ਨਹੀਂ ਮੰਨਦੇ ਸਗੋਂ ਕੁਝ ਤਾਂ ਦੁਆਬੇ ਦੀ ਵੱਖਰੀ ਸਭਿਆਚਾਰ ਪਛਾਣ ਤੋਂ ਹੀ ਮੁਨਕਰ ਹੋ ਜਾਂਦੇ ਹਨ। 'ਜ਼ਿਲ੍ਹਾ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਦੀ ਬੋਲੀ ਨੂੰ ਦੁਆਬੀ ਕਿਹਾ ਜਾਂਦਾ ਹੈ। ਪਰ ਅਸੀਂ ਇਸਨੂੰ ਵੱਖਰੀ ਉਪਬੋਲੀ ਨਹੀਂ ਮੰਨਿਆ- -।ਅਸੀਂ ਦੁਆਬੀ ਨੂੰ ਵੱਖਰੀ ਉਪਬੋਲੀ ਇਸ ਲਈ ਨਹੀਂ ਮੰਨਦੇ ਕਿਉਂਕਿ ਦੁਆਬੀ ਦੀ ਆਪਣੀ ਕੋਈ ਉਘੜਵੀਂ ਵਿਸ਼ੇਸ਼ਤਾ ਨਹੀਂ।ਮੁਖ ਰੂਪ ਵਿਚ ਇਹ ਮਲਵਈ ਨਾਲ ਮਿਲਦੀ ਹੈ।"ਡਾ. ਹਰਕੀਰਤ ਦੇ ਇਨ੍ਹਾਂ ਵਿਚਾਰਾਂ ਵਾਂਗ ਭੁਪਿੰਦਰ ਸਿੰਘ ਖਹਿਰਾ ਲਿਖਦਾ ਹੈ,"ਦੁਆਬੀ ਕੋਈ ਉਪਭਾਸ਼ਾ ਤਾਂ ਨਹੀ ਨਾ ਹੀ ਇਸ ਖੇਤਰ ਦੇ ਲੋਕਾਂ ਨੇ ਵਿਸ਼ੇਸ਼ ਸਭਿਆਚਾਰਕ ਪਛਾਣ ਬਣਾਈ ਹੈ।"

ਦੁਆਬੇ ਬਾਰੇ ਇਸ ਤਰ੍ਹਾਂ ਦੇ ਵਿਚਾਰ ਇਸ ਕਰਕੇ ਹੋਂਦ ਵਿਚ ਆਏ ਹਨ ਕਿਉਂਕਿ ਆਮ ਤੌਰ ਤੇ ਦੁਆਬੇ ਨੂੰ ਪੰਜਾਬ ਦੇ ਬਾਕੀ ਖਿੱਤਿਆਂ ਨਾਲੋਂ ਪਛੜਿਆ ਹੋਇਆ ਇਲਾਕਾ ਮੰਨਿਆ ਗਿਆ ਹੈ। ਘੱਟ ਜ਼ਮੀਨਾਂ ਅਤੇ ਉਪਜਾਊ ਨਾ ਹੋਣਾ, ਸਿੰਚਾਈ ਦੇ ਪੁਰਾਤਨ ਸਾਧਨਾਂ ਦੀ ਵਰਤੋਂ ਜਾਂ ਕੁਝ ਕੁ ਫਸਲਾਂ ਦੀ ਖੇਤੀ ਇਸ ਦੇ ਪ੍ਰਮੁੱਖ ਕਾਰਨ ਸੀ। ਡਾ. ਜਗਤਾਰ ਲਿਖਦਾ ਹੈ ਕਿ "ਕਿਸੇ ਜ਼ਮਾਨੇ ਵਿਚ ਦੁਆਬੇ ਵਿਚ ਬਾਰਾਂ ਬੋਕਾ ਰਾਹੀਂ ਖੇਤੀ ਕੀਤੀ ਜਾਂਦੀ ਸੀ। ਹਲਟਾਂ, ਢੀਂਗਲੀ ਤੇ ਡੋਲ ਨਾਲ ਪਾਣੀ ਦੇਣ ਨਾਲੋਂ ਚੜਸੀ ਬਾਰੇ ਬੋਕੇ ਨਾਲ ਪਾਣੀ ਦੇਣਾ ਸਭ ਤੋਂ ਕਠਿਨ ਸੀ।"(ਮਹਿਕ ਦੁਆਬੇ ਦੀ) ਪਰ ਅੱਜ ਦੀ

ਸਥਿਤੀ ਇਸਦੇ ਉਲਟ ਹੈ। ਜ਼ਮੀਨ ਘੱਟ ਉਪਜਾਊ ਹੋਵੇ ਤਾਂ ਬੰਦਾ ਦੂਜੇ ਕੰਮਾਂ ਜਾਂ ਥਾਵਾਂ ਵੱਲ ਰੁਖ ਕਰਦਾ ਹੈ। ਨੌਕਰੀ ਪੇਸ਼ਾ ਇਸ ਲਈ ਪ੍ਰਮੁੱਖ ਕੰਮ ਦੇ ਤੌਰ ਤੇ ਵਰਤੋਂ ਵਿਚ ਲਿਆਇਆ ਜਾਂਦਾ ਹੈ। ਆਪਣੇ ਇਸ ਕੰਮ ਲਈ ਦੁਆਬੀਆਂ ਨੇ ਬਾਹਰਲੇ ਦੇਸ਼ਾਂ ਵੱਲ ਰੁਖ ਕੀਤਾ ਅਤੇ ਵਿਦੇਸ਼ੀ ਡਾਲਰਾਂ ਦੀ ਚਮਕ ਅੱਜ ਉਨ੍ਹਾਂ ਦੇ ਜੀਵਨ ਵਿਚ ਵੇਖੀ ਜਾ ਸਕਦੀ ਹੈ। ਅੱਜ ਦੁਆਬੀਆ ਪਛੜਿਆ ਹੋਇਆ ਨਹੀਂ ਸਗੋਂ ਇਕ ਜੈਂਟਲਮੈਨ ਦੇ ਤੌਰ ਤੇ ਜਾਣਿਆ ਜਾਂਦਾ ਹੈ। ਡਾ. ਖਹਿਰਾ ਇਨ੍ਹਾਂ ਦੀ ਇਸ ਪਛਾਣ ਨੂੰ ਹੀ ਵੱਖਰੀ ਸਭਿਆਚਰਕ ਪਛਾਣ ਦੱਸਦਾ ਹੈ, "ਇਸ ਖੇਤਰ ਦੀ ਜੇਕਰ ਕੋਈ ਸਭਿਆਚਾਰਕ ਪਛਾਣ ਹੈ ਉਹ ਇਹ ਹੈ ਕਿ ਇਹ ਜੈਂਟਲਮੈਨਾਂ ਦੀ ਧਰਤੀ ਹੈ। ਜਦੋਂ ਕੋਈ ਸੂਟਡ, ਬੂਟਡ ਪੰਜਾਬੀ ਜੈਂਟਲਮੈਨ ਸਾਊਥਹਾਲ ਦੀਆਂ ਗੱਲਾਂ ਕਰਦਾ ਮਿਲੇ, ਸਮਝੋ ਦੁਆਬੀਆ ਹੈ।"

ਦੁਆਬੀ ਉਪਭਾਸ਼ਾ ਪੰਜਾਬੀ ਦੀਆਂ ਦੂਜੀਆਂ ਗਵਾਂਢੀ ਉਪਭਾਸ਼ਾਵਾਂ ਨਾਲੋਂ ਭਾਵੇਂ ਬਹੁਤ ਭਿੰਨ ਤਾਂ ਨਹੀ ਫਿਰ ਵੀ ਕੁਝ ਸ਼ਬਦ ਅਜਿਹੇ ਹਨ ਜੋ ਸਿਰਫ ਦੁਆਬੀਏ ਹੀ ਆਪਣੇ ਨਿੱਤ ਦੇ ਕਾਰ ਵਿਹਾਰ ਵਿਚ ਵਰਤਦੇ ਹਨ– ਇਨ੍ਹਾਂ ਸ਼ਬਦਾਂ ਦੀ ਵੱਖਰਤਾ ਅਤੇ ਵੱਖਰੇ ਉਚਾਰਨ ਕਰਕੇ ਹੀ ਇਹ ਸ਼ੁਧ ਦੁਆਬੀ ਹਨ। ਡਾ. ਪ੍ਰੇਮ ਪ੍ਰਕਾਸ਼ ਨੇ ਦੁਆਬੀ ਦੇ ਖਾਸ ਪਛਾਣ ਲਈ ਕੁਝ ਸ਼ਬਦ ਲਿਖੇ ਹਨ– ਦੁਆਬੀ ਦੇ ਖਾਸ ਪਛਾਣ ਚਿੰਨ੍ਹ ਗਭੇ (ਦਰਮਿਆਨ) ਘੇ, ਪੇ, ਦੇ (ਘਿਓ, ਪਿਓ, ਦਿਓ) ਜਨੇਤ, (ਮਲਵਈ ਜੰਨ, ਮਾਝੀ ਜੰਞ) ਫੇਰੇ (ਆਨੰਦ ਕਾਰਜ), ਬੀਬੀ, ਮਾਂ ਆਦਿ ਹਨ।"

ਦੁਆਬੀ ਸਭਿਆਚਾਰ ਦੁਆਬੀ ਲੋਕ ਸਾਹਿਤ ਵਿਚ ਪੂਰੀ ਤਰ੍ਹਾਂ ਰੂਪਮਾਨ ਹੋਇਆ ਹੈ। "ਚਿਟੀ-ਚਿਟੀ ਕਣਕ ਦੁਆਬੇ ਦੀ, ਜਿਹੜੀ ਗਿੱਧਾ ਨਾ ਪਾਵੇ ਰੰਨ ਬਾਬੇ" ਦੀ ਜਾਂ "ਛੱਡ ਕੇ ਦੇਸ ਦੁਆਬਾ ਅੱਖੀਆਂ ਨੂੰ ਤਰਸੇਂਗੀ' ਵਿਚ ਦੁਆਬੀ ਸਭਿਆਚਾਰ ਦੀ ਹੀ ਗੱਲ ਕੀਤੀ ਗਈ ਹੈ। ਸਿੰਚਾਈ ਦੇ ਸਾਧਨਾਂ, ਮਸ਼ੀਨੀਕਰਨ ਅਤੇ ਸੰਚਾਰ ਦੇ ਸਾਧਨਾਂ ਦੇ ਆਉਣ ਕਾਰਨ ਅੱਜ ਦੁਆਬੇ ਵਿਚ ਬਹੁਤ ਕੁਝ ਬਦਲ ਗਿਆ। ਜਲੰਧਰ, ਹੁਸ਼ਿਆਰਪੁਰ ਦੇ ਇਲਾਕੇ ਨੇ ਤਾਂ ਬਹੁਤ ਤਰੱਕੀ ਕਰ ਲਈ ਹੈ।

## ਮਾਲਵਾ

ਮਾਲਵਾ ਪੰਜਾਬ ਦਾ ਇਕ ਪ੍ਰਮੁੱਖ ਖਿੱਤਾ ਹੀ ਨਹੀਂ ਸਗੋਂ ਇਸਦਾ ਇਤਿਹਾਸਕ ਪਿਛੋਕੜ ਵੀ ਕਾਫੀ ਪੁਰਾਣਾ ਹੈ। ਮਾਲਵੇ ਦਾ ਨਾਮਕਰਣ ਇਥੇ ਵਸਦੀ 'ਮਲੋਈ' ਜਾਤੀ ਦੇ ਨਾਂ ਉਤੇ ਹੋਇਆ ਹੈ। ਡਾ. ਨਾਹਰ ਸਿੰਘ ਨੇ ਮਾਲਵੇ ਉਤੇ ਕਾਫੀ ਕੰਮ ਕੀਤਾ ਹੈ, ਉਹ ਲਿਖਦਾ ਹੈ, "ਪੰਜਾਬ ਦੇ ਇਸ ਵਿਸ਼ੇਸ਼ ਖਿੱਤੇ ਦਾ ਨਾਂ 'ਮਾਲਵਾ' ਮਲੋਈ ਜਾਤੀ ਦੇ ਨਾਂ ਉੱਤੇ 320 ਈਸਵੀ ਪੂਰਬ ਤੋਂ 150 ਈਸਵੀ ਦੇ ਵਿਚਕਾਰ ਹੀ ਪੈ ਗਿਆ ਸੀ। ਮਾਲਵਾ ਪ੍ਰਦੇਸ਼ ਨੇ ਵੀ ਵਿਦੇਸ਼ੀ ਹਮਲਾਵਰਾਂ ਦੇ ਹਮਲਿਆਂ ਦਾ ਹਮੇਸ਼ਾਂ ਹੀ ਡਟ ਕੇ ਮੁਕਾਬਲਾ ਕੀਤਾ ਹੈ। ਇਥੇ ਵੀ ਅਨੇਕਾਂ ਪ੍ਰਕਾਰ ਦੀਆਂ ਸੰਸਕ੍ਰਿਤੀਆਂ ਦਾ ਆਗਮਨ ਹੁੰਦਾ ਰਿਹਾ ਹੈ। ਇਹੀ ਕਾਰਨ ਹੈ ਕਿ ਮਲਵਈ ਸਭਿਆਚਾਰ ਦੀ ਪੰਜਾਬੀ ਸਭਿਆਚਾਰ ਵਿਚ ਨਿਵੇਕਲੀ ਹੀ ਪਛਾਣ ਹੈ।" (ਲੌਂਗ ਬੁਰਜੀਆਂ ਵਾਲਾ)

ਮਲਵਈ ਸਭਿਆਚਾਰ ਪੰਜਾਬੀ ਸਭਿਆਚਾਰ ਦਾ ਇਕ ਮਹੱਤਵਪੂਰਨ ਹਿੱਸਾ ਹੈ। ਬਾਹਰੀ ਹਮਲਿਆਂ ਦਾ ਜੋ ਪ੍ਰਭਾਵ ਪੰਜਾਬ ਉਤੇ ਪਿਆ ਉਹੀ ਮਾਲਵੇ ਉਤੇ ਵੀ ਪੈਂਦਾ



ਰਿਹਾ ਹੈ। ਪਰੰਤੂ ਮਾਲਵੇ ਨੇ ਪੰਜਾਬ ਵਿਚ ਆਪਣੀ ਵੱਖਰੀ ਪਹਿਚਾਣ ਵੀ ਬਣਾਈ ਹੈ। ਮਲਵਈ ਜਨ-ਜੀਵਨ ਅਤੇ ਮਲਵਈ ਸਭਿਆਚਾਰ ਦੀ ਗੱਲ ਕਰਨ ਤੋਂ ਬਿਨਾ ਪੰਜਾਬੀ ਸਭਿਆਚਾਰ ਦੀ ਜਾਣਕਾਰੀ ਅਧੂਰੀ ਹੀ ਹੋਵੇਗੀ। ਇਕ ਹੋਰ ਗੱਲ ਮਾਲਵੇ ਦਾ ਮਹੱਤਵ ਪ੍ਰਗਟ ਕਰਦੀ ਹੈ ਉਹ ਇਹ ਕਿ ਅਜੋਕੇ ਪੰਜਾਬ ਵਿਚ ਵੀ ਮਾਲਵਾ ਪ੍ਰਦੇਸ਼ ਬਿਨਾਂ ਕਿਸੇ ਕੱਟ-ਵੱਢ (ਸੀਮਾਵਾਂ ਦੇ ਸੰਦਰਭ ਵਿਚ) ਤੋਂ ਪੂਰਨ ਰੂਪ ਵਿਚ ਵੱਸਿਆ ਹੋਇਆ ਮਿਲਦਾ ਹੈ। ਮਾਲਵਾ ਜ਼ਿਲ੍ਹਾ ਫ਼ਿਰੋਜ਼ਪੁਰ, ਫਰੀਦਕੋਟ, ਬਠਿੰਡਾ, ਸੰਗਰੂਰ ਅਤੇ ਲੁਧਿਆਣਾ ਤੇ ਪਟਿਆਲੇ ਦੇ ਕੁਝ ਪੱਛਮੀ ਹਿੱਸਿਆਂ ਤੱਕ ਫੈਲਿਆ ਹੋਇਆ ਹੈ। ਕਈ ਵਿਦਵਾਨਾਂ ਨੇ ਮਾਲਵੇ ਦੀ ਹਦਬੰਦੀ ਆਪੋ ਆਪਣੀ ਸਮਝ ਅਨੁਸਾਰ ਕੀਤੀ ਹੈ ਪਰੰਤੂ ਅਸੀਂ ਇਥੇ ਡਾ. ਨਾਹਰ ਸਿੰਘ ਦੁਆਰਾ ਕੀਤੀ ਗਈ ਨਿਸ਼ਾਨਦੇਹੀ ਬਾਰੇ ਹੀ ਦੱਸਣਾ ਉਚਿਤ ਸਮਝਦੇ ਹਾਂ ਉਹ ਲਿਖਦਾ ਹੈ, "ਪੰਜਾਬ ਦਾ ਉਹ ਖਿੱਤਾ ਜਿਥੇ ਪੰਜਾਬੀ ਦੀ ਇਕ ਉਪਭਾਸ਼ਾ ਮਲਵਈ ਬੋਲੀ ਜਾਂਦੀ ਹੈ, ਮਾਲਵਾ ਅਖਵਾਉਂਦਾ ਹੈ। ਭਾਸਾਈ ਭੂਗੋਲ ਅਨੁਸਾਰ ਮਾਲਵੇ ਦੇ ਉੱਤਰ ਵਿਚ ਪੁਆਧੀ, ਉੱਤਰੀ ਦੱਖਣ ਵਿਚ ਹਰਿਆਣਵੀ ਤੇ ਬਾਂਗਰੂ ਪੱਛਮ ਵਿਚ ਦਰਿਆ ਸਤਲੁਜ ਤੋਂ ਪਾਰ ਦੁਆਬੀ ਦਾ ਖੇਤਰ ਆਉਂਦਾ ਹੈ। ਅੱਜ ਮਾਲਵੇ ਵਿਚ ਫਿਰੋਜ਼ਪੁਰ, ਫਰੀਦਕੋਟ, ਬਠਿੰਡਾ, ਸੰਗਰੂਰ, ਸਾਰਾ ਲੁਧਿਆਣਾ, ਜ਼ਿਲ੍ਹਾ ਪਟਿਆਲਾ ਦਾ ਪੱਛਮੀ ਭਾਗ, ਤਹਿਸੀਲ ਅਮਲੋਹ, ਨਾਭੇ ਦਾ ਆਲਾ-ਦੁਆਲਾ ਸ਼ਾਮਲ ਹੈ, ਇਸ ਤਰ੍ਹਾਂ ਮਾਲਵੇ ਦੀ ਪੂਰਬੀ ਹੱਦ ਸਮਰਾਲਾ, ਤਹਿਸੀਲ ਸੰਘੋਲ, ਮੰਡੀ ਗੋਬਿੰਦਗੜ੍ਹ ਤੋਂ ਅੱਗੇ ਅਮਲੋਹ ਤੋਂ ਅੱਗੇ ਪਟਿਆਲੇ ਤੱਕ ਜਾਂਦੀ ਹੈ।" (ਲੋਕ ਕਾਵਿ ਦੀ ਸਿਰਜਨ ਪ੍ਰਕਿਰਿਆ)

ਭਾਸ਼ਾਈ ਦ੍ਰਿਸਟੀ ਤੋਂ ਮਾਲਵੇ ਵਿਚ ਪੰਜਾਬੀ ਦੀ ਹੀ ਇਕ ਉਪਭਾਸ਼ਾ 'ਮਲਵਈ' ਬੋਲੀ ਜਾਂਦੀ ਹੈ। ਮਲਵਈ ਉਪਭਾਸ਼ਾ ਦੀਆਂ ਪੰਜਾਬੀ ਦੀਆਂ ਦੂਜੀਆਂ ਉਪਭਾਸ਼ਾਵਾਂ ਨਾਲੋਂ ਉਚਾਰਨ ਅਤੇ ਵਿਆਕਰਣ ਪੱਖੋਂ ਵੱਖਰੀਆਂ ਵਿਸ਼ੇਸਤਾਵਾਂ ਹਨ। ਮੋਟੇ ਰੂਪ ਵਿਚ ਇਥੇ ਬੋਲੇ ਜਾਂਦੇ ਪੜ੍ਹਨਾਂਵ ਜਾਂ ਫਿਰ ਕੁਝ ਧੁਨੀਆਂ ਦਾ ਬਦਲਵਾਂ ਰੂਪ ਵੇਖਿਆ ਜਾ ਸਕਦਾ ਹੈ। ਮਾਲਵੇ ਵਿਚ ਉਚਾਰੇ ਜਾਂਦੇ ਪੜ੍ਹਨਾਂਵ ਕੇਂਦਰੀ ਪੰਜਾਬੀ ਨਾਲੋਂ ਵੱਖਰੇ ਹਨ:–

| ਪੰਜਾਬੀ | ਮਲਵਈ | ਪੰਜਾਬੀ | ਮਲਵਈ |
|---|---|---|---|
| ਤੁਹਾਡਾ | ਥੋਡਾ | ਤੁਹਾਨੂ | ਥੋਨੂੰ |
| ਸਾਡਾ | ਸੋਡਾ | ਅਸਾਨੂੰ | ਸੋਨੂੰ |

ਪੰਜਾਬੀ ਦੀ 'ਵ' ਧੁਨੀ ਸ਼ਬਦ ਦੇ ਸ਼ੁਰੂ ਵਿਚ ਵਿਚਕਾਰ ਜਾਂ ਅੰਤ ਵਿਚ ਬਦਲ ਜਾਂਦੀ ਹੈ, ਜਿਵੇਂ:–

| | |
|---|---|
| ਤੀਵੀਂ | ਤੀਮੀਂ |
| ਖਾਵਾਂਗਾ | ਖਾਮਾਂਗਾ |
| ਵਿਆਹ | ਬਿਆਹ |
| ਵਿਚ | ਬਿਚ |

ਮਾਲਵਾ ਪੰਜਾਬ ਦਾ ਇਕ ਖੇਤੀ ਪ੍ਰਧਾਨ ਖਿੱਤਾ ਹੈ। ਇਸ ਤੋਂ ਇਲਾਵਾ ਜਿੰਨੇ ਵੀ ਕੰਮ ਅਤੇ ਉਦਯੋਗ ਧੰਦੇ ਇਥੇ ਮਿਲਦੇ ਹਨ ਉਹ ਕਿਸੇ ਨਾ ਕਿਸੇ ਰੂਪ ਵਿਚ ਖੇਤੀ ਨਾਲ ਹੀ ਜੁੜੇ ਹੋਏ ਹਨ। ਪਿੰਡਾਂ ਤੇ ਸ਼ਹਿਰਾਂ ਵਿਚ ਵਸਦੀਆਂ ਪ੍ਰਮੁੱਖ ਜਾਤਾਂ ਦੇ ਲੋਕ; ਲੁਹਾਰ, ਤਰਖਾਣ, ਮੋਚੀ, ਨਾਈ, ਲਾਗੀ, ਚਮਾਰ, ਝਿਵਰ, ਘੁਮਿਆਰ, ਮਜ਼ਦੂਰ, ਬਾਣੀਏ

ਸ਼ਾਹੂਕਾਰ ਆਦਿ ਸਾਰੇ ਦੇ ਸਾਰੇ ਕਿਰਸਾਨੀ ਜੀਵਨ ਨਾਲ ਹੀ ਜੁੜੇ ਹੋਏ ਹਨ। ਇਹ ਸਾਰੇ ਲੋਕ ਮਲਵਈ ਸਭਿਆਚਾਰ ਵਿਚ ਵਿਸ਼ੇਸ਼ ਸਥਾਨ ਰਖਦੇ ਹਨ। ਮਾਲਵੇ ਦੇ ਲੋਕਾਂ ਦਾ ਜੀਵਨ ਵਿਸ਼ਵਾਸਾਂ, ਵਹਿਮਾਂ-ਭਰਮਾਂ ਨਾਲ ਭਰਿਆ ਪਿਆ ਹੈ।ਨਿੱਕੇ ਵੱਡੇ ਦੇਵੀ-ਦੇਵਤੇ ਤੋਂ ਲੈ ਕੇ ਇਕ ਸੱਚੇ ਰੱਬ ਤੱਕ ਦੀ ਪੂਜਾ ਕੀਤੀ ਜਾਂਦੀ ਹੈ। ਜਨਮ ਤੋਂ ਪਹਿਲਾਂ ਤੋਂ ਲੈ ਕੇ ਮਰਨ ਦੇ ਬਾਅਦ ਤੱਕ ਇਹ ਸਾਰੇ ਦੇਵੀ-ਦੇਵਤੇ ਕਿਸੇ ਨਾ ਕਿਸੇ ਰੂਪ ਵਿਚ ਇਨ੍ਹਾਂ ਦੀ ਸਹਾਇਤਾ ਕਰਦੇ ਹਨ। ਇਹੀ ਕਾਰਨ ਹੈ ਕਿ ਇਸ ਧਰਤੀ ਉੱਤੇ ਵੀ ਬਹੁਤ ਮਾਤਰਾ ਵਿਚ ਮੇਲੇ ਅਤੇ ਤਿਉਹਾਰਾਂ ਦਾ ਬੋਲਬਾਲਾ ਹੈ। ਪੰਜਾਬ ਵਿਚ ਸਭ ਤੋਂ ਵੱਧ ਮੇਲੇ ਇਸ ਖਿੱਤੇ ਵਿਚ ਲਗਦੇ ਹਨ। ਪੰਜਾਬ ਦੇ ਪ੍ਰਮੁੱਖ ਲੋਕ ਨਾਚ ਭੰਗੜਾ ਅਤੇ ਗਿੱਧਾ ਤੋਂ ਇਲਾਵਾ ਬਾਬਿਆਂ ਦਾ ਮਲਵਈ ਗਿੱਧਾ ਇਸ ਖਿੱਤੇ ਦਾ ਵਿਸ਼ੇਸ਼ ਲੋਕ ਨਾਚ ਹੈ।

## ਪੁਆਧ

ਪੁਆਧ ਲਈ ਪਵਾਧ, ਪੁਵਾਧ, ਪੋਵਾਧ ਜਾਂ ਪੁਆਧ ਕਈ ਨਾਂ ਪ੍ਰਚਲਿਤ ਰਹੇ ਹਨ ਪਰੰਤੂ ਅੱਜ ਕਲ੍ਹ ਜ਼ਿਆਦਾਤਰ ਪੁਆਧ ਨਾਮ ਹੀ ਵਰਤੋਂ ਵਿਚ ਲਿਆਂਦਾ ਜਾਂਦਾ ਹੈ। ਵੱਖ-ਵੱਖ ਵਿਦਵਾਨਾਂ ਨੇ 'ਪੁਆਧ' ਸ਼ਬਦ ਦੇ ਅਰਥਾਂ ਨੂੰ ਸਪੱਸ਼ਟ ਕਰਦੇ ਹੋਏ ਪੁਆਧ ਨਾਮਕਰਣ ਦੀ ਵਿਆਖਿਆ ਵੀ ਕੀਤੀ ਹੈ।

ਡਾ. ਗ੍ਰੀਅਰਸਨ, ''ਪੁਆਧ ਸ਼ਬਦ ਦਾ ਅਰਥ ਪੂਰਬ ਤੋਂ ਹੈ।''(ਗ੍ਰੀਅਰਨ ਆਨ ਪੰਜਾਬ)

ਸ੍ਰੀ ਦੁਨੀ ਚੰਦਰ, 'ਪੋਵਾਧ ਦਾ ਅਰਥ ਹੈ ਪੂਰਬ।'' (ਪੰਜਾਬੀ ਕਾਸਾ ਦਾ ਵਿਕਾਸ)

ਡਾ. ਬਨਾਰਸੀ ਦਾਸ ਜੈਨ, 'ਪੁਆਧ' ਸ਼ਬਦ ਪੁਰਬਾਰਧ ਦਾ ਰੂਪਾਂਤਰਣ ਹੈ, ਜਿਸਦਾ ਅਰਥ ਹੈ ਪੂਰਬੀ ਅੱਧ ਅਰਥਾਤ ਪੰਜਾਬ ਦਾ ਪੂਰਬੀ ਹਿੱਸਾ।''(ਪੁਆਧੀ ਸ਼ਬਦਕੋਸ਼)

ਪਿਆਰਾ ਸਿੰਘ ਪਦਮ, ''ਸਰਹੰਦ ਵਾਲੀ ਨਹਿਰ ਟੱਪ ਕੇ ਪੰਜਾਬ ਦਾ ਪੂਰਬ ਵੱਲ ਦਾ ਇਲਾਕਾ ਪੁਆਧ ਕਹਾਉਂਦਾ ਹੈ ਜੋ ਪੂਰਬਾਰਧ ਦਾ ਬਦਲਿਆ ਹੋਇਆ ਰੂਪ ਹੈ।'' (ਪੰਜਾਬੀ ਬੋਲੀ ਦਾ ਇਤਿਹਾਸ)

ਰਾਜਿੰਦਰ ਸਿੰਘ, ''ਪੁਆਧੀ ਸ਼ਬਦ ਪੂਰਵ-ਅਰਧ ਦਾ ਵਿਗੜਿਆ ਹੋਇਆ ਰੂਪ ਹੈ।'' (ਪੰਜਾਬੀ ਦੀਆਂ ਉਪਭਾਸ਼ਾਵਾਂ)

ਭਾਈ ਕਾਨ੍ਹ ਸਿੰਘ ਨਾਭਾ, ''ਪੁਆਧ ਪਹਾੜ ਦੇ ਪੈਰਾਂ ਦਾ ਦੇਸ਼, ਦਾਮਨੇ ਕੋਹ...।'' (ਪੁਆਧੀ ਸ਼ਬਦਕੋਸ਼)

ਸਾਰੇ ਦੇ ਸਾਰੇ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਪੁਆਧ ਖਿੱਤੇ ਦਾ ਨਾਮਕਰਣ ਇਸਦੇ ਪੰਜਾਬ ਦੇ ਪੂਰਵ ਦਿਸ਼ਾ ਵਿਚ ਸਥਿਤ ਹੋਣ ਕਰਕੇ ਹੀ ਹੋਇਆ ਹੈ। ਡਾ. ਪ੍ਰੇਮ ਪ੍ਰਕਾਸ਼ ਸਿੰਘ ਪੁਆਧ ਸ਼ਬਦ ਦੀ ਵਿਉਂਤਪਤੀ ਆਧਾਰ ਤੇ ਹੀ ਨਹੀਂ ਸਗੋਂ ਸਥਿਤੀ ਪੱਖੋਂ ਵੀ ਵਿਆਖਿਆ ਕਰਦਾ ਹੈ।

''ਪੁਆਧ ਦੀ ਵਿਉਂਤਪੱਤੀ ਸ਼ਾਇਦ ਸੰਸਕ੍ਰਿਤ ਸ਼ਬਦ ''ਪੂਰਵ ਅਰਧ'' ਤੋਂ ਸੰਭਵ ਹੈ, ਜਿਸਦਾ ਅਰਥ ਹੈ 'ਚੜ੍ਹਦੇ ਵਾਲੇ ਪਾਸੇ ਦਾ ਅੱਧਾ ਹਿੱਸਾ।'' 'ਪੁਆਧ' ਦੇ ਐਨ ਟਾਕਰੇ ਦਾ ਵਿਰੋਧਾਰਥਕ (antonyam) 'ਪਚਾਧ' ਹੈ, ਜਿਸ ਵੱਲ ਇਸ਼ਾਰਾ ਡਾ. ਗ੍ਰੀਅਰਸਨ ਨੇ ਵੀ 'ਰਾਠੀ' ਦੇ ਪ੍ਰਸੰਗ ਵਿਚ ਕੀਤਾ ਹੈ। ਪੱਚਾਧੀ ਜਾਂ 'ਪੱਚਾਧਾ' ਆਮ



ਵਰਤੋਂ ਵਿਚ ਪਛਮੀ ਪੰਜਾਬ ਦੇ ਵਸਨੀਕ ਮੁਸਲਮਾਨਾਂ ਨੂੰ ਕਿਹਾ ਜਾਂਦਾ ਹੈ। 'ਪਚਾਧ' ਦੀ ਨਿਰੁਕਤੀ ਸੰ. ਪਸਚ-ਅਰਧ ਤੋਂ ਸੰਭਵ ਹੈ ਅਰਥਾਤ ਪੱਛਮ ਦਾ ਅੱਧਾ ਹਿੱਸਾ ਜਾਂ ਛਿਪਦੇ ਵਾਲੇ ਪਾਸੇ ਦਾ ਅੱਧਾ ਹਿੱਸਾ। ਇਸ ਤਰ੍ਹਾਂ ਪੁਆਧ ਪੰਜਾਬ ਦੇ ਪੂਰਬੀ ਭਾਗ ਨੂੰ ਕਿਹਾ ਜਾਂਦਾ ਹੈ ਅਤੇ ਪਚਾਧ ਪੰਜਾਬ ਦੇ ਪੱਛਮੀ ਭਾਗ ਨੂੰ ਕਿਹਾ ਜਾਂਦਾ ਹੋਵੇਗਾ। ਇਉਂ 'ਪੁਰਵਾਰਧ' ਤੋਂ ਹੀ ਪੁਆਧ/ਪਵਾਧ ਦਾ ਨਿਕਾਸ ਹੋਇਆ ਹੈ।(ਸਿਧਾਂਤਕ ਭਾਸ਼ਾ ਵਿਗਿਆਨ)

ਪੁਆਧ ਪੰਜਾਬ ਦੇ ਪੂਰਬ ਵਿਚ ਹੀ ਸਥਿਤ ਹੈ ਅਤੇ ਇਹੀ ਸਭ ਤੋਂ ਵੱਡਾ ਕਾਰਨ ਹੈ ਕਿ ਪੰਜਾਬ ਦੇ ਇਸ ਉਪ ਖਿੱਤੇ ਦਾ ਨਾਮ 'ਪੁਆਧ' ਪਿਆ ਹੈ। ਪੰਜਾਬ ਦੇ ਦੂਜੇ ਉਪਖਿੱਤਿਆਂ ਦਾ ਨਾਮਕਰਨ ਵੀ ਵੱਖ-ਵੱਖ ਪ੍ਰਸਥਿਤੀਆਂ ਅਤੇ ਕਾਰਨਾ ਕਰਕੇ ਹੋਇਆ ਹੈ। ਮਾਝਾ ਅਤੇ ਦੁਆਬਾ ਨਾਮਕਰਨ ਸਥਾਨ ਵਾਚਕ ਹੈ। 'ਮਾਝਾ' ਨਾਮ ਰਾਵੀ ਅਤੇ ਬਿਆਸ ਨਦੀਆਂ ਦੇ ਦਰਮਿਆਨ ਸਥਿਤ ਹੋਣ ਕਰਕੇ ਮਧਵਰਤੀ ਇਲਾਕੇ ਨੂੰ 'ਮਾਝਾ' ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਦੁਆਬਾ (ਦੋ+ਆਬ) ਦੇ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ ਜਿਸ ਦਾ ਅਰਥ ਹੈ ਦੋ ਦਰਿਆਵਾਂ ਦੀ ਧਰਤੀ। ਪੰਜਾਬ ਦਾ ਇਹ ਖਿੱਤਾ ਦੋ ਪ੍ਰਮੁੱਖ ਨਦੀਆਂ ਬਿਆਸ ਅਤੇ ਸਤਲੁਜ ਦੇ ਵਿਚਕਾਰ ਸਥਿਤ ਹੈ। 'ਮਾਲਵਾ' ਨਾਮ ਜਾਤੀ ਵਾਚਕ ਹੈ। ਮਾਲਵੇ ਦਾ ਨਾਮ ਮਾਲਵਾ ਉਥੇ ਵਸਦੀ ਇਕ ਜਾਤੀ ਮਲੋਈ ਦੇ ਨਾਂ ਉਤੇ ਪਿਆ ਹੈ। ਪੁਆਧ ਨਾਮ ਨਾ ਤਾਂ ਸਥਾਨ ਵਾਚਕ ਹੈ ਅਤੇ ਨਾ ਹੀ ਜਾਤੀਵਾਚਕ ਸਗੋਂ ਪੁਆਧ ਦਾ ਇਹ ਨਾਮ ਦਿਸ਼ਾ ਵਾਚਕ ਹੈ। ਤਕਰੀਬਨ ਸਾਰੇ ਹੀ ਵਿਦਵਾਨ ਇਸ ਗੱਲ ਨਾਲ ਸਹਿਮਤ ਹਨ ਕਿ ਪੁਆਧ ਪੰਜਾਬ ਦੀ ਪੂਰਬ ਦਿਸ਼ਾ ਵਿਚ ਹੀ ਸਥਿਤੀ ਹੈ। ਪੁਆਧ ਨੂੰ 'ਪੂਰਬੀ ਭਾਗ' ਪੂਰਬੀ ਭਾਗ ਦਾ ਅੱਧਾ ਹਿੱਸਾ ਜਾਂ 'ਚੜ੍ਹਦੇ ਵਾਲੇ ਪਾਸੇ ਦਾ ਅੱਧਾ ਹਿੱਸਾ' ਕੁਝ ਵੀ ਕਹਿ ਲਿਆ ਜਾਵੇ ਪਰ ਇਸ ਦਾ ਸੰਬੰਧ ਪੰਜਾਬ ਦੀ ਪੂਰਬੀ ਦਿਸ਼ਾ ਨਾਲ ਜਾ ਜੁੜਦਾ ਹੈ। ਸਾਡਾ ਮੁੱਖ ਮੰਤਵ ਤਾਂ ਪੁਆਧ ਨਾਮਕਰਣ ਤੋਂ ਹੈ। ਪੁਆਧ ਪੰਜਾਬ ਦੇ ਪੂਰਵ ਵਿਚ ਸਥਿਤ ਉਹ ਇਲਾਕਾ ਹੈ ਜਿਥੇ ਪੰਜਾਬੀ ਦੀ ਹੀ ਇਕ ਉਪਭਾਸਾ ਪੁਆਧੀ ਬੋਲੀ ਜਾਂਦੀ ਹੈ।

ਕਿਸੇ ਵੀ ਖਿੱਤੇ/ਪ੍ਰਦੇਸ ਦੀਆਂ ਸੀਮਾਵਾਂ ਨਿਰਧਾਰਤ ਕਰਦੇ ਸਮੇਂ ਕੋਈ ਇਕ ਨਿਸ਼ਚਿਤ ਜਾਂ ਪੱਕੀ ਸੀਮਾ ਰੇਖਾ ਨਹੀਂ ਖਿੱਚੀ ਜਾ ਸਕਦੀ। ਅਸੀਂ ਕਿਸੇ ਥਾਂ ਉਤੇ ਇਕ ਲਕੀਰ ਖਿੱਚ ਕੇ ਇਹ ਨਹੀਂ ਕਹਿ ਸਕਦੇ ਕਿ ਇਸ ਲਕੀਰ ਤੋਂ ਅਗਾਂਹ ਦੂਜਾ ਖਿੱਤਾ/ਪ੍ਰਦੇਸ਼ ਸ਼ੁਰੂ ਹੋ ਜਾਂਦਾ ਹੈ। ਅਸਲ ਵਿਚ ਸੀਮਾਵਾਂ ਉੱਤੇ ਵਸਦੇ ਲੋਕਾਂ ਦੀ ਭਾਸ਼ਾ ਅਤੇ ਜੀਵਨ ਢੰਗਾਂ ਵਿਚ ਕਾਫੀ ਸਮਾਨਤਾ ਪਾਈ ਜਾਂਦੀ ਹੈ। ਵੱਖ-ਵੱਖ ਖਿੱਤਿਆਂ/ਪ੍ਰਾਂਤਾਂ ਦੀਆਂ ਸੀਮਾਵਾਂ ਨਿਰਧਾਰਤ ਕਰਦੇ ਸਮੇਂ ਭਾਸ਼ਾ, ਸਾਹਿਤ ਤੇ ਸਭਿਆਚਾਰ ਵਿਚੋਂ ਭਾਸ਼ਾ ਨੂੰ ਹੀ ਮੁੱਖ ਰੂਪ ਵਿਚ ਆਧਾਰ ਬਣਾਇਆ ਜਾਂਦਾ ਹੈ। ਭਾਰਤੀ ਸਰਕਾਰਾਂ ਨੇ ਸੀਮਾਵਾਂ ਸੰਬੰਧੀ ਪ੍ਰਾਦੇਸ਼ਿਕ ਮਸਲੇ ਹੱਲ ਕਰਨ ਲਈ ਭਾਸ਼ਾਈ ਆਧਾਰ ਉੱਤੇ ਵੱਖ-ਵੱਖ ਪ੍ਰਾਂਤ ਬਣਾ ਦਿੱਤੇ ਹਨ ਪਰੰਤੂ ਇਹ ਸਮੱਸਿਆ ਅੱਜ ਵੀ ਜਿਉਂ ਦੀ ਤਿਉਂ ਚਲ ਰਹੀ ਹੈ। ਅਸੀਂ ਇਸਦਾ ਇਕ ਕਾਰਨ ਇਹ ਵੀ ਮੰਨਦੇ ਹਾਂ ਕਿ ਸੀਮਾਵਾਂ ਉੱਤੇ ਬੋਲੀਆਂ ਜਾਂਦੀਆਂ ਭਾਸ਼ਾਵਾਂ ਦਾ ਆਪਸ ਵਿਚ ਰਲਗਡ ਹੋ ਜਾਣਾ ਇਕ ਸਾਧਾਰਣ ਗੱਲ ਹੈ। ਇਥੇ ਵਸਦੇ ਲੋਕ ਇਕ ਦੂਜੇ ਦੀ ਭਾਸ਼ਾ ਦੇ ਸ਼ਬਦਾਂ ਨੂੰ ਆਮ ਜੀਵਨ ਵਿਚ ਵਰਤੋਂ ਵਿਚ ਲਿਆਉਣ ਲਗਦੇ ਹਨ ਭਾਵੇਂ ਉਨ੍ਹਾਂ ਦੇ ਬੋਲਣ ਦਾ ਲਹਿਜਾ ਆਪਣੀ ਭਾਸ਼ਾ ਵਾਲਾ ਹੀ ਹੁੰਦਾ ਹੈ।

ਦੂਰੀ, ਕਿਸੇ ਖਿੱਤੇ/ਪ੍ਰਦੇਸ਼ ਦੀ ਸੀਮਾ ਨਿਰਧਾਰਤ ਕਰਨ ਵਿਚ ਆਪਣਾ ਰੋਲ ਅਦਾ ਕਰਦੀ ਸੀ ਪਰੰਤੂ ਆਵਾਜਾਈ ਤੇ ਸੰਚਾਰ ਦੇ ਆਧੁਨਿਕ ਸਾਧਨਾ ਦੀ ਵਰਤੋਂ ਅਤੇ ਵਿਕਾਸ ਦੀ ਗਤੀ ਨੇ ਮਨੁੱਖੀ ਫਾਸਲਿਆਂ ਨੂੰ ਬਹੁਤ ਘੱਟ ਕਰ ਦਿੱਤਾ ਹੈ। ਇਕ ਹੋਰ ਕਾਰਨ ਵੀ ਹੈ ਕਿ ਜਿਥੇ ਪਹਿਲਾਂ ਖਿੱਤੇ ਵਿਸ਼ੇਸ਼ ਵਿਚ ਉਤਪਾਦਨ ਵਿਸ਼ੇਸ਼ ਪ੍ਰਤੀ ਹੀ ਰੁਝਾਨ ਹੁੰਦਾ ਸੀ ਅਜੋਕੇ ਸਮੇਂ ਵਿਚ ਦੂਜਿਆਂ ਖਿੱਤਿਆਂ ਦੇ ਉਤਪਾਦਨ ਅਤੇ ਉਤਪਾਦਨ ਪ੍ਰਕਿਰਿਆ ਨੂੰ ਵੀ ਅਪਣਾਇਆ ਜਾਂਦਾ ਹੈ। ਮਨੁੱਖ ਆਪਣੀ ਜਿੰਦਗੀ ਨੂੰ ਸੁਖਾਵਾਂ ਤੇ ਸੁਖਾਲਾ ਬਣਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹੈ, ਇਸ ਲਈ ਭਾਵੇਂ ਉਸਨੂੰ ਦੂਜਿਆਂ ਸਭਿਆਚਾਰਾਂ ਤੋਂ ਕੁਝ ਸਿੱਖਣਾ ਤੇ ਲੈਣਾ ਹੀ ਕਿਉਂ ਨਾ ਪਵੇ। ਸਮਤਲ ਖੇਤਰਾਂ ਵਿਚ ਵੱਸਦੇ ਲੋਕਾਂ ਵਿਚ ਇਹ ਪ੍ਰਵਿਰਤੀ ਤਾਂ ਆਮ ਵੇਖੀ ਜਾਂਦੀ ਹੈ। ਉਪਰੋਕਤ ਗੱਲਾਂ ਨੂੰ ਧਿਆਨ ਵਿਚ ਰਖਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਕਿਸੇ ਖਿੱਤੇ/ਪ੍ਰਦੇਸ਼ ਦੀਆਂ ਸੀਮਾਵਾਂ ਨਿਰਧਾਰਤ ਕਰਨ ਦਾ ਕੰਮ ਐਨਾ ਆਸਾਨ ਨਹੀ ਹੈ।

ਪੁਆਧ ਅਤੇ ਪੁਆਧੀ ਉਪਭਾਸਾ ਬਾਰੇ ਸਭ ਤੋਂ ਪਹਿਲੀ ਜਾਣਕਾਰੀ ਸਾਨੂੰ ਡਾ. ਗ੍ਰਿਅਰਸਨ ਦੁਆਰਾ ਸੰਪਾਦਤ ਪੁਸਤਕ (The Linguistic Survey of India) 'ਦੀ ਲਿੰਗਇਸਟਿਕ ਸਰਵੇ ਆਫ ਇੰਡੀਆ' ਵਿਚੋਂ ਮਿਲਦੀ ਹੈ। ਡਾ. ਗ੍ਰਿਅਰਸਨ ਜੋ ਇਕ ਅਮਰੀਕੀ ਮਾਨਵ ਵਿਗਿਆਨੀ ਸੀ ਨੇ (The Linguistic Survey of India') ਲੜੀ ਅਧੀਨ ਸੰਪਾਦਤ ਪੁਸਤਕਾਂ ਵਿਚ ਭਾਰਤ ਦੀਆਂ ਵੱਖ-ਵੱਖ ਭਾਸ਼ਾਵਾਂ ਅਤੇ ਉਪਭਾਸਾਵਾਂ ਦਾ ਸਰਵੇਖਣ ਕੀਤਾ। ਇਸ ਸਰਵੇਖਣ ਦੇ ਆਧਾਰ ਉਤੇ ਹੀ ਉਹ ਵੱਖ-ਵੱਖ ਖਿੱਤਿਆਂ ਅਤੇ ਪ੍ਰਦੇਸਾਂ ਦੀਆਂ ਸੀਮਾਵਾਂ ਵੀ ਨਿਸ਼ਚਿਤ ਕਰਦਾ ਹੈ। ਪੁਆਧ ਬਾਰੇ ਉਹ ਲਿਖਦਾ ਹੈ, "ਰੋਪੜ ਤੋਂ ਲੈ ਕੇ ਹਰੀ ਕੇ ਪੱਤਣ ਤੱਕ ਸਤਲੁਜ ਦਰਿਆ ਪੂਰਬੋਂ ਪੱਛਮ ਨੂੰ ਵਗਦਾ ਹੈ ਇਹਦੇ ਉਤਰ ਵਾਲੇ ਪਾਸੇ ਦੁਆਬਾ ਜਲੰਧਰ ਹੈ ਅਤੇ ਦੱਖਣ ਵਾਲੇ ਪਾਸੇ ਜ਼ਿਲਾ ਲੁਧਿਆਣਾ ਅਤੇ ਫਿਰੋਜ਼ਪੁਰ ਹਨ। ਜ਼ਿਲ੍ਹਾ ਲੁਧਿਆਣੇ ਦਾ ਉਹ ਇਲਾਕਾ ਜੋ ਸਤਲੁਜ ਦਰਿਆ ਦੇ ਨਾਲ ਨਾਲ ਦੋਹੀਂ ਪਾਸੀ ਆਉਂਦਾ ਹੈ ਪੁਆਧ ਵਿਚ ਸ਼ਾਮਿਲ ਹੈ ਤੇ ਬਾਕੀ ਦਾ ਸਾਰਾ ਜ਼ਿਲ੍ਹਾ ਮਾਲਵੇ ਵਿਚ ਚਲਿਆ ਜਾਂਦਾ ਹੈ। ਪੂਰਵ ਵਾਲੇ ਪਾਸੇ ਇਹ ਜ਼ਿਲ੍ਹਾ ਹਿੰਦੂਸਤਾਨ ਹੈ। ਦੱਖਣ ਵਿਚ ਪੁਆਧ ਦੇ ਇਲਾਕੇ ਵਿਚ ਪਟਿਆਲਾ, ਨਾਭਾ, ਜੀਂਦ ਦੇ ਇਲਾਕੇ ਸ਼ਾਮਲ ਹਨ ਜੋ 76° ਪੂਰਬੀ ਲੰਬਕਾਰ ਦੇ ਪੂਰਬ ਵਿਚ ਵਾਕਿਆ ਹਨ। ਇਸ ਪਾਸੇ ਪੁਆਧ ਉਸ ਮੁਲਕ ਤੱਕ ਫੈਲਿਆ ਹੋਇਆ ਹੈ ਜਿਸ ਵਿਚ ਹਿੰਦੂਸਤਾਨੀ ਤੇ ਬਾਗੜੀ ਬੋਲੀਆਂ ਜਾਂਦੀਆਂ ਹਨ। ਪੁਆਧ ਵਿਚ ਜ਼ਿਲ੍ਹਾ ਹਿਸਾਰ ਦਾ ਵੀ ਕੁਝ ਬਾਹਰ ਵਾਲਾ ਹਿੱਸਾ ਸ਼ਾਮਲ ਹੈ।"

ਡਾ. ਗਰੀਅਰਸਨ ਉਸ ਸਮੇਂ ਪੁਆਧ ਦੀਆਂ ਹੱਦਾਂ ਨਿਸ਼ਚਿਤ ਕਰ ਰਿਹਾ ਹੈ ਜਦੋਂ ਪੂਰਬੀ ਤੇ ਪੱਛਮੀ ਪੰਜਾਬ ਇਕੱਠੇ ਸਨ ਅਤੇ ਪੰਜਾਬੀ ਸੂਬਾ ਬਹੁਤ ਦੂਰ-ਦੂਰ ਤੱਕ ਫੈਲਿਆ ਹੋਇਆ ਸੀ। ਇਹੀ ਕਾਰਨ ਹੈ ਕਿ ਇਥੇ ਪੁਆਧ ਦਾ ਖੇਤਰ ਵੀ ਕੁਝ ਜਿਆਦਾ ਹੀ ਫੈਲਿਆ ਹੋਇਆ ਹੈ।ਜ਼ਿਲ੍ਹਾ ਲੁਧਿਆਣਾ ਅਤੇ ਫਿਰੋਜ਼ਪੁਰ ਦੇ ਜਿਹੜੇ ਇਲਾਕੇ ਦੀ ਉਹ ਗਲ ਕਰਦਾ ਹੈ,ਉਹ ਪੁਆਧ ਦੇ ਖੇਤਰ ਵਿਚ ਨਹੀਂ ਆਉਂਦਾ ਕਿਉਂਕਿ ਸਰਹੰਦ ਤੋਂ ਅਗਾਂਹ ਜਿਉਂ ਜਿਉਂ ਅਸੀਂ ਦੱਖਣ ਪੱਛਮ ਵੱਲ ਨੂੰ ਜਾਵਾਂਗੇ ਤਾਂ ਮਲਵਈ ਜਾਂ ਕੇਂਦਰੀ ਪੰਜਾਬੀ ਪ੍ਰਭਾਵੀ ਬੋਲੀਆਂ ਮਿਲਣਗੀਆਂ। ਪੁਆਧੀ ਦੇ ਪੜ੍ਹਨਾਂਵ, ਭੂਤਕਾਲੀ ਕਿਰਿਆ ਅਤੇ ਕਈ ਹੋਰ ਵਿਆਕਰਣਕ ਵਿਸ਼ੇਸ਼ਤਾਈਆਂ ਨਹੀਂ ਮਿਲਣਗੀਆਂ।ਇਸੇ ਤਰ੍ਹਾਂ ਉਪਰ ਦੱਸੇ



ਜੀਂਦ ਤੇ ਹਿਸਾਰ ਦੇ ਹਿੱਸਿਆਂ ਵਿਚ ਬਾਗੜੀ ਤੇ ਬਾਂਗਰੂ ਭਾਸਾਵਾਂ ਬੋਲੀਆਂ ਜਾਂਦੀਆਂ ਹਨ।ਸਭਿਆਚਾਰ ਪੱਖੋਂ ਵੀ ਇਹ ਹਰਿਆਣਵੀ ਸਭਿਆਚਾਰ ਪ੍ਰਭਾਵੀ ਇਲਾਕੇ ਹਨ।

ਡਾ. ਪ੍ਰੇਮ ਪ੍ਰਕਾਸ ਵੀ ਡਾ. ਗ੍ਰਿਅਰਸਨ ਦੁਆਰਾ ਕੀਤੀਆਂ ਅਨਿਸ਼ਚਿਤ ਗੱਲਾਂ ਤੇ ਵਿਚਾਰ ਕਰਦਾ ਹੋਇਆ ਪੁਆਧ ਬਾਰੇ ਲਿਖਦਾ ਹੈ, "ਪੰਜਾਬੀ ਭਾਸਾ ਦਾ ਪੂਰਬੀ ਸਿਰਾ ਪੁਆਧੀ ਦਾ ਇਲਾਕਾ ਹੈ। ਡਾ. ਗ੍ਰਿਅਰਸਨ ਨੇ ਪੁਆਧੀ ਦੇ ਖੇਤਰ ਬਾਰੇ ਕਾਫੀ ਅਨਿਸ਼ਚਿਤ ਗੱਲਾਂ ਕੀਤੀਆਂ ਹਨ। ਰੋਪੜ ਤੋਂ ਲੈ ਕੇ ਬਿਆਸ ਦਰਿਆ ਦੇ ਕੰਢਿਆਂ ਤੱਕ ਪੁਆਧੀ ਦਾ ਵਿਸਥਾਰ ਮੰਨਿਆ ਹੈ। ਪਰ ਪੁਆਧੀ ਐਨੀ ਦੂਰ ਨਹੀਂ ਮੰਨੀ ਜਾ ਸਕਦੀ। ਪੁਆਧੀ ਦੇ ਖੇਤਰ ਵਿਚ ਜਿਲਾ ਰੋਪੜ, ਜ਼ਿਲਾ ਪਟਿਆਲੇ ਦਾ ਪੂਰਬੀ ਹਿੱਸਾ, ਜ਼ਿਲਾ ਸੰਗਰੂਰ ਤੇ ਮਲੇਰਕੋਟਲੇ ਦੀ ਤਰਫ ਦਾ ਇਲਾਕਾ, ਸਤਲੁਜ ਦੇ ਨਾਲ ਲਗਦੀ ਜ਼ਿਲਾ ਲੁਧਿਆਣੇ ਦੀ ਗੁੱਠ, ਅੰਬਾਲੇ ਦਾ ਥਾਣਾ ਸਦਰ ਵਾਲਾ ਪਾਸਾ ਅਤੇ ਜ਼ਿਲਾ ਜੀਂਦ ਦੇ ਕੁਝ ਪਿੰਡ ਸਾਮਲ ਹਨ।"

ਪੁਆਧ ਬਾਰੇ ਦਿੱਤੇ ਗਏ ਇਹ ਵਿਚਾਰ ਕਾਫੀ ਹੱਦ ਤੱਕ ਠੀਕ ਹਨ। ਪਰੰਤੂ ਪੁਆਧ ਦੇ ਉਤਰ ਪੂਰਬ ਵਿਚ ਪੈਂਦਾ ਕੁਝ ਇਲਾਕਾ ਛੱਡ ਦਿੱਤਾ ਗਿਆ ਹੈ ਜੋ ਪੁਆਧ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਦੁਨੀ ਚੰਦ੍, ਪਿਆਰਾ ਸਿੰਘ ਪਦਮ, ਦਰਸਨ ਸਿੰਘ, ਰਾਜਿੰਦਰ ਸਿੰਘ, ਪ੍ਰੋ. ਜੋਗਿੰਦਰ ਸਿੰਘ, ਡਾ. ਹਰਕੀਰਤ ਸਿੰਘ ਤੇ ਡਾ. ਬਲਬੀਰ ਸਿੰਘ ਸੰਧੂ ਆਦਿ ਵਿਦਵਾਨਾਂ ਨੇ ਆਪੋ ਆਪਣੇ ਮੱਤ ਅਨੁਸਾਰ ਪੁਆਧ ਅਤੇ ਪੁਆਧੀ ਉਪਭਾਸਾ ਬਾਰੇ ਜਾਣਕਾਰੀ ਦਿੱਤੀ ਹੈ। ਜਿਆਦਾ ਤਰ ਵਿਦਵਾਨ ਡਾ. ਗ੍ਰਿਅਰਸਨ ਮੁਤਾਬਕ ਥੋੜ੍ਹਾ ਬਹੁਤ ਘੱਟ-ਵੱਧ ਕਰਕੇ ਹੀ ਲਿਖਦੇ ਹਨ। ਪ੍ਰੋ. ਜੋਗਿੰਦਰ ਸਿੰਘ ਅਤੇ ਡਾ. ਬਲਬੀਰ ਸਿੰਘ ਸੰਧੂ ਦੇ ਵਿਚਾਰਾਂ ਬਾਰੇ ਜਾਣਨਾ ਜ਼ਰੂਰੀ ਹੈ ਕਿਉਂ ਕਿ ਦੋਵੇਂ ਵਿਦਵਾਨ ਪੁਆਧ ਅਤੇ ਪੁਆਧੀ ਉਪਭਾਸਾ ਦੇ ਕੁਝ ਪ੍ਰਮੁੱਖ ਕੰਮਾਂ ਨਾਲ ਜੁੜੇ ਹੋਏ ਹਨ।

ਪੁਆਧੀ ਉਪਭਾਸਾ ਬਾਰੇ ਭਾਸਾ ਵਿਭਾਗ ਪੰਜਾਬ ਨੇ 1960 ਵਿਚ 'ਪੁਆਧੀ ਸਬਦ ਕੋਸ' ਤਿਆਰ ਕਰਵਾਇਆ। ਕਿਸੇ ਵੀ ਭਾਸਾ ਜਾਂ ਉਪਭਾਸ਼ਾ ਦਾ ਸਬਦ ਕੋਸ਼ ਤਿਆਰ ਹੋ ਜਾਣਾ ਉਸ ਲਈ ਬੜੀ ਮਾਣ ਵਾਲੀ ਗੱਲ ਮੰਨੀ ਜਾਂਦੀ ਹੈ। ਪਰੰਤੂ ਜਦੋਂ ਅਸੀਂ ਇਸ ਵਿਚ ਪ੍ਰੋ. ਜੋਗਿੰਦਰ ਸਿੰਘ ਦੁਆਰਾ ਦਿੱਤੀ ਪੁਆਧ ਦੀਆਂ ਹੱਦਾਂ ਬਾਰੇ ਗੱਲ ਕਰਦੇ ਹਾਂ ਤਾਂ ਉਹ ਡਾ. ਗਰੀਅਰਸਨ ਮੁਤਾਬਕ ਹੀ ਦਿੱਤੀਆਂ ਗਈਆਂ ਹਨ, ਕਿਉਂਕਿ ਕੋਸ਼ਕਾਰੀ ਵਿਭਾਗ ਦੇ ਇੰਚਾਰਜ ਦਲੀਪ ਸਿੰਘ ਜਿਨ੍ਹਾਂ ਨੇ ਪੁਆਧੀ ਸਬਦ ਕੋਸ਼ ਦੀ ਭੂਮਿਕਾ ਲਿਖੀ ਹੈ ਉਹ ਲਿਖਦਾ ਹੈ, "ਉਪਰੋਕਤ ਜੋ ਹਦਬੰਦੀ ਪ੍ਰੋ. ਜੋਗਿੰਦਰ ਸਿੰਘ ਨੇ ਦੱਸੀ ਹੈ ਉਹ ਗ੍ਰਿਅਰਸਨ ਮੁਤਾਬਕ ਹੈ ਅਤੇ ਸਾਡੇ ਪੁਆਧੀ ਦੇ ਉਪ-ਬੋਲੀ ਦੇ ਮਾਹਰ ਸੰਤ ਇੰਦਰ ਸਿੰਘ 'ਚੱਕਰਵਰਤੀ' ਵੀ ਇਹੋ ਸੀਮਾ ਪੁਆਧ ਦੀ ਕਾਇਮ ਕਰਦੇ ਹਨ ਅਤੇ ਮੈਂ ਖੁਦ ਵੀ ਇਸ ਉਪਰੋਕਤ ਹੱਦਬੰਦੀ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ।"

ਅਸੀ ਪਹਿਲਾਂ ਹੀ ਡਾ. ਗ੍ਰਿਅਰਸਨ ਦੁਆਰਾ ਪੁਆਧ ਬਾਰੇ ਨਿਸ਼ਚਿਤ ਹੱਦਾਂ ਨਾਲ ਅਸਹਿਮਤੀ ਪ੍ਰਗਟ ਕਰ ਚੁੱਕੇ ਹਾਂ। ਡਾ. ਬਲਬੀਰ ਸਿੰਘ ਸੰਧੂ ਨੇ ਆਪਣੇ ਪੀ. ਐਚ. ਡੀ. ਦੇ ਥੀਸਿਸ 'ਏ ਡਿਸਕਰੀਪਟਿਵ ਗਰਾਮਰ ਆਫ ਪੁਆਧੀ' ਵਿਚ ਪੁਆਧੀ ਉਪਭਾਸ਼ਾ ਬਾਰੇ ਭਾਸ਼ਾ ਵਿਗਿਆਨਕ ਦ੍ਰਿਸਟੀ ਤੋਂ ਕਾਫੀ ਚਰਚਾ ਕੀਤੀ ਹੈ। ਪੁਆਧ ਨੂੰ ਘੱਘਰਵਾਦੀ ਦਾ ਨਾਂ ਦਿੰਦੇ ਹੋਏ ਲਿਖਿਆ ਹੈ, "ਇਸਦੀ (ਪੁਆਧ) ਇਕ ਹੱਦ ਉਤੇ ਮਨੀਮਾਜਰਾ, ਰਾਜਪੁਰਾ, ਕੌਲੀ, ਘੜੋਲੀ ਅਤੇ ਪਟਿਆਲਾ ਸਮਾਣਾ ਸੜਕ ਹੈ ਅਤੇ ਦੂਜੀ ਹੱਦ ਉਤੇ

ਡੇਰਾਬਸੀ, ਅੰਬਾਲਾ, ਚਮਾਰੂ, ਘੜਾਮ, ਟਟਿਆਣਾ ਆਦਿ ਪਿੰਡ ਸਥਿਤ ਹਨ। ਇਸ ਇਲਾਕੇ ਨੂੰ ਅਸੀ ਘੱਘਰਵਾਦੀ ਦਾ ਨਾਂ ਵੀ ਦੇ ਸਕਦੇ ਹਾਂ।'' (ਲੋਕਯਾਨ ਅਧਿਐਨ) ਪੁਆਧ ਬਾਰੇ ਡਾ. ਸੰਧੂ ਨੇ ਕਾਫੀ ਹੱਦ ਤੱਕ ਸਹੀ ਤੇ ਠੀਕ ਨਿਰਣੇ ਦਿੱਤੇ ਹਨ। ਉਨ੍ਹਾਂ ਨੇ ਪੁਆਧੀ ਵਿਆਕਰਣ ਉਤੇ ਕੰਮ ਕੀਤਾ ਹੈ ਇਸ ਲਈ ਠੇਠ ਪੁਆਧੀ ਬੋਲਣ ਵਾਲੇ ਇਲਾਕੇ ਹੀ ਉਨ੍ਹਾਂ ਨੇ ਪੁਆਧ ਵਿਚ ਸ਼ਾਮਲ ਕੀਤੇ ਹਨ। ਪੁਆਧ ਦੇ ਉਤਰ, ਪੂਰਬ ਅਤੇ ਦੱਖਣ ਵਿਚ ਪੈਂਦੇ ਅਜਿਹੇ ਹਿੱਸੇ ਉਹ ਛੱਡ ਗਏ ਹਨ ਜਿਥੇ ਠੇਠ ਪੁਆਧੀ ਤਾਂ ਨਹੀਂ ਬੋਲੀ ਜਾਂਦੀ ਪਰੰਤੂ ਬਹੁਤਾ ਕਰਕੇ ਪੁਆਧੀ ਭਾਸ਼ਾ ਅਤੇ ਲੋਕਾਂ ਦਾ ਜੀਵਨ ਢੰਗ ਪੁਆਧੀ ਪੰਜਾਬੀਆਂ ਵਾਲਾ ਹੀ ਹੈ। ਪੁਆਧ ਦੀਆਂ ਸੀਮਾਵਾਂ ਨਿਸਚਿਤ ਕਰਨ ਲੱਗਿਆਂ ਅਸੀ ਪੁਆਧੀ ਉਪਭਾਸ਼ਾ ਇਥੇ ਵਸਦੇ ਲੋਕਾਂ ਦੇ ਜੀਵਨ ਢੰਗ (ਸਭਿਆਚਾਰ) ਅਤੇ ਨਾਲ ਹੀ ਇਥੇ ਵਗਦੇ ਦਰਿਆਵਾਂ ਦਾ ਵੀ ਧਿਆਨ ਰਖਾਂਗੇ। ਅਸਲ ਵਿਚ ਪੰਜਾਬ ਵਿਚ ਵਗਦੇ ਦਰਿਆਵਾਂ ਦਾ ਪੰਜਾਬ ਅਤੇ ਪੰਜਾਬੀਅਤ ਨਾਲ ਬਹੁਤ ਗੂੜ੍ਹਾ ਸੰਬੰਧ ਰਿਹਾ ਹੈ।

ਪੰਜਾਬ ਨਾਂ (ਪੰਜ+ਆਬ) ਪੰਜਾਂ ਦਰਿਆਵਾਂ ਦੀ ਧਰਤੀ ਤੋਂ ਪਿਆ ਹੈ। ਇਸੇ ਤਰ੍ਹਾਂ ਪਹਿਲਾਂ ਸਪਤਸਿੰਧੂ ਨਾਂ ਵੀ ਇਥੇ ਵਗਦੇ ਸੱਤਾਂ ਦਰਿਆਵਾਂ ਕਾਰਨ ਸੀ। ਪੰਜਾਬ ਦੇ ਵੱਖ-ਵੱਖ ਇਲਾਕਿਆਂ ਦਾ ਸੰਬੰਧ ਵੀ ਇਥੇ ਵਗਦੇ ਵੱਖ-ਵੱਖ ਦਰਿਆਵਾਂ ਨਾਲ ਹੈ। ਇਨ੍ਹਾਂ ਦਰਿਆਵਾਂ ਦੀ ਮਹੱਤਤਾ ਇਸ ਗੱਲ ਤੋਂ ਵੀ ਜਾਣੀ ਜਾ ਸਕਦੀ ਹੈ ਕਿ ਆਰੀਆ ਜਾਤੀ ਅਤੇ ਇਸ ਤੋਂ ਵੀ ਪਹਿਲੀ ਸਭਿਅਤਾ ਇਨ੍ਹਾਂ ਦਰਿਆਵਾਂ ਦੇ ਆਲੇ ਦੁਆਲੇ ਹੀ ਵਧੀ ਫੁਲੀ ਹੈ। ਜ਼ਿਆਦਾ ਤਰ ਰਿਸ਼ੀਆਂ ਦੇ ਆਸ਼ਰਮ ਵੀ ਇਨ੍ਹਾਂ ਦਰਿਆਵਾਂ ਕੰਢੇ ਸਨ ਅਤੇ ਇਥੇ ਹੀ ਉਨ੍ਹਾਂ ਦੁਆਰਾ ਵਿਭਿੰਨ ਧਾਰਮਕ ਗ੍ਰੰਥਾਂ ਦੀ ਸਿਰਜਣਾ ਹੋਈ। ਪੰਜਾਬ ਨੂੰ ਸਦਾ ਹੀ ਹਰਿਆ ਭਰਿਆ ਤੇ ਖੁਸ਼ਹਾਲ ਰੱਖਣ ਵਿਚ ਇਨ੍ਹਾਂ ਦਰਿਆਵਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਸਮੇਂ ਦੇ ਗੇੜ ਨਾਲ ਪੰਜਾਬ ਦੀਆਂ ਹੱਦਾਂ ਭਾਵੇਂ ਘਟਦੀਆਂ-ਵਧਦੀਆਂ ਰਹੀਆਂ ਹਨ ਪਰੰਤੂ ਇਹ ਦਰਿਆ ਉਵੇਂ ਹੀ ਆਪਣੀ ਥਾਵੇਂ ਵਗਦੇ ਰਹੇ ਹਨ। ਅਜੋਕੇ ਪੰਜਾਬ ਵਿਚ ਸਤਲੁਜ ਬਿਆਸ ਤੇ ਰਾਵੀ ਹੀ ਮਿਲਦੇ ਹਨ ਬਾਕੀ ਸਾਰੇ ਵੰਡ ਕਾਰਨ ਵੰਡੇ ਗਏ। ਪਰੰਤੂ ਇਨ੍ਹਾਂ ਤੋਂ ਇਲਾਵਾ ਕੁਝ ਹੋਰ ਦਰਿਆ ਵੀ ਅੱਜ ਦੇ ਪੰਜਾਬ ਵਿਚ ਮਿਲਦੇ ਹਨ ਜਿਨ੍ਹਾਂ ਦੀ ਇਤਿਹਾਸਕ ਤੇ ਮਿਥਿਹਾਸਕ ਮਹੱਤਤਾ ਹੈ– ਇਹ ਹਨ ਘੱਗਰ, ਮਾਰਕੰਡਾ, ਸਰਸਵਤੀ ਅਤੇ ਜਮਨਾ। ਇਨ੍ਹਾਂ ਸਾਰੇ ਦਰਿਆਵਾਂ ਦਾ ਸੰਬੰਧ ਪੰਜਾਬ ਦੇ ਪੂਰਬ ਵਿਚ ਪੈਂਦੇ ਪੁਆਧ ਖਿੱਤੇ ਨਾਲ ਹੈ। ਡਾ. ਗੰਡਾ ਸਿੰਘ ਤਾਂ ਇਨ੍ਹਾਂ ਦਰਿਆਵਾਂ ਨਾਲ ਪੰਜਾਬ ਦੇ ਸੱਤ ਦਰਿਆਵਾਂ ਦੀ ਗਿਣਤੀ ਪੂਰੀ ਹੁੰਦੀ ਵੇਖਦੇ ਹਨ। ਉਹ ਲਿਖਦਾ ਹੈ ''ਜਿਵੇਂ ਪੁਰਾਤਨ ਪੰਜਾਬ ਵਿਚ ਪੰਜ ਵੱਡੇ ਵੱਡੇ ਦਰਿਆ ਸਨ ਜਿਨ੍ਹਾਂ ਕਰਕੇ ਇਸ ਦਾ ਇਹ ਨਾਉਂ ਪਿਆ ਸੀ, ਇਸੇ ਤਰ੍ਹਾਂ ਅਜੋਕੇ (ਹਿੰਦੁਸਤਾਨੀ) ਪੰਜਾਬ ਦੀ ਪਾਕਿਸਤਾਨ ਨਾਲ ਲਗਦੀ ਲਹਿੰਦੀ ਹੱਦ ਤੋਂ ਲੈ ਕੇ, ਜੋ ਗੁਰਦਾਸਪੁਰ ਅਤੇ ਅੰਮ੍ਰਿਤਸਰ ਦੇ ਜ਼ਿਲ੍ਹਿਆਂ ਦੇ ਉੱਤਰ ਨੂੰ ਰਾਵੀ ਦਰਿਆ ਨਾਲ ਬਣਦੀ ਹੈ, ਜਮਨਾ ਨਾਲ ਬਣਦੀ ਚੜ੍ਹਦੀ ਹੱਦ ਤੱਕ ਭੀ ਪੰਜ ਹੀ ਦਰਿਆ ਹਨ। ਇਹ ਹਨ: ਰਾਵੀ, ਬਿਆਸ, ਸਤਲੁਜ, ਸਰਸੁਤੀ ਤੇ ਜਮਨਾ। ਪਰ ਜੇ ਸਰਸੁਤੀ ਦੇ ਨਾਲ ਦੇ ਇਤਿਹਾਸ ਪ੍ਰਸਿੱਧ ਦਰਿਆ ਘੱਘਰ ਤੇ ਮਾਰਕੰਡਾ ਹੀ ਗਿਣ ਲਏ ਜਾਣ ਤਾਂ ਇਹ ਪੂਰੇ ਸੱਤ ਹੋ ਜਾਂਦੇ ਹਨ।''

ਪੁਆਧ ਬਾਰੇ ਗੱਲ ਕਰਨ ਲਗਿਆਂ ਇਥੇ ਵਗਦੇ ਦਰਿਆਵਾਂ ਨੂੰ ਧਿਆਨ ਵਿਚ ਰੱਖ ਕੇ ਪੁਆਧੀ ਸੀਮਾਵਾਂ ਬਾਰੇ ਕੁਝ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ, ਪੁਆਧ ਨਾਲ



ਸੰਬੰਧਤ ਦਰਿਆ ਹਨ: ਸਤਲੁਜ, ਘੱਗਰ, ਮਾਰਕੰਡਾ, ਸਰਸੁਤੀ ਅਤੇ ਜਮੁਨਾ। ਅਸੀਂ ਇਥੇ ਭਾਵਨਾਤਮਕ ਤੌਰ ਤੇ ਇਨ੍ਹਾਂ ਪੰਜਾਂ ਦਰਿਆਵਾ ਨੂੰ ਪੁਆਧ ਖੇਤਰ ਨਾਲ ਨਹੀਂ ਜੋੜ ਰਹੇ ਸਗੋਂ ਸੱਚਮੁਚ ਹੀ ਇਹ ਦਰਿਆ ਪੁਆਧ ਨਾਲ ਜੁੜੇ ਹੋਏ ਹਨ। ਇਨ੍ਹਾਂ ਦਰਿਆਵਾਂ ਬਾਰੇ ਦੋ ਮਹੱਤਵਪੂਰਨ ਗੱਲਾਂ ਕਰਨੀਆਂ ਜ਼ਰੂਰੀ ਹਨ ਇਕ ਤਾਂ ਇਹ ਕਿ ਇਹ ਸਾਰੇ ਦਰਿਆ ਪੰਜਾਬ ਦੇ ਉਤਰ ਪੂਰਵ ਵਿਚ ਪੈਂਦੇ ਪਹਾੜਾਂ ਵਿਚੋਂ ਹੀ ਨਿਕਲਦੇ ਹਨ ਦੂਜਾ ਸਤਲੁਜ ਤੇ ਜਮਨਾ ਨੂੰ ਛੱਡ ਕੇ ਬਾਕੀ ਘੱਗਰ ਤੇ ਮਾਰਕੰਡਾ (ਹੋਰ ਛੋਟੇ ਨਦੀ ਨਾਲੇ ਜਿਵੇਂ ਟਾਂਗਰੀ, ਪਟਿਆਲੇ ਵਾਲੀ ਨਦੀ, ਸਰਸਾ ਅਤੇ ਸਿਸਵਾਂ ਨਦੀ) ਬਰਸਾਤੀ ਹੀ ਹਨ ਬਾਰਾਮਾਸੀ ਨਹੀਂ ਹਨ। ਸਰਸੁਤੀ ਨਦੀ ਤਾਂ ਬਹੁਤ ਚਿਰ ਦੀ ਅਲੋਪ ਹੋ ਚੁੱਕੀ ਸੀ ਉਸਦੇ ਕੁਝ ਚਿੰਨ੍ਹ ਹੀ ਮਿਲਦੇ ਹਨ ਖਾਸ ਕਰਕੇ ਪਿਹੋਵਾ ਤੀਰਥ ਉਤੇ ਅਜੇ ਵੀ ਸਰਸੁਤੀ ਨਦੀ ਨੂੰ ਉਹੀ ਮਾਨ-ਸਨਮਾਨ ਮਿਲਦਾ ਹੈ ਜੋ ਇਸਦਾ ਪੁਰਾਤਨ ਸਮੇਂ ਵਿਚ ਸੀ। ਪਿਛੇ ਜਿਹੇ ਹਰਿਆਣਾ ਅਤੇ ਭਾਰਤ ਸਰਕਾਰ ਦੁਆਰਾ ਇਸ ਨਦੀ ਦਾ ਸਰਵੇ ਕਰਵਾਇਆ ਗਿਆ ਹੈ ਤਾਂ ਜੋ ਇਸਦੇ ਵਹਿਣ ਮਾਰਗ ਬਾਰੇ ਜਾਣ ਕੇ ਚਿਹ੍ਨਿਤ ਕੀਤਾ ਜਾਵੇ ਅਤੇ ਇਸਦੀ ਪੁਰਾਤਨ ਮਹੱਤਤਾ ਨੂੰ ਜਾਣਿਆ ਜਾ ਸਕੇ।

ਸਤਲੁਜ ਪੁਆਧ ਦੇ ਉਤਰ ਵਿਚ ਪੂਰਬੋਂ ਪੱਛਮ ਨੂੰ ਵਗਦਾ ਹੈ। ਸਤਲੁਜ ਬਾਰੇ ਇਹ ਕਿਹਾ ਜਾਂਦਾ ਹੈ ਕਿ ਪੁਰਾਤਨ ਸਮੇਂ ਵਿਚ ਇਹ ਘੱਗਰ ਦਰਿਆ ਨਾਲ ਮਿਲਕੇ ਵੀ ਵਗਦਾ ਰਿਹਾ ਹੈ। ਡਾ. ਗੰਡਾ ਸਿੰਘ ਲਿਖਦਾ ਹੈ, ''ਸਤਲੁਜ ਨੇ ਪੁਰਾਣਿਆਂ ਸਮਿਆਂ ਵਿਚ ਕਈ ਵਾਰੀ ਆਪਣਾ ਰੁੱਖ ਬਦਲਿਆ ਹੈ - - -। ਸਾਨੂੰ ਇਹ ਪਤਾ ਹੈ ਕਿ ਪੁਰਾਣੇ ਸਮੇਂ ਬਿਆਸਾ ਨਾਲ ਮਿਲਣ ਲਈ ਲਹਿੰਦੇ ਨੂੰ ਜਾਣ ਦੀ ਥਾਂ ਰੋਪੜ ਤੋਂ ਸਤਲੁਜ ਦੱਖਣ ਨੂੰ ਵਗਦਾ ਹੁੰਦਾ ਸੀ। ਸੰਨ 1245 ਵਿਚ ਸਤਲੁਜ ਬਹੁਤ ਸਾਰਾ ਉਤਰ ਵੱਲ ਨੂੰ ਰੁਖ ਕਰ ਚੁੱਕਾ ਸੀ, ਹਕੜਾ ਭੀ ਸੁਕ ਚੁੱਕਾ ਸੀ, ਇਸ ਲਈ ਲੋਕ ਸਿੰਧ ਅਤੇ ਬਿਕਾਨੇਰ ਵਿਚੋਂ ਉਜੜ ਕੇ ਉਤਰ ਵਲ ਚੜ੍ਹ ਗਏ। ਮਲੂਮ ਹੁੰਦਾ ਹੈ ਕਿ ਸਤਲੁਜ ਇਸ ਵੇਲੇ ਘੱਗਰ ਦੇ ਵਹਿਣ ਵਿਚ ਹੀ ਵਗਦਾ ਸੀ।''

ਇਸ ਤਰ੍ਹਾਂ ਜੇਕਰ ਸਤਲੁਜ ਦੇ ਪੁਰਾਤਨ ਵਹਿਣ ਨੂੰ ਵੇਖਿਆ ਜਾਵੇ ਤਾਂ ਪੁਆਧ ਦੇ ਉਤਰ ਪੱਛਮ ਵਿਚ ਸਤਲੁਜ ਦਰਿਆ ਨਾਲ ਪੁਆਧ ਦੀ ਸੀਮਾ ਨਿਸ਼ਚਿਤ ਕੀਤੀ ਜਾ ਸਕਦੀ ਹੈ। ਇਸ ਦੇ ਦੱਖਣ ਪੂਰਵ ਵਿਚ ਪੁਆਧੀ ਬੋਲੀ ਜਾਂਦੀ ਹੈ। ਪੁਆਧ ਦੇ ਪੂਰਵ ਵਿਚ ਜਮੁਨਾ ਉਤਰੋਂ ਦੱਖਣ ਨੂੰ ਵਗਦੀ ਹੋਈ ਦਿੱਲੀ ਵੱਲ ਚਲੀ ਜਾਂਦੀ ਹੈ। ਜਮੁਨਾਨਗਰ ਜੋ ਕਿ ਪੂਰਵ ਵਿਚ ਜਮੁਨਾ ਨੇੜੇ ਵਸਿਆ ਹੋਇਆ ਹੈ ਤੱਕ ਪੁਆਧ ਦਾ ਖੇਤਰ ਫੈਲਿਆ ਹੋਇਆ ਹੈ ਇਸ ਇਲਾਕੇ ਵਿਚ ਬੋਲੀ ਜਾਂਦੀ ਭਾਸ਼ਾ ਉਤੇ ਭਾਵੇਂ ਕੋਰਵੀ ਅਤੇ ਹਿੰਦੁਸਤਾਨੀ ਭਾਸ਼ਾਵਾਂ ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ ਪਰੰਤੂ ਪੁਆਧੀ ਦੇ ਲੱਛਣ ਸਪੱਸ਼ਟ ਨਜ਼ਰ ਆਉਂਦੇ ਹਨ। ਲੋਕਾਂ ਦਾ ਜੀਵਨ ਢੰਗ ਵੀ ਪੁਆਧੀ ਪੰਜਾਬੀਆਂ ਵਾਲਾ ਹੀ ਹੈ। ਪੁਆਧ ਦੀ ਪੂਰਬੀ ਹੱਦ ਨਿਸ਼ਚਿਤ ਕਰਨ ਲਈ ਸਰਸਵਤੀ ਨਦੀ ਨੂੰ ਆਧਾਰ ਬਣਾਇਆ ਜਾ ਸਕਦਾ ਹੈ। ਇਸ ਪਾਸੇ ਪੁਆਧ ਸਰਸੁਤੀ ਨਦੀ ਦੇ ਵਹਿਣ ਮਾਰਗ ਤੱਕ ਫੈਲਿਆ ਹੋਇਆ ਹੈ।

ਘੱਗਰ ਪੁਆਧ ਦਾ ਇਕ ਹੋਰ ਮਹੱਤਵਪੂਰਨ ਦਰਿਆ ਹੈ। ਇਹ ਵੀ ਸਿਰਮੌਰ ਦੀਆਂ ਪਹਾੜੀਆਂ 'ਚੋਂ ਨਿਕਲਕੇ ਦੱਖਣ ਪੱਛਮ ਨੂੰ ਪੁਆਧ ਦੇ ਐਨ ਵਿਚਕਾਰ ਵੀ ਵਗਦਾ ਹੈ। ਘੱਗਰ ਦੇ ਦੋਹੀਂ ਪਾਸੀ ਪੁਆਧ ਦਾ ਇਲਾਕਾ ਹੈ। ਡਾ. ਬਲਬੀਰ ਸਿੰਘ

ਸੰਧੂ ਜਦ ਪੁਆਧ ਨੂੰ ਘੱਗਰਵਾਦੀ ਦਾ ਨਾਂ ਦਿੰਦਾ ਹੈ ਤਾਂ ਇਹ ਸਬਦ ਪੁਆਧ ਲਈ ਬਹੁਤ ਢੁਕਵਾਂ ਲਗਦਾ ਹੈ। ਘੱਗਰ ਹਰਿਆਣਾ ਤੇ ਕਦੇ ਪੰਜਾਬ ਦੇ ਖੇਤਰ ਵਿਚੋਂ ਦੀ ਹੁੰਦਾ ਹੋਇਆ ਰਾਜਸਥਾਨ ਦੇ ਰੇਤਥਲ ਵਿਚ ਗੁੰਮ ਹੋ ਜਾਂਦਾ ਹੈ।

ਉਪਰੋਕਤ ਸਤਲੁਜ, ਜਮੁਨਾ ਤੇ ਸਰਸਵਤੀ ਦਰਿਆਵਾਂ ਦੇ ਆਧਾਰ 'ਤੇ ਪੁਆਧ ਖੇਤਰ ਦੀਆਂ ਸੀਮਾਵਾਂ ਬਾਰੇ ਜੋ ਨਿਸ਼ਾਨਦੇਹੀ ਕੀਤੀ ਹੈ ਇਨ੍ਹਾਂ ਦੇ ਅੰਦਰਲੇ ਪਾਸੇ ਨੂੰ ਸਾਰਾ ਇਲਾਕਾ ਪੁਆਧ ਵਿਚ ਸ਼ਾਮਲ ਹੈ।ਇਸ ਨਿਸ਼ਾਨਦੇਹੀ ਵਿਚ ਭਾਵੇਂ ਹਿਮਾਚਲ ਤੇ ਹਰਿਆਣੇ ਦਾ ਕੁਝ ਹਿੱਸਾ ਆ ਜਾਂਦਾ ਹੈ ਪਰੰਤੂ ਇਹ ਵੀ ਸੱਚ ਹੈ ਕਿ ਹਰਿਆਣਾ ਤੇ ਹਿਮਾਚਲ ਪਹਿਲਾਂ ਪੰਜਾਬ ਦਾ ਹੀ ਹਿੱਸਾ ਹੁੰਦੇ ਸਨ।

## ਪੁਆਧੀ ਉਪਭਾਸ਼ਾ

ਭਾਸ਼ਾ, ਸਾਹਿਤ ਅਤੇ ਸਭਿਆਚਾਰ ਕਿਸੇ ਵੀ ਜਾਤੀ ਸਮੂਹ ਦੀ ਆਪਣੀ ਵੱਖਰੀ ਪਛਾਣ ਦਾ ਆਧਾਰ ਹੁੰਦੇ ਹਨ। ਇਨ੍ਹਾਂ ਵਿਚੋਂ ਵੀ ਭਾਸ਼ਾ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ। ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਦੀ ਵੱਖਰੀ ਹੋਂਦ ਸਥਾਪਤ ਕਰਨ ਵਿਚ ਭਾਸ਼ਾ ਨੇ ਮਹੱਤਵਪੂਰਣ ਰੋਲ ਅਦਾ ਕੀਤਾ ਹੈ। ਭਾਸ਼ਾਈ ਝਗੜੇ ਅੱਜ ਵੀ ਜਿਉਂ ਦੇ ਤਿਉਂ ਚਲ ਰਹੇ ਹਨ। ਇਹ ਮਨੁੱਖ ਦੀ ਆਪਣੀ ਮਾਨਸਿਕ ਪ੍ਰਵਿਰਤੀ ਦਾ ਕਾਰਨ ਹੈ ਕਿ ਇਕ ਪਾਸੇ ਤਾਂ ਉਹ ਸਮੁੱਚੇ ਸੰਸਾਰ ਨਾਲ ਸਾਂਝ ਪਾਉਣਾ ਚਾਹੁੰਦਾ ਹੈ ਦੂਜੇ ਪਾਸੇ ਆਪਣੀ ਵੱਖਰੀ ਹੋਂਦ ਨੂੰ ਵੀ ਕਾਇਮ ਰੱਖਣਾ ਚਾਹੁੰਦਾ ਹੈ। ਉਸਦੀ ਆਪਣੀ ਹੋਂਦ ਪ੍ਰਤੀ ਬਿਰਤੀ ਵੱਖਰਤਾ ਚਾਹੁੰਦੀ ਹੈ ਅਤੇ ਸੰਸਾਰ ਪ੍ਰਤੀ ਬਿਰਤੀ ਸਮਰੂਪਤਾ। ਆਧੁਨਿਕਤਾ ਤੇ ਪਰੰਪਰਾ ਪ੍ਰਤੀ ਮੋਹ ਰੱਖਦਾ ਹੋਇਆ ਉਹ ਦੋਹਾਂ ਵਿਚੋਂ ਕਿਸੇ ਨੂੰ ਵੀ ਨਹੀਂ ਛੱਡ ਸਕਦਾ। ਆਧੁਨਿਕਤਾ ਪ੍ਰਤੀ ਭਾਵੇਂ ਉਹ ਉਦਾਰ ਦ੍ਰਿਸ਼ਟੀਕੋਣ ਅਪਣਾਉਂਦਾ ਹੈ ਅਤੇ ਇਸ ਵਿਚੋਂ ਖੁਸ਼ਹਾਲ ਜੀਵਨ ਦੀ ਇੱਛਾ ਪੂਰੀ ਹੁੰਦੀ ਵੇਖ ਰਿਹਾ ਹੈ ਪਰੰਤੂ ਪਰੰਪਰਾ ਰੂਪੀ ਖਜ਼ਾਨੇ ਨੂੰ ਛੱਡ ਕੇ ਆਪਣੀ ਮਾਨਸਿਕ ਤੇ ਆਤਮਕ ਸ਼ਾਂਤੀ ਵੀ ਨਹੀਂ ਗੁਆਉਣੀ ਚਾਹੁੰਦਾ। ਮਨੁੱਖ ਦੀ ਇਸ ਜੀਵਨ ਸ਼ੈਲੀ ਨੂੰ ਦੁਨੀਆਂ ਦੇ ਬਹੁਤੇ ਹਿੱਸਿਆਂ ਵਿਚ ਵੇਖਿਆ ਜਾ ਸਕਦਾ ਹੈ।

ਭਾਸ਼ਾ ਗਤੀਸ਼ੀਲ ਤੇ ਪਰਿਵਰਤਨਸ਼ੀਲ ਹੁੰਦੀ ਹੈ। ਸਮੇਂ ਸਮੇਂ ਇਹ ਆਪਣਾ ਰੂਪ ਵਟਾਉਂਦੀ ਹੋਈ ਸਮੇਂ ਦੀ ਚਾਲ ਨਾਲ ਤੁਰਨ ਦਾ ਉਪਰਾਲਾ ਕਰਦੀ ਰਹਿੰਦੀ ਹੈ। ਸੰਚਾਰ ਦੇ ਆਧੁਨਿਕ ਯੁੱਗ ਵਿਚ ਤਾਂ ਇਹ ਚਾਲ ਹੋਰ ਵੀ ਤੇਜ਼ ਹੋ ਗਈ ਹੈ। ਖਾਸ ਕਰਕੇ ਇਕੋ ਭਾਸ਼ਾ ਦੀਆਂ ਵੱਖ-ਵੱਖ ਉਪਭਾਸ਼ਾਵਾਂ ਵਿਚ ਕਾਫੀ ਤਬਦੀਲੀ ਆ ਰਹੀ ਹੈ। ਸਿੱਖਿਆ ਦੇ ਪ੍ਰਚਾਰ ਤੇ ਪ੍ਰਸਾਰ ਕਾਰਨ ਅਤੇ ਸੰਚਾਰ ਤੇ ਆਵਾਜਾਈ ਦੇ ਸਾਧਨਾਂ ਨੇ ਲੋਕਾਂ ਲਈ ਵੱਖ-ਵੱਖ ਸਮੂਹਾਂ ਵਿਚ ਦੂਰੀਆਂ ਨੂੰ ਬਹੁਤ ਹੱਦ ਤੱਕ ਘਟ ਕਰ ਦਿੱਤਾ ਹੈ। ਅੱਜ ਦੇ ਯੁਗ ਵਿਚ ਇਹ ਮਨੁੱਖ ਦੀ ਮਜ਼ਬੂਰੀ ਕਹਿ ਲਵੋ ਜਾਂ ਲੋੜ ਜਾਂ ਫਿਰ ਇਕ ਚੰਗੇ ਖੁਸ਼ਹਾਲ ਜੀਵਨ ਪ੍ਰਤੀ ਉਸਦੀ ਸੋਚ, ਉਸ ਵਿਚ ਭਾਸ਼ਾਈ ਪੱਧਰ ਤੇ ਸ਼ਬਦਾਂ ਦਾ ਲੈਣ-ਦੇਣ ਅਤੇ ਕੁਝ ਛੱਡਣ ਅਪਣਾਉਣ ਦੀ ਪ੍ਰਵਿਰਤੀ ਆਮ ਵੇਖੀ ਜਾ ਸਕਦੀ ਹੈ। ਇਹੀ ਕਾਰਣ ਹੈ ਕਿ ਭਾਸ਼ਾਈ ਵੱਖਰਤਾ ਵੀ ਜਾਤੀ ਵਿਸ਼ੇਸ਼ ਦੇ ਠੇਠ ਭਾਸ਼ਾਈ ਸ਼ਬਦਾਂ ਅਤੇ ਲਹਿਜੇ ਵਿਚ ਹੀ ਪਛਾਣੀ ਜਾ ਸਕਦੀ ਹੈ।

ਅੱਜ ਜਿਵੇਂ ਪੰਜਾਬ ਦੇ ਮਾਝੇ ਖਿੱਤੇ ਵਿਚ ਮਾਝੀ,ਦੁਆਬੇ ਵਿਚ ਦੁਆਬੀ ਅਤੇ ਮਾਲਵੇ



ਵਿਚ ਮਲਵਈ ਉਪਭਾਸਾਵਾਂ ਬੋਲੀਆਂ ਜਾਂਦੀਆਂ ਹਨ,ਉਸੇ ਤਰ੍ਹਾਂ ਪੁਆਧ ਵਾਸੀਆਂ ਵਲੋਂ ਬੋਲੀ ਜਾਂਦੀ ਭਾਸ਼ਾ ਦਾ ਨਾਂ ਪੁਆਧੀ ਹੈ। ਪੁਆਧ ਵਾਸੀ ਦੂਰੋਂ ਤਾਂ ਵੇਖਣ ਨੂੰ ਇਕ ਆਮ ਪੰਜਾਬੀ ਹੀ ਲਗਦਾ ਹੈ ਪਰੰਤੂ ਜਦੋਂ ਉਸ ਨਾਲ ਗੱਲਬਾਤ ਸੁਰੂ ਹੁੰਦੀ ਹੈ ਤਾਂ ਉਸਦੇ ਬੋਲਣ ਦੇ ਲਹਿਜੇ ਅਤੇ ਵਰਤੀ ਗਈ ਭਾਸਾ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਇਹ ਸਖਸ ਪੁਆਧ ਵਾਸੀ ਹੀ ਹੈ।

ਪੰਜਾਬ ਦੀਆਂ ਦੂਜੀਆਂ ਉਪਭਾਸਾਵਾਂ ਮਾਝੀ, ਦੁਆਬੀ ਅਤੇ ਮਲਵਈ ਨਾਲੋਂ ਪੁਆਧੀ ਉੱਤੇ ਦੂਜੀਆਂ ਗਵਾਂਢੀ ਭਾਸਾਵਾਂ ਦਾ ਪ੍ਰਭਾਵ ਸਪੱਸਟ ਰੂਪ ਵਿਚ ਵੇਖਿਆ ਜਾ ਸਕਦਾ ਹੈ।ਪੁਆਧ ਦੇ ਉਤਰ ਪੂਰਵ ਵਿਚ ਪਹਾੜੀ (ਹਿਮਾਚਲੀ), ਕੋਰਵੀ, ਦੱਖਣ-ਪੂਰਵ ਵਾਲੇ ਪਾਸੇ,ਹਿੰਦੁਸਤਾਨੀ, ਬਾਂਗਰੂ ਤੇ ਬਾਗੜੀ ਅਤੇ ਪੰਜਾਬ ਵਾਲੇ ਪਾਸੇ ਮਲਵਈ, ਕੇਂਦਰੀ ਪੰਜਾਬੀ ਅਤੇ ਦੁਆਬੀ ਉਪਭਾਸਾਵਾਂ ਬੋਲੀਆਂ ਜਾਂਦੀਆਂ ਹਨ। ਜਿਸ ਭਾਸ਼ਾ ਦੀਆਂ ਹੱਦਾਂ ਨਾਲ ਐਨੀਆਂ ਭਾਸਾਵਾਂ ਲਗਦੀਆਂ ਹੋਣ ਉਸ ਖਿੱਤੇ ਦੀ ਭਾਸਾ ਦੀ ਕੋਈ ਸਪੱਸ਼ਟ ਪਛਾਣ ਦੱਸਣ ਲਗਿਆਂ ਬਹੁਤ ਮੁਸਕਲ ਹੋ ਜਾਂਦਾ ਹੈ। ਸਾਇਦ ਇਹੀ ਕਾਰਨ ਹੈ ਕਿ ਕੁੱਝ ਵਿਦਵਾਨ ਪੁਆਧੀ ਭਾਸ਼ਾ ਨੂੰ ਪੰਜਾਬੀ ਦੀ ਵੱਖਰੀ ਉਪਭਾਸ਼ਾ ਮੰਨਣ ਲਈ ਤਿਆਰ ਨਹੀ ਸਗੋਂ ਕੇਂਦਰੀ ਪੰਜਾਬੀ ਜਾਂ ਫਿਰ ਮਲਵਈ ਭਾਸ਼ਾ ਦਾ ਹੀ ਇਕ ਰੂਪ ਮੰਨ ਲੈਂਦੇ ਹਨ। ਡਾ. ਹਰਕੀਰਤ ਲਿਖਦਾ ਹੈ, "ਪੁਆਧੀ ਮਲਵਈ ਨਾਲੋਂ ਵਧੇਰੇ ਵੱਖਰੀ ਨਹੀ ਸਿਰਫ ਇਸ ਵਿਚ ਪੱਛਮੀ ਬਾਂਗਰੂ ਦਾ ਕੁੱਝ ਰਲਾ ਹੈ। ਪਰ ਅਜਿਹਾ ਕੱਲਾ ਸ਼ਬਦਾਵਲੀ ਤੱਕ ਹੀ ਸੀਮਿਤ ਹੈ,ਵਿਆਕਰਣ ਮਲਵਈ ਵਾਲਾ ਹੈ।"(ਭਾਸ਼ਾ ਵਿਗਿਆਨ ਤੇ ਪੰਜਾਬੀ ਭਾਸ਼ਾ)

ਇਹ ਗੱਲ ਅੱਜ ਵੀ ਉਨੀ ਮਹੱਤਵਪੂਰਨ ਹੈ ਜਿੰਨੀ ਪਹਿਲਾਂ ਸੀ ਕਿ ਭਾਸ਼ਾਈ ਆਧਾਰ ਉਤੇ ਅਸੀ ਦੋ ਸੂਬਿਆਂ ਜਾਂ ਦੋ ਉਪਭਾਸਾਈ ਖੇਤਰਾਂ ਵਿਚਕਾਰ ਕੋਈ ਇਕ ਪੱਕੀ ਲਕੀਰ ਜਾਂ ਰੇਖਾ ਨਹੀ ਖਿੱਚ ਸਕਦੇ ਜਿਸਦੇ ਆਧਾਰ 'ਤੇ ਇਹ ਕਿਹਾ ਜਾਵੇ ਕਿ ਇਸ ਲਕੀਰ ਜਾਂ ਰੇਖਾ ਤੋਂ ਅਗਾਂਹ ਇਕਦਮ ਦੂਜੀ ਭਾਸਾ ਦਾ ਖੇਤਰ ਸੁਰੂ ਹੋ ਜਾਵੇਗਾ। ਖਾਸ ਕਰਕੇ ਜਦੋਂ ਇਕ ਭਾਸ਼ਾ ਦੇ ਅੱਗੇ ਉਪਭਾਸ਼ਾਈ ਖੇਤਰਾਂ ਦੀ ਵੰਡ ਕਰਨੀ ਹੋਵੇ ਤਾਂ ਇਹ ਕੰਮ ਹੋਰ ਵੀ ਮੁਸਕਿਲ ਹੋ ਜਾਂਦਾ ਹੈ। ਅਜਿਹੇ ਹੀ ਕਾਰਨਾਂ ਕਰਕੇ ਮਾਲਵੇ ਦੀ ਪੁਆਧ ਨੂੰ ਲਗਦੀ ਪੂਰਬੀ ਹੱਦ ਨਿਸਚਿਤ ਕਰਨ ਲੱਗਿਆਂ ਡਾ. ਨਾਹਰ ਸਿੰਘ ਆਪਣੇ ਵਿਚਾਰ ਪ੍ਰਗਟ ਕਰਦਿਆਂ ਲਿਖਦਾ ਹੈ, "ਮਲਵਈ ਦੇ ਪੂਰਬੀ ਹੱਦ ਨਿਸ਼ਚਿਤ ਕਰਨ ਵਾਲਾ ਕੋਈ ਭੂਗੋਲਿਕ, ਰਾਜਨੀਤਕ ਤੇ ਸਭਿਆਚਾਰਕ ਆਧਾਰ ਨਹੀ ਹੈ ਪਰ ਇਹ ਤੱਥ ਸਵੈ ਸਿੱਧ ਹੈ ਕਿ ਜਿਹੜੀ ਪੁਆਧ ਦੀ ਦੱਖਣੀ ਪੱਛਮੀ ਹੱਦ ਹੈ ਉਹ ਹੀ ਮਲਵਈ ਦੀ ਉਤਰੀ-ਪੂਰਬੀ ਸੀਮਾ ਬਣਦੀ ਹੈ। ਪਰ ਇਕੋ ਭਾਸ਼ਾ ਦੇ ਉਪਭਾਸ਼ਾਈ ਖੇਤਰਾਂ ਦਾ ਨਿਖੇੜਾ ਲਾਲ ਲਕੀਰ ਖਿੱਚ ਕੇ ਕਰਨਾ ਨਾ ਤੇ ਸੰਭਵ ਹੈ ਅਤੇ ਨਾ ਹੀ ਵਿਗਿਆਨਕ ਦ੍ਰਿਸ਼ਟੀ ਤੋਂ ਉਚਿਤ ਹੈ। ਜਿਥੇ ਪੁਆਧੀ ਅਤੇ ਮਲਵਈ ਉਪਭਾਸ਼ਾਵਾਂ ਦੀਆਂ ਹੱਦਾਂ ਮਿਲਦੀਆਂ ਹਨ ਉਹ ਦੋਵਾਂ ਦੀ ਸਾਂਝੀ ਪੱਟੀ ਹੈ ਇਸ ਪੱਟੀ ਵਿਚ ਜ਼ਿਲ੍ਹਾ ਪਟਿਆਲਾ ਦਾ ਸਾਰਾ ਹਲਕਾ, ਲੁਧਿਆਣੇ ਦਾ ਪੂਰਬੀ ਭਾਗ ਤੇ ਰੋਪੜ ਤਹਿਸੀਲ ਚਮਕੌਰ ਸਾਹਿਬ ਸ਼ਾਮਲ ਹਨ।"

ਜਿਸ ਸਾਂਝੀ ਪੱਟੀ ਦੀ ਗੱਲ ਡਾ. ਨਾਹਰ ਸਿੰਘ ਕਰਦਾ ਹੈ ਉਹ ਹਰ ਭਾਸ਼ਾ ਤੇ ਉਪਭਾਸ਼ਾ ਵਿਚ ਮਿਲੇਗੀ ਕਿਉਂਕਿ ਦੋ ਭਾਸ਼ਾਵਾਂ ਨੂੰ ਬੋਲਣ ਵਾਲੇ ਲੋਕ ਆਪਣੇ ਕੇਂਦਰੀ

ਭਾਗ ਤੋਂ ਜਿਉਂ-ਜਿਉਂ ਇਕ ਦੂਜੇ ਦੇ ਖੇਤਰਾਂ ਵੱਲ ਨੂੰ ਵੱਧਦੇ ਜਾਣਗੇ ਤਾਂ ਦੂਜੀਆਂ ਭਾਸ਼ਾਵਾਂ ਦਾ ਪ੍ਰਭਾਵ ਸਹਿਜੇ ਹੀ ਪੈਣਾ ਸ਼ੁਰੂ ਹੋ ਜਾਂਦਾ ਹੈ। ਇਹ ਇਨ੍ਹਾਂ ਲੋਕਾਂ ਦੀ ਮਜਬੂਰੀ ਸਮਝੋ ਜਾਂ ਲੋੜ ਭਾਸ਼ਾਈ ਆਧਾਰ ਤੇ ਇਕ ਦੂਜੇ ਦੀ ਭਾਸ਼ਾ 'ਚੋਂ ਸ਼ਬਦਾਂ ਦਾ ਆਦਾਨ-ਪ੍ਰਦਾਨ ਜਾਂ ਲੈਣ-ਦੇਣ ਸ਼ੁਰੂ ਕਰ ਦਿੰਦੇ ਹਨ। ਇਸ ਸਾਂਝੀ ਪੱਟੀ ਦੇ ਲੋਕਾਂ ਦੀ ਇਕ ਇਹੋ ਜਿਹੀ ਸਾਂਝੀ ਪੱਟੀ ਬਣ ਜਾਂਦੀ ਹੈ ਜਿਥੇ ਭਾਵੇਂ ਸਪੱਸ਼ਟ ਰੂਪ ਵਿਚ ਕੋਈ ਨਵੀਂ ਜਾਂ ਵੱਖਰੀ ਉਪਭਾਸ਼ਾ ਤਾਂ ਹੋਂਦ ਵਿਚ ਨਹੀ ਆਉਂਦੀ ਪਰ ਇਸ ਪੱਟੀ ਵਿਚ ਇਕ ਮਿਲਗੋਭਾ ਤੇ ਰਲਵੀਂ ਮਿਲਵੀਂ ਜਿਹੀ ਭਾਸ਼ਾ ਬੋਲੀ ਜਾਂਦੀ ਹੈ। ਇਥੇ ਸ਼ਬਦਾਵਲੀ ਪੱਖੋਂ ਵੀ ਭਾਵੇਂ ਕੁਝ ਸ਼ਬਦ ਆਪਣਾ ਰੂਪ ਵਟਾ ਲੈਂਦੇ ਹਨ ਪਰੰਤੂ ਮੂਲ ਰੂਪ ਵਿਚ ਉਹ ਆਪਣੇ ਖੇਤਰ ਦੀ ਭਾਸ਼ਾ ਨਾਲ ਹੀ ਜੁੜੇ ਹੁੰਦੇ ਹਨ। ਇਸੇ ਤਰ੍ਹਾਂ ਇਸ ਪੱਟੀ ਵਿਚ ਵਸਦੇ ਲੋਕ ਇਕ ਦੂਜੇ ਦੇ ਸਭਿਆਚਾਰਾਂ ਵਿਚ ਮਨਾਏ ਜਾਂਦੇ ਦਿਨ-ਤਿਉਹਾਰ, ਮੇਲੇ ਜਾਂ ਹੋਰ ਕਈ ਰਸਮਾਂ-ਰੀਤਾਂ ਵਿਚ ਸ਼ਾਮਲ ਹੁੰਦੇ ਹਨ। ਕਈ ਵਾਰ ਆਪ ਵੀ ਮਨਾਉਣ ਲਗ ਪੈਂਦੇ ਹਨ ਪਰੰਤੂ ਉਨ੍ਹਾਂ ਦਾ ਮਨਾਉਣ ਦਾ ਢੰਗ ਜਾਂ ਫਿਰ ਰਸਮਾਂ ਰੀਤਾਂ ਨੂੰ ਨਿਭਾਉਣ ਦਾ ਤਰੀਕਾ ਆਪਣੇ ਸਭਿਆਚਾਰ ਅਨੁਸਾਰ ਹੋ ਜਾਂਦਾ ਹੈ। ਇਸ ਸਭ ਲਈ ਪ੍ਰਗਟਾਅ ਮਾਧਿਅਮ ਉਨ੍ਹਾਂ ਦੀ ਆਪਣੀ ਭਾਸ਼ਾ ਹੁੰਦੀ ਹੈ।

ਪੁਆਧੀ ਉਪਭਾਸ਼ਾ ਦੀ ਵੱਖਰੀ ਪਛਾਣ ਜਾਂ ਵਿਆਕਰਣ ਬਾਰੇ ਪਹਿਲਾਂ ਪਹਿਲ ਬਹੁਤੇ ਵਿਦਵਾਨਾਂ ਨੇ ਡਾ. ਗ੍ਰਿਅਰਸਨ ਮੁਤਾਬਕ ਹੀ ਲਿਖਿਆ ਹੈ ਪਰ ਬਾਅਦ ਵਿਚ ਕੁਝ ਕੰਮ ਹੋਇਆ ਜਿਸ ਨਾਲ ਪੁਆਧੀ ਪੰਜਾਬੀ ਦੀ ਇਕ ਵੱਖਰੀ ਉਪਭਾਸ਼ਾ ਵਜੋਂ ਪਹਿਚਾਣ ਬਣਾ ਸਕੀ। ਭਾਸ਼ਾ ਵਿਭਾਗ ਪੰਜਾਬ ਵਲੋਂ ਪੁਆਧੀ ਸ਼ਬਦ ਕੋਸ਼ ਤਿਆਰ ਕਰਵਾਇਆ ਗਿਆ। ਕਿਸੇ ਵੀ ਭਾਸ਼ਾ ਦਾ ਸ਼ਬਦ ਕੋਸ਼ ਲਿਖਿਆ ਜਾਣਾ ਇਕ ਵੱਡੀ ਪ੍ਰਾਪਤੀ ਹੁੰਦੀ ਹੈ। ਇਸ ਤੋਂ ਇਲਾਵਾ ਡਾ. ਬਲਬੀਰ ਸਿੰਘ ਸੰਧੂ ਦਾ ਪੀ. ਐਚ. ਡੀ. ਦਾ ਥੀਸਿਸ (A descriptive Grammer of Puadhi Language) 'ਏ ਡਿਸਕਰੀਪਟਿਵ ਗਰਾਮਰ ਆਫ ਪੁਆਧੀ ਲੈਂਗੂਏਜ' ਬਹੁਤ ਮਹੱਤਵ ਪੂਰਣ ਖੋਜ ਕਾਰਜ ਹੈ। ਭਾਸ਼ਾ ਵਿਗਿਆਨਕ ਦ੍ਰਿਸ਼ਟੀ ਤੋਂ ਕੀਤੀ ਗਈ ਇਹ ਖੋਜ ਪੁਆਧੀ ਭਾਸ਼ਾ ਅਤੇ ਉਸ ਦੀਆਂ ਵਿਸ਼ੇਸ਼ਤਾਵਾਂ ਤੋਂ ਜਾਣੂ ਕਰਵਾਉਂਦੀ ਹੈ। ਪੁਆਧੀ ਭਾਸ਼ਾ ਤੇ ਸਾਹਿਤ ਬਾਰੇ ਨਿੱਕੇ ਮੋਟੇ ਰੂਪ ਵਿਚ ਖੋਜ-ਕਾਰਜ ਤੇ ਰਚਨਾਤਮਕ ਕਾਰਜ ਨਾਲੋ ਨਾਲ ਚਲ ਰਿਹਾ ਹੈ। 'ਪੁਆਧੀ ਪੰਜਾਬੀ ਸੱਥ' ਮੁਹਾਲੀ ਦੁਆਰਾ ਪੁਆਧ ਅਤੇ ਪੁਆਧੀ ਸਭਿਆਚਾਰ ਦੀ ਵੱਖਰੀ ਪਛਾਣ ਲਈ ਕੀਤਾ ਜਾ ਰਿਹਾ ਕੰਮ ਇਕ ਸ਼ਲਾਘਾਯੋਗ ਕਦਮ ਹੈ।

ਅਸੀਂ ਪਹਿਲਾਂ ਹੀ ਘੱਗਰਵਾਦੀ ਨੂੰ ਪੁਆਧ ਦਾ ਧੁਰਾ ਮੰਨ ਚੁਕੇ ਹਾਂ ਅਤੇ ਇਸ ਇਲਾਕੇ ਵਿਚ ਬੋਲੀ ਜਾਂਦੀ ਭਾਸ਼ਾ ਠੇਠ ਪੁਆਧੀ ਹੈ। ਕੋਈ ਵੀ ਭਾਸ਼ਾ ਆਪਣੀਆਂ ਵਿਆਕਰਣਕ ਵਿਸ਼ੇਸ਼ਤਾਈਆਂ ਅਤੇ ਉਚਾਰਨ ਢੰਗ ਕਰਕੇ ਹੀ ਵੱਖਰੀ ਹੋਂਦ ਸਥਾਪਤ ਕਰਦੀ ਹੈ। ਪੁਆਧੀ ਦੀਆਂ ਆਪਣੀਆਂ ਵੱਖਰੀਆਂ ਵਿਸ਼ੇਸ਼ਤਾਵਾਂ ਵੀ ਹਨ ਅਤੇ ਇਸ ਨੂੰ ਬੋਲਣ ਦਾ ਢੰਗ (ਲਹਿਜਾ) ਵੀ ਨਾਲ ਲਗਦੀਆਂ ਭਾਸ਼ਾਵਾਂ ਤੋਂ ਵੱਖਰਾ ਹੈ। ਡਾ. ਬਲਬੀਰ ਸਿੰਘ ਸੰਧੂ ਦੁਆਰਾ ਦਿੱਤੀ ਗਈ ਇਕ ਉਦਾਹਰਣ ਠੇਠ ਪੁਆਧੀ ਦੀ ਮਿਸਾਲ ਵਜੋਂ ਪੇਸ਼ ਹੈ:–

"ਮ੍ਹਾਰੇ ਗੌਂ ਮਾ ਏਕ ਮੋਤੀ ਬੁੜ੍ਹਾ ਰਹਾ। ਐ ਗੌਂ ਕੇ ਸਾਰੇ ਲੋਕਾਂ ਨੂੰ ਪਿਆਰਾ ਲਗਾ। ਉਸਕੇ ਪਿਆਰੇ ਲਗਣੇ ਕਾ ਕਾਰਨ ਉਸਕਾ ਕੰਮ ਐ। ਜਿਸ ਕਿਸੇ ਨੂੰ ਕੋਈ



ਕੀੜੇ ਤੇ ਚੀਜ ਮੰਗੌਣੀ ਹੋਆ ਐ ਮੋਤੀ ਬੁੜ੍ਹੇ ਨੂੰ ਕਹਾ। ਮੋਤੀ ਕਾ ਬੀ ਇਯੋ ਧਰਮ ਐ ਕਿ ਜਦ ਤਕ ਐ ਚੀਜ ਲੇ ਕੇ ਨੀ ਦਿੰਦਾ ਉਸਨੂੰ ਚੈਨ ਨੀ ਪੈਂਦੀ।" (ਪਰਖ, 1968)

ਇਹ ਠੀਕ ਹੈ ਕਿ ਕੋਈ ਵੀ ਭਾਸ਼ਾ ਜਾਂ ਉਪਭਾਸ਼ਾ ਆਪਣੀ ਉਚਾਰਣ ਤੇ ਵਿਆਕਰਣਕ ਭਿੰਨਤਾ ਕਰਕੇ ਹੀ ਆਪਣੀ ਵੱਖਰੀ ਹੋਂਦ ਸਥਾਪਿਤ ਕਰਦੀ ਹੈ ਪਰੰਤੂ ਉਹ ਆਪਣੀ ਮੂਲ ਭਾਸ਼ਾ ਨਾਲ ਜੁੜੀ ਹੁੰਦੀ ਹੈ। ਪੁਆਧੀ ਉਪਭਾਸ਼ਾ ਵੀ ਨਾਲ ਬੋਲੀਆਂ ਜਾਂਦੀਆਂ ਭਾਸ਼ਾਵਾਂ ਦਾ ਪ੍ਰਭਾਵ ਜਰੂਰ ਕਬੂਲਦੀ ਹੈ ਪਰੰਤੂ ਵਿਆਕਰਣਕ ਦ੍ਰਿਸ਼ਟੀ ਤੋਂ ਇਹ ਪੰਜਾਬੀ ਭਾਸ਼ਾ ਨੂੰ ਹੀ ਅਪਣਾਉਂਦੀ ਹੈ।

ਡਾ. ਬਲਬੀਰ ਸਿੰਘ ਸੰਧੂ ਨੇ ਪੁਆਧੀ ਦੀਆਂ 24 ਵਿਅੰਜਨ ਧੁਨੀਆਂ ਅਤੇ ਦਸ ਸੁਰ ਧੁਨੀਆਂ ਦੱਸੀਆਂ ਹਨ। ਉਹ ਮਹਾਂਪ੍ਰਾਣ ਸੰਘੋਸ਼ ਧੁਨੀਆਂ/ਘ/ਝ/ਧ/ਢ/ਭ ਨੂੰ ਨਹੀਂ ਗਿਣਦਾ ਸਗੋਂ ਇਸਦੀਆਂ ਉਤਰਦੀਆਂ ਸੁਰਾਂ /ਕ/ਚ/ਤ/ਟ/ਪ/ ਮੰਨਦਾ ਹੈ। ਪੁਆਧ ਦੇ ਕੁਝ ਪੂਰਬੀ ਹਿੱਸੇ ਵਿਚ ਇਹ ਸ਼ਬਦ ਦੇ ਸ਼ੁਰੂ ਵਿਚ /ਗ੍ਹ/ਜ੍ਹ/ਦ੍ਹ/ਡ੍ਹ/ਬ੍ਹ/ ਕਰਕੇ ਉਚਾਰੀਆਂ ਜਾਂਦੀਆਂ ਹਨ। ਜਿਵੇਂ ਘਰ-ਗ੍ਹਰ, ਝੋਲਾ- ਜ੍ਹੋਲਾ, ਧੋਬੀ-ਦ੍ਹੋਬੀ ਢੋਲੀ-ਡ੍ਹੋਲੀ, ਅਤੇ ਭੋਲਾ-ਬ੍ਹੋਲਾ ਆਦਿ।

ਅਨੁਨਾਸਕ ਧੁਨੀਆਂ ਙ/ਞ/ਣ/ਨ/ਮ/ ਵਿਚ ਪਹਿਲੀਆਂ ਦੋਵੇਂ /ਙ/ ਅਤੇ /ਞ/ ਦਾ ਉਚਾਰਣ ਪੁਆਧੀ ਵਿਚ ਨਹੀ ਮਿਲਦਾ ਇਹ ਤਾਂ ਹੁਣ ਪੰਜਾਬੀ ਵਿਚੋਂ ਵੀ ਅਲੋਪ ਹੋ ਰਹੀਆਂ ਹਨ। ਪੰਜਾਬੀ ਦੀਆਂ ਅਰਬੀ ਫਾਰਸੀ ਵਿਚੋਂ ਆਈਆਂ /ਸ਼/ਖ਼/ਗ਼/ਜ਼/ਫ਼/ ਧੁਨੀਆਂ ਵਿਚ /ਸ/ ਧੁਨੀ ਦਾ ਉਚਾਰਨ ਕਈਆਂ ਥਾਵਾਂ ਤੇ /ਸ/ ਹੀ ਰਹਿੰਦਾ ਹੈ ਜਿਵੇਂ ਸ਼ੇਰ-ਸੇਰ, ਸ਼ਬਦ-ਸਬਦ, ਸ਼ਤਾਬਦੀ-ਐਕਸ੍ਰਪਰੈਸ-ਸਤਾਬਦੀ-ਐਕਸਪਰੈਸ। /ਲ/ਅਤੇ/ ਲ਼/ ਦੋਵੇਂ ਉਚਾਰੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਕੁਝ ਪੁਆਧੀ ਧੁਨੀਆਂ ਦਾ ਦੂਜੀਆਂ ਧੁਨੀਆਂ ਵਿਚ ਬਦਲ ਜਾਣਾ ਜਾਂ ਅਲੋਪ ਹੋ ਜਾਣਾ ਇਹ ਸਭ ਸਥਾਨਕ ਵਿਸ਼ੇਸ਼ਤਾਵਾਂ ਕਰਕੇ ਹੀ ਹੈ। ਜਿਵੇਂ /ਵ/ ਦਾ /ਬ/ ਤੇ /ਮ/, /ਸ਼/ ਦਾ /ਸ/ ਤੇ /ਛ/, /ਡ/, /ਢ/ ਦਾ /ੜ/ ਅਤੇ /ਹ/ ਦਾ /ਅ/ ਵਿਚ ਬਦਲ ਜਾਣਾ। ਜਿਵੇਂ ਵਿਆਹ-ਬਿਆਹ, ਵੈਰ-ਬੈਰ, ਤੀਵੀਂ–ਤੀਮੀ, ਸ਼ੌਕ-ਛੌਕ, ਕਢਾਈ–ਕੜ੍ਹਾਈ, ਵਡਭਾਗ-ਬੜਭਾਗ ਹਲਵਾਈ–ਅਲ੍ਹਵਾਈ, ਹਮਸ਼ਕਲ-ਅਮ੍ਹਸਕਲ ਤੇ ਕਈ ਵਾਰ /ਅ/ ਧੁਨੀ ਅਲੋਪ ਹੀ ਹੋ ਜਾਂਦੀ ਹੈ ਜਿਵੇਂ ਅਨਾਜ–ਨਾਜ, ਅਖੰਡਪਾਠ–ਖੰਡਪਾਠ ਅਤੇ ਅਲਮਾਰੀ–ਲਮਾਰੀ ਆਦਿ।

ਪੁਆਧੀ ਭਾਸ਼ਾ ਵਿਚ ਬੋਲੇ ਜਾਂਦੇ ਪੜ੍ਹਨਾਂਵ ਪੰਜਾਬੀ ਦੀਆਂ ਦੂਜੀਆਂ ਭਾਸ਼ਾਵਾਂ ਤੋਂ ਵੱਖਰੇ ਹਨ। ਜੇ ਇਹ ਕਹਿ ਲਿਆ ਜਾਵੇ ਕਿ ਪੁਆਧੀ ਵਿਚ ਵਰਤੇ ਗਏ ਪੜ੍ਹਨਾਂਵ ਇਸਦੀ ਵੱਖਰੀ ਪਛਾਣ ਲਈ ਇਕ ਮਹੱਤਵਪੂਰਣ ਰੋਲ ਅਦਾ ਕਰਦੇ ਹਨ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਪੁਆਧ ਦੇ ਪੂਰਬੀ ਤੇ ਪੱਛਮੀ ਭਾਗਾਂ ਵਿਚ ਬੋਲੇ ਜਾਂਦੇ ਪੜ੍ਹਨਾਵਾਂ ਵਿਚ ਵੀ ਭਾਵੇਂ ਥੋੜ੍ਹਾ ਫਰਕ ਮਿਲਦਾ ਹੈ ਪਰੰਤੂ ਬਹੁਤਾ ਕਰਕੇ ਇਕੋ ਤਰ੍ਹਾਂ ਦੇ ਹੀ ਬੋਲੇ ਜਾਂਦੇ ਹਨ। ਇਸਦਾ ਕਾਰਨ ਪੱਛਮ ਵੱਲ ਨੂੰ ਵਧਦੇ ਹੋਏ ਕੇਂਦਰੀ ਪੰਜਾਬੀ ਦਾ ਪ੍ਰਭਾਵ ਵਧਦਾ ਚਲਿਆ ਜਾਂਦਾ ਹੈ ਪੂਰਬ ਵਿਚ ਹਿੰਦੁਸਤਾਨੀ ਤੇ ਹਰਿਆਣਵੀ ਉਪਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ, ਜਿਵੇਂ:–

| ਪੂਰਬੀ ਪੁਆਧੀ | ਪੱਛਮੀ ਪੁਆਧੀ |
|---|---|
| ਮ੍ਹਾਰਾ– ਬ੍ਹਾਰਾ | ਸਾੜਾ– ਬੁਆੜਾ |

| | |
|---|---|
| ਕੋਣਸਾ, ਜੈਣਸਾ | ਕਿੜਾਹ–ਜਿੜਾਹ |

ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਪੰਜਾਬੀ ਦੇ ਟਕਸਾਲੀ ਪੜਨਾਂਵ /ਤੁਹਾਡਾ/ ਦਾ ਪੰਜਾਬ ਦੇ ਭਿੰਨ-ਭਿੰਨ ਖਿੱਤਿਆਂ ਵਿਚ ਵੱਖੋ-ਵੱਖ ਉਚਾਰਨ ਕਰਕੇ ਆਈ ਭਿੰਨਤਾ ਨੂੰ ਧਿਆਨ ਵਿਚ ਰੱਖਦੇ ਹੋਏ ਲਿਖਿਆ ਹੈ ਕਿ, ''ਪੰਜਾਬੀ ਦੀਆਂ ਉਪਭਾਸਾਵਾਂ ਵਿਚ ਪੜਨਾਂਵ /ਤੁਹਾਡਾ/ ਦਾ ਕਈ ਤਰ੍ਹਾਂ ਨਾਲ ਉਚਾਰਨ ਹੈ ਅਤੇ ਧੁਨੀਗ੍ਰਾਮਕ (Phonimically) ਦ੍ਰਿਸਟੀ ਤੋਂ ਫਰਕ ਪੈਂਦਾ ਹੈ। ਉਚਾਰਨ ਅਤੇ ਪ੍ਰਯੋਗ ਦੇ ਪੱਖ ਤੋਂ ਉਪ-ਭਾਸਾਵਾਰ, ਅਧੀਨ ਉਪ-ਭਾਸਾਵਾਰ (Sub dialectwise) ਅਤੇ ਭੂਗੋਲਿਕ ਵੰਡ ਅਨੁਸਾਰ ਇਸ /ਤੁਹਾਡਾ/ ਦੇ ਕਈ ਰੂਪ ਅੰਕਿਤ ਕੀਤੇ ਜਾ ਸਕਦੇ ਹਨ ਅਤੇ ਭਾਸਾ ਰੇਖਾਵਾਂ (Isoglasses) ਉਲੀਕੀਆਂ ਜਾ ਸਕਦੀਆਂ ਹਨ Isoglasses ਤਿਆਰ ਕਰਨ ਲਈ ਭੂਗੋਲਿਕ ਸਰਵੇਖਣ ਦੀ ਲੋੜ ਹੈ ਜੋ (field Work) ਹੈ ਤਾਂ ਵੀ ਗੈਰ ਤਕਨੀਕੀ ਤੌਰ ਤੇ /ਤੁਹਾਡਾ/ ਦੀਆਂ ਹੇਠ ਲਿਖੇ ਅਨੁਸਾਰ ਰੂਪ ਭਿੰਨਤਾਵਾਂ ਪੇਸ਼ ਹਨ:–

| | | |
|---|---|---|
| ਸਟੈਂਡਰਡ ਪੰਜਾਬੀ | – | ਤੁਹਾਡਾ |
| ਟਕਸਾਲੀ ਪੰਜਾਬੀ | – | ਥੋਡਾ |
| ਉਤਾੜ ਮਲਵਈ | – | ਸੋਡਾ |
| ਹਿਠਾੜ ਮਲਵਈ | – | ਠੋਡਾ |
| ਅੰਮ੍ਰਿਤਸਰੀ ਮਾਝੀ | – | ਤਿਹਾਡਾ |
| ਪੋਡੂ ਮਾਝੀ | – | ਧਿਆਡਾ |
| ਲਾਹੌਰੀ ਮਾਝੀ | – | ਤੁਹਾਡਾ |
| ਪੁਆਧੀ | – | ਥ੍ਹਾਰਾ |
| ਪਟਿਆਲਵੀ ਪੁਆਧੀ | – | ਤੁਹਾਰਾ |

ਪੁਆਧੀ ਵਿਚ ਬੋਲੇ ਜਾਂਦੇ ਕੁਝ ਮਹੱਤਵਪੂਰਨ ਪੜਨਾਂਵ ਹੇਠ ਲਿਖੇ ਅਨੁਸਾਰ ਹਨ:-

| ਪੰਜਾਬੀ | ਪੁਆਧੀ |
|---|---|
| ਮੈਂ | ਮੈਂ |
| ਤੂੰ | ਤੈਂ |
| ਮੈਨੂੰ | ਮ੍ਹਾਨੂੰ, ਮਨੂੰ |
| ਤੁਹਾਨੂੰ, ਤੈਨੂੰ | ਥ੍ਹਾਨੂੰ, ਤਨੂੰ |
| ਮੈਥੋਂ, ਸਾਥੋਂ | ਮੇਤੇ, ਮ੍ਹਾਤੇ |
| ਤੈਥੋਂ, ਤੁਹਾਥੋਂ | ਤੇਤੇ, ਥ੍ਹਾਤੇ |
| ਅਸੀ | ਅ੍ਹਮ, ਹਮ |
| ਤੁਸੀ | ਥੁਮ |
| ਉਹ | ਔ |
| ਇਹ | ਯੋ, ਇਯੋ |
| ਸਾਡਾ | ਮ੍ਹਾਰਾ, ਸਾੜਾ |



| | |
|---|---|
| ਤੁਹਾਡਾ | ਥ੍ਹਾਰਾ, ਥੁਆੜਾ |
| ਇਸਦਾ | ਇਸਕਾ, ਇਦਾਹ |
| ਉਸਦਾ | ਉਸਕਾ, ਉਦਾਹ |
| ਜਿਸਦਾ | ਜਿਸਕਾ, ਜਿਦਾਹ |
| ਕਿਸਦਾ | ਕਿਸਕਾ, ਕਿਦਾਹ |
| ਕਿਹੜਾ | ਕੇੜਾਹ, ਕੋਣਸਾ |
| ਜਿਹੜਾ | ਜੇੜਾਹ, ਜੈਣਸਾ |

ਪੁਆਧੀ ਵਿਚ ਵਰਤੇ ਗਏ ਵਿਸੇਸਣ ਭਾਵੇਂ ਲਿੰਗ ਵਚਨ ਤੋਂ ਪ੍ਰਭਾਵਿਤ ਜਰੂਰ ਹੁੰਦੇ ਹਨ ਪਰੰਤੂ ਆਮ ਤੌਰ ਤੇ ਨਾਵਾਂ ਪੜਨਾਵਾਂ ਦੇ ਗੁਣਾਂ ਲੱਛਣਾਂ ਨੂੰ ਵਿਅਕਤ ਕਰਕੇ ਜੋ ਵਿਸੇਸਣ ਪੰਜਾਬੀ ਵਿਚ ਵਰਤੇ ਜਾਂਦੇ ਹਨ ਉਹੀ ਪੁਆਧੀ ਵਿਚ ਵੀ ਮਿਲਦੇ ਹਨ। ਗਿਣਤੀਵਾਚਕ ਵਿਸੇਸਣਾਂ ਵਿਚ ਵੱਖਰਤਾ ਜਰੂਰ ਮਿਲਦੀ ਹੈ, ਜਿਵੇਂ:–

| ਪੰਜਾਬੀ | | ਪੁਆਧੀ |
|---|---|---|
| ਇਕ | – | ਏਕਾ |
| ਪਹਿਲਾ | – | ਪਹਿਲਾ |
| ਦੂਜਾ | – | ਦੂਆ, ਦੂਸਰਾ |
| ਤੀਜਾ | – | ਤੀਆ, ਤੀਸਰਾ |
| ਪੰਜਵਾਂ | – | ਪਾਂਚਮਾ |
| ਸੱਤਵਾਂ | – | ਸਾਤਮਾ |

ਪਿੰਡਾਂ ਵਿਚ ਗਿਣਤੀ ਕਰਦਿਆਂ ਖਾਸ ਕਰਕੇ ਅਨਾਜ ਜਾਂ ਕੋਈ ਹੋਰ ਵਸਤੂ ਤੋਲਦਿਆਂ ਪਹਿਲੇ ਦੀ ਥਾਂ ਤੇ 'ਬਰਕਤਾ' ਜਾਂ 'ਰਾਮਾ', ਤੀਜਾ, ਤੀਆ ਦੀ ਥਾਂ ਤੇ 'ਬਹੁਤਾ' ਆਦਿ ਬੋਲਿਆ ਜਾਂਦਾ ਹੈ। ਇਹ ਪੁਆਧ ਵਿਚ ਧਾਰਮਕ ਵਿਸਵਾਸਾਂ ਕਰਕੇ ਹੈ ਕਿਉਂਕਿ /'ਤਿੰਨ'/ ਦੀ ਗਿਣਤੀ ਨੂੰ ਲੋਕ ਵਿਸਵਾਸ ਅਨੁਸਾਰ ਚੰਗਾ ਨਹੀ ਸਮਝਿਆ ਜਾਂਦਾ ਹੈ। ਪਹਿਲੇ ਨੂੰ 'ਬਰਕਤ' ਜਾਂ 'ਰਾਮ' ਇਸ ਲਈ ਕਿਹਾ ਜਾਂਦਾ ਹੈ ਕਿ ਤਾਂ ਜੋ ਜਿਣਸ ਵਿਚ ਵਾਧਾ/ਬਰਕਤ ਹੋਵੇ।

## ਕਿਰਿਆ ਵਿਸ਼ੇਸ਼ਣ

ਪੁਆਧੀ ਦੇ ਕਿਰਿਆ ਵਿਸ਼ੇਸ਼ਣਾਂ ਉਤੇ ਨਾਲ ਲਗਦੀਆਂ ਭਾਸ਼ਾਵਾਂ ਦਾ ਪ੍ਰਭਾਵ ਹੈ ਇਸ ਕਰਕੇ ਪੁਆਧ ਦੇ ਪੂਰਬੀ ਅਤੇ ਪੱਛਮੀ ਹਿੱਸੇ ਵਿਚ ਵਰਤੇ ਜਾਂਦੇ ਕਿਰਿਆ ਵਿਸ਼ੇਸ਼ਣਾਂ ਵਿਚ ਵੀ ਅੰਤਰ ਮਿਲਦਾ ਹੈ।ਵਿਦਵਾਨਾਂ ਨੇ ਵਿਆਕਰਣ ਦੇ ਨਿਯਮਾਂ ਅਨੁਸਾਰ ਕਿਰਿਆ ਵਿਸ਼ੇਸ਼ਣਾਂ ਦੇ ਮੁੱਖ ਰੂਪ ਵਿਚ ਚਾਰ ਉਪਭੇਦ ਮੰਨੇ ਹਨ–ਕਾਲ ਵਾਚੀ, ਸਥਾਨ ਵਾਚੀ,ਦਿਸ਼ਾ ਵਾਚੀ ਅਤੇ ਰੀਤ ਵਾਚੀ ਕਿਰਿਆ ਵਿਸ਼ੇਸ਼ਣ।''

**ਕਾਲ ਵਾਚੀ ਕਿਰਿਆ ਵਿਸ਼ੇਸ਼ਣ :–**

ਇਬ, ਇਬੀ, ਇਬਕਾ (ਇਬਕੇ, ਐਤਕਾਂ) ਜਦ, ਕਦ, ਆਜ, ਕਲ, ਪਰਸੋਂ, ਚੋਥਾ (ਤੀਜੇ ਦਿਨ ਨੂੰ) ਪਰ, ਪਰਾਰ, ਪਰਕਾ (ਸਾਲ ਬਾਰੇ)

**ਸਥਾਨਵਾਚੀ ਕਿਰਿਆ ਵਿਸ਼ੇਸ਼ਣ :—**

| ਪੱਛਮੀ ਪੁਆਧੀ | ਪੂਰਬੀ ਪੁਆਧੀ |
|---|---|
| ਇੱਥਾ, ਕਿੱਥਾ, ਉਥਾ, ਜਿੱਥਾ | ਓਰਾ, ਕਹਾਂ, ਮਹਾਂ, ਜਹਾਂ |

**ਦਿਸ਼ਾਵਾਚੀ ਕਿਰਿਆ ਵਿਸ਼ੇਸ਼ਣ :—**

| ਪੱਛਮੀ ਪੁਆਧੀ | ਪੂਰਬੀ ਪੁਆਧੀ |
|---|---|
| ਇੱਧਰ, ਕਿੱਧਰ, ਉਧਰ, ਜਿੱਧਰ | ਇੰਨ੍ਹੈਂ, ਕਿਨ੍ਹੈਂ, ਉਨ੍ਹੈਂ, ਜਿਨ੍ਹੈਂ |

**ਰੀਤ ਵਾਚੀ ਕਿਰਿਆ ਵਿਸ਼ੇਸ਼ਣ :—**

| ਪੱਛਮੀ ਪੁਆਧੀ | ਪੂਰਬੀ ਪੁਆਧੀ |
|---|---|
| ਇਸ ਤਰ੍ਹਾਂ, ਕਿਸ ਤਰ੍ਹਾਂ, ਉਸ ਤਰ੍ਹਾਂ ਜਿਸ ਤਰ੍ਹਾਂ | ਇਤਰਾਂ, ਕਿਤਰਾਂ, ਉਤਰਾਂ, ਜਿਤਰਾਂ, ਜਿਸ ਤਰ੍ਹਾਂ |

**ਕਾਰਨ ਬੋਧਕ ਕਿਰਿਆ ਵਿਸ਼ੇਸ਼ਣ :—**

| ਪੱਛਮੀ ਪੁਆਧੀ | ਪੂਰਬੀ ਪੁਆਧੀ |
|---|---|
| ਇਵੇਂ, ਕਿਵੇਂ, ਉਵੇਂ, ਜਿਵੇਂ | ਇੱਕਣ, ਕੀਕਣ, ਉਕਣ, ਜਿੱਕਣ |

**ਗਿਣਤੀ ਵਾਚਕ ਕਿਰਿਆ ਵਿਸ਼ੇਸ਼ਣ :—**

ਏਕ, ਤੀਨ, ਪਾਂਚ, ਸਾਤ, ਆਠ, ਪਹਿਲਾ, ਦੂਸਰਾ, ਤੀਸਰਾ, ਚੋਥਾ

"ਮ੍ਹਾਰਾ ਤੇ ਪਾਂਚ ਗੇੜੇ ਲੇਹਾਂ ਨੰਦ ਕਾਰਜਾਂ ਮਾਂ। ਅਰ ਥ੍ਹਾਰਾ, ਮ੍ਹਾਰਾ ਤੇ ਸਾਤ ਗੇੜੇ ਕਾਟਣੇ ਪੜਾਂ।"

## ਸਹਾਇਕ ਕਿਰਿਆਵਾਂ:—

ਪੁਆਧੀ ਵਿੱਚ ਵਰਤੀਆਂ ਜਾਂਦੀਆਂ ਸਹਾਇਕ ਕਿਰਿਆਵਾਂ ਪੰਜਾਬੀ ਨਾਲੋਂ ਵੱਖਰੀਆਂ ਵੀ ਹਨ। ਪੰਜਾਬੀ ਵਿਚ ਭੂਤਕਾਲੀ ਸਹਾਇਕ ਕਿਰਿਆ 'ਸੀ' ਤੇ /ਸਨ/ ਹੈ ਜਦ ਕਿ ਪੁਆਧੀ ਵਿਚ ਤਾ, ਤੇ, ਤੀਆਂ ਹਨ। ਪੁਆਧੀ ਦੀਆਂ ਸਹਾਇਕ ਕਿਰਿਆ ਲਿੰਗ ਵਚਨ ਅਨੁਸਾਰ ਇਸ ਤਰ੍ਹਾਂ ਹਨ—

| | |
|---|---|
| ਵਰਤਮਾਨਕਾਲੀ ਸਹਾਇਕ ਕਿਰਿਆ— | ਆ, ਐ, ਆਂ, ਵਾ |
| ਭੂਤਕਾਲੀ ਸਹਾਇਕ ਕਿਰਿਆ — | ਤਾ, ਤੀ, ਤੇ, ਤੀਆਂ |
| ਭਵਿੱਖਕਾਲੀ ਸਹਾਇਕ ਕਿਰਿਆ — | ਗਾ, ਗੀ, ਗੇ, ਗੀਆਂ |

ਪੁਆਧੀ ਵਿਚ ਵਰਤਮਾਨ ਕਿਰਦੰਤ /ਦਾ/ ਹੈ ਜੋ ਪੁਆਧੀ ਵਿਚ ਬਦਲ ਕੇ 'ਆ',ਹਾਂ ਜਾਂ ਕਈ ਵਾਰ /ਵਾ/ ਹੋ ਜਾਂਦਾ ਹੈ।

| ਪੰਜਾਬੀ | ਪੁਆਧੀ |
|---|---|
| ਉਹ ਰੋਟੀ ਖਾਂਦਾ ਹੈ | ਐ ਰੋਟੀ ਖਾਹਾ/ਖਾਵਾ |



## ਸੰਬੰਧਕ:—

ਪੁਆਧੀ ਵਿਚ ਕੁਝ ਸੰਬੰਧਕ ਅਤੇ ਸੰਬੰਧਕੀ ਚਿੰਨ੍ਹ ਪੰਜਾਬੀ ਭਾਸ਼ਾ ਨਾਲੋਂ ਵੱਖਰੇ ਹਨ:—

| ਪੰਜਾਬੀ | ਪੁਆਧੀ |
|---|---|
| ਨਾਲ | ਗੈਲ |
| ਵਿਚ | ਬਿਚਮਾ, ਬੀਚਮਾ |
| ਬਿਨਾ | ਬਗੈਰ, ਵਗੈਰ |
| ਨੇੜੇ | ਲਵੈ, ਪਾਸ |
| ਉਤੇ | ਪਰ, ਉਪਰ |
| ਥੱਲੇ | ਤਲਾ |
| ਪਾਸਿਓ | ਕੰਨੀਓ |
| ਤਰਫ | ਓੜੀ |

**ਸੰਬੰਧ ਸੂਚਕ (ਰਿਸ਼ਤੇਦਾਰੀ) ਸੰਬੰਧਕ :-**

| | |
|---|---|
| ਦਾ, ਦੇ, ਦੀ | ਕਾ, ਕੇ, ਕੀ |

ਪੁਆਧੀ ਵਿਚ ਕਈ ਵਾਰ ਦੋ-ਦੋ ਸੰਬੰਧਕ ਵੀ ਵਰਤੇ ਜਾਂਦੇ ਹਨ, ਜਿਵੇਂ:—

ਕੇ, ਬੀਚਮਾ — ਤੈਂ, ਕੂੰਏਂ ਕੇ ਬੀਚਮਾ ਕਿਆ ਦੇਖਾ ਤਾ ਰੈ ?

ਕੇ, ਗੈਲ — ਤੈਂ ਮੇਲੇ ਮਾ ਬਾਪੂ ਕੇ ਗੈਲ ਜੁਾਅਗਾ/ਜੈਂਗਾ ?

ਪੁਆਧੀ ਵਿਚ ਵਰਤੇ ਜਾਂਦੇ ਸੰਬੰਧਕੀ ਚਿੰਨ੍ਹ ਏ, ਓ, ਅਤੇ ਹੇ ਪੰਜਾਬੀ ਨਾਲ ਮਿਲਦੇ ਜੁਲਦੇ ਹਨ, ਪਰ ਕੁਝ ਵੱਖਰੇ ਵੀ ਹਨ ਅਤੇ ਕਈ ਵਾਰ ਦੋ-ਦੋ ਸੰਬੰਧਕੀ ਚਿੰਨ੍ਹ ਵੀ ਵਰਤੇ ਜਾਂਦੇ ਹਨ:—

| | |
|---|---|
| ਹੇ — | ਹੇ ਰਬ, ਹੇ ਦੇਵੀ ਮਾ, ਹੇ ਲਾਲਾਂ ਆਲੇ ਪੀਰ |
| ਏ — | ਏ ਦਲਜੀਤ, ਏ ਬੇਬੇ |
| ਓ | ਓ ਬਿੰਦਰ, ਓ ਬਾਪੂ |
| ਰੈ — | ਰੈ ਦੀਪੇ, ਰੈ ਗੁਰਨਾਮ |
| ਰੀ — | ਰੀ ਤਾਈ, ਰੀ ਚਾਚੀ |

**ਦੋ ਦੋ ਸੰਬੰਧਕੀ ਚਿੰਨ੍ਹ :—**

ਏ, ਰੀ — ਏ ਰੀ ਚਾਚੀ, ਥਾਰ੍ਹਾ ਲੱਸੀ ਫੇਰੀ ਆ ?

ਹੈ, ਰੈ — ਹੈ ਰੈ ਸੁੱਖੇ, ਕੁਸ/ਕੁਛ ਪਤਾ ਲਗਿਆ ?

## ਯੋਜਕ:—

| ਪੰਜਾਬੀ | ਪੁਆਧੀ |
|---|---|
| ਅਤੇ | ਅਰ (ਮੈਂ ਅਰ ਐ ਗਏ ਤੇ) |
| ਪਰੰਤੂ | ਪਰ |
| ਜਾਂ, ਤਾਂ | ਯਾ , ਤੋ |

| | |
|---|---|
| ਕਿ | 'ਕ' ਅਕ |
| ਜੇ | ਜੇ |
| ਸਗੋਂ | ਸਗਮਾ/ਬਲਕਣ ਮਾ |

**ਪੁਆਧੀ ਦਾ ਸੁਰ ਪ੍ਰਬੰਧ:—**

ਸੁਰ ਪੰਜਾਬੀ ਦੀ ਉਘੀ ਵਿਸ਼ੇਸ਼ਤਾ ਹੈ। ਡਾ. ਸੰਧੂ ਨੇ ਪੁਆਧੀ ਸੁਰ ਨੂੰ ਸੁਪਰਸੈਗਮੈਂਟਲ ਵਰਗ ਅਧੀਨ ਤਿੰਨ ਸੂਚੀਆਂ ਵਿਚ ਵੰਡਿਆ ਹੈ, ਜਿਵੇਂ:—

| | |
|---|---|
| ਨੀਵੀਂ ਸੁਰ | ਘੜ (Chiesl) |
| ਉੱਚੀ ਸੁਰ | ਕੜ੍ਹ (Boil) |
| ਸਾਂਵੀਂ ਸੁਰ | ਕੜ (Bottom) |

ਪੁਆਧੀ ਵਿਚ /ਘ/,/ਝ/,/ਢ/,/ਧ/,/ਭ/ ਵਿਅੰਜਨਾਂ ਦਾ ਉਚਾਰਨ ਬਦਲ ਜਾਂਦਾ ਹੈ। ਪੰਜਾਬੀ ਵਿਚ ਜਿਥੇ ਮੁਢਲੀ ਸਥਿਤੀ ਵਿਚ ਇਹ /ਕ/,/ਚ/,/ਟ/,/ਤ/,/ਪ/ ਹੁੰਦੇ ਹਨ ਉਥੇ ਪੂਰਬੀ ਪੁਆਧ ਵਿਚ /ਗ੍ਹ/,/ਜ੍ਹ/,/ਡ੍ਹ/,/ਦ੍ਹ/ ਤੇ /ਬ੍ਹ/ ਹੋ ਜਾਂਦੇ ਹਨ। ਇਹੀ ਹਾਲ /ਹ/ ਦਾ ਹੈ ਪੁਆਧੀ ਵਿਚ ਸ਼ਬਦ ਦੇ ਸ਼ੁਰੂ ਵਿਚ ਹੀ ਇਹ ਸੁਰਾਤਮਕ ਹੋ ਜਾਂਦਾ ਹੈ, ਖ਼ਾਸ ਕਰਕੇ ਪੂਰਬੀ ਪੁਆਧ ਵਿਚ:—

| | |
|---|---|
| ਹਾਰ | ਆ੍ਰ, ਆ'ਰ |
| ਹਲਵਾਈ | ਅਲ੍ਹਵਾਈ, ਅ'ਲਵਾਈ |
| ਹਜਾਰ | ਅਜ੍ਹਾਰ, ਅ'ਜਾਰ |

ਡਾ. ਬਲਬੀਰ ਸਿੰਘ ਸੰਧੂ /ਹ/ ਧੁਨੀ ਨੂੰ ਪੁਆਧੀ ਅਤੇ ਨਾਲ ਲਗਦੀ ਗੁਆਂਢੀ ਭਾਸ਼ਾ ਬਾਂਗਰੂ ਵਿਚ ਵੱਖਰਤਾ ਲਿਆਉਣ ਵਾਲੀ ਧੁਨੀ ਮੰਨਦਾ ਹੈ। "ਬਾਂਗਰੂ ਅਤੇ ਪੁਆਧੀ ਵਿਚ ਇਕ ਮੁੱਖ ਅੰਤਰ ਹੈ, ਉਹ ਹੈ /h/ ਧੁਨੀਗ੍ਰਾਮ ਦਾ। ਪੁਆਧੀ ਵਿਚ /h/ ਸ਼ਬਦ ਦੇ ਸ਼ੁਰੂ ਵਿਚ ਆਉਂਦਾ ਹੈ ਜਿਵੇਂ ਕਿ (har) 'ਹਾਰ', ਸ਼ਬਦ ਦੇ ਵਿਚਕਾਰ (bahar) 'ਬਾਹਰ' ਪਰੰਤੂ ਸ਼ਬਦ ਦੇ ਅੰਤ ਵਿਚ ਉਹ ਹਾਈ ਟੋਨ ਵਿਚ ਬਦਲ ਜਾਂਦਾ ਹੈ, ਜਿਵੇਂ ਕਿ /ba/ 'ਬਾਹ' ਪਰ ਬਾਂਗਰੂ ਦਾ ਜਿਹੜਾ ਰੂਪ ਇਸ ਬੋਲੀ ਦੇ ਗੁਆਂਢ ਵਿਚ ਹੈ ਉਸ ਵਿਚ /h/ ਸ਼ਬਦ ਦੇ ਸ਼ੁਰੂ ਵਿਚ ਨੀਵੀਂ ਟੋਨ ਵਿਚ ਬਦਲ ਜਾਂਦਾ ਹੈ ਜਿਵੇਂ ਕਿ /a'r/ 'ਹਾਰ'ਸ਼ਬਦ ਦੇ ਵਿਚਕਾਰ ਅਤੇ ਅੰਤ ਵਿਚ ਹਾਈਟੋਨ ਵਿਚ /ba'r/ 'ਬਾਹਰ'।

ਪੁਆਧ ਦੇ ਦੱਖਣ-ਪੂਰਬ ਵਾਲੇ ਪਾਸੇ ਪੈਂਦੇ ਕੁਝ ਇਲਾਕੇ ਵਿਚ ਭਾਵੇਂ / h/ ਧੁਨੀ ਬਾਂਗਰੂ ਬੋਲੀ ਵਾਂਗਰ ਉਚਾਰਨ ਕੀਤੀ ਜਾਂਦੀ ਹੈ ਪਰੰਤੂ ਬਾਕੀ ਵਿਆਕਰਣ ਵਿਸ਼ੇਸ਼ਤਾਵਾਂ ਪੁਆਧੀ ਦੀਆਂ ਹੀ ਹਨ। ਅਸੀ ਇਥੇ ਸ਼ਿਵ ਖੰਡੇਲਵਾਲ ਦੁਆਰਾ ਦਿੱਤੇ ਪੁਆਧੀ ਅਤੇ ਬਾਂਗਰੂ ਸ਼ਬਦ ਪੇਸ਼ ਕਰ ਰਹੇ ਹਾਂ ਜੋ ਕਿ ਪੁਆਧ ਅਤੇ ਬਾਂਗਰ ਵਿਚ ਵੱਖਰੇ ਰੂਪ ਵਿਚ ਉਚਾਰਣ ਕੀਤੇ ਜਾਂਦੇ ਹਨ।(ਬਾਂਗਰੂ ਬੋਲੀ ਦਾ ਭਾਸ਼ਾ ਸ਼ਾਸਤ੍ਰੀਜ ਅਧਿਐਨ)

| ਹਰਿਆਣਵੀ/ਬਾਂਗਰੂ | ਪੁਆਧੀ |
|---|---|
| ਕਰੜਾ (ਕਠੋਰ) | ਕੈੜਾ |
| ਕਢਾਵਣੀ (ਦੁੱਧ ਗਰਮ ਕਰਨ ਵਾਲੀ) | ਕਾੜ੍ਹਨੀ |



| | |
|---|---|
| ਗਨਡਾ (ਗੰਨਾ, ਕਮਾਦ) | ਗੰਨਾ |
| ਗਾਭਰੂ (ਜਵਾਨ) | ਗਬਰੂ (ਜਵਾਨ) |
| ਗੌਰੇ (ਸਮੀਪ) | ਲਵੇ (ਨੇੜੇ) |
| ਘਣਾ (ਜਿਆਦਾ) | ਬ੍ਹੌਤਾ (ਬੌਅਤਾ) |
| ਗਾਲਦਾ (ਵਿਚ ਪਾਉਂਦਾ) | ਪਾਣਾ |
| ਜਗਾਂ (ਥਾਂ) | ਥੌੜ (ਥਾਂ) ਜਗ੍ਹਾਂ |
| ਜੜ੍ਹੇ (ਜਿੱਥੇ) | ਜਿੱਥਾ (ਜਹਾਂ) |
| ਟਾਲੀ | ਟੱਲੀ |
| ਠਾਡਾ (ਤਾਕਤਵਰ) | ਤਕੜਾ |
| ਠਾਲੀ ਠਾਲੀ (ਵਿਹਲਾ) | ਬੇਲ੍ਹਾ (ਵੇਹਲਾ) |
| ਠਾਣੇਦਾਰ (ਥਾਨੇਦਾਰ) | ਥਾਣੇਦਾਰ |
| ਨਿਭੇੜਣਾ (ਨਿਬੜਨਾ) | ਨਬੇੜਨਾ |
| ਨਿਆਰਾ (ਅਲੱਗ) | ਜੁਦਾ (ਲੈਅਦਾ) |
| ਤਿਸਾਇਆ (ਪਿਆਸਾ) | ਥਿਆਹਿਆ |
| ਬੇਰਾ (ਪਤਾ, ਸਮਾਚਾਰ) | ਪਤਾ ਲਗਣਾ |
| ਭਡੇਇਆ (ਭਣਵਈਆ) | ਬਣ੍ਹੋਈਆ |
| ਮਹੈਸ (ਮੱਝ) | ਮ੍ਹੈਸ |
| ਗਾਂਵੜੀ, ਗੌਕਾ (ਗਾਂ) | ਗੌਂ |
| ਸੈਜ (ਹੌਲ੍ਹੀ) | ਹੌਲੀ |
| ਹਾਂਉਣਾ (ਵਿਅਰਥ ਘੁੰਮਣਾ) | ਬੇਮਤਲਬ, ਉਂਈਓ |
| ਕਿਤ (ਕਿੱਥੇ) | ਕਿੱਥਾ, ਕਹਾਂ |
| ਬੂੰਡਾ (ਭੈੜਾ) | ਬਸੂਰਤ (ਬਦਸੂਰਤ, ਭੈੜਾ) |
| ਸੁਥਰਾ (ਸੋਹਣਾ) | ਸ੍ਹੋਣਾ |

ਪੁਆਧੀ ਕਈ ਵਾਰ ਸੁਣਨ ਤੇ ਪੜ੍ਹਨ ਵਿਚ ਹਿੰਦਵੀ ਜਿਹੀ ਲਗਦੀ ਹੈ ਪਰੰਤੂ ਮੂਲ ਰੂਪ ਵਿਚ ਇਹ ਪੰਜਾਬੀ ਦੀ ਹੀ ਉਪਭਾਸ਼ਾ ਹੈ। ਕੁਝ ਸ਼ਬਦ ਅਜਿਹੇ ਹਨ ਜਿਹੜੇ ਕਿ ਇਸ ਦੇ ਪੰਜਾਬੀ ਤੇ ਹਿੰਦਵੀ ਰੂਪ ਨੂੰ ਸਪੱਸ਼ਟ ਪ੍ਰਗਟ ਕਰਦੇ ਹਨ, ਜਿਵੇਂ:— ਬਿਚਮਾ, ਹਮਾਨੂੰ, ਥੰਮ੍ਹਾਨੂੰ, ਥ੍ਹੋਮਨੂੰ

ਬਿਚਮਾ— ਬਿਚ (ਪੰਜਾਬੀ) ਮਾ (ਹਿੰਦੀ)

ਅਸਲ ਵਿਚ ਇਹ ਅਸਰ ਪੁਆਧ ਦੀ ਦੱਖਣੀ-ਪੂਰਵੀ ਸੀਮਾ ਨਾਲ ਲਗਦੀਆਂ ਬਾਂਗਰੂ ਤੇ ਹਿੰਦੁਸਤਾਨੀ ਭਾਸ਼ਾਵਾਂ ਕਰਕੇ ਹੈ। ਪੁਆਧੀ ਭਾਸ਼ਾ ਬਾਰੇ ਦਿੱਤੀ ਗਈ ਇਹ ਜਾਣਕਾਰੀ ਇਸਦੀ ਬਾਕੀ ਨਾਲ ਲਗਦੀਆਂ ਭਾਸ਼ਾਵਾਂ ਤੋਂ ਵੱਖਰਤਾ ਬਾਰੇ ਜਾਣੂ ਕਰਵਾਉਂਦੀ ਹੈ। ਅਸੀ ਸਿਰਫ ਮੋਟੇ ਜਿਹੇ ਰੂਪ ਵਿਚ ਚਰਚਾ ਕੀਤੀ ਹੈ, ਭਾਸ਼ਾ ਵਿਗਿਆਨਕ ਦ੍ਰਿਸ਼ਟੀ ਤੋਂ ਅਜੇ ਹੋਰ ਬਹੁਤ ਕੁਝ ਦੱਸਿਆ ਜਾ ਸਕਦਾ ਹੈ।

# ਪੁਆਧੀ ਵਿਆਹ ਗੀਤ

ਸੰਸਕਾਰ ਮਨੁੱਖੀ ਜੀਵਨ ਦਾ ਮਹੱਤਵਪੂਰਨ ਅੰਗ ਹਨ। ਮਨੁੱਖੀ ਜੀਵਨ ਦਾ ਬਹੁਤਾ ਭਾਗ ਸੰਸਕਾਰਾਂ ਵਿਚ ਹੀ ਬਤੀਤ ਹੁੰਦਾ ਹੈ। ਹਰ ਇਕ ਜਾਤੀ ਸਮੂਹ ਵਿਚ ਆਪੋ-ਆਪਣੇ ਰੀਤੀ ਰਿਵਾਜ, ਵਿਸ਼ਵਾਸ ਅਤੇ ਰਸਮਾਂ ਪ੍ਰਚੱਲਿਤ ਹਨ। ਆਪਣੇ ਸਮੁੱਚੇ ਜੀਵਨ ਵਿਚ ਮਨੁੱਖ ਇਨ੍ਹਾਂ ਵਿਚ ਕਿਰਿਆਸ਼ੀਲ ਰਹਿੰਦਾ ਹੈ। ਇਹ ਸਭ ਕੁਝ ਮਨੁੱਖ ਦੇ ਜਨਮ ਲੈਣ ਤੋਂ ਪਹਿਲਾਂ ਸ਼ੁਰੂ ਹੋ ਜਾਂਦਾ ਹੈ ਅਤੇ ਪ੍ਰਲੋਕ ਸੁਧਾਰਨ ਤੋਂ ਬਾਅਦ ਤੱਕ ਵੀ ਚਲਦਾ ਰਹਿੰਦਾ ਹੈ।

ਵਿਆਹ ਮਨੁੱਖੀ ਜੀਵਨ ਦੀ ਇਕ ਮਹੱਤਵਪੂਰਨ ਘਟਨਾ ਹੀ ਨਹੀ ਸਗੋਂ ਜਰੂਰੀ ਸਮਾਜਿਕ ਰਸਮ ਵੀ ਹੈ। ਮਨੁੱਖ ਦਾ ਜੀਵਨ ਉਦੋਂ ਤੱਕ ਸੰਪੂਰਨ ਨਹੀ ਮੰਨਿਆ ਜਾ ਸਕਦਾ ਜਦੋਂ ਤੱਕ ਉਹ ਵਿਆਹ ਰੂਪੀ ਰਸਮ ਨੂੰ ਨਾ ਨਿਭਾ ਲਵੇ। ਅੱਜ ਭਾਵੇਂ ਕੋਰਟ ਮੈਰਿਜ ਦਾ ਪ੍ਰਚਲਣ ਵੀ ਵੇਖਿਆ ਜਾ ਸਕਦਾ ਹੈ ਪਰੰਤੂ ਅਜਿਹੇ ਵਿਆਹਾਂ ਨੂੰ ਸਮਾਜ ਵਿਚ ਬਹੁਤੀ ਮਾਨਤਾ ਅਤੇ ਪ੍ਰਵਾਨਗੀ ਨਹੀ ਮਿਲਦੀ। ਅਣਵਿਆਹੇ ਵਿਅਕਤੀ ਲਈ ਤਾਂ ਇਹ ਹੋਰ ਵੀ ਦੁਖਦਾਈ ਹੋ ਨਿਬੜਦਾ ਹੈ। ਉਸ ਲਈ ਛੜਾ ਮਲੰਗ ਜਾਂ ਛੜਾ ਛੜਾਂਕ ਆਦਿ ਸ਼ਬਦ ਵਰਤੇ ਜਾਂਦੇ ਹਨ ਜੋ ਕਿ ਇਕ ਸੱਭਿਅਕ ਵਿਅਕਤੀ ਲਈ ਚੰਗੇ ਨਹੀ ਸਮਝੇ ਜਾਂਦੇ।

ਧਰਮ ਸ਼ਾਸਤਰਾਂ ਅਨੁਸਾਰ ਵਿਆਹ ਇਕ ਧਾਰਮਿਕ ਕਾਰਜ ਵੀ ਹੈ ਜਿਹੜਾ ਕਿ ਮਨੁੱਖ ਲਈ ਬਹੁਤ ਜ਼ਰੂਰੀ ਹੈ। ਮਾਨਿਕ ਹਿੰਦੀ ਸ਼ਬਦ ਕੋਸ਼ ਵਿਚ ਲਿਖਿਆ ਹੈ ਕਿ "ਵਿਆਹ ਉਹ ਧਾਰਮਿਕ ਤੇ ਸਮਾਜਿਕ ਕਾਰਜ ਜਾਂ ਪ੍ਰਕਿਰਿਆ ਹੈ ਜਿਸ ਅਨੁਸਾਰ ਵਿਅਕਤੀ ਅਤੇ ਪੁਰਖ ਵਿਚ ਪਤੀ ਅਤੇ ਪਤਨੀ ਦਾ ਸੰਬੰਧ ਸਥਾਪਿਤ ਹੁੰਦਾ ਹੈ।" ਅਸਲ ਵਿਚ ਵਿਆਹ ਇਕ ਸਮਾਜਿਕ ਜ਼ਿੰਮੇਵਾਰੀ ਅਤੇ ਲੋੜ ਵੀ ਹੈ, ਜੋ ਔਰਤ ਮਰਦ ਦੀਆਂ ਜਿਣਸੀ ਲੋੜਾਂ ਹੀ ਪੂਰੀਆਂ ਨਹੀ ਕਰਦੀ ਸਗੋਂ ਇਕ ਨਿਰੋਆ ਪਰਿਵਾਰਿਕ ਜੀਵਨ ਦੇ ਕੇ ਸੱਭਿਅਕ ਅਤੇ ਸਮਾਜਿਕ ਮਨੁੱਖ ਦਾ ਦਰਜਾ ਵੀ ਪ੍ਰਦਾਨ ਕਰਦੀ ਹੈ।

ਪੁਆਧੀ ਵਿਆਹ ਸਮੇਂ ਗਾਏ ਜਾਣ ਵਾਲੇ ਗੀਤਾਂ ਵਿਚੋਂ ਪੁਆਧੀ ਵਿਆਹ ਸੰਸਕਾਰਾਂ ਦੀ ਸੰਪੂਰਨ ਜਾਣਕਾਰੀ ਮਿਲ ਜਾਂਦੀ ਹੈ। ਪੁਆਧੀ ਵਿਆਹ ਗੀਤਾਂ ਵਿਚ ਸੁਹਾਗ, ਘੋੜੀਆਂ ਅਤੇ ਸਿੱਠਣੀਆਂ ਪ੍ਰਮੁੱਖ ਰੂਪ ਵਿਚ ਪ੍ਰਚੱਲਿਤ ਹਨ।

## ਸੁਹਾਗ

ਸੁਹਾਗ ਗੀਤ ਕੁੜੀ ਦੇ ਵਿਆਹ ਨਾਲ ਸੰਬੰਧਿਤ ਗੀਤ ਹਨ। ਕੁੜੀਆਂ ਦੀਆਂ ਭਾਵਨਾਵਾਂ, ਜਜ਼ਬੇ, ਵੇਦਨਾਵਾਂ ਗੱਲ ਕੀ ਉਨ੍ਹਾਂ ਦੀ ਸਮੁੱਚੀ ਮਾਨਸਿਕਤਾ ਸੁਹਾਗ ਗੀਤਾਂ ਵਿਚ ਪੇਸ਼ ਹੋਈ ਹੈ। ਵਿਆਹ ਸੰਬੰਧੀ ਜੋ ਵੀ ਵਿਚਾਰ ਜਾਂ ਭਾਵ ਉਨ੍ਹਾਂ ਦੇ ਮਨ ਵਿਚ ਉਠਦੇ ਹਨ ਉਨ੍ਹਾਂ ਦੀ ਸਹੀ ਤਰਜਮਾਨੀ ਸੁਹਾਗ ਗੀਤ ਹੀ ਕਰਦੇ ਹਨ। ਬਹੁਤੇ ਸੁਹਾਗ



ਗੀਤਾਂ ਦੀ ਸੁਰ ਭਾਵੇਂ ਕਰੁਣਾਮਈ ਹੀ ਹੁੰਦੀ ਹੈ ਪਰੰਤੂ ਕੁੜੀਆਂ ਦੇ ਹੱਕ ਸੱਚ ਦੀ ਗੱਲ ਸੁਹਾਗ ਗੀਤਾਂ ਦੇ ਪ੍ਰਮੁੱਖ ਵਿਸ਼ੇ ਹਨ। ਆਮ ਤੌਰ ਤੇ ਬਹੁਤੇ ਖੇਤਰਾਂ ਵਿਚ ਇਕ ਕੁੜੀ ਆਪਣੀਆਂ ਇੱਛਾਵਾਂ ਦਾ ਪ੍ਰਗਟਾਵਾ ਖੁਲ੍ਹੇ ਰੂਪ ਵਿਚ ਨਹੀ ਕਰ ਸਕਦੀ, ਇਸ ਲਈ ਲੋਕ ਗੀਤ ਹੀ ਪ੍ਰਮੁੱਖ ਜਰੀਆ ਬਣਦੇ ਹਨ। ਸੁਹਾਗ ਗੀਤਾਂ ਵਿਚ ਤਾਂ ਉਹ ਆਪਣੇ ਦਿਲ ਦੀਆਂ ਸਾਰੀਆਂ ਤੰਦਾਂ ਨੂੰ ਖੋਲ ਕੇ ਰੱਖ ਦਿੰਦੀ ਹੈ। ਲੋਕਧਾਰਾ ਪੁਸਤਕ ਵਿਚ ਡਾ. ਵਣਜਾਰਾ ਬੇਦੀ ਲਿਖਦਾ ਹੈ, "ਸੁਹਾਗ ਗੀਤ ਕੰਨਿਆ ਦੀ ਧਿਰ ਵਾਲੇ ਗਾਉਂਦੇ ਹਨ ਇਨ੍ਹਾਂ ਵਿਚ ਪੰਜਾਬੀ ਮੁਟਿਆਰਾਂ ਦੇ ਦਿਲਾਂ ਦੀਆਂ ਧੜਕਣਾ ਸ਼ਬਦਾਂ ਨਾਲ ਇਕਸੁਰ ਹੋ ਕੇ ਗੂੰਜਦੀਆਂ ਹਨ। ਇਨ੍ਹਾਂ ਗੀਤਾਂ ਵਿਚ ਸ਼ਬਦਾਂ ਦੇ ਮੂੰਹ, ਨੱਕ ਦੇ ਆਕਾਰ ਤੇ ਨੈਣ ਨਕਸ਼ ਹਨ। ਸ਼ਬਦ ਮੁਟਿਆਰਾਂ ਵਾਂਗ ਵੰਨ-ਸੁਵੰਨੇ ਕਪੜੇ ਪਹਿਨੀ, ਫੁੱਲਕਾਰੀਆਂ ਓਹੜੀ, ਝੁਰਮਟ ਪਾਈ ਲਗਦੇ ਹਨ। ਮੁਟਿਆਰਾਂ ਦੀਆਂ ਮਚਲਦੀਆਂ ਉਮੰਗਾਂ, ਸਧਰਾਂ ਤੇ ਸੁਪਨੇ ਇਨ੍ਹਾਂ ਵਿਚ ਅੰਗੜਾਈਆਂ ਲੈ ਰਹੇ ਹਨ।"

ਪੁਆਧੀ ਸੁਹਾਗ ਗੀਤਾਂ ਵਿਚ ਵਰ ਘਰ ਦੀ ਚੋਣ ਤੋਂ ਲੈ ਕੇ ਵਿਭਿੰਨ ਸਮਾਜਿਕ ਰਿਸ਼ਤਿਆਂ ਅਤੇ ਜ਼ਿੰਮੇਵਾਰੀਆਂ ਸੰਬੰਧੀ ਗੱਲ ਮੁੱਖ ਰੂਪ ਵਿਚ ਪੇਸ਼ ਹੋਈ ਹੈ। ਪੁਆਧ ਵਿਚ ਕੁੜੀ ਜੰਮਣ ਤੋਂ ਬਾਅਦ ਉਸਦਾ ਪਾਲਣ ਪੋਸਣ ਇਸ ਪ੍ਰਕਾਰ ਹੁੰਦਾ ਹੈ ਕਿ ਵੱਡੀ ਹੋ ਕੇ ਵਿਆਹ ਹੋਣ ਤੋਂ ਬਾਅਦ ਤੱਕ ਉਹ ਆਪਣੇ ਮਾਪਿਆਂ ਦੀ ਇੱਜਤ ਆਬਰੂ ਦਾ ਖ਼ਿਆਲ ਰਖਦੀ ਹੋਈ ਔਰਤ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਨੂੰ ਨਿਭਾਵੇਗੀ। ਵਿਭਿੰਨ ਪ੍ਰਕਾਰ ਦੀਆਂ ਨਸੀਹਤਾਂ ਅਤੇ ਮਰਿਆਦਾਵਾਂ ਪੁਆਧੀ ਸੁਹਾਗ ਗੀਤਾਂ ਵਿਚ ਵੇਖਣ ਨੂੰ ਮਿਲਦੀਆਂ ਹਨ। ਪੁਆਧੀ ਮੁਟਿਆਰ ਜਿਥੇ ਇਨ੍ਹਾਂ ਦਾ ਖ਼ਿਆਲ ਰਖਦੀ ਹੈ ਉਥੇ ਉਹ ਆਪਣੇ ਮਨ ਦੀ ਗੱਲ ਵੀ ਕਹਿਣੋ ਸੰਕੋਚ ਨਹੀਂ ਕਰਦੀ।

(1)

ਬੀਬੀ ਸੋਈ ਸੋਈ ਝੱਟ ਜਾਗੀਏ, ਆਪਣੇ ਬਾਬਲ ਸੇ ਵਰ ਮਾਂਗੀਏ।
ਬਾਬਲ ਏਕ ਕਹਾ ਮੇਰਾ ਮਾਨੀਏ, ਮੈਨੂੰ ਰਾਹੇ ਰਤਨ ਵਰ ਟੋਲ੍ਹੀਏ।
ਬੀਬੀ ਰਾਹੇ ਰਤਨ ਸਿਰ ਸੇਰੜਾ, ਜੈਸੇ ਬਾਗੋਂ ਮੇਂ ਖਿੜ ਰਇਆ ਕੇਲੜਾ।
ਬੀਬੀ ਸੋਈ ਸੋਈ ਝਟ ਜਾਗੀਏ, ਆਪਣੇ ਤਾਇਓਂ ਸੇ ਵਰ ਮਾਂਗੀਏ।
ਬੀਬੀ ਸੋਈ ਸੋਈ ਝੱਟ ਜਾਗੀਏ, ਆਪਣੇ ਚਾਚਿਓਂ ਸੇ ਵਰ ਮਾਂਗੀਏ।
ਤਾਇਆ ਏਕ ਕਹਾ ਮੇਰਾ ਮਾਨੀਏ, ਮੈਨੂੰ ਰਾਹੇ ਰਤਨ ਵਰ ਟੋਲ੍ਹੀਏ।
ਬੇਟੀ ਰਾਹੇ ਰਤਨ ਸਿਰ ਸੇਰੜਾ, ਜੈਸੇ ਬਾਗੋਂ ਮੇਂ ਖਿੜ ਰਇਆ ਕੇਲੜਾ।
ਭਤੀਜੀ ਰਾਹੇ ਰਤਨ ਸਿਰ ਸੇਰੜਾ, ਜੈਸੇ ਬਾਗੋਂ ਮੇਂ ਖਿੜ ਰਇਆ ਕੇਲੜਾ।
ਬੀਬੀ ਸੋਈ ਸੋਈ ਝਟ ਜਾਗੀਏ, ਆਪਣੇ ਮਾਮਾ ਸੇ ਵਰ ਮਾਂਗੀਏ।
ਬੀਬੀ ਸੋਈ ਸੋਈ ਝੱਟ ਜਾਗੀਏ, ਆਪਣੇ ਫੁਫੜ ਸੇ ਵਰ ਮਾਂਗੀਏ।
ਮਾਮਾ ਏਕ ਕਹਾ ਮੇਰਾ ਮਾਨੀਏ, ਮੈਨੂੰ ਰਾਹੇ ਰਤਨ ਵਰ ਟੋਲ੍ਹੀਏ।
ਫੁੱਫੜ ਏਕ ਕਹਾ ਮੇਰਾ ਮਾਨੀਏ, ਮੈਨੂੰ ਰਾਹੇ ਰਤਨ ਵਰ ਟੋਲ੍ਹੀਏ।
ਭਾਣਜੀ ਰਾਹੇ ਰਤਨ ਸਿਰ ਸੇਰੜਾ, ਜੈਸੇ ਬਾਗੋਂ ਮੇਂ ਖਿੜ ਰਇਆ ਕੇਲੜਾ।
ਬੇਟੀ ਰਾਹੇ ਰਤਨ ਸਿਰ ਸੇਰੜਾ, ਜੈਸੇ ਬਾਗੋਂ ਮੇਂ ਖਿੜ ਰਇਆ ਕੇਲੜਾ।

(2)

ਦਰ ਪਰ ਗੰਗਾ ਦਰ ਪਰ ਜਮਨਾ, ਜੇ ਕੋਈ ਧਰਮੀ ਨ੍ਹਾਵੇ ਰਾਮ।
ਨ੍ਹਾਵੇ ਧੋਵੇ ਸਾਡੀ ਬੀਬੀ ਦਾ ਬਾਬਲ, ਜਿਸ ਘਰ ਬੇਟੀ ਬੈਠੀ ਕੁਆਰੀ ਰਾਮ।
ਜੇ ਕੋਈ ਧਰਮੀ ਧਰਮ ਕਮਾਵੇ, ਸੋਈ ਮੂੰਗ ਪਸਾਏ ਰਾਮ।
ਦਰ ਪਰ ਗੰਗਾ ਦਰ ਪਰ ਜਮਨਾ, ਜੇ ਕੋਈ ਧਰਮੀ ਨ੍ਹਾਵੇ ਰਾਮ।
ਨ੍ਹਾਵੇ ਧੋਵੇ ਸਾਡੀ ਬੀਬੀ ਦਾ ਤਾਇਆ, ਜਿਸ ਘਰ ਬੇਟੀ ਬੈਠੀ ਕੁਆਰੀ ਰਾਮ।
ਨ੍ਹਾਵੇ ਧੋਵੇ ਸਾਡੀ ਬੀਬੀ ਦਾ ਚਾਚਾ, ਜਿਸ ਘਰ ਭਤੀਜੀ ਬੈਠੀ ਕੁਆਰੀ ਰਾਮ।
ਜੇ ਕੋਈ ਧਰਮੀ ਧਰਮ ਕਮਾਵੇ, ਸੋਈ ਮੂੰਗ ਪਸਾਏ ਰਾਮ।
ਦਰ ਪਰ ਗੰਗਾ ਦਰ ਪਰ ਜਮਨਾ, ਜੇ ਕੋਈ ਧਰਮੀ ਨ੍ਹਾਵੇ ਰਾਮ।
ਨ੍ਹਾਵੇ ਧੋਵੇ ਸਾਡੀ ਬੀਬੀ ਦਾ ਮਾਮਾ, ਜਿਸ ਘਰ ਭਾਣਜੀ ਬੈਠੀ ਕੁਆਰੀ ਰਾਮ।
ਨ੍ਹਾਵੇ ਧੋਵੇ ਸਾਡੀ ਬੀਬੀ ਦਾ ਫੁਫੜ, ਜਿਸ ਘਰ ਬੇਟੀ ਬੈਠੀ ਕੁਆਰੀ ਰਾਮ।
ਜੇ ਕੋਈ ਧਰਮੀ ਧਰਮ ਕਮਾਵੇ, ਸੋਈ ਮੂੰਗ ਪਸਾਏ ਰਾਮ।
ਦਰ ਪਰ ਗੰਗਾ ਦਰ ਪਰ ਜਮਨਾ, ਜੇ ਕੋਈ ਧਰਮੀ ਨ੍ਹਾਵੇ ਰਾਮ।

(3)

ਸੂਏ ਤੇ ਖੜੋਤੜੀਏ, ਤੂੰ ਮਲ ਦਲ ਅੱਡੀਆਂ ਨਾ ਧੋਅ,
ਬਾਗੀਂ ਚੰਬਾ ਖਿੜੇ ਰਿਹਾ, ਕੋਈ ਮਾਲਣ ਹਾਰ ਪਰੋਅ।
ਸੁਣ ਨੀ ਅੰਮਾ ਮੇਰੀਏ, ਮੇਰੇ ਬਾਬਲ ਨੂੰ ਸਮਝਾ,
ਧੀਆਂ ਹੋਈਆਂ ਲੜ ਵਾਲੀਆਂ, ਕਿਸੇ ਨੌਕਰ ਦੇ ਲੜ ਲਾ।
ਸੁਣ ਨੀ ਧੀਏ ਮੇਰੀਏ, ਤੂੰ ਐਡੇ ਬੋਲ ਨਾ ਬੋਲ,
ਜਿਥੇ ਰਹੀ ਏਂ ਤੂੰ ਬਾਰ੍ਹਾਂ ਬਰਸ, ਉਥੇ ਛੇ ਮਹੀਨੇ ਹੋਰ।
ਬਾਰਾਂ ਬਰਸ ਮੇਰੇ ਤਾਂ ਕਟੇ, ਮੇਰਾ ਬਾਬਲ ਨਾਲ ਪਿਆਰ,
ਹੁਣ ਨਾ ਰ੍ਹੈਂਦੀ ਇਕ ਘੜੀ, ਮੇਰਾ ਅਨਜਲ ਹੋਇਆ ਤਿਆਰ।
ਸੂਏ ਤੇ ਖੜੋਤੜੀਏ, ਤੂੰ ਮਲ ਦਲ ਅੱਡੀਆਂ ਨਾ ਧੋਅ,
ਬਾਗੀਂ ਚੰਬਾ ਖਿੜੇ ਰਿਹਾ, ਕੋਈ ਮਾਲਣ ਹਾਰ ਪਰੋਅ।
ਸੁਣ ਨੀ ਤਾਈ ਮੇਰੀਏ, ਮੇਰੇ ਤਾਏ ਨੂੰ ਸਮਝਾ,
ਧੀਆਂ ਹੋਈਆਂ ਲੜ ਵਾਲੀਆਂ, ਕਿਸੇ ਨੌਕਰ ਦੇ ਲੜ ਲਾ।
ਸੁਣ ਨੀ ਚਾਚੀ ਮੇਰੀਏ, ਮੇਰੇ ਚਾਚੇ ਨੂੰ ਸਮਝਾ,
ਭਤੀਜੀਆਂ ਹੋਈਆਂ ਲੜ, ਵਾਲੀਆਂ, ਕਿਸੇ ਨੌਕਰ ਦੇ ਲੜ ਲਾ।
ਸੁਣ ਨੀ ਧੀਏ ਮੇਰੀਏ, ਤੂੰ ਐਡੇ ਬੋਲ ਨਾ ਬੋਲ,
ਜਿਥੇ ਰਹੀ ਏ ਬਾਰ੍ਹਾਂ ਬਰਸ, ਉਥੇ ਛੇ ਮਹੀਨੇ ਹੋਰ।
ਸੁਣ ਨੀ ਭਤੀਜੀ ਮੇਰੀਏ, ਤੂੰ ਐਡੇ ਬੋਲ ਨਾ ਬੋਲ,
ਜਿਥੇ ਰਹੀ ਏਂ ਬਾਰਾਂ ਬਰਸ, ਉਥੇ ਛੇ ਮਹੀਨੇ ਹੋਰ।



ਬਾਰਾਂ ਬਰਸ ਮੇਰੇ ਤਾਂ ਕਟੇ, ਮੇਰਾ ਤਾਏ ਨਾਲ ਪਿਆਰ,
ਹੁਣ ਨਾ ਰ੍ਹੈਂਦੀ ਇਕ ਘੜੀ, ਮੇਰਾ ਅਨਜਲ ਹੋਇਆ ਤਿਆਰ।
ਬਾਰਾਂ ਬਰਸ ਮੇਰੇ ਤਾਂ ਕਟੇ, ਮੇਰਾ ਚਾਚੇ ਨਾਲ ਪਿਆਰ,
ਹੁਣ ਨਾ ਰ੍ਹੈਂਦੀ ਇਕ ਘੜੀ, ਮੇਰਾ ਅਨਜਲ ਹੋਇਆ ਤਿਆਰ।
ਸੂਏ ਤੇ ਖੜੋਤੜੀਏ, ਤੂੰ ਮਲ ਦਲ ਅੱਡੀਆਂ ਨਾ ਧੋਅ,
ਬਾਗੀਂ ਚੰਬਾ ਖਿੜੇ ਰਿਹਾ, ਕੋਈ ਮਾਲਣ ਹਾਰ ਪਰੋਅ।
ਸੁਣ ਨੀ ਮਾਮੀ ਮੇਰੀਏ, ਮੇਰੇ ਮਾਮੇ ਨੂੰ ਸਮਝਾ,
ਧੀਆਂ ਹੋਈਆਂ ਲੜ ਵਾਲੀਆਂ, ਕਿਸੇ ਨੌਕਰ ਦੇ ਲੜ ਲਾ।
ਸੁਣ ਨੀ ਬੂਆ ਮੇਰੀਏ, ਮੇਰੇ ਫੁਫੜ ਨੂੰ ਸਮਝਾ,
ਧੀਆਂ ਹੋਈਆਂ ਲੜ ਵਾਲੀਆਂ, ਕਿਸੇ ਨੌਕਰ ਦੇ ਲੜ ਲਾ।
ਸੁਣ ਨੀ ਧੀਏ ਮੇਰੀਏ ਤੂੰ ਐਡੇ ਬੋਲ ਨਾ ਬੋਲ,
ਜਿਥੇ ਰਹੀ ਬਾਰਾਂ ਬਰਸ ਉਥੇ ਛੇ ਮਹੀਨੇ ਹੋਰ।
ਸੁਣ ਨੀ ਬੇਟੀ ਮੇਰੀਏ ਤੂੰ ਐਡੇ ਬੋਲ ਨਾ ਬੋਲ,
ਜਿਥੇ ਰਹੀ ਏ ਬਾਰਾਂ ਬਰਸ ਉਥੇ ਛੇ ਮਹੀਨੇ ਹੋਰ।
ਬਾਰਾਂ ਬਰਸ ਮੇਰੇ ਤਾਂ ਕਟੇ, ਮੇਰਾ ਮਾਮੇ ਨਾਲ ਪਿਆਰ,
ਹੁਣ ਨਾ ਰ੍ਹੈਂਦੀ ਇਕ ਘੜੀ, ਮੇਰਾ ਅਨਜਲ ਹੋਇਆ ਤਿਆਰ।
ਬਾਰਾਂ ਬਰਸ ਮੇਰੇ ਤਾਂ ਕਟੇ, ਮੇਰਾ ਫੁਫੜ ਨਾਲ ਪਿਆਰ,
ਹੁਣ ਨਾ ਰੈਂਦੀ ਇਕ ਘੜੀ ਮੇਰਾ ਅਨਜਲ ਹੋਇਆ ਤਿਆਰ।
ਸੂਏ ਤੇ ਖੜੋਤੜੀਏ, ਤੂੰ ਮਲ ਦਲ ਅੱਡੀਆਂ ਨਾ ਧੋਅ,
ਬਾਗੀਂ ਚੰਬਾ ਖਿੜੇ ਰਿਹਾ, ਕੋਈ ਮਾਲਣ ਹਾਰ ਪਰੋਅ।
ਸੁਣ ਨੀ ਭਾਬੋ ਮੇਰੀਏ, ਮੇਰੇ ਵੀਰੇ ਨੂੰ ਸਮਝਾ,
ਭੈਣਾਂ ਹੋਈਆਂ ਲੜ ਵਾਲੀਆਂ, ਕਿਸੇ ਨੌਕਰ ਦੇ ਲੜ ਲਾ।
ਸੁਣ ਨੀ ਭੈਣੇ ਮੇਰੀਏ ਤੂੰ ਐਡੇ ਬੋਲ ਨਾ ਬੋਲ,
ਜਿਥੇ ਰਹੀ ਏ ਬਾਰਾਂ ਬਰਸ ਉਥੇ ਛੇ ਮਹੀਨੇ ਹੋਰ।
ਬਾਰਾਂ ਬਰਸ ਮੇਰੇ ਤਾਂ ਕਟੇ, ਮੇਰਾ ਵੀਰੇ ਨਾਲ ਪਿਆਰ,
ਹੁਣ ਨਾ ਰ੍ਹੈਂਦੀ ਇਕ ਘੜੀ, ਮੇਰਾ ਅਨਜਲ ਹੋਇਆ ਤਿਆਰ।
ਸੂਏ ਤੇ ਖੜੋਤੜੀਏ, ਤੂੰ ਮਲ ਦਲ ਅੱਡੀਆਂ ਨਾ ਧੋਅ,
ਬਾਗੀਂ ਚੰਬਾ ਖਿੜੇ ਰਿਹਾ, ਕੋਈ ਮਾਲਣ ਹਾਰ ਪਰੋਅ।

(4)

ਮ੍ਹਾਰੇ ਘਰ ਮੇਜ ਅਰ ਕੁਰਸੀ, ਬੇਟੀ ਬੈਠ ਕਿਤਾਬਾਂ ਪੜ੍ਹਦੀ।
ਬਾਬਾ ਜੀ ਨੇ ਅਬ ਲਗ ਨਾ ਸੋਚੀ, ਬੇਟੀ ਬੀਸ ਬਰਸ ਕੀ ਹੋਗੀ।
ਝੂਮਰ ਸੋਨੇ ਕਾ ਹੋਗਾ ਜਿਸ ਪਰ ਜੜਿਆ ਡੇਢ ਸੌ ਮੋਤੀ।

ਮ੍ਹਾਰੇ ਘਰ ਮੇਜ ਅਰ ਕੁਰਸੀ, ਬੇਟੀ ਬੈਠ ਕਿਤਾਬਾ ਪੜ੍ਹਦੀ।
ਬਾਬਲ ਜੀ ਨੇ ਅਬ ਲਗ ਨਾ ਸੋਚੀ. ਬੇਟੀ ਬੀਸ ਬਰਸ ਕੀ ਔਗੀ।
ਝੂਮਰ ਸੋਨੇ ਕਾ ਹੋਗਾ ਜਿਸ ਪਰ ਜੜਿਆ ਡੇਢ ਸੈ ਮੋਤੀ।
ਮ੍ਹਾਰੇ ਘਰ ਮੇਜ ਅਰ ਕੁਰਸੀ, ਬੇਟੀ ਬੈਠ ਕਿਤਾਬਾਂ ਪੜ੍ਹਦੀ।
ਤਾਇਆ ਜੀ ਨੇ ਅਬ ਲਗ ਨਾ ਸੋਚੀ, ਬੇਟੀ ਬੀਸ ਬਰਸ ਕੀ ਔਗੀ।
ਚਾਚਾ ਜੀ ਨੇ ਅਬ ਲਗ ਨਾ ਸੋਚੀ, ਭਤੀਜੀ ਬੀਸ ਬਰਸ ਕੀ ਔਗੀ।
ਮ੍ਹਾਰੇ ਘਰ ਮੇਜ ਅਰ ਕੁਰਸੀ, ਬੇਟੀ ਬੈਠ ਕਿਤਾਬਾਂ ਪੜ੍ਹਦੀ।
ਮਾਮਾ ਜੀ ਨੇ ਅਬ ਲਗ ਨਾ ਸੋਚੀ, ਭਾਣਜੀ ਬੀਸ ਬਰਸ ਕੀ ਔਗੀ।
ਫੁਫੜ ਜੀ ਨੇ ਅਬ ਲਗ ਨਾ ਸੋਚੀ, ਬੇਟੀ ਬੀਸ ਬਰਸ ਕੀ ਔਗੀ।
ਝੂਮਰ ਸੋਨੇ ਕਾ ਹੋਗਾ ਜਿਸ ਪਰ ਜੜਿਆ ਡੇਢ ਸੈ ਮੋਤੀ।
ਮ੍ਹਾਰੇ ਘਰ ਮੇਜ ਅਰ ਕੁਰਸੀ, ਬੇਟੀ ਬੈਠ ਕਿਤਾਬਾਂ ਪੜ੍ਹਦੀ।
ਵੀਰਾ ਜੀ ਨੇ ਅਬ ਲਗ ਨਾ ਸੋਚੀ, ਬੇਬੋ ਬੀਸ ਬਰਸ ਕੀ ਔਗੀ।
ਝੂਮਰ ਸੋਨੇ ਕਾ ਹੋਗਾ ਜਿਸ ਪਰ ਜੜਿਆ ਡੇਢ ਸੈ ਮੋਤੀ।
ਮ੍ਹਾਰੇ ਘਰ ਮੇਜ ਅਰ ਕੁਰਸੀ, ਬੇਟੀ ਬੈਠ ਕਿਤਾਬਾਂ ਪੜ੍ਹਦੀ।

(5)

ਬੀਬੀ ਕਾ ਬਾਬਲ ਘੋੜਾ ਏ ਸਵਾਰ 'ਕ ਨਗਰੋ ਨਗਰ ਫਿਰਾ।
ਬੀਬੀ ਸਭ ਨਗਰੋਂ ਮੇ ਨਗਰ 'ਕ ਡੈਹਰ ਮ੍ਹਾਰੇ ਮਨ ਵਸਿਆ।
ਬੀਬੀ ਸਭ ਸਜਨੋ ਮੇਂ ਸਜਨ 'ਕ ਜਸਪਾਲ ਮ੍ਹਾਰੇ ਮਨ ਵਸਿਆ।
ਬੀਬੀ ਕਾ ਤਾਇਆ ਘੋੜਾ ਏ ਸਵਾਰ 'ਕ' ਨਗਰੋ ਨਗਰ ਫਿਰਾ।
ਬੀਬੀ ਕਾ ਚਾਚਾ ਘੋੜਾ ਏ ਸਵਾਰ 'ਕ' ਨਗਰੋ ਨਗਰ ਫਿਰਾ।
ਬੀਬੀ ਸਭ ਨਗਰੋਂ ਮੇਂ ਨਗਰ 'ਕ' ਡੈਹਰ ਮ੍ਹਾਰੇ ਮਨ ਵਸਿਆ।
ਬੀਬੀ ਸਭ ਸਜਨੋਂ ਮੇਂ ਸਜਨ 'ਕ' ਸ਼ਿਵਲਾਲ ਮ੍ਹਾਰੇ ਮਨ ਵਸਿਆ।
ਬੀਬੀ ਸਭ ਕੌਰੋ ਮੇ ਕੌਰ 'ਕ' ਜਸਪਾਲ ਮ੍ਹਾਰੇ ਮਨ ਵਸਿਆ।
ਬੀਬੀ ਕਾ ਮਾਮਾ ਘੋੜਾ ਏ ਸਵਾਰ 'ਕ' ਨਗਰੋ ਨਗਰ ਫਿਰਾ।
ਬੀਬੀ ਕਾ ਫੁਫੜ ਘੋੜਾ ਏ ਸਵਾਰ 'ਕ' ਨਗਰੋ ਨਗਰ ਫਿਰਾ।
ਬੀਬੀ ਸਭ ਨਗਰੋਂ ਮੇ ਨਗਰ 'ਕ' ਡੈਹਰ ਮ੍ਹਾਰੇ ਮਨ ਵਸਿਆ।
ਬੀਬੀ ਸਭ ਸਜਨੋਂ ਮੇ ਸਜਨ 'ਕ' ਸ਼ਿਵਲਾਲ ਮ੍ਹਾਰੇ ਮਨ ਵਸਿਆ।
ਬੀਬੀ ਸਭ ਕੌਰੋਂ ਮੇਂ ਕੌਰ 'ਕ ਜਸਪਾਲ ਮ੍ਹਾਰੇ ਮਨ ਵਸਿਆ।
ਬੀਬੀ ਕਾ ਵੀਰਾ ਘੋੜਾ ਏ ਸਵਾਰ 'ਕ ਨਗਰੋ ਨਗਰ ਫਿਰਾ।
ਬੀਬੀ ਕਾ ਜੀਜਾ ਘੋੜਾ ਏ ਸਵਾਰ 'ਕ ਨਗਰੋ ਨਗਰ ਫਿਰਾ।
ਬੀਬੀ ਸਭ ਨਗਰੋਂ ਮੇਂ ਨਗਰ 'ਕ ਡੈਹਰ ਮ੍ਹਾਰੇ ਮਨ ਵਸਿਆ।
ਬੀਬੀ ਸਭ ਸਜਨੋਂ ਮੇ ਸਜਨ 'ਕ ਸ਼ਿਵਲਾਲ ਮ੍ਹਾਰੇ ਮਨ ਵਸਿਆ।
ਬੀਬੀ ਸਭ ਕੌਰੋ ਮੇਂ ਕੌਰ 'ਕ ਜਸਪਾਲ ਮ੍ਹਾਰੇ ਮਨ ਵਸਿਆ।



(6)

ਬੀਬੀ ਬਾਬਲ ਜੀ ਖੜੇ ਹਥ ਜੋੜ ਰਾਮ ਰੱਥ ਛੇੜ ਲਈ।
ਲਾਡੋ ਜੋ ਮੰਗਣਾ ਸੋ ਮਾਂਗ ਰਾਮ ਰੱਥ ਸਾਂਭ ਲਈ।
ਲਾਡੋ ਮੰਗਣਾ ਹੈ ਤੋ ਮਾਂਗ ਮਾਂਗਣੇ ਕੀ ਆਈ ਘੜੀਆਂ।
ਮੈਂ ਤੋ ਵਰ ਮਾਂਗੂੰ ਭਗਵਾਨ ਦੇਵਰ ਛੋਟਾ ਲਛਮਣ ਜੀ।
ਮੈਂ ਤੋਂ ਮਾਂਗੂੰ ਕੌਸ਼ੱਲਿਆ ਸਾਸ ਸੌਰਾ ਤੋ ਰਾਜਾ ਦਸਰਥ ਜੀ।
ਮੈਂ ਤੋਂ ਮਾਂਗੂੰ ਅਯੋਧਿਆ ਜੀ ਕਾ ਰਾਜ ਪਲੰਗ ਬੈਠੀ ਹੁਕਮ ਕਰੂੰ।
ਬੀਬੀ ਤਾਇਆ ਜੀ ਖੜੇ ਹੱਥ ਜੋੜ ਰਾਮ ਰਥ ਛੇੜ ਲਈ।
ਬੀਬੀ ਚਾਚਾ ਜੀ ਖੜੇ ਹਥ ਜੋੜ ਰਾਮ ਰੱਥ ਛੇੜ ਲਈ।
ਬੀਬੀ ਜੋ ਮੰਗਣਾ ਸੋ ਮਾਂਗ ਰਾਮ ਰੱਥ ਸਾਂਭ ਲਈ।
ਭਤੀਜੀ ਜੋ ਮੰਗਣਾ ਸੋ ਮਾਂਗ ਰਾਮ ਰਥ ਸਾਂਭ ਲਈ।
ਮੈਂ ਤੋ ਵਰ ਮਾਂਗੂੰ ਭਗਵਾਨ ਦੇਵਰ ਛੋਟਾ ਲਛਮਣ ਜੀ।
ਮੈਂ ਤੋਂ ਮਾਂਗੂੰ ਕੌਸਲਿਆ ਸਾਸ ਸੌਰਾ ਤੋ ਰਾਜਾ ਦਸਰਥ ਜੀ।
ਮੈਂ ਤੋਂ ਮਾਂਗੂੰ ਅਯੋਧਿਆ ਜੀ ਕਾ ਰਾਜ ਪਲੰਗ ਬੈਠੀ ਹੁਕਮ ਕਰੂੰ।
ਬੀਬੀ ਮਾਮਾ ਜੀ ਖੜੇ ਹੱਥ ਜੋੜ ਰਾਮ ਰਥ ਛੇੜ ਲਈ।
ਬੀਬੀ ਫੁਫੜ ਜੀ ਖੜੇ ਹਥ ਜੋੜ ਰਾਮ ਰੱਥ ਛੇੜ ਲਈ।
ਭਾਣਜੀ ਜੋ ਮੰਗਣਾ ਸੋ ਮਾਂਗ ਰਾਮ ਰੱਥ ਸਾਂਭ ਲਈ।
ਬੀਬੀ ਜੋ ਮੰਗਣਾ ਸੋ ਮਾਂਗ ਰਾਮ ਰਥ ਸਾਂਭ ਲਈ।
ਮੈਂ ਤੋ ਵਰ ਮਾਂਗੂੰ ਭਗਵਾਨ ਦੇਵਰ ਛੋਟਾ ਲਛਮਣ ਜੀ।
ਮੈਂ ਤੋਂ ਮਾਂਗੂੰ ਕੌਸ਼ਲਿਆ ਸਾਸ ਸੌਰਾ ਤੋ ਰਾਜਾ ਦਸਰਥ ਜੀ।
ਮੈਂ ਤੋਂ ਮਾਂਗੂੰ ਅਯੋਧਿਆ ਜੀ ਕਾ ਰਾਜ ਪਲੰਗ ਬੈਠੀ ਹੁਕਮ ਕਰੂੰ।
ਬੀਬੀ ਵੀਰਾ ਜੀ ਖੜੇ ਹੱਥ ਜੋੜ ਰਾਮ ਰਥ ਛੇੜ ਲਈ।
ਬੀਬੀ ਜੀਜਾ ਜੀ ਖੜੇ ਹਥ ਜੋੜ ਰਾਮ ਰੱਥ ਛੇੜ ਲਈ।
ਭੈਣੇ ਜੋ ਮੰਗਣਾ ਸੋ ਮਾਂਗ ਰਾਮ ਰੱਥ ਸਾਂਭ ਲਈ।
ਸਾਲ਼ੀ ਜੋ ਮੰਗਣਾ ਸੋ ਮਾਂਗ ਰਾਮ ਰਥ ਸਾਂਭ ਲਈ।
ਮੈਂ ਤੋ ਵਰ ਮਾਂਗੂੰ ਭਗਵਾਨ ਦੇਵਰ ਛੋਟਾ ਲਛਮਣ ਜੀ।
ਮੈਂ ਤੋਂ ਮਾਂਗੂੰ ਕੌਸ਼ਲਿਆ ਸਾਸ ਸੌਰਾ ਤੋ ਰਾਜਾ ਦਸਰਥ ਜੀ।
ਮੈਂ ਤੋਂ ਮਾਂਗੂੰ ਅਯੋਧਿਆ ਜੀ ਕਾ ਰਾਜ ਪਲੰਗ ਬੈਠੀ ਹੁਕਮ ਕਰੂੰ।

(7)

ਨਿੱਕੀ ਜੀ ਬੇਰੀ ਦਾ ਪਤੂਆ, ਓ ਵੀ ਲੈਂਦਾ ਸੀ ਹੁਲਾਰੇ।
ਦੂਰ ਨਾ ਵਿਆਹੀਂ ਮੇਰੇ ਬਾਬਲ, ਜੀ ਸਾਥੋਂ ਤੁਰਿਆ ਨਾ ਜਾਵੇ।
ਦੂਰ ਦੀ ਵਾਟ ਨਾ ਤੁਰ ਹੁੰਦੀ, ਜੀ ਪੈਰੀਂ ਪੈ ਜਾਂਦੇ ਛਾਲੇ।

ਨਿੱਕੀ ਜੀ ਬੇਰੀ ਦਾ ਪਤ੍ਰਆ, ਓ ਵੀ ਲੈਂਦਾ ਸੀ ਹੁਲਾਰੇ।
ਦੂਰ ਨਾ ਵਿਆਹੀਂ ਮੇਰੇ ਤਾਇਆ, ਜੀ ਸਾਥੋਂ ਤੁਰਿਆ ਨਾ ਜਾਵੇ।
ਦੂਰ ਨਾ ਵਿਆਹੀਂ ਮੇਰੇ ਚਾਚਾ, ਜੀ ਸਾਥੋਂ ਤੁਰਿਆ ਨਾ ਜਾਵੇ।
ਦੂਰ ਦੀ ਵਾਟ ਨਾ ਤੁਰ ਹੁੰਦੀ, ਜੀ ਪੈਰੀਂ ਪੈ ਜਾਂਦੇ ਛਾਲੇ।
ਨਿੱਕੀ ਜੀ ਬੇਰੀ ਦਾ ਪਤ੍ਰਆ, ਓ ਵੀ ਲੈਂਦਾ ਸੀ ਹੁਲਾਰੇ।
ਦੂਰ ਨਾ ਵਿਆਹੀਂ ਮੇਰੇ ਮਾਮਾ, ਜੀ ਸਾਥੋਂ ਤੁਰਿਆ ਨਾ ਜਾਵੇ।
ਦੂਰ ਨਾ ਵਿਆਹੀਂ ਮੇਰੇ ਫੁਫੜ, ਜੀ ਸਾਥੋਂ ਤੁਰਿਆ ਨਾ ਜਾਵੇ।
ਦੂਰ ਦੀ ਵਾਟ ਨਾ ਤੁਰ ਹੁੰਦੀ, ਜੀ ਪੈਰੀਂ ਪੈ ਜਾਂਦੇ ਛਾਲੇ।
ਨਿੱਕੀ ਜੀ ਬੇਰੀ ਦਾ ਪਤ੍ਰਆ, ਓ ਵੀ ਲੈਂਦਾ ਸੀ ਹੁਲਾਰੇ।
ਦੂਰ ਨਾ ਵਿਆਹੀਂ ਮੇਰੇ ਵੀਰਾ, ਜੀ ਸਾਥੋਂ ਤੁਰਿਆ ਨਾ ਜਾਵੇ।
ਦੂਰ ਦੀ ਵਾਟ ਨਾ ਤੁਰ ਹੁੰਦੀ, ਜੀ ਪੈਰੀਂ ਪੈ ਜਾਂਦੇ ਛਾਲੇ।
ਨਿੱਕੀ ਜੀ ਬੇਰੀ ਦਾ ਪਤ੍ਰਆ, ਓ ਵੀ ਲੈਂਦਾ ਸੀ ਹੁਲਾਰੇ।

(8)

ਲੰਬੀਏ ਨੀ ਲੰਝੀਏ ਲਾਲ ਖਜੂਰੇ, ਕਿਨੇਹ ਵਰ ਟੋਲਿਆ ਨੀ ਦੂਰੇ।
ਬਾਬਲ ਤਾਂ ਮੇਰਾ ਦੇਸਾਂ ਦਾ ਰਾਜਾ, ਉਨੇਹ ਵਰ ਟੋਲਿਆ ਨੀ ਦੂਰੇ।
ਲੰਬੀਏ ਨੀ ਲੰਝੀਏ ਲਾਲ ਖਜੂਰੇ, ਕਿਨੇਹ ਵਰ ਟੋਲਿਆ ਨੀ ਦੂਰੇ।
ਤਾਇਆ ਤਾਂ ਮੇਰਾ ਦੇਸਾਂ ਦਾ ਰਾਜਾ, ਉਨੇਹ ਵਰ ਟੋਲਿਆ ਨੀ ਦੂਰੇ।
ਚਾਚਾ ਤਾਂ ਮੇਰਾ ਦੇਸ਼ਾਂ ਦਾ ਰਾਜਾ, ਉਨੇਹ ਵਰ ਟੋਲਿਆ ਨੀ ਦੂਰੇ।
ਲੰਬੀਏ ਨੀ ਲੰਝੀਏ ਲਾਲ ਖਜੂਰੇ, ਕਿਨੇਹ ਵਰ ਟੋਲਿਆ ਨੀ ਦੂਰੇ।
ਮਾਮਾ ਤਾਂ ਮੇਰਾ ਦੇਸ਼ਾਂ ਦਾ ਰਾਜਾ, ਉਨੇਹ ਵਰ ਟੋਲਿਆ ਨੀ ਦੂਰੇ।
ਫੁਫੜ ਤਾਂ ਮੇਰਾ ਦੇਸ਼ਾਂ ਦਾ ਰਾਜਾ, ਉਨੇਹ ਵਰ ਟੋਲਿਆ ਨੀ ਦੂਰੇ।
ਲੰਬੀਏ ਨੀ ਲੰਝੀਏ ਲਾਲ ਖਜੂਰੇ, ਕਿਨੇਹ ਵਰ ਟੋਲਿਆ ਨੀ ਦੂਰੇ।
ਵੀਰਾ ਤਾਂ ਮੇਰਾ ਦੇਸਾਂ ਦਾ ਰਾਜਾ, ਉਨੇਹ ਵਰ ਟੋਲਿਆ ਨੀ ਦੂਰੇ।
ਜੀਜਾ ਤਾਂ ਮੇਰਾ ਦੇਸ਼ਾਂ ਦਾ ਰਾਜਾ, ਉਨੇਹ ਵਰ ਟੋਲਿਆ ਨੀ ਦੂਰੇ।
ਲੰਬੀਏ ਨੀ ਲੰਝੀਏ ਲਾਲ ਖਜੂਰੇ, ਕਿਨੇਹ ਵਰ ਟੋਲਿਆ ਨੀ ਦੂਰੇ।

(9)

ਮੇਰੇ ਬਾਬਾ ਕੀ ਹਰੀਓ ਬਗੀਚ ਸਬਜ ਤੋਤਾ ਬੋਲੀਏ।
ਮੇਰੇ ਬਾਬਲ ਕੀ ਹਰੀਓ ਬਗੀਚ ਸਬਜ ਤੋਤਾ ਬੋਲੀਏ।
ਤੋਤੇ ਤੈਨੂੰ ਪਲਾਵਾਂ ਕੱਚਾ ਦੂਧ ਵਚਨ ਚੰਗੇ ਬੋਲੀਏ।
ਬੀਬੀ ਕਰਮ ਲਿਖੇ ਕਰਤਾਰ ਲਿਖਣ ਵਾਲਾ ਰਾਮ ਜੀ।
ਬੀਬੀ ਟੋਲਿਆ ਤੇ ਦਿਲੜੀ ਦਾ ਰਾਜਾ ਮੇਹਲੜੇ ਦਾ ਚੋਧਰੀ।



ਮੇਰੇ ਤਾਇਆਂ ਕੀ ਹਰੀਓ ਬਗੀਚ ਸਬਜ ਤੋਤਾ ਬੋਲੀਏ।
ਮੇਰੇ ਚਾਚਿਆਂ ਕੀ ਹਰੀਓ ਬਗੀਚ ਸਬਜ ਤੋਤਾ ਬੋਲੀਏ।
ਤੋਤੇ ਤੈਨੂੰ ਪਲਾਵਾਂ ਕਚਾ ਦੂਧ ਵਚਨ ਚੰਗੇ ਬੋਲੀਏ।
ਬੇਟੀ ਕਰਮ ਲਿਖੇ ਕਰਤਾਰ ਲਿਖਣ ਵਾਲਾ ਰਾਮ ਜੀ।
ਭਤੀਜੀ ਕਰਮ ਲਿਖੇ ਕਰਤਾਰ ਲਿਖਣ ਵਾਲਾ ਰਾਮ ਜੀ।
ਬੇਟੀ ਟੋਲ਼ਿਆ ਤੇ ਦਿਲੜੀ ਦਾ ਰਾਜਾ ਮੇਹਲੜੇ ਦਾ ਚੋਧਰੀ।
ਭਤੀਜੀ ਟੋਲ਼ਿਆ ਤੇ ਦਿਲੜੀ ਦਾ ਰਾਜਾ ਮੇਹਲੜੇ ਦਾ ਚੋਧਰੀ।
ਮੇਰੇ ਮਾਮਿਆਂ ਕੀ ਹਰੀਓ ਬਗੀਚ ਸਬਜ ਤੋਤਾ ਬੋਲੀਏ।
ਮੇਰੇ ਫੁਫਿਆਂ ਕੀ ਹਰੀਓ ਬਗੀਚ ਸਬਜ ਤੋਤਾ ਬੋਲੀਏ।
ਤੋਤੇ ਤੈਨੂੰ ਪਲਾਵਾਂ ਕਚਾ ਦੂਧ ਵਚਨ ਚੰਗੇ ਬੋਲੀਏ।
ਭਾਣਜੀ ਕਰਮ ਲਿਖੇ ਕਰਤਾਰ, ਲਿਖਣ ਵਾਲਾ ਰਾਮ ਜੀ।
ਬੀਬੀ ਕਰਮ ਲਿਖੇ ਕਰਤਾਰ ਲਿਖਣ ਵਾਲਾ ਰਾਮ ਜੀ।
ਭਾਣਜੀ ਟੋਲਿਆ ਤੇ ਦਿਲੜੀ ਦਾ ਰਾਜਾ ਮੇਹਲੜੇ ਦਾ ਚੋਧਰੀ।
ਬੀਬੀ ਟੋਲ਼ਿਆ ਤੇ ਦਿਲੜੀ ਦਾ ਰਾਜਾ ਮੇਹਲੜੇ ਦਾ ਚੋਧਰੀ।
ਮੇਰੇ ਵੀਰਿਆਂ ਕੀ ਹਰੀਓ ਬਗੀਚ ਸਬਜ਼ ਤੋਤਾ ਬੋਲੀਏ।
ਤੋਤੇ ਤੈਨੂੰ ਪਲਾਵਾਂ ਕਚਾ ਦੂਧ ਵਚਨ ਚੰਗੇ ਬੋਲੀਏ।
ਭੇਣੇ ਕਰਮ ਲਿਖੇ ਕਰਤਾਰ ਲਿਖਣ ਵਾਲਾ ਰਾਮ ਜੀ।
ਭੇਣੇ ਟੋਲਿਆ ਤੇ ਦਿਲੜੀ ਦਾ ਰਾਜਾ ਮੇਹਲੜੇ ਦਾ ਚੋਧਰੀ।

(10)

ਮਿਚੀ ਹੈ ਧੂਮ ਸਾਦੀ ਕੀ ਨਗਰ ਮੇਂ ਕਿਸਕੀ ਸ਼ਾਦੀ ਹੈ।
ਬੀਬੀ ਕੇ ਬਾਬਲ ਸੇ ਪੂਛੇ ਨਗਰ ਮੇਂ ਕਿਸਕੀ ਸਾਦੀ ਹੈ।
ਉਨਹੋਂ ਨੇ ਹੱਸ ਕੇ ਫਰਮਾਇਆ ਮੇਰੀ ਬੇਟੀ ਕੀ ਸ਼ਾਦੀ ਹੈ।
ਮਿਚੀ ਹੈ ਧੂਮ ਸ਼ਾਦੀ ਕੀ ਨਗਰ ਮੇਂ ਕਿਸਕੀ ਸਾਦੀ ਹੈ।
ਬੀਬੀ ਕੇ ਤਾਇਆ ਸੇ ਪੂਛੇ ਨਗਰ ਮੇਂ ਕਿਸਕੀ ਸ਼ਾਦੀ ਹੈ।
ਬੀਬੀ ਕੇ ਚਾਚਾ ਸੇ ਪੂਛੇ ਨਗਰ ਮੇਂ ਕਿਸਕੀ ਸ਼ਾਦੀ ਹੈ।
ਉਨਹੋਂ ਨੇ ਹੱਸ ਕੇ ਫਰਮਾਇਆ ਮੇਰੀ ਬੇਟੀ ਕੀ ਸਾਦੀ ਹੈ।
ਉਨਹੋਂ ਨੇ ਹੱਸ ਕੇ ਫਰਮਾਇਆ ਮੇਰੀ ਭਤੀਜੀ ਕੀ ਸਾਦੀ ਹੈ।
ਮਿਚੀ ਹੈ ਧੂਮ ਸ਼ਾਦੀ ਕੀ ਨਗਰ ਮੇਂ ਕਿਸਕੀ ਸਾਦੀ ਹੈ।
ਬੀਬੀ ਕੇ ਮਾਮਾ ਸੇ ਪੂਛੇ ਨਗਰ ਮੇਂ ਕਿਸਕੀ ਸ਼ਾਦੀ ਹੈ।
ਬੀਬੀ ਕੇ ਫੁਫੜ ਸੇ ਪੂਛੇ ਨਗਰ ਮੇਂ ਕਿਸਕੀ ਸ਼ਾਦੀ ਹੈ।
ਉਨਹੋਂ ਨੇ ਹੱਸ ਕੇ ਫਰਮਾਇਆ ਮੇਰੀ ਭਾਣਜੀ ਕੀ ਸ਼ਾਦੀ ਹੈ।
ਉਨਹੋਂ ਨੇ ਹੱਸ ਕੇ ਫਰਮਾਇਆ ਮੇਰੀ ਬੇਟੀ ਕੀ ਸਾਦੀ ਹੈ।

ਮਿੱਚੀ ਹੈ ਧੂਮ ਸ਼ਾਦੀ ਕੀ ਨਗਰ ਮੇਂ ਕਿਸਕੀ ਸ਼ਾਦੀ ਹੈ।
ਬੀਬੀ ਕੇ ਵੀਰਾ ਸੇ ਪੂਛੇ ਨਗਰ ਮੇਂ ਕਿਸਕੀ ਸ਼ਾਦੀ ਹੈ।
ਉਨਹੋਂ ਨੇ ਹੱਸ ਕੇ ਫ਼ਰਮਾਇਆ ਮੇਰੀ ਬਹਿਣ ਕੀ ਸ਼ਾਦੀ ਹੈ।
ਮਿੱਚੀ ਹੈ ਧੂਮ ਸ਼ਾਦੀ ਕੀ ਨਗਰ ਮੇਂ ਕਿਸਕੀ ਸ਼ਾਦੀ ਹੈ।

(11)

ਲਾੜੇ ਬਾਬਲ ਬਲਾਵੈ ਜਰਾ ਇਧਰ ਆਨਾ।
ਸਰਕਾਰੀ ਹੁਕਮ ਜਰਾ ਗ਼ਮ ਖਾਨਾ।
ਲਾੜੇ ਕਿਆਹੇਂ ਕੀ ਤਸੀਲ ਕਿਆਹੇਂ ਕਾ ਠਾਣਾ।
ਕਿਆਹੇਂ ਕਾ ਬਣਾ ਦੀਆ ਜੇਲਖਾਨਾ।
ਬਾਬਲ ਸਾਸ ਤਸੀਲ ਨਣਦ ਠਾਣਾ।
ਘੁੰਗਟੇ ਕਾ ਬਣਾ ਦੀਆ ਜੇਲਖਾਨਾ।
ਲਾੜੇ ਤਾਇਆ ਬਲਾਵੇ ਜਰਾ ਇਧਰ ਆਨਾ।
ਲਾੜੇ ਚਾਚਾ ਬਲਾਵੈ ਜਰਾ ਇਧਰ ਆਨਾ।
ਸਰਕਾਰੀ ਹੁਕਮ ਜਰਾ ਗ਼ਮ ਖਾਨਾ।
ਲਾੜੇ ਕਿਆਹੇਂ ਕੀ ਤਸੀਲ ਕਿਆਹੇਂ ਕਾ ਠਾਣਾ।
ਕਿਆਹੇਂ ਕਾ ਬਣਾ ਦੀਆ ਜੇਲਖਾਨਾ।
ਤਾਇਆ ਸਾਸ ਤਸੀਲ ਨਣਦ ਠਾਣਾ।
ਘੁੰਗਟੇ ਕਾ ਬਣਾ ਦੀਆ ਜੇਲਖਾਨਾ।
ਲਾੜੇ ਮਾਮਾ ਜੀ ਬੁਲਾਵੈ ਜਰਾ ਇਧਰ ਆਨਾ।
ਲਾੜੇ ਫੂਫੜ ਜੀ ਬਲਾਵੈ ਜਰਾ ਇਧਰ ਆਨਾ।
ਸਰਕਾਰੀ ਹੁਕਮ ਜਰਾ ਗ਼ਮ ਖਾਨਾ।
ਲਾੜੇ ਕਿਆਹੇਂ ਕੀ ਤਸੀਲ ਕਿਆਹੇਂ ਕਾ ਠਾਣਾ।
ਕਿਆਹੇਂ ਕਾ ਬਣਾ ਦੀਆ ਜੇਲਖਾਨਾ।
ਮਾਮਾ ਸਾਸ ਤਸੀਲ ਨਣਦ ਠਾਣਾ।
ਫੂਫੜ ਸਾਸ ਤਸੀਲ ਨਣਦ ਠਾਣਾ।
ਘੁੰਗਟੇ ਕਾ ਬਣਾ ਦੀਆ ਜੇਲਖਾਨਾ।
ਲਾੜੇ ਜੀਜਾ ਬਲਾਵੇ ਜਰਾ ਇਧਰ ਆਨਾ।
ਲਾੜੇ ਵੀਰਾ ਬਲਾਵੈ ਜਰਾ ਇਧਰ ਆਨਾ।
ਸਰਕਾਰੀ ਹੁਕਮ ਜਰਾ ਗ਼ਮ ਖਾਨਾ।
ਲਾੜੇ ਕਿਆਹੇਂ ਕੀ ਤਸੀਲ ਕਿਆਹੇਂ ਕਾ ਠਾਣਾ।
ਕਿਆਹੇਂ ਕਾ ਬਣਾ ਦੀਆ ਜੇਲ੍ਹ ਖਾਨਾ।
ਜੀਜਾ ਸਾਸ ਤਸੀਲ ਨਣਦ ਠਾਣਾ।



ਵੀਰਾ ਸਾਸ ਤਸੀਲ ਨਣਦ ਠਾਣਾ।
ਘੁੰਗਟੇ ਕਾ ਬਣਾ ਦੀਆ ਜੇਲਖਾਨਾ।

(12)

ਲਾੜੇ ਏ ਤੇਰੀ ਸ਼ਾਦੀ ਕੇ ਛਾਪ ਦੀਏ ਅਖ਼ਬਾਰ।
ਲਾੜੇ ਏ ਤੇਰੀ ਸ਼ਾਦੀ ਕੇ ਰ੍ਹੈ ਗਏ ਦੋ ਦਿਨ ਚਾਰ।
ਮਾਥੇ ਲਾੜੇ ਕੇ ਟਿੱਕਾ ਸੁੋਵੇ ਬਿੰਦੀ ਪੇ ਲਗੇ ਹੀਰੇ ਲਾਲ।
ਲਾੜੇ ਏ ਤੇਰੀ ਸ਼ਾਦੀ ਕੇ ਰ੍ਹੈ ਗਏ ਦੋ ਦਿਨ ਚਾਰ।
ਲਾੜੇ ਏ ਤੇਰੀ ਸ਼ਾਦੀ ਕੇ ਛਾਪ ਦੀਏ ਅਖ਼ਬਾਰ।
ਕਾਨ ਲਾੜੇ ਕੇ ਕਾਂਟੇ ਸੁੋਵੇ ਬਾਲੀ ਪੇ ਲਗੇ ਹੀਰੇ ਲਾਲ।
ਲਾੜੇ ਏ ਤੇਰੀ ਸ਼ਾਦੀ ਕੇ ਰ੍ਹੈ ਗਏ ਦੋ ਦਿਨ ਚਾਰ।
ਲਾੜੇ ਏ ਤੇਰੀ ਸ਼ਾਦੀ ਕੇ ਛਾਪ ਦੀਏ ਅਖ਼ਬਾਰ।
ਗਲ ਲਾੜੇ ਕੇ ਪੈਂਡਲ ਸੁੋਵੇ ਗਾਨੀ ਪੇ ਲਗੇ ਹੀਰੇ ਲਾਲ।
ਲਾੜੇ ਏ ਤੇਰੀ ਸ਼ਾਦੀ ਕੇ ਰ੍ਹੈ ਗਏ ਦੋ ਦਿਨ ਚਾਰ।
ਲਾੜੇ ਏ ਤੇਰੀ ਸ਼ਾਦੀ ਕੇ ਛਾਪ ਦੀਏ ਅਖ਼ਬਾਰ।
ਹਾਥ ਲਾੜੇ ਕੇ ਘੜੀਆਂ ਸੁੋਵੇ ਕੰਗਣ ਪੇ ਲਗੇ ਹੀਰੇ ਲਾਲ।
ਲਾੜੇ ਏ ਤੇਰੀ ਸ਼ਾਦੀ ਕੇ ਰ੍ਹੈ ਗਏ ਦੋ ਦਿਨ ਚਾਰ।
ਲਾੜੇ ਏ ਤੇਰੀ ਸ਼ਾਦੀ ਕੇ ਛਾਪ ਦੀਏ ਅਖ਼ਬਾਰ।

(13)

ਸੋਨੇ ਕੀ ਸੂਈ ਰੇਸ਼ਮ ਕਾ ਧਾਗਾ, ਬੈਠ ਕਸੀਦਾ ਕਾਢ ਰਹੀ।
ਆਂਦੇ ਜਾਂਦੇ ਰਾਹੀ ਪੁੱਛਦੇ, ਧੋ ਲਾੜੇ ਕੀਯੂੰ ਰੋਏ ਰਹੀ।
ਬਾਬਲ ਮੇਰੇ ਨੇ ਬ੍ਹਿਆ ਏ ਰਚਾਇਆ, ਮੈਂ ਪਰਦੇਸਣ ਹੋਏ ਰਹੀ।
ਸੋਨੇ ਕੀ ਸੂਈ ਰੇਸ਼ਮ ਕਾ ਧਾਗਾ, ਬੈਠ ਕਸੀਦਾ ਕਾਢ ਰਹੀ।
ਆਂਦੇ ਜਾਂਦੇ ਰਾਹੀ ਪੁੱਛਦੇ, ਧੋ ਲਾੜੇ ਕੀਯੂੰ ਰੋਏ ਰਹੀ।
ਤਾਇਆ ਮੇਰੇ ਨੇ ਬ੍ਹਿਆ ਏ ਰਚਾਇਆ, ਮੈਂ ਪਰਦੇਸ਼ਣ ਹੋਏ ਰਹੀ।
ਚਾਚਾ ਮੇਰੇ ਨੇ ਬ੍ਹਿਆ ਏ ਰਚਾਇਆ, ਮੈਂ ਪਰਦੇਸ਼ਣ ਹੋਏ ਰਹੀ।
ਸੋਨੇ ਕੀ ਸੂਈ ਰੇਸ਼ਮ ਕਾ ਧਾਗਾ, ਬੈਠ ਕਸੀਦਾ ਕਾਢ ਰਹੀ।
ਆਂਦੇ ਜਾਂਦੇ ਰਾਹੀ ਪੁੱਛਦੇ, ਧੋ ਲਾੜੋ ਕੀਯੂੰ ਰੋਏ ਰਹੀ।
ਮਾਮਾ ਮੇਰੇ ਨੇ ਬ੍ਹਿਆ ਏ ਰਚਾਇਆ, ਮੈਂ ਪਰਦੇਸਣ ਹੋਏ ਰਹੀ।
ਫੂਫੜ ਮੇਰੇ ਨੇ ਬ੍ਹਿਆ ਏ ਰਚਾਇਆ, ਮੈਂ ਪਰਦੇਸ਼ਣ ਹੋਏ ਰਹੀ।
ਸੋਨੇ ਕੀ ਸੂਈ ਰੇਸ਼ਮ ਕਾ ਧਾਗਾ, ਬੈਠ ਕਸੀਦਾ ਕਾਢ ਰਹੀ।
ਆਂਦੇ ਜਾਂਦੇ ਰਾਹੀ ਪੁੱਛਦੇ, ਧੋ ਲਾੜੋ ਕੀਯੂੰ ਰੋਏ ਰਹੀ।

(14)

ਹਰੀਆਂ ਤਾਂ ਡੇਕਾਂ ਨੂੰ, ਵਢੀਓ ਜੀ,
ਵਢ ਸੁਟੀਓ ਜੀ, ਜੇੜ੍ਹੀਆਂ ਕੰਮ ਨਾ ਆਵੇ।
ਬੀਬੀ ਦੇ ਬਾਬਲ ਨੂੰ ਸਦੀਓ ਜੀ,
ਸਦ ਭੇਜੀਓ ਜੀ, ਜੇੜ੍ਹਾ ਕਾਰਜ ਰਚਾਵੇ।
ਹਰੀਆਂ ਤਾਂ ਡੇਕਾਂ ਨੂੰ, ਵਢੀਓ ਜੀ,
ਵਢ ਸੁਟੀਓ ਜੀ, ਜੇੜ੍ਹੀਆਂ ਕੰਮ ਨਾ ਆਵੇ।
ਬੀਬੀ ਦੇ ਤਾਏ ਨੂੰ, ਸਦੀਓ ਜੀ,
ਸਦ ਭੇਜੀਓ ਜੀ, ਜੇੜ੍ਹਾ ਕਾਰਜ ਰਚਾਵੇ।
ਬੀਬੀ ਦੇ ਚਾਚੇ ਨੂੰ, ਸਦੀਓ ਜੀ,
ਸਦ ਭੇਜੀਓ ਜੀ, ਜੇੜ੍ਹਾ ਕਾਰਜ ਰਚਾਵੇ।
ਹਰੀਆਂ ਤਾਂ ਡੇਕਾਂ ਨੂੰ, ਵਢੀਓ ਜੀ,
ਵਢ ਸੁਟੀਓ ਜੀ, ਜੇੜ੍ਹੀਆਂ ਕੰਮ ਨਾ ਆਵੇ।
ਬੀਬੀ ਦੇ ਮਾਮੇ ਨੂੰ, ਸਦੀਓ ਜੀ,
ਸਦ ਭੇਜੀਓ ਜੀ, ਜੇੜ੍ਹਾ ਕਾਰਜ ਰਚਾਵੇ।
ਬੀਬੀ ਦੇ ਫੁਫੜ ਨੂੰ, ਸਦੀਓ ਜੀ,
ਸਦ ਭੇਜੀਓ ਜੀ, ਜੇੜ੍ਹਾ ਕਾਰਜ ਰਚਾਵੇ।
ਹਰੀਆਂ ਤਾਂ ਡੇਕਾਂ ਨੂੰ, ਵਢੀਓ ਜੀ,
ਵਢ ਸੁਟੀਓ ਜੀ, ਜੇੜ੍ਹੀਆਂ ਕੰਮ ਨਾ ਆਵੇ।
ਬੀਬੀ ਦੇ ਵੀਰੇ ਨੂੰ, ਸਦੀਓ ਜੀ,
ਸਦ ਭੇਜੀਓ ਜੀ, ਜੇੜ੍ਹਾ ਕਾਰਜ ਰਚਾਵੇ।
ਬੀਬੀ ਦੇ ਜੀਜਾ ਨੂੰ, ਸਦੀਓ ਜੀ,
ਸਦ ਭੇਜੀਓ ਜੀ, ਜੇੜ੍ਹਾ ਕਾਰਜ ਰਚਾਵੇ।
ਹਰੀਆਂ ਤਾਂ ਡੇਕਾਂ ਨੂੰ, ਵਢੀਓ ਜੀ,
ਵਢ ਸੁਟੀਓ ਜੀ, ਜੇੜ੍ਹੀਆਂ ਕੰਮ ਨਾ ਆਵੇ।

(15)

ਲਾਡੋ ਖੇਲਾ ਲੌਂਗ ਕੇ ਬਿਰਵੇ ਤਲਾ।
ਤੇਰੇ ਦਾਦਾ ਜੀ ਨੇ ਲਈ ਏ ਬਲਾ - - - ਚਲੋ ਲਾਡੋ ਮੇਲ੍ਹਾਂ ਮਾ।
ਤੇਰੀ ਸੱਜਦੀ ਆਵਾ ਏ ਬਾਰਾਤ - - - - ਚਲੋ ਲਾਡੋ ਮੇਲ੍ਹਾਂ ਮਾ।
ਤੇਰੇ ਉੱਡਦੇ ਆਵਾਂ ਏ ਗੁਲਾਲ- - - - - ਚਲੋ ਲਾਡੋ ਮੇਲ੍ਹਾਂ ਮਾ।
ਲਾਡੋ ਖੇਲਾ ਲੌਂਗ ਕੇ ਬਿਰਵੇ ਤਲਾ।
ਤੇਰੇ ਬਾਬਲ ਜੀ ਨੇ ਲਈ ਏ ਬਲਾ - - -ਚਲੋ ਲਾਡੋ ਮੇਲ੍ਹਾਂ ਮਾ।



ਤੇਰੀ ਸੱਜਦੀ ਆਵਾ ਏ ਬਾਰਾਤ - - - - ਚਲੋ ਲਾਡੋ ਮੇਲ੍ਹਾਂ ਮਾ।
ਤੇਰੇ ਉੱਡਦੇ ਆਵਾਂ ਏ ਗੁਲਾਲ- - - - - ਚਲੋ ਲਾਡੋ ਮੇਲ੍ਹਾਂ ਮਾ।
ਲਾਡੋ ਖੇਲਾ ਲੌਂਗ ਕੇ ਬਿਰਵੇ ਤਲਾ।
ਤੇਰੇ ਤਾਇਆ ਜੀ ਨੇ ਲਈ ਏ ਬਲਾ - - ਚਲੋ ਲਾਡੋ ਮੇਲ੍ਹਾਂ ਮਾ।
ਤੇਰੇ ਚਾਚਾ ਜੀ ਨੇ ਲਈ ਏ ਬਲਾ - - - ਚਲੋ ਲਾਡੋ ਮੇਲ੍ਹਾਂ ਮਾ।
ਤੇਰੀ ਸੱਜਦੀ ਆਵਾ ਏ ਬਾਰਾਤ - - - - ਚਲੋ ਲਾਡੋ ਮੇਲ੍ਹਾਂ ਮਾ।
ਤੇਰੇ ਉੱਡਦੇ ਆਵਾਂ ਏ ਗੁਲਾਲ- - - - - ਚਲੋ ਲਾਡੋ ਮੇਲ੍ਹਾਂ ਮਾ।
ਲਾਡੋ ਖੇਲਾ ਲੌਂਗ ਕੇ ਬਿਰਵੇ ਤਲਾ।
ਤੇਰੇ ਮਾਮਾ ਜੀ ਨੇ ਲਈ ਏ ਬਲਾ - - - ਚਲੋ ਲਾਡੋ ਮੇਲ੍ਹਾਂ ਮਾ।
ਤੇਰੇ ਫੁਫੜ ਜੀ ਨੇ ਲਈ ਏ ਬਲਾ - - - ਚਲੋ ਲਾਡੋ ਮੇਲ੍ਹਾਂ ਮਾ।
ਤੇਰੀ ਸੱਜਦੀ ਆਵਾ ਏ ਬਾਰਾਤ - - - - ਚਲੋ ਲਾਡੋ ਮੇਲ੍ਹਾਂ ਮਾ।
ਤੇਰੇ ਉੱਡਦੇ ਆਵਾਂ ਏ ਗੁਲਾਲ- - - - - ਚਲੋ ਲਾਡੋ ਮੇਲ੍ਹਾਂ ਮਾ।
ਲਾਡੋ ਖੇਲਾ ਲੌਂਗ ਕੇ ਬਿਰਵੇ ਤਲਾ।
ਤੇਰੇ ਵੀਰਾ ਜੀ ਨੇ ਲਈ ਏ ਬਲਾ - - - ਚਲੋ ਲਾਡੋ ਮੇਲ੍ਹਾਂ ਮਾ।
ਤੇਰੇ ਜੀਜਾ ਜੀ ਨੇ ਲਈ ਏ ਬਲਾ - - - ਚਲੋ ਲਾਡੋ ਮੇਲ੍ਹਾਂ ਮਾ।
ਤੇਰੀ ਸੱਜਦੀ ਆਵਾ ਏ ਬਾਰਾਤ - - - - ਚਲੋ ਲਾਡੋ ਮੇਲ੍ਹਾਂ ਮਾ।
ਤੇਰੇ ਉੱਡਦੇ ਆਵਾਂ ਏ ਗੁਲਾਲ- - - - - ਚਲੋ ਲਾਡੋ ਮੇਲ੍ਹਾਂ ਮਾ।
ਲਾਡੋ ਖੇਲਾ ਲੌਂਗ ਕੇ ਬਿਰਵੇ ਤਲਾ।

(16)

ਲਾਡੋ ਦੂਰ ਖੇਲਣ ਮਤ ਜਾ ਏ, ਸਜਨ ਘਰ ਆਵਾਂਗੇ।
ਮੈ ਤੇ ਖੇਲੂੰਗੀ ਦਾਦਾ ਜੀ ਦੇ ਚੌਂਕ, ਸਜਨ ਕੈਸੇ ਆਵਾਂਗੇ।
ਐ ਤੇ ਆਵਾਂਗੇ ਘੋੜਾ ਏ ਸਵਾਰ, ਡੋਲੇ ਮਾ ਤੁਝੇ ਲੇਜਾਂਗੇ।
ਲਾਡੋ ਦੂਰ ਖੇਲਣ ਮਤ ਜਾ ਏ, ਸਜਨ ਘਰ ਆਵਾਂਗੇ।
ਮੈ ਤੇ ਖੇਲੂੰਗੀ ਬਾਬਲ ਜੀ ਦੇ ਚੌਂਕ, ਸਜਨ ਕੈਸੇ ਆਵਾਂਗੇ।
ਐ ਤੇ ਆਵਾਂਗੇ ਘੋੜਾ ਏ ਸਵਾਰ, ਡੋਲੇ ਮਾ ਤੁਝੇ ਲੇਜਾਂਗੇ।
ਲਾਡੋ ਦੂਰ ਖੇਲਣ ਮਤ ਜਾ ਏ, ਸਜਨ ਘਰ ਆਵਾਂਗੇ।
ਮੈਂ ਤੇ ਖੇਲੂੰਗੀ ਤਾਇਆ ਜੀ ਦੇ ਚੌਂਕ, ਸਜਨ ਕੈਸੇ ਆਵਾਂਗੇ।
ਮੈਂ ਤੇ ਖੇਲੂੰਗੀ ਚਾਚਾ ਜੀ ਦੇ ਚੌਂਕ, ਸਜਨ ਕੈਸੇ ਆਵਾਂਗੇ।
ਐ ਤੇ ਆਵਾਂਗੇ ਘੋੜਾ ਏ ਸਵਾਰ, ਡੋਲੇ ਮਾ ਤੁਝੇ ਲੇਜਾਂਗੇ।
ਲਾਡੋ ਦੂਰ ਖੇਲਣ ਮਤ ਜਾ ਏ, ਸਜਨ ਘਰ ਆਵਾਂਗੇ।
ਮੈਂ ਤੇ ਖੇਲੂੰਗੀ ਸਹੇਲੀਆਂ ਕੇ ਸਾਥ, ਸਜਨ ਕੈਸੇ ਆਵਾਂਗੇ।
ਮੈਂ ਤੇ ਖੇਲੂੰਗੀ ਵੀਰਾ ਜੀ ਕੇ ਸਾਥ, ਸਜਨ ਕੈਸੇ ਆਵਾਂਗੇ।

ਐ ਤੇ ਆਵਾਂਗੇ ਘੋੜਾ ਏ ਸਵਾਰ, ਡੋਲੇ ਮਾ ਤੁਝੇ ਲੇਜਾਂਗੇ।
ਲਾਡੋ ਦੂਰ ਖੇਲਣ ਮਤ ਜਾ ਏ, ਸਜਨ ਘਰ ਆਵਾਂਗੇ।

(17)

ਦਾਦਾ ਜੀ ਕੀ ਲਾਡਲੀ ਬਈ ਰੋਏ ਰਹੀ।
ਕੀਅਨੇ ਰਚਾਇਆ ਵਿਆਹ ਛਮਾ ਛਮ ਰੋਏ ਰਹੀ।
ਬਾਬਲ ਜੀ ਕੀ ਲਾਡਲੀ ਬਈ ਰੋਏ ਰਹੀ।
ਕੀਅਨੇ ਰਚਾਇਆ ਬਿਆਹ ਛਮਾ ਛਮ ਰੋਏ ਰਹੀ।
ਏਕ ਅਰਜ ਮੇਰੀ ਬੇਨਤੀ ਸੁਣ ਦਾਦਾ ਜੀ,
ਦੂਰ ਦੇਸ਼ ਮਤ ਬਿਅ੍ਹਾਈਏ ਧਰਮੀ ਦਾਦਾ ਜੀ।
ਏਕ ਅਰਜ ਮੇਰੀ ਬੇਨਤੀ ਸੁਣ ਬਾਬਲ ਜੀ।
ਦੂਰ ਦੇਸ਼ ਮਤ ਬਿਅ੍ਹਾਈਓ ਧਰਮੀ ਬਾਬਲ ਜੀ।
ਐਡੇ ਬੋਲ ਨਾ ਬੋਲ ਮੇਰੀਏ ਲਾਡਲੀਏ।
ਜਿੱਥਾ ਤੇਰੇ ਸੰਜੋਗ ਉਥੇ ਜਾ ਬੁਈਏ।
ਤਾਇਆ ਜੀ ਕੀ ਲਾਡਲੀ ਬਈ ਰੋਏ ਰਹੀ।
ਕੀਅਨੇ ਰਚਾਇਆ ਬਿਆਹ ਛਮਾ ਛਮ ਰੋਏ ਰਹੀ।
ਚਾਚਾ ਜੀ ਕੀ ਲਾਡਲੀ ਬਈ ਰੋਏ ਰਹੀ।
ਕੀਅਨੇ ਰਚਾਇਆ ਬਿਆਹ ਛਮਾ ਛਮ ਰੋਏ ਰਹੀ।
ਏਕ ਅਰਜ ਮੇਰੀ ਬੇਨਤੀ ਸੁਣ ਤਾਇਆ ਜੀ।
ਦੂਰ ਦੇਸ਼ ਮਤ ਬਿਅ੍ਹਾਈਏ ਧਰਮੀ ਤਾਇਆ ਜੀ।
ਏਕ ਅਰਜ ਮੇਰੀ ਬੇਨਤੀ ਸੁਣ ਚਾਚਾ ਜੀ।
ਦੂਰ ਦੇਸ਼ ਮਤ ਬਿਅ੍ਹਾਈਏ ਧਰਮੀ ਚਾਚਾ ਜੀ।
ਐਡੇ ਬੋਲ ਨਾ ਬੋਲ ਮੇਰੀਏ ਲਾਡਲੀਏ।
ਜਿੱਥਾ ਤੇਰੇ ਸੰਜੋਗ ਉਥੇ ਜਾ ਬੁਈਏ।
ਮਾਮਿਆਂ ਜੀ ਕੀ ਲਾਡਲੀ ਬਈ ਰੋਏ ਰਹੀ।
ਕੀਅਨੇ ਰਚਾਇਆ ਬਿਆਹ ਛਮਾ ਛਮ ਰੋਏ ਰਹੀ।
ਫੂਫਾ ਜੀ ਕੀ ਲਾਡਲੀ ਬਈ ਰੋਏ ਰਹੀ।
ਕੀਅਨੇ ਰਚਾਇਆ ਬਿਆਹ ਛਮਾ ਛਮ ਰੋਏ ਰਹੀ।
ਏਕ ਅਰਜ ਮੇਰੀ ਬੇਨਤੀ ਸੁਣ ਮਾਮਾ ਜੀ।
ਦੂਰ ਦੇਸ਼ ਮਤ ਬਿਅ੍ਹਾਈਏ ਧਰਮੀ ਮਾਮਾ ਜੀ।
ਏਕ ਅਰਜ ਮੇਰੀ ਬੇਨਤੀ ਸੁਣ ਫੂਫੜ ਜੀ।
ਦੂਰ ਦੇਸ਼ ਮਤ ਬਿਅ੍ਹਾਈਏ ਧਰਮੀ ਚਾਚਾ ਜੀ।
ਐਡੇ ਬੋਲ ਨਾ ਬੋਲ ਮੇਰੀਏ ਲਾਡਲੀਏ।



ਜਿੱਥਾ ਤੇਰੇ ਸੰਜੋਗ ਉਥੇ ਜਾ ਬੁਈਏ।
ਵੀਰਿਆਂ ਜੀ ਕੀ ਲਾਡਲੀ ਬਈ ਰੋਏ ਰਹੀ।
ਕੀਅਨੇ ਰਚਾਇਆ ਬਿਆਹ ਛਮਾ ਛਮ ਰੋਏ ਰਹੀ।
ਏਕ ਅਰਜ ਮੇਰੀ ਸੁਣ ਧਰਮੀ ਵੀਰਾ ਜੀ।
ਦੂਰ ਦੇਸ਼ ਮਤ ਬਿਅ੍ਹਾਈਏ ਧਰਮੀ ਵੀਰਾ ਜੀ।
ਐਡੇ ਬੋਲ ਨਾ ਬੋਲ ਮੇਰੀਏ ਲਾਡਲੀਏ।
ਜਿੱਥਾ ਤੇਰੇ ਸੰਜੋਗ ਉਥੇ ਜਾ ਬੁਈਏ।

(18)

ਲਾਡੋ ਤੈ ਮ੍ਹਾਰੀ ਕਮਰੇ ਮਾ ਬੈਠੀ ਏ।
ਆਪਣੇ ਬਾਬਲ ਸੇ ਕਰਾ ਏ ਜਵਾਬ,
ਦਾਨ ਮਾ ਮੋਟਰ ਲੀਉਂਗੀ ਏ।
ਲਾਡੋ ਏ ਤੰਨੈ ਮੋਟਰ ਦੇਂਗੇ ਏ।
ਏ ਬੰਨਰੇ ਨੇ ਵ੍ਹਾਈ ਜ੍ਹਾਜ,
ਕੁੜਮ ਨੇ ਸਕੂਟਰ ਦੇਂਗੇ ਏ।
ਲਾਡੋ ਤੈ ਮ੍ਹਾਰੀ ਕਮਰੇ ਮਾ ਬੈਠੀ ਏ।
ਆਪਣੇ ਤਾਇਆ ਜੀ ਸੇ ਕਰਾ ਏ ਜਵਾਬ,
ਦਾਨ ਮਾ ਮੋਟਰ ਲੀਉਂਗੀ ਏ।
ਆਪਣੇ ਚਾਚਾ ਜੀ ਸੇ ਕਰਾ ਏ ਜਵਾਬ,
ਦਾਨ ਮਾ ਮੋਟਰ ਲੀਉਂਗੀ ਏ।
ਲਾਡੋ ਏ ਤੰਨੈ ਮੋਟਰ ਦੇਂਗੇ ਏ।
ਬੰਨਰੇ ਨੇ ਵ੍ਹਾਈ ਜ੍ਹਾਜ,
ਕੁੜਮ ਨੇ ਸਕੂਟਰ ਦੇਂਗੇ ਏ।
ਲਾਡੋ ਤੈ ਮ੍ਹਾਰੀ ਕਮਰੇ ਮਾ ਬੈਠੀ ਏ।
ਆਪਣੇ ਮਾਮਾ ਸੇ ਕਰਾ ਏ ਜਵਾਬ,
ਦਾਨ ਮਾ ਮੋਟਰ ਲੀਉਂਗੀ ਏ।
ਲਾਡੋ ਤੈ ਮ੍ਹਾਰੀ ਕਮਰੇ ਮਾ ਬੈਠੀ ਏ।
ਆਪਣੇ ਫੂਫੜ ਸੇ ਕਰਾ ਏ ਜਵਾਬ,
ਦਾਨ ਮਾ ਮੋਟਰ ਲੀਉਂਗੀ ਏ।
ਲਾਡੋ ਏ ਤੰਨੈ ਮੋਟਰ ਦੇਂਗੇ ਏ।
ਏ ਬੰਨਰੇ ਨੇ ਵ੍ਹਾਈ ਜ੍ਹਾਜ,
ਕੁੜਮ ਨੇ ਸਕੂਟਰ ਦੇਂਗੇ ਏ।
ਲਾਡੋ ਤੈ ਮ੍ਹਾਰੀ ਕਮਰੇ ਮਾ ਬੈਠੀ ਏ।

ਆਪਣੇ ਵੀਰਾ ਜੀ ਸੇ ਕਰਾ ਦੇ ਜਵਾਬ,
ਦਾਨ ਮਾ ਮੋਟਰ ਲੀਊਂਗੀ ਏ।
ਲਾਡੋ ਏ ਤੈਨੂੰ ਮੋਟਰ ਦੇਂਗੇ ਏ।
ਏ ਬਨਰੇ ਨੇ ਵ੍ਹਾਈ ਜ੍ਹਾਜ,
ਕੁੜਮ ਨੇ ਸਕੂਟਰ ਦੇਂਗੇ ਏ।

(19)

ਕੂਲ ਕੀ ਲਾਜ ਰਖਾਣਾ ਏ ਲਾਡੋ ਆਗਿਆ ਕਾ ਪਰਣ ਨਿਭਾਣਾ।
ਸਭਸੇ ਪੈਅ੍ਹਲੇ ਉਠਣਾ ਲਾਡਲੀ ਸਭ ਸੇ ਪੈਅ੍ਹਲੇ ਉਠਣਾ ਲਾਡਲੀ।
ਨ੍ਹਾਅ ਕੇ ਭੋਜਨ ਬਣਾਨਾ ਏ ਲਾਡੋ ਆਗਿਆ ਕਾ ਪਰਣ ਨਿਭਾਣਾ।
ਕੂਲ ਕੀ ਲਾਜ ਰਖਾਣਾ ਏ ਲਾਡੋ ਆਗਿਆ ਕਾ ਪਰਣ ਨਿਭਾਣਾ।
ਸਭਸੇ ਪੈਅ੍ਹਲੇ ਸਸੁਰ ਜਮਾਣਾ ਸਭਸੇ ਪੈਅ੍ਹਲੇ ਸਸੁਰ ਜਮਾਣਾ।
ਪੀਛੈ ਸੇ ਸਾਸ ਜਮਾਣਾ ਏ ਲਾਡੋ ਆਗਿਆ ਕਾ ਪਰਣ ਨਿਭਾਣਾ।
ਕੂਲ ਕੀ ਲਾਜ ਰਖਾਣਾ ਏ ਲਾਡੋ ਆਗਿਆ ਕਾ ਪਰਣ ਨਿਭਾਣਾ।
ਸਭਸੇ ਪੈਅ੍ਹਲੇ ਜੇਠ ਜਮਾਣਾ ਸਭ ਸੇ ਪੈਅ੍ਹਲੇ ਜੇਠ ਜਮਾਣਾ।
ਪੀਛੇ ਸੇ ਜਠਾਣੀ ਜਮਾਣਾ ਏ ਲਾਡੋ ਆਗਿਆ ਕਾ ਪਰਣ ਨਿਭਾਣਾ।
ਕੂਲ ਕੀ ਲਾਜ ਰਖਾਣਾ ਏ ਲਾਡੋ ਆਗਿਆ ਕਾ ਪਰਣ ਨਿਭਾਣਾ।
ਸਭਸ਼ੇ ਪੈਅ੍ਹਲੇ ਦੇਵਰ ਜਮਾਣਾ ਸਭ ਸੇ ਪੈਅ੍ਹਲੇ ਦੇਵਰ ਜਮਾਣਾ।
ਪੀਛੇਂ ਸੇ ਦਰਾਣੀ ਜਮਾਣਾ ਏ ਲਾਡੋ ਆਗਿਆ ਕਾ ਪਰਣ ਨਿਭਾਣਾ।
ਕੂਲ ਕੀ ਲਾਜ ਰਖਾਣਾ ਏ ਲਾਡੋ ਆਗਿਆ ਕਾ ਪਰਣ ਨਿਭਾਣਾ।
ਸਭਸੇ ਪੈਅ੍ਹਲੇ ਰਾਜਾ ਜਮਾਣਾ ਸਭ ਸੇ ਪੈਅ੍ਹਲੇ ਰਾਜਾ ਜਮਾਣਾ।
ਪੀਛੇ ਸੇ ਭੋਗ ਲਗਾਣਾ ਏ ਲਾਡੋ ਆਗਿਆ ਕਾ ਪਰਣ ਨਿਭਾਣਾ।
ਕੂਲ ਕੀ ਲਾਜ ਰਖਾਣਾ ਏ ਲਾਡੋ ਆਗਿਆ ਕਾ ਪਰਣ ਨਿਭਾਣਾ।

(20)

ਲਾਡੋ ਏ ਤੇਰਾ ਬਾਬਲ ਆਰੀਆ ਸਮਾਜੀ,
ਆਰੀਆਂ ਕਾ ਪਰਣ ਨਿਭ੍ਹਾਈਏ ਮੇਰੀ ਲਾਡੋ।
ਲਾਡੋ ਏ ਜਬ ਆਵੈਗਾ ਫੇਰੋਂ ਪੇ ਬੰਨਰਾ,
ਵਚਨ ਦੇ ਕਾ ਆਪਣਾ ਬਣਾਈਏ ਮੇਰੀ ਲਾਡੋ।
ਲਾਡੋ ਏ ਜਬ ਆਵੈਗੀ ਸੌਰਾ ਜੀ ਕੀ ਗਲੀਆਂ,
ਘੁੰਗਟ ਨੀਚੇ ਕੋ ਬੜ੍ਹਾਈਏ ਮੇਰੀ ਲਾਡੋ।
ਲਾਡੋ ਏ ਜਬ ਆਵੈਗੀ ਸਾਸ ਉਤਾਰਨ,
ਚਰਣ ਪੜ ਆਪਣੀ ਬਣਾਈਏ ਮੇਰੀ ਲਾਡੋ।



ਲਾਡੋ ਏ ਤੇਰਾ ਤਾਇਆ ਆਰੀਆ ਸਮਾਜੀ,
ਲਾਡੋ ਏ ਤੇਰਾ ਚਾਚਾ ਆਰੀਆ ਸਮਾਜੀ,
ਆਰੀਆਂ ਕਾ ਪਰਣ ਨਿਭਾਈਏ ਮੇਰੀ ਲਾਡੋ।
ਲਾਡੋ ਏ ਜਬ ਆਵੈਗਾ ਫੇਰੋ ਪੇ ਬੰਨਰਾ,
ਵਚਨ ਦੇ ਕਾ ਆਪਣਾ ਬਣਾਈਏ ਮੇਰੀ ਲਾਡੋ।
ਲਾਡੋ ਏ ਜਬ ਆਵੈਂਗੀ ਸੌਰਾ ਜੀ ਕੀ ਗਲੀਆਂ,
ਘੁੰਗਟ ਨੀਚੇ ਕੋ ਬੜ੍ਹਾਈਏ ਮੇਰੀ ਲਾਡੋ।
ਲਾਡੋ ਏ ਜਬ ਆਵੈਗੀ ਸਾਸ ਉਤਾਰਨ,
ਚਰਣ ਪੜ ਆਪਣੀ ਬਣਾਈਏ ਮੇਰੀ ਲਾਡੋ।
ਲਾਡੋ ਏ ਤੇਰਾ ਮਾਮਾ ਆਰੀਆ ਸਮਾਜੀ,
ਲਾਡੋ ਏ ਤੇਰਾ ਫੂਫੜ ਆਰੀਆ ਸਮਾਜੀ,
ਆਰੀਆਂ ਕਾ ਪਰਣ ਨਿਭਾਈਏ ਮੇਰੀ ਲਾਡੋ।
ਲਾਡੋ ਏ ਜਬ ਆਵੈਗਾ ਫੇਰੋਂ ਪੇ ਬੰਨਰਾ,
ਵਚਨ ਦੇ ਕਾ ਆਪਣਾ ਬਣਾਈਏ ਮੇਰੀ ਲਾਡੋ।
ਲਾਡੋ ਏ ਜਬ ਆਵੈਂਗੀ ਸੌਰਾ ਜੀ ਕੀ ਗਲੀਆਂ,
ਘੁੰਗਟ ਨੀਚੇ ਕੋ ਬੜ੍ਹਾਈਏ ਮੇਰੀ ਲਾਡੋ।
ਲਾਡੋ ਏ ਜਬ ਆਵੈਗੀ ਸਾਸ ਉਤਾਰਨ,
ਚਰਣ ਪੜ ਆਪਣੀ ਬਣਾਈਏ ਮੇਰੀ ਲਾਡੋ।
ਲਾਡੋ ਏ ਤੇਰਾ ਜੀਜਾ ਆਰੀਆ ਸਮਾਜੀ,
ਲਾਡੋ ਏ ਤੇਰਾ ਵੀਰਾ ਆਰੀਆ ਸਮਾਜੀ,
ਆਰੀਆਂ ਕਾ ਪਰਣ ਨਿਭ੍ਹਾਈਏ ਮੇਰੀ ਲਾਡੋ।
ਲਾਡੋ ਏ ਜਬ ਆਵੈਗਾ ਫੇਰੋਂ ਪੇ ਬੰਨਰਾ,
ਵਚਨ ਦੇ ਕਾ ਆਪਣਾ ਬਣਾਈਏ ਮੇਰੀ ਲਾਡੋ।
ਲਾਡੋ ਏ ਜਬ ਆਵੈਂਗੀ ਸੌਰਾ ਜੀ ਕੀ ਗਲੀਆਂ,
ਘੁੰਗਟ ਨੀਚੇ ਕੋ ਬੜ੍ਹਾਈਏ ਮੇਰੀ ਲਾਡੋ।
ਲਾਡੋ ਏ ਜਬ ਆਵੈਗੀ ਸਾਸ ਉਤਾਰਨ,
ਚਰਣ ਪੜ ਆਪਣੀ ਬਣਾਈਏ ਮੇਰੀ ਲਾਡੋ।

(21)

ਬੀਬੀ ਹਮਾਰੀ ਹੈ ਚਾਂਦ ਤਾਰਾ, ਹੈ ਚਾਂਦ ਤਾਰਾ ਵਰ ਐ੍ਹ ਮਾਂਗਤੀ।
ਵਰ ਢੂੰਡਣ ਉਸਕੇ ਬਾਬਾ ਜੀ ਨਿਕਸੇ, ਚਾਰੋਂ ਤਰਫ ਵਰ ਐ੍ਹ ਢੂੰਡਤੇ।
ਬੀ. ਏ. ਪਾਸ ਕੇ ਲੜਕੇ ਬੇਅਤ ਹੈਂ, ਐਮ. ਏ. ਪਾਸ ਵਰ ਐ੍ਹ ਮਾਂਗਤੀ।
ਬੀਬੀ ਹਮਾਰੀ ਹੈ ਚਾਂਦ ਤਾਰਾ, ਹੈ ਚਾਂਦ ਤਾਰਾ ਵਰ ਮਾਂਗਤੀ।

ਵਰ ਢੂੰਡਣ ਉਸ ਕੇ ਬਾਬਲ ਜੀ ਨਿਕਸੇ, ਚਾਰੋਂ ਤਰਫ ਵਰ ਕੋ ਢੂੰਡਤੇ।
ਬੀ. ਏ. ਪਾਸ ਕੇ ਲੜਕੇ ਬੋਅਤ ਹੈਂ, ਐਮ. ਏ. ਪਾਸ ਵਰ ਕੋ ਮਾਂਗਤੀ।
ਬੀਬੀ ਹਮਾਰੀ ਹੈ ਚਾਂਦ ਤਾਰਾ, ਹੈ ਚਾਂਦ ਤਾਰਾ ਵਰ ਕੋ ਮਾਂਗਤੀ।
ਵਰ ਢੂੰਡਣ ਉਸ ਕੇ ਤਾਇਆ ਜੀ ਨਿਕਸੇ, ਚਾਰੋਂ ਤਰਫ ਵਰ ਕੋ ਢੂੰਡਤੇ।
ਵਰ ਢੂੰਡਣ ਉਸ ਕੇ ਚਾਚਾ ਜੀ ਨਿਕਸੇ, ਚਾਰੋਂ ਤਰਫ ਵਰ ਕੋ ਢੂੰਡਤੇ।
ਬੀ. ਏ. ਪਾਸ ਕੇ ਲੜਕੇ ਬੋਅਤ ਹੈਂ, ਐਮ. ਏ. ਪਾਸ ਵਰ ਕੋ ਮਾਂਗਤੀ।
ਬੀਬੀ ਹਮਾਰੀ ਹੈ ਚਾਂਦ ਤਾਰਾ, ਹੈ ਚਾਂਦ ਤਾਰਾ ਵਰ ਕੋ ਮਾਂਗਤੀ।
ਵਰ ਢੂੰਡਣ ਉਸ ਕੇ ਮਾਮਾ ਜੀ ਨਿਕਸੇ, ਚਾਰੋਂ ਤਰਫ ਵਰ ਕੋ ਢੂੰਡਤੇ।
ਵਰ ਢੂੰਡਣ ਉਸ ਕੇ ਫੁਫੜ ਜੀ ਨਿਕਸੇ, ਚਾਰੋਂ ਤਰਫ ਵਰ ਕੋ ਮਾਂਗਤੀ।
ਬੀਬੀ ਹਮਾਰੀ ਹੈ ਚਾਂਦ ਤਾਰਾ ਹੈ ਚਾਂਦ ਤਾਰਾ ਵਰ ਕੋ ਮਾਂਗਤੀ।
ਵਰ ਢੂੰਡਣ ਉਸ ਕੇ ਜੀਜਾ ਜੀ ਨਿਕਸੇ, ਚਾਹੋ ਤਰਫ ਵਰ ਕੋ ਢੂੰਡਤੇ।
ਵਰ ਢੂੰਡਣ ਉਸ ਕੇ ਵੀਰਾ ਜੀ ਨਿਕਸੇ, ਚਾਰੋਂ ਤਰਫ ਵਰ ਕੋ ਢੂੰਡਤੇ।
ਬੀ. ਏ. ਪਾਸ ਕੇ ਲੜਕੇ ਬੋਅਤ ਹੈਂ, ਐਮ. ਏ. ਪਾਸ ਵਰ ਕੋ ਮਾਂਗਤੀ।
ਬੀਬੀ ਹਮਾਰੀ ਹੈ ਚਾਂਦ ਤਾਰਾ ਹੈ ਚਾਂਦ ਤਾਰਾ ਵਰ ਕੋ ਮਾਂਗਤੀ।

(22)

ਸੁਣ ਨੀ ਬੀਬੀ ਅੰਮ੍ਰਿਤ ਕੌਰੇ,
ਕਿਨੇਹ ਤੇਰਾ ਕਾਰਜ ਰਚਾਇਆ।
ਅੱਜ ਦਿਨ ਵਡ਼ਭਾਗੀ ਆਇਆ।
ਐਮਾ ਸਪੁੱਤੀ ਮੇਰਾ ਬਾਬਾ ਸੁਧਰਮੀ,
ਉਨੇਹ ਮੇਰਾ ਕਾਰਜ ਰਚਾਇਆ।
ਅੱਜ ਦਿਨ ਵਡ਼ਭਾਗੀ ਆਇਆ।
ਸੁਣ ਨੀ ਬੀਬੀ ਅੰਮ੍ਰਿਤ ਕੌਰੇ,
ਕਿਨੇਹ ਤੇਰਾ ਕਾਰਜ ਰਚਾਇਆ।
ਅੱਜ ਦਿਨ ਵਡ਼ਭਾਗੀ ਆਇਆ।
ਮਾਤਾ ਸਪੁੱਤੀ ਮੇਰਾ ਬਾਬਲ ਸੁਧਰਮੀ,
ਉਨੇਹ ਮੇਰਾ ਕਾਰਜ ਰਚਾਇਆ।
ਅੱਜ ਦਿਨ ਵਡ਼ਭਾਗੀ ਆਇਆ।
ਸੁਣ ਨੀ ਬੀਬੀ ਅੰਮ੍ਰਿਤ ਕੌਰੇ,
ਕਿਨੇਹ ਤੇਰਾ ਕਾਰਜ ਰਚਾਇਆ।
ਅੱਜ ਦਿਨ ਵਡ਼ਭਾਗੀ ਆਇਆ।
ਤਾਈ ਸਪੁੱਤੀ ਮੇਰਾ ਤਾਇਆ ਸੁਧਰਮੀ,
ਉਨੇ ਮੇਰਾ ਕਾਰਜ ਰਚਾਇਆ।



ਅੱਜ ਦਿਨ ਵਡ਼ਭਾਗੀ ਆਇਆ।
ਚਾਚੀ ਸਪੁੱਤੀ ਮੇਰਾ ਚਾਚਾ ਸੁਧਰਮੀ,
ਉਨੇਹ ਮੇਰਾ ਕਾਰਜ ਰਚਾਇਆ।
ਅੱਜ ਦਿਨ ਵਡ਼ਭਾਗੀ ਆਇਆ।
ਸੁਣ ਨੀ ਬੀਬੀ ਅੰਮ੍ਰਿਤ ਕੌਰੇ,
ਕਿਨੇਹ ਤੇਰਾ ਕਾਰਜ ਰਚਾਇਆ।
ਅੱਜ ਦਿਨ ਵਡ਼ਭਾਗੀ ਆਇਆ।
ਮਾਮੀ ਸਪੁੱਤੀ ਮੇਰਾ ਮਾਮਾ ਸੁਧਰਮੀ,
ਉਨੇਹ ਮੇਰਾ ਕਾਰਜ ਰਚਾਇਆ।
ਅੱਜ ਦਿਨ ਵਡ਼ਭਾਗੀ ਆਇਆ।
ਬੂਆ ਸਪੁੱਤੀ ਮੇਰਾ ਫੁਫੜ ਸੁਧਰਮੀ,
ਉਨੇਹ ਮੇਰਾ ਕਾਰਜ ਰਚਾਇਆ,
ਅੱਜ ਦਿਨ ਵਡ਼ਭਾਗੀ ਆਇਆ।
ਸੁਣ ਨੀ ਬੀਬੀ ਅੰਮ੍ਰਿਤ ਕੌਰੇ,
ਕਿਨੇਹ ਤੇਰਾ ਕਾਰਜ ਰਚਾਇਆ।
ਅੱਜ ਦਿਨ ਵਡ਼ਭਾਗੀ ਆਇਆ।
ਭਾਬੋ ਸਪੁੱਤੀ ਮੇਰਾ ਵੀਰਾ ਸੁਧਰਮੀ,
ਉਨੇਹ ਮੇਰਾ ਕਾਰਜ ਰਚਾਇਆ।
ਅੱਜ ਦਿਨ ਵਡ਼ਭਾਗੀ ਆਇਆ।
ਬੇਬੇ ਸਪੁੱਤੀ ਮੇਰਾ ਜੀਜਾ ਸੁਧਰਮੀ,
ਉਨੇਹ ਮੇਰਾ ਕਾਰਜ ਰਚਾਇਆ।
ਅੱਜ ਦਿਨ ਵਡ਼ਭਾਗੀ ਆਇਆ।
ਸੁਣ ਨੀ ਬੀਬੀ ਅੰਮ੍ਰਿਤ ਕੌਰੇ,
ਕਿਨੇਹ ਤੇਰਾ ਕਾਰਜ ਰਚਾਇਆ।
ਅੱਜ ਦਿਨ ਵਡ਼ਭਾਗੀ ਆਇਆ।

(23)

ਵਟਣਾ ਅੰਗ ਮਲ਼ੀਏ, 'ਕ ਵਟਣਾ ਅੰਗ ਮਲ਼ੀਏ।
ਵਟਣੇ ਮਾਂ ਪਾਇਆ ਤੇਲ, 'ਕ ਵਟਣੇ ਦਾ ਮੇਲ।
ਵਟਣਾ ਅੰਗ ਮਲ਼ੀਏ, 'ਕ ਵਟਣਾ ਅੰਗ ਮਲ਼ੀਏ।
ਵਟਣੇ ਮਾ ਪਾਈ ਹਲਦੀ, 'ਕ ਪੀਲ਼ੀ ਜਰਦੀ।
ਵਟਣਾ ਅੰਗ ਮਲ਼ੀਏ, 'ਕ ਵਟਣਾ ਅੰਗ ਮਲ਼ੀਏ।
ਵਟਣੇ ਮਾ ਪਾਇਆ ਜੀਰਾ, ਜਗ ਜੀਵੇ ਬੀਬੀ ਦਾ ਵੀਰਾ।

ਵਟਣਾ ਅੰਗ ਮਲੀਏ, 'ਕ ਵਟਣਾ ਅੰਗ ਮਲੀਏ।
ਵਟਣੇ ਮਾ ਪਾਇਆ ਕਾਨਾ, ਜਗ ਜੀਵੇ ਬੀਬੀ ਦਾ ਮਾਮਾ।
ਵਟਣਾ ਅੰਗ ਮਲੀਏ, 'ਕ ਵਟਣਾ ਅੰਗ ਮਲੀਏ।
ਵਟਣੇ ਮਾ ਪਾਇਆ ਮਾਇਆ, ਜਗ ਜੀਵੇ ਬੀਬੀ ਦਾ ਤਾਇਆ।
ਵਟਣਾ ਅੰਗ ਮਲੀਏ, 'ਕ ਵਟਣਾ ਅੰਗ ਮਲੀਏ।
ਵਟਣੇ ਮਾ ਪਾਇਆ ਲਾਚਾ, ਜਗ ਜੀਵੇ ਬੀਬੀ ਦਾ ਚਾਚਾ।
ਵਟਣਾ ਅੰਗ ਮਲੀਏ, 'ਕ ਵਟਣਾ ਅੰਗ ਮਲੀਏ।

(24)

ਵੇਲਾਂ ਸਾਡੀ ਹਰੀਆਂ ਭਰੀਆਂ, ਵਿਚ ਵੇਲਾਂ ਦੇ ਖੁਰਪੀ,
ਵੇ ਵਟਣਾ ਮੈਂ ਨਾ ਮਲਣਾ - - -ਛਾਵਾ ਵਟਣਾ ਮੈਂ ਨਾ ਮਲਣਾ।
ਵਟਣਾ ਤਾਂ ਮੈਂ ਤਾਂ ਮਲਾਂ, ਜੇ ਵੀਰੇ ਅੰਮਾਂ ਮਲਦੀ।
ਵੇ ਵਟਣਾ ਮੈਂ ਨਾ ਮਲਣਾ - - -ਛਾਵਾ ਵਟਣਾ ਮੈਂ ਨਾ ਮਲਣਾ।
ਵਟਣਾ ਤਾਂ ਮੈਂ ਤਾਂ ਮਲਾਂ, ਜੇ ਵੀਰੇ ਤਾਈ ਮਲਦੀ।
ਵੇ ਵਟਣਾ ਮੈਂ ਨਾ ਮਲਣਾ - - -ਛਾਵਾ ਵਟਣਾ ਮੈਂ ਨਾ ਮਲਣਾ।
ਵਟਣਾ ਤਾਂ ਮੈਂ ਤਾਂ ਮਲਾਂ, ਜੇ ਵੀਰੇ ਚਾਚੀ ਮਲਦੀ,
ਵੇ ਵਟਣਾ ਮੈਂ ਨਾ ਮਲਣਾ - - -ਛਾਵਾ ਵਟਣਾ ਮੈਂ ਨਾ ਮਲਣਾ।
ਵੇਲਾਂ ਸਾਡੀਆਂ ਹਰੀਆਂ ਭਰੀਆਂ, ਵਿਚ ਵੇਲਾਂ ਦੇ ਖੁਰਪੀ,
ਵੇ ਵਟਣਾ ਮੈਂ ਨਾ ਮਲਣਾ - - -ਛਾਵਾ ਵਟਣਾ ਮੈਂ ਨਾ ਮਲਣਾ।
ਵਟਣਾ ਤਾਂ ਮੈਂ ਤਾਂ ਮਲਾਂ, ਜੇ ਵੀਰੇ ਮਾਮੀ ਮਲਦੀ,
ਵੇ ਵਟਣਾ ਮੈਂ ਨਾ ਮਲਣਾ - - -ਛਾਵਾ ਵਟਣਾ ਮੈਂ ਨਾ ਮਲਣਾ।
ਵਟਣਾ ਤਾਂ ਮੈਂ ਤਾਂ ਮਲਾਂ, ਜੇ ਵੀਰੇ ਬੂਆ ਮਲਦੀ,
ਵੇ ਵਟਣਾ ਮੈਂ ਨਾ ਮਲਣਾ - - -ਛਾਵਾ ਵਟਣਾ ਮੈਂ ਨਾ ਮਲਣਾ।
ਵੇਲਾਂ ਸਾਡੀ ਹਰੀਆਂ ਭਰੀਆਂ, ਵਿਚ ਵੇਲਾਂ ਦੇ ਖੁਰਪੀ,
ਵੇ ਵਟਣਾ ਮੈਂ ਨਾ ਮਲਣਾ - - -ਛਾਵਾ ਵਟਣਾ ਮੈਂ ਨਾ ਮਲਣਾ।
ਵਟਣਾ ਤਾਂ ਮੈਂ ਤਾਂ ਮਲਾਂ, ਜੇ ਵੀਰੇ ਭੈਣਾਂ ਮਲਦੀ,
ਵੇ ਵਟਣਾ ਮੈਂ ਨਾ ਮਲਣਾ - - -ਛਾਵਾ ਵਟਣਾ ਮੈਂ ਨਾ ਮਲਣਾ।
ਵਟਣਾ ਤਾਂ ਮੈਂ ਤਾਂ ਮਲਾਂ, ਜੇ ਵੀਰੇ ਭਾਬੋ ਮਲਦੀ,
ਵੇ ਵਟਣਾ ਮੈਂ ਨਾ ਮਲਣਾ - - -ਛਾਵਾ ਵਟਣਾ ਮੈਂ ਨਾ ਮਲਣਾ।
ਵੇਲਾਂ ਸਾਡੀਆਂ ਹਰੀਆਂ ਭਰੀਆਂ, ਵਿਚ ਵੇਲਾਂ ਦੇ ਖੁਰਪੀ,
ਵੇ ਵਟਣਾ ਮੈਂ ਨਾ ਮਲਣਾ - - -ਛਾਵਾ ਵਟਣਾ ਮੈਂ ਨਾ ਮਲਣਾ।



(25)

ਉਚੇ ਉਚੇ ਮੈਹਲ ਚਣਾਅ ਮੇਰੇ ਬਾਬਲ, ਵਿਚ ਰਖਾਅ ਚਾਨਣ ਮੋਰੀ ਰਾਮ।
ਕੋਠੇ ਚੜ੍ਹਕੇ ਤੂੰ ਦੇਖ ਮੇਰੇ ਬਾਬਲ, ਏ ਦਲ ਕਿਸ ਪਰ ਆਏ ਰਾਮ।
ਇਕ ਲੱਖ ਘੋੜਾ ਸਵਾ ਲੱਖ ਹਾਥੀ, ਡੇਢ ਹਜ਼ਾਰ ਬਰਾਤੀ ਰਾਮ।
ਨਾ ਡਰ ਬਾਬਲ ਤੂੰ ਨਾ ਡਰ ਬੇਅੁਤਾ, ਏ ਦਲ ਸਗਨਾਂ ਨੂੰ ਆਏ ਰਾਮ।
ਉਚੇ ਉਚੇ ਮੱਹਲ ਚਣਾਅ ਮੇਰੇ ਤਾਇਆ, ਵਿਚ ਰਖਾਅ ਚਾਨਣ ਮੋਰੀ ਰਾਮ।
ਉਚੇ ਉਚੇ ਮੈਹਲ ਚਣਾਅ ਮੇਰੇ ਚਾਚਾ, ਵਿਚ ਰਖਾਅ ਚਾਨਣ ਮੋਰੀ ਰਾਮ।
ਕੋਠੇ ਚੜ੍ਹਕੇ ਤੂੰ ਦੇਖ ਮੇਰੇ ਤਾਇਆ, ਏ ਦਲ ਕਿਸ ਪਰ ਆਏ ਰਾਮ।
ਕੋਠੇ ਚੜ੍ਹਕੇ ਤੂੰ ਦੇਖ ਮੇਰੇ ਚਾਚਾ, ਏ ਦਲ ਕਿਸ ਪਰ ਆਏ ਰਾਮ।
ਇਕ ਲੱਖ ਘੋੜਾ ਸਵਾ ਲੱਖ ਹਾਥੀ, ਡੇਢ ਹਜ਼ਾਰ ਬਰਾਤੀ ਰਾਮ।
ਨਾ ਡਰ ਤਾਇਆ ਤੂੰ ਨਾ ਡਰ ਬੇਅੁਤਾ, ਏ ਦਲ ਸਗਨਾਂ ਨੂੰ ਆਏ ਰਾਮ।
ਨਾ ਡਰ ਚਾਚਾ ਤੂੰ ਨਾ ਡਰ ਬੇਅੁਤਾ, ਏ ਦਲ ਸਗਨਾਂ ਨੂੰ ਆਏ ਰਾਮ।
ਉਚੇ ਉਚੇ ਮੈਹਲ ਚਣਾਅ ਮੇਰੇ ਮਾਮਾ, ਵਿਚ ਰਖਾਅ ਚਾਨਣ ਮੋਰੀ ਰਾਮ।
ਉਚੇ ਉਚੇ ਮੈਹਲ ਚਣਾਅ ਮੇਰੇ ਫੂਫੜ, ਵਿਚ ਰਖਾਅ ਚਾਨਣ ਮੋਰੀ ਰਾਮ।
ਕੋਠੇ ਚੜ੍ਹਕੇ ਤੂੰ ਦੇਖ ਮੇਰੇ ਮਾਮਾ, ਏ ਦਲ ਕਿਸ ਪਰ ਆਏ ਰਾਮ।
ਇਕ ਲੱਖ ਘੋੜਾ ਸਵਾ ਲੱਖ ਹਾਥੀ, ਡੇਢ ਹਜ਼ਾਰ ਬਰਾਤੀ ਰਾਮ।
ਨਾ ਡਰ ਮਾਮਾ ਤੂੰ ਨਾ ਡਰ ਬੇਅੁਤਾ, ਏ ਦਲ ਸਗਨਾਂ ਨੂੰ ਆਏ ਰਾਮ।
ਨਾ ਡਰ ਫੂਫੜ ਤੂੰ ਨਾ ਡਰ ਬੇਅੁਤਾ, ਏ ਦਲ ਸਗਨਾਂ ਨੂੰ ਆਏ ਰਾਮ।
ਉਚੇ ਉਚੇ ਮੈਹਲ ਚਣਾਅ ਮੇਰੇ ਵੀਰਾ, ਵਿਚ ਰਖਾਅ ਚਾਨਣ ਮੋਰੀ ਰਾਮ।
ਉਚੇ ਉਚੇ ਮੈਹਲ ਚਣਾਅ ਮੇਰੇ ਜੀਜਾ, ਵਿਚ ਰਖਾਅ ਚਾਨਣ ਮੋਰੀ ਰਾਮ।
ਕੋਠੇ ਚੜ੍ਹਕੇ ਤੂੰ ਦੇਖ ਮੇਰੇ ਵੀਰਾ, ਏ ਦਲ ਕਿਸ ਪਰ ਆਏ ਰਾਮ।
ਕੋਠੇ ਚੜ੍ਹਕੇ ਤੂੰ ਦੇਖ ਮੇਰੇ ਜੀਜਾ, ਏ ਦਲ ਕਿਸ ਪਰ ਆਏ ਰਾਮ।
ਇਕ ਲੱਖ ਘੋੜਾ ਸਵਾ ਲੱਖ ਹਾਥੀ, ਡੇਢ ਹਜ਼ਾਰ ਬਰਾਤੀ ਰਾਮ।
ਨਾ ਡਰ ਵੀਰਾ ਤੂੰ ਨਾ ਡਰ ਬੇਅੁਤਾ, ਏ ਦਲ ਸਗਨਾਂ ਨੂੰ ਆਏ ਰਾਮ।
ਨਾ ਡਰ ਜੀਜਾ ਤੂੰ ਨਾ ਡਰ ਬੇਅੁਤਾ, ਏ ਦਲ ਸਗਨਾਂ ਨੂੰ ਆਏ ਰਾਮ।
ਵਿਚ ਰਖਾਅ ਚਾਨਣ ਮੋਰੀ ਰਾਮ।

(26)

ਬੀਜੀ ਬੀਜੀਂ ਵੇ ਮੇਰੇ ਬਾਬਲ ਧਣੀਏ ਜੀਰੇ ਦੀ ਕਿਆਰੀ।
ਅੱਠ ਨੌ ਗੱਡੀਆਂ ਨੌ ਗੱਡਰੇਲੇ ਜੰਨ ਜਲੰਧਰੋ ਆਈ।
ਬੀਜੀ ਬੀਜੀਂ ਵੇ ਮੇਰੇ ਤਾਇਆ ਧਣੀਏ ਜੀਰੇ ਦੀ ਕਿਆਰੀ।
ਬੀਜੀ ਬੀਜੀ ਵੇ ਮੇਰੇ ਚਾਚਾ ਧਣੀਏ ਜੀਰੇ ਦੀ ਕਿਆਰੀ।
ਅੱਠ ਨੌਂ ਗੱਡੀਆਂ ਨੌਂ ਗੱਡਰੇਲੇ ਜੰਨ ਜਲੰਧਰੋ ਆਈ।

ਬੀਜੀ ਬੀਜੀ ਵੇ ਮੇਰੇ ਮਾਮਾ ਧਣੀਏ ਜੀਰੇ ਦੀ ਕਿਆਰੀ।
ਬੀਜੀ ਬੀਜੀ ਵੇ ਮੇਰੇ ਫੁਫੜ ਧਣੀਏ ਜੀਰੇ ਦੀ ਕਿਆਰੀ।
ਅੱਠ ਨੌਂ ਗੱਡੀਆਂ ਨੌਂ ਗੱਡਰੇਲੇ ਜੰਨ ਜਲੰਧਰੋ ਆਈ।
ਬੀਜੀ ਬੀਜੀ ਵੇ ਮੇਰੇ ਵੀਰਾ ਧਣੀਏ ਜੀਰੇ ਦੀ ਕਿਆਰੀ।
ਬੀਜੀ ਬੀਜੀ ਵੇ ਮੇਰੇ ਜੀਜਾ ਧਣੀਏ ਜੀਰੇ ਦੀ ਕਿਆਰੀ।
ਅੱਠ ਨੌਂ ਗੱਡੀਆਂ ਨੌਂ ਗੱਡਰੇਲੇ ਜੰਨ ਜਲੰਧਰੋ ਆਈ।

(27)

ਬੰਨੇ ਰੇ ਤੁਮ ਜਲਦੀ ਕਿਉਂ ਨਾ ਆਏ ਮ੍ਹਾਰੇ ਬਾਬਲ ਡੀਕਾਂ ਬਾਟ।
ਗੋਰੀ ਏ ਥ੍ਹਾਰੇ ਉਚੇ ਡਾਕ ਸਮਾਣੇ, ਮ੍ਹਾਰੀ ਅੜ ਰਹੀ ਮੋਟਰ ਕਾਰ।
ਬੰਨੇਂ ਰੇ ਤੁਮ ਖਾਈਓ ਰਾਸ ਜਲੇਬੀ, ਮ੍ਹਾਰੇ ਲਡੂ ਦਾਣੇਦਾਰ।
ਬੰਨੇ ਰੇ ਥ੍ਹਾਰੇ ਘੋੜਿਓ ਕੋ ਗੁਲਦਾਣਾ, ਥ੍ਹਾਰੀ ਕਾਰੋਂ ਕੋ ਪਟਰੋਲ।
ਬੰਨੇ ਰੇ ਤੁਮ ਜਲਦੀ ਕੀਉਂ ਨਾ ਆਏ, ਮ੍ਹਾਰੇ ਤਾਇਆ ਡੀਕਾਂ ਬਾਟ।
ਬੰਨੇ ਰੇ ਤੁਮ ਜਲਦੀ ਕੀਉਂ ਨਾ ਆਏ, ਮ੍ਹਾਰੇ ਚਾਚਾ ਡੀਕਾਂ ਬਾਟ।
ਗੋਰੀ ਏ ਥ੍ਹਾਰੇ ਉਚੇ ਡਾਕ ਸਮਾਣੇ, ਮ੍ਹਾਰੀ ਅੜ ਰਹੀ ਮੋਟਰ ਕਾਰ।
ਬੰਨੇਂ ਰੇ ਤੁਮ ਖਾਈਓ ਰਾਸ ਜਲੇਬੀ, ਮ੍ਹਾਰੇ ਲਡੂ ਦਾਣੇਦਾਰ।
ਬੰਨੇ ਰੇ ਥ੍ਹਾਰੇ ਘੋੜਿਓਂ ਕੋ ਗੁਲਦਾਣਾ, ਥ੍ਹਾਰੀ ਕਾਰੋ ਕੋ ਪਟਰੋਲ।
ਬੰਨੇ ਰੇ ਤੁਮ ਜਲਦੀ ਕੀਉਂ ਨਾ ਆਏ, ਮ੍ਹਾਰੇ ਮਾਮਾ ਡੀਕਾਂ ਬਾਟ।
ਬੰਨੇ ਰੇ ਤੁਮ ਜਲਦੀ ਕੀਉਂ ਨਾ ਆਏ, ਮ੍ਹਾਰੇ ਫੁਫਾ ਡੀਕਾਂ ਬਾਟ।
ਗੋਰੀ ਏ ਥ੍ਹਾਰੇ ਉਚੇ ਡਾਕ ਸਮਾਣੇ, ਮ੍ਹਾਰੀ ਅੜ ਰਹੀ ਮੋਟਰ ਕਾਰ।
ਬੰਨੇਂ ਰੇ ਤੁਮ ਖਾਈਓ ਰਾਸ ਜਲੇਬੀ, ਮ੍ਹਾਰੇ ਲਡੂ ਦਾਣੇਦਾਰ।
ਬੰਨੇ ਰੇ ਥ੍ਹਾਰੇ ਘੋੜਿਓਂ ਕੋ ਗੁਲਦਾਣਾ, ਥ੍ਹਾਰੀ ਕਾਰੋ ਕੋ ਪਟਰੋਲ।
ਬੰਨੇ ਰੇ ਤੁਮ ਜਲਦੀ ਕੀਉਂ ਨਾ ਆਏ, ਮ੍ਹਾਰੇ ਜੀਜਾ ਡੀਕਾਂ ਬਾਟ।
ਬੰਨੇ ਰੇ ਤੁਮ ਜਲਦੀ ਕੀਉਂ ਨਾ ਆਏ, ਮ੍ਹਾਰੇ ਵੀਰਾ ਡੀਕਾਂ ਬਾਟ।
ਗੋਰੀ ਏ ਥ੍ਹਾਰੇ ਉਚੇ ਡਾਕ ਸਮਾਣੇ, ਮ੍ਹਾਰੀ ਅੜ ਰਹੀ ਮੋਟਰ ਕਾਰ।
ਬੰਨੇ ਰੇ ਤੁਮ ਖਾਈਓ ਰਾਸ ਜਲੇਬੀ, ਮ੍ਹਾਰੇ ਲਡੂ ਦਾਣੇਦਾਰ।
ਬੰਨੇ ਰੇ ਥ੍ਹਾਰੇ ਘੋੜਿਓਂ ਕੋ ਗੁਲਦਾਣਾ, ਥ੍ਹਾਰੀ ਕਾਰੋ ਕੋ ਪਟਰੋਲ।

(28)

ਛੋਟੀ ਸੀ ਲਾਡੋ ਮ੍ਹਾਰੀ ਆਗਰੇ ਮਾ ਗੁੜੀਆ ਖੇਲਾ।
ਦਿਨ ਮਾ ਸਲੀਮਾ ਦੇਖਾ ਰਾਤ ਕੋ ਡਰਾਮਾ ਦੇਖਾ।
ਥ੍ਹਮ ਤੋ ਕਹਾਂ ਤੇ ਬਾਬਲ ਵਰ ਆਵਾਂਗੇ ਗੋਰੇ ਗੋਰੇ।
ਅਬ ਤੋ ਨੈਂ ਆ ਗਏ ਹੈਂ ਡੈਹਰ ਵਾਲ੍ਹੇ ਕਾਲੇ ਕਾਲੇ।



ਛੋਟੀ ਸੀ ਲਾਡੋ ਮ੍ਹਾਰੀ ਆਗਰੇ ਮਾ ਗੁੜੀਆ ਖੇਲਾ।
ਦਿਨ ਮਾ ਸਲੀਮਾ ਦੇਖਾ ਰਾਤ ਕੋ ਡਰਾਮਾ ਦੇਖਾ।
ਥ੍ਹਮ ਤੋ ਕਹਾਂ ਤੇ ਬਾਬਲ ਵਰ ਆਵਾਂਗੇ ਲੰਬੇ ਲੰਬੇ।
ਅਬ ਤੋ ਨੈਂ ਆ ਗਏ ਹੈਂ ਡੈਹਰ ਵਾਲ੍ਹੇ ਮੰਧਰੇ ਮੰਧਰੇ।
ਛੋਟੀ ਸੀ ਲਾਡੋ ਮ੍ਹਾਰੀ ਆਗਰੇ ਮਾ ਗੁੜੀਆ ਖੇਲਾ।
ਦਿਨ ਮਾ ਸਲੀਮਾ ਦੇਖਾ ਰਾਤ ਕੋ ਡਰਾਮਾ ਦੇਖਾ।
ਥ੍ਹਮ ਤੋ ਕਹਾਂ ਤੇ ਬਾਬਲ ਵਰ ਆਵਾਂਗੇ ਪਤਲੇ ਪਤਲੇ।
ਅਬ ਤੋ ਨੈਂ ਆ ਗਏ ਹੈਂ ਡੈਹਰ ਵਾਲ੍ਹੇ ਮੋਟੇ ਮੋਟੇ।
ਛੋਟੀ ਸੀ ਲਾਡੋ ਮ੍ਹਾਰੀ ਆਗਰੇ ਮਾ ਗੁੜੀਆ ਖੇਲਾ।
ਦਿਨ ਮਾ ਸਲੀਮਾ ਦੇਖਾ ਰਾਤ ਕੋ ਡਰਾਮਾ ਦੇਖਾ।
ਥ੍ਹਮ ਤੋ ਕਹਾਂ ਤੇ ਬਾਬਲ ਵਰ ਆਵਾਂਗੇ ਰਾਜੇ ਰਾਜੇ।
ਅਬ ਤੋ ਨੈਂ ਆ ਗਏ ਹੈਂ ਡੈਹਰ ਵਾਲ੍ਹੇ ਬੁਖ੍ਹੇ ਬੁੱਖ੍ਹੇ।
ਛੋਟੀ ਸੀ ਲਾਡੋ ਮ੍ਹਾਰੀ ਆਗਰੇ ਮਾ ਗੁੜੀਆ ਖੇਲਾ।
ਦਿਨ ਮਾ ਸਲੀਮਾ ਦੇਖਾ ਰਾਤ ਕੋ ਡਰਾਮਾ ਦੇਖਾ।

(29)

ਚੁੱਪ-ਚਾਪ ਖੜੀ ਬੀਬੀ ਬਾਬਲ ਸੇ ਨਰਾਜ ਹੈ।
ਮ੍ਹਾਰੇ ਲੀਏ ਟੋਲਿਆ ਬਾਬਲ ਕਾਲਾ ਕਾਲ਼ਾ ਬੰਨਰਾ।
ਫੋਟੋ ਖਚਵਾਲੇ ਬੀਬੀ ਚਾਂਦ ਸੇ ਵੀ ਗੋਰਾ ਹੈ।
ਡਿਗਰੀ ਲਵਾਲੇ ਬੀਬੀ ਲੜਕਾ ਬੀ. ਏ. ਪਾਸ ਹੈ।
ਚੁੱਪ-ਚਾਪ ਖੜੀ ਬੀਬੀ ਤਾਇਓ ਸੇ ਨਰਾਜ ਹੈ।
ਚੁੱਪ-ਚਾਪ ਖੜੀ ਬੀਬੀ ਚਾਚਿਓ ਸੇ ਨਰਾਜ ਹੈ।
ਮ੍ਹਾਰੇ ਲੀਏ ਟੋਲਿਆ ਤਾਇਆ ਕਾਲ਼ਾ ਕਾਲ਼ਾ ਬੰਨਰਾ।
ਮ੍ਹਾਰੇ ਲੀਏ ਟੋਲਿਆ ਚਾਚਾ ਕਾਲਾ ਕਾਲਾ ਬੰਨਰਾ।
ਫੋਟੋ ਖਚਵਾਲੇ ਬੀਬੀ ਚਾਂਦ ਸੇ ਵੀ ਗੋਰਾ ਹੈ।
ਡਿਗਰੀ ਲਵਾਲੇ ਬੀਬੀ ਲੜਕਾ ਬੀ. ਏ. ਪਾਸ ਹੈ।
ਚੁੱਪ-ਚਾਪ ਖੜੀ ਬੀਬੀ ਮਾਮਿਓ ਸੇ ਨਰਾਜ ਹੈ।
ਚੁੱਪ-ਚਾਪ ਖੜੀ ਬੀਬੀ ਫੁਫਿਓ ਸੇ ਨਰਾਜ ਹੈ।
ਮ੍ਹਾਰੇ ਲੀਏ ਟੋਲਿਆ ਮਾਮਾ ਕਾਲਾ ਕਾਲਾ ਬੰਨਰਾ।
ਮ੍ਹਾਰੇ ਲੀਏ ਟੋਲਿਆ ਫੁਫਾ ਕਾਲਾ ਕਾਲ਼ਾ ਬੰਨਰਾ।
ਫੋਟੋ ਖਚਵਾਲੇ ਬੀਬੀ ਚਾਂਦ ਸੇ ਵੀ ਗੋਰਾ ਹੈ।
ਡਿਗਰੀ ਲਵਾਲੇ ਬੀਬੀ ਲੜਕਾ ਬੀ. ਏ. ਪਾਸ ਹੈ।
ਚੁੱਪ-ਚਾਪ ਖੜੀ ਬੀਬੀ ਵੀਰੋਂ ਸੇ ਨਰਾਜ ਹੈ।

ਚੁੱਪ-ਚਾਪ ਖੜੀ ਬੀਬੀ ਜੀਜਿਓ ਸੇ ਨਰਾਜ ਹੈ।
ਮ੍ਹਾਰੇ ਲੀਏ ਟੋਲਿਆ ਵੀਰਾ ਕਾਲਾ ਕਾਲਾ ਬੰਨਰਾ।
ਮ੍ਹਾਰੇ ਲੀਏ ਟੋਲਿਆ ਜੀਜਾ ਕਾਲਾ ਕਾਲਾ ਬੰਨਰਾ।
ਫੋਟੋ ਖਚਵਾਲੇ ਬੀਬੀ ਚਾਂਦ ਸੇ ਵੀ ਗੋਰਾ ਹੈ।
ਡਿਗਰੀ ਲਵਾਲੇ ਬੀਬੀ ਲੜਕਾ ਬੀ. ਏ. ਪਾਸ ਹੈ।

(30)

ਬੰਨੇ ਕੀ ਬੰਨਰੋ ਨੰਦੋਂ ਪੇ ਝਗੜੀ।
ਤੁਮ ਕੀਯੂੰ ਨਾ ਲਿਆਇਓ ਰੇ ਸੋਨੇ ਕੀ ਤਗੜੀ।
ਤੁਮ ਕੀਯੂੰ ਨਾ ਲਿਆਇਓ ਰੇ ਸੋਨੇ ਕਾ ਟੀਕਾ।
ਤੁਮ ਕੀਯੂੰ ਨਾ ਲਿਆਇਓ ਰੇ ਸੋਨੇ ਕੀ ਬਿੰਦੀ।
ਹੋਲੀ ਬੋਲ ਬੰਨਰੋ ਸਰਮ ਕਰ ਬਨਰੋ।
ਮੇਰਾ ਦਾਦਾ ਲਿਆਇਆ ਏ ਸੋਨੇ ਕੀ ਟੀਕਾ।
ਮੇਰਾ ਬਾਪੂ ਲਿਆਇਆ ਏ ਸੋਨੇ ਕੀ ਬਿੰਦੀ।
ਬੰਨੇ ਕੀ ਬੰਨਰੋ ਨੰਦੋਂ ਪੇ ਝਗੜੀ।
ਤੁਮ ਕੀਯੂੰ ਨਾ ਲਿਆਇਓ ਰੇ ਸੋਨੇ ਕੇ ਕਾਂਟੇ।
ਤੁਮ ਕੀਯੂੰ ਨਾ ਲਿਆਇਓ ਰੇ ਸੋਨੇ ਕੀ ਬਾਲੀ।
ਹੋਲੀ ਬੋਲ ਬੰਨਰੋ ਸਰਮ ਕਰ ਬੰਨਰੋ।
ਮੇਰਾ ਮਾਮਾ ਲਿਆਇਆ ਏ ਸੋਨੇ ਕੇ ਕਾਂਟੇ।
ਮੇਰਾ ਫੂੱਫੜ ਲਿਆਇਆ ਏ ਸੋਨੇ ਕੀ ਬਾਲੀ।
ਬੰਨੇ ਕੀ ਬੰਨਰੋ ਨੰਦੋਂ ਪੇ ਝਗੜੀ।
ਤੁਮ ਕੀਯੂੰ ਨਾ ਲਿਆਇਓ ਰੇ ਸੋਨੇ ਕਾ ਪੈਂਡਲ।
ਤੁਮ ਕੀਯੂੰ ਨਾ ਲਿਆਇਓ ਰੇ ਸੋਨੇ ਕੀ ਗਾਨੀ।
ਹੋਲੀ ਬੋਲ ਬੰਨਰੋ ਸ਼ਰਮ ਕਰ ਬੰਨਰੋ।
ਮੇਰਾ ਤਾਇਆ ਲਿਆਇਆ ਏ ਸੋਨੇ ਕਾ ਪੈਂਡਲ।
ਮੇਰਾ ਚਾਚਾ ਲਿਆਇਆ ਏ ਸੋਨੇ ਕੀ ਗਾਨੀ।
ਬੰਨੇ ਕੀ ਬੰਨਰੋ ਨੰਦੋਂ ਪੇ ਝਗੜੀ।
ਤੁਮ ਕੀਯੂੰ ਨਾ ਲਿਆਇਓ ਰੇ ਸੋਨੇ ਕੀ ਚੁੜੀਆਂ।
ਤੁਮ ਕੀਯੂੰ ਨਾ ਲਿਆਇਓ ਰੇ ਸੋਨੇ ਕੇ ਕੰਗਣ।
ਹੋਲੀ ਬੋਲ ਬੰਨਰੋ ਸਰਮ ਕਰ ਬੰਨਰੋ।
ਮੇਰਾ ਜੀਜਾ ਲਿਆਇਆ ਏ ਸੋਨੇ ਕੀ ਚੂੜੀਆਂ।
ਮੇਰਾ ਵੀਰਾ ਲਿਆਇਆ ਏ ਸੋਨੇ ਕੇ ਕੰਗਣ।
ਬੰਨੇ ਕੀ ਬੰਨਰੋ ਨੰਦੋਂ ਪੇ ਝਗੜੀ।



ਤੁਮ ਕੀਯੂੰ ਨਾ ਲਿਆਇਓ ਰੇ ਸੋਨੇ ਕੀ ਘੜੀਆਂ।
ਤੁਮ ਕੀਯੂੰ ਨਾ ਲਿਆਇਓ ਰੇ ਸੋਨੇ ਕੀ ਮੁੰਦਰੀ।
ਹੋਲੀ ਬੋਲ ਬੰਨਰੋ ਸਰਮ ਕਰ ਬੰਨਰੋ।
ਮੇਰਾ ਦੋਸਤ ਲਿਆਇਆ ਏ ਸੋਨੇ ਕੀ ਘੜੀਆਂ।
ਮੈਂ ਲੈ ਕੇ ਆਇਆ ਏ ਸੋਨੇ ਕੀ ਮੁੰਦਰੀ।
ਬੰਨੇ ਕੀ ਬੰਨਰੋ ਨੰਦੋਂ ਪੇ ਝਗੜੀ।
ਤੁਮ ਕੀਯੂੰ ਨਾ ਲਿਆਇਓ ਰੇ ਸੋਨੇ ਕੀ ਤਗੜੀ।

(31)

ਬੀਬੀ ਕੇ ਬਾਲ ਹੈਂ ਕਾਲੇ, ਮਲਾਈ ਦੂਧ ਸੇ ਪਾਲੇ।
ਬੀਬੀ ਏ ਤੇਰਾ ਬਾਬਲ ਆਵੇਗਾ, ਕਲਿੱਪ ਸੋਨੇ ਕੇ ਲਿਆਵੇਗਾ।
ਸੈਂਕ ਸੇ ਲਾ ਲੀਏ ਲਾਡੇ, ਜਸਪਾਲ ਬੰਨਾ ਬਿਆਮਣ ਆਵੇਗਾ।
ਬੀਬੀ ਕੇ ਬਾਲ ਹੈਂ ਕਾਲੇ, ਮਲਾਈ ਦੂਧ ਸੇ ਪਾਲੇ।
ਬੀਬੀ ਏ ਤੇਰਾ ਤਾਇਆ ਆਵੇਗਾ, ਕਲਿੱਪ ਸੋਨੇ ਕੇ ਲਿਆਵੇਗਾ।
ਬੀਬੀ ਏ ਤੇਰਾ ਚਾਚਾ ਆਵੇਗਾ, ਕਲਿੱਪ ਸੋਨੇ ਕੇ ਲਿਆਵੇਗਾ।
ਸੈਂਕ ਸੇ ਲਾ ਲੀਏ ਲਾਡੇ, ਜਸਪਾਲ ਬੰਨਾ ਬਿਆਮਣ ਆਵੇਗਾ।
ਬੀਬੀ ਕੇ ਬਾਲ ਹੈਂ ਕਾਲੇ, ਮਲਾਈ ਦੂਧ ਸੇ ਪਾਲੇ।
ਬੀਬੀ ਏ ਤੇਰਾ ਮਾਮਾ ਆਵੇਗਾ, ਕਲਿੱਪ ਸੋਨੇ ਕੇ ਲਿਆਵੇਗਾ।
ਬੀਬੀ ਏ ਤੇਰਾ ਫੁਫੜ ਆਵੇਗਾ, ਕਲਿੱਪ ਸੋਨੇ ਕੇ ਲਿਆਵੇਗਾ।
ਸੈਂਕ ਸੇ ਲਾ ਲੀਏ ਲਾਡੇ, ਜਸਪਾਲ ਬੰਨਾ ਬਿਆਮਣ ਆਵੇਗਾ।
ਬੀਬੀ ਕੇ ਬਾਲ ਹੈਂ ਕਾਲੇ, ਮਲਾਈ ਦੂਧ ਸੇ ਪਾਲੇ।
ਬੀਬੀ ਏ ਤੇਰਾ ਵੀਰਾ ਆਵੇਗਾ, ਕਲਿੱਪ ਸੋਨੇ ਕੇ ਲਿਆਵੇਗਾ।
ਬੀਬੀ ਏ ਤੇਰਾ ਜੀਜਾ ਆਵੇਗਾ, ਕਲਿੱਪ ਸੋਨੇ ਕੇ ਲਿਆਵੇਗਾ।
ਸੈਂਕ ਸੇ ਲਾ ਲੀਏ ਲਾਡੇ, ਜਸਪਾਲ ਬੰਨਾ ਬਿਆਮਣ ਆਵੇਗਾ।
ਬੀਬੀ ਕੇ ਬਾਲ ਹੈਂ ਕਾਲੇ, ਮਲਾਈ ਦੂਧ ਸੇ ਪਾਲੇ।

(32)

ਨੀਲ ਜਰੀ ਕਾ ਰਮਾਲ, ਬੰਨਾ ਰੀ ਮੇਰਾ ਮੇਵੇ ਲਿਆਵਾ।
ਆਜ ਬੰਨਾ ਰੀ ਮੇਰਾ, ਬਾਗਿਓ ਗਇਆ ਥਾ।
ਮਾਲਣ ਸੇ ਲਾ ਆਇਆ ਯਾਰੀ, ਹਮਾਰੇ ਸੰਗ ਰਾਤਿਓ ਲੜਿਆ ਥਾ।
ਏ ਰੀ ਸਾਸ ਤੁਮਨੇ ਬੇਟਾ, ਹਮਾਰੇ ਲੀਏ ਕੈਸਾ ਜਣਿਆ ਥਾ।
ਏ ਰੀ ਬਹੂ ਤੇਰੀ ਕਿਸਮਤ, ਹਮਨੇ ਤੋ ਰਾਮ ਲਛਮਣ ਜਣਿਆ ਥਾ।
ਨੀਲ ਜਰੀ ਕਾ ਰਮਾਲ ਬੰਨਾ ਰੀ ਮੇਰਾ ਮੇਵੇ ਲਿਆਵਾ।

ਆਜ ਬੰਨਾ ਰੀ ਮੇਰਾ ਘਾਟਿਓ ਗਇਆ ਥਾ।
ਧੋਬਨ ਸੇ ਆਇਆ ਯਾਰੀ, ਹਮਾਰੇ ਸੰਗ ਰਾਤਿਓ ਲੜਿਆ ਥਾ।
ਏ ਰੀ ਬਹੂ ਤੇਰੀ ਕਿਸਮਤ, ਹਮਨੇ ਤੋ ਰਾਮ ਲਛਮਣ ਜਣਿਆ ਥਾ।
ਨੀਲ ਜਰੀ ਕਾ ਰਮਾਲ ਬੰਨਾ ਰੀ ਮੇਰਾ ਮੇਵੇ ਲਿਆਵਾ।
ਆਜ ਬੰਨਾ ਰੀ ਮੇਰਾ ਕੁਇਓ ਪੇ ਗਇਆ ਥਾ।
ਮਹਿਰਨ ਸੇ ਲਾ ਆਇਆ ਯਾਰੀ, ਹਮਾਰੇ ਲੀਏ ਕੈਸਾ ਜਣਿਆ ਥਾ।
ਏ ਰੀ ਸਾਸ ਤੁਮਨੇ ਬੇਟਾ, ਹਮਾਰੇ ਲੀਏ ਕੈਸਾ ਜਣਿਆ ਥਾ।
ਏ ਰੀ ਬਹੂ ਤੇਰੀ ਕਿਸਮਤ, ਹਮਨੇ ਤੋ ਰਾਮ ਲਛਮਣ ਜਣਿਆ ਥਾ।
ਨੀਲ ਜਰੀ ਕਾ ਰੁਮਾਲ, ਬੰਨਾ ਰੀ ਮੇਰਾ ਮੇਵੇ ਲਿਆਵਾ।
ਆਜ ਬੰਨਾ ਰੀ ਮੇਰਾ, ਸੜਕੋ ਪੇ ਗਇਆ ਥਾ।
ਰੋੜਨ ਸੇ ਲਾ ਆਇਆ ਯਾਰੀ, ਹਮਾਰੇ ਸੰਗ ਰਾਤਿਓ ਲੜਿਆ ਥਾ।
ਏ ਰੀ ਸਾਸ ਤੁਮਨੇ ਬੇਟਾ, ਹਮਾਰੇ ਲੀਏ ਕੈਸਾ ਜਣਿਆ ਥਾ।
ਏ ਰੀ ਬਹੂ ਤੇਰੀ ਕਿਸਮਤ, ਹਮਨੇ ਤੋ ਰਾਮ ਲਛਮਣ ਜਣਿਆ ਥਾ।
ਨੀਲ ਜਰੀ ਕਾ ਰਮਾਲ ਬੰਨਾ ਰੀ ਮੇਰਾ ਮੇਵੇ ਲਿਆਵਾ।

(33)

ਮੁੰਦੀ ਸੇ ਹਾਥ ਪੀਲ਼ੇ ਕਰਦੋ, ਫੂਲੋਂ ਸੇ ਝੋਲ਼ੀ ਭਰਦੋ,
ਸਾਜਨ ਘਰ ਜਾਣਾ ਹੈ।
ਮਾਤਾ ਕਹੇ ਬੜੇ ਲਾਡੋਂ ਸੇ ਪਾਲੀ।
ਬਾਬਲ ਕਹੇ ਵਿਦਾ ਕਰਦੋ, ਫੂਲੋਂ ਸੇ ਝੋਲ਼ੀ ਭਰਦੋ,
ਸਾਜਣ ਘਰ ਜਾਣਾ ਹੈ।
ਮੁੰਦੀ ਸੇ ਹਾਥ ਪੀਲ਼ੇ ਕਰਦੋ, ਫੂਲੋਂ ਸੇ ਝੋਲ਼ੀ ਭਰਦੋ,
ਸਾਜਣ ਘਰ ਜਾਣਾ ਹੈ।
ਤਾਈ ਕਹੇ ਬੜੇ ਲਾਡੋਂ ਸੇ ਪਾਲ਼ੀ।
ਚਾਚੀ ਕਹੇ ਬੜੇ ਲਾਡੋਂ ਸੇ ਪਾਲ਼ੀ।
ਤਾਇਆ ਕਹੇ ਵਿਦਾ ਕਰਦੋ, ਫੂਲੋਂ ਸੇ ਝੋਲੀ ਭਰਦੋ,
ਸਾਜਣ ਘਰ ਜਾਣਾ ਹੈ।
ਚਾਚਾ ਕਹੇ ਵਿਦਾ ਕਰਦੋ ਫੂਲੋਂ ਸੇ ਝੋਲ਼ੀ ਭਰਦੋ,
ਸਾਜਣ ਘਰ ਜਾਨਾ ਹੈ।
ਮੁੰਦੀ ਸੇ ਹਾਥ ਪੀਲ਼ੇ ਕਰਦੋ, ਫੂਲੋਂ ਸੇ ਝੋਲ਼ੀ ਭਰਦੋ,
ਸਾਜਣ ਘਰ ਜਾਣਾ ਹੈ।
ਮਾਮੀ ਕਹੇ ਬੜੇ ਲਾਡੋਂ ਸੇ ਪਾਲ਼ੀ।
ਬੂਆ ਕਹੇ ਬੜੇ ਲਾਡੋਂ ਸੇ ਪਾਲ਼ੀ।



ਮਾਮਾ ਕਹੇ ਵਿਦਾ ਕਰਦੋ, ਫੂਲੋਂ ਸੇ ਝੋਲ਼ੀ ਭਰਦੋ,
ਸਾਜਣ ਘਰ ਜਾਣਾ ਹੈ।
ਫੂਫੜ ਕਹੇ ਵਿਦਾ ਕਰਦੋ, ਫੂਲੋਂ ਸੇ ਝੋਲ਼ੀ ਭਰਦੋ,
ਸਾਜਣ ਘਰ ਜਾਣਾ ਹੈ।
ਮੁੰਦੀ ਸੇ ਹਾਥ ਪੀਲ਼ੇ ਕਰਦੋ, ਫੂਲੋਂ ਸੇ ਝੋਲ਼ੀ ਭਰਦੋ,
ਸਾਜਣ ਘਰ ਜਾਣਾ ਹੈ।
ਭਾਬੋ ਕਹੇ ਬੜੇ ਲਾਡੋਂ ਸੇ ਪਾਲ਼ੀ।
ਬੇਬੇ ਕਹੇ ਬੜੇ ਲਾਡੋਂ ਸੇ ਪਾਲ਼ੀ।
ਵੀਰਾ ਕਹੇ ਵਿਦਾ ਕਰਦੋ, ਫੂਲੋਂ ਸੇ ਝੋਲ਼ੀ ਭਰਦੋ,
ਸਾਜਣ ਘਰ ਜਾਣਾ ਹੈ।
ਜੀਜਾ ਕਹੇ ਵਿਦਾ ਕਰਦੋ, ਫੂਲੋਂ ਸੇ ਝੋਲੀ ਭਰਦੋ,
ਸਾਜਣ ਘਰ ਜਾਣਾ ਹੈ।
ਮੁੰਦੀ ਸੇ ਹਾਥ ਪੀਲ਼ੇ ਕਰਦੋ, ਫੂਲੋਂ ਸੇ ਝੋਲ਼ੀ ਭਰਦੋ,
ਸਾਜਣ ਘਰ ਜਾਣਾ ਹੈ।

(34)

ਲਾਡਲੀ ਨਾ ਲਾਡਲੀ ਨਾ ਰਖੀ ਬਾਬਲਾ, ਇਸ ਲਾਡਲੀ ਨੂੰ ਵਖਤ ਬਥੇਰੇ।
ਲਾਡਲੀ ਮੈਂ ਲਾਡਲੀ ਮੈਂ ਐਵੇਂ ਰੱਖੀਆਂ, ਜਿਵੇਂ ਕਾਗਜ ਦੇ ਵਿਚ ਗੋਟਾ।
ਉਠ, ਮਾਤਾ ਉਠ ਮਾਤਾ ਮਿਲ ਲੈ ਨੀ, ਧੀਆਂ ਆਪਣੇ ਘਰਾਂ ਨੂੰ ਚੱਲੀਆਂ।
ਧੀਆਂ ਦਾ ਧੀਆਂ ਦਾ ਕੀ ਮਿਲਣਾ, ਜੇੜ੍ਹੀਆਂ ਤੋੜ ਮੁਹੱਬਤਾਂ ਚੱਲੀਆਂ।
ਲਾਡਲੀ ਨਾ ਲਾਡਲੀ ਨਾ ਰਖੀ ਤਾਇਆ ਜੀ, ਇਸ ਲਾਡਲੀ ਨੂੰ ਵਖਤ ਬਥਰ।
ਲਾਡਲੀ ਨਾ ਲਾਡਲੀ ਨਾ ਰਖੀ ਚਾਚਾ ਵੇ,ਇਸ ਲਾਡਲੀ ਨੂੰ ਵਖਤ ਬਥੇਰੇ।
ਲਾਡਲੀ ਮੈਂ ਲਾਡਲੀ ਮੈਂ ਐਵੇਂ ਰੱਖੀਆਂ, ਜਿਵੇਂ ਕਾਗਜ ਦੇ ਵਿਚ ਗੋਟਾ।
ਉਠ ਤਾਈ ਉਠ ਤਾਈ ਮਿਲ ਲੈ ਨੀ, ਧੀਆਂ ਆਪਣੇ ਘਰਾਂ ਨੂੰ ਚੱਲੀਆਂ।
ਉਠ ਚਾਚੀ ਉਠ ਚਾਚੀ ਮਿਲ ਲੈ ਨੀ,ਭਤੀਜੀਆਂ ਆਪਣੇ ਘਰਾਂ ਨੂੰ ਚੱਲੀਆਂ।
ਭਤੀਜੀਆਂ ਦਾ ਭਤੀਜੀਆਂ ਦਾ ਕੀ ਮਿਲਣਾ,ਜੇੜ੍ਹੀਆਂ ਤੋੜ ਮੁਹੱਬਤਾਂ ਚੱਲੀਆਂ।
ਲਾਡਲੀ ਨਾ ਲਾਡਲੀ ਨਾ ਰਖੀ ਮਾਮਾ ਵੇ,ਇਸ ਲਾਡਲੀ ਨੂੰ ਵਖਤ ਬਥੇਰੇ।
ਲਾਡਲੀ ਨਾ ਲਾਡਲੀ ਨਾ ਰਖੀ ਫੂਫੜ ਵੇ,ਇਸ ਲਾਡਲੀ ਨੂੰ ਵਖਤ ਬਥੇਰੇ।
ਲਾਡਲੀ ਮੈਂ ਲਾਡਲੀ ਮੈਂ ਐਵੇਂ ਰੱਖੀਆਂ, ਜਿਵੇਂ ਕਾਗਜ ਦੇ ਵਿਚ ਗੋਟਾ।
ਉਠ ਮਾਮੀ ਉਠ ਮਾਮੀ ਮਿਲ ਲੈ ਨੀ,ਭਾਣਜੀਆਂ ਆਪਣੇ ਘਰਾਂ ਨੂੰ ਚੱਲੀਆਂ।
ਉਠ ਬੂਆ ਉਠ ਬੂਆ ਮਿਲ ਲੈ ਨੀ, ਧੀਆਂ ਆਪਣੇ ਘਰਾਂ ਨੂੰ ਚੱਲੀਆਂ।
ਭਾਣਜੀਆਂ ਦਾ ਭਾਣਜੀਆਂ ਦਾ ਮਿਲਣਾ ਜੇੜੀਆਂ ਤੋੜ ਮੁਹੱਬਤਾਂ ਚੱਲੀਆਂ।
ਧੀਆਂ ਦਾ ਧੀਆਂ ਦਾ ਕੀ ਮਿਲਣਾ, ਜੇੜ੍ਹੀਆਂ ਤੋੜ ਮੁਹੱਬਤਾਂ ਚੱਲੀਆਂ।

ਲਾਡਲੀ ਨਾ ਲਾਡਲੀ ਨਾ ਰੱਖੀ ਵੀਰਾ ਵੇ ਇਸ ਲਾਡਲੀ ਨੂੰ ਵਖਤ ਬਥੇਰੇ।
ਲਾਡਲੀ ਨਾ ਲਾਡਲੀ ਨਾ ਰੱਖੀ ਜੀਜਾ ਵੇ ਇਸ ਲਾਡਲੀ ਨੂੰ ਵਖਤ ਬਥੇਰੇ।
ਲਾਡਲੀ ਮੈਂ ਲਾਡਲੀ ਮੈਂ ਐਵੇਂ ਰੱਖੀਆਂ, ਜਿਵੇਂ ਕਾਗਜ ਦੇ ਵਿਚ ਗੋਟਾ।
ਉਠ ਭਾਬੋ ਉਠ ਭਾਬੋ ਮਿਲ ਲੈ ਨੀ, ਨਣਦਾਂ ਆਪਣੇ ਘਰਾਂ ਨੂੰ ਚੱਲੀਆਂ।
ਉਠ ਭੈਣੇ ਉਠ ਭੈਣੇ ਮਿਲ ਲੈ ਨੀ, ਭੈਣਾਂ ਆਪਣੇ ਘਰਾਂ ਨੂੰ ਚੱਲੀਆਂ।
ਨਣਦਾਂ ਦਾ ਨਣਦਾਂ ਕੀ ਮਿਲਣਾ, ਜੇੜ੍ਹੀਆਂ ਤੋੜ ਮੁਹੱਬਤਾਂ ਚੱਲੀਆਂ।
ਭੈਣਾਂ ਦਾ ਭੈਣਾਂ ਦਾ ਕੀ ਮਿਲਣਾ, ਜੇੜ੍ਹੀਆਂ ਤੋੜ ਮੁਹੱਬਤਾਂ ਚੱਲੀਆਂ।

(35)

ਤੇਰੀ ਪਰੌਣੀ ਹੋਈ ਸੁਣੇ ਬਾਬਲਾ, ਤੇਰੀ ਪਰੌਣੀ ਹੋਈ।
ਤੇਰੀ ਪਰੌਣੀ ਤੇਰੇ ਦੇਸ਼ ਦੀ ਪਰੌਣੀ, ਤੇਰੀ ਪਰੌਣੀ ਹੋਈ।
ਤੇਰੀ ਪਰੌਣੀ ਹੋਈ ਸੁਣੇ ਬਾਬਲਾ, ਤੇਰੀ ਪਰੌਣੀ ਹੋਈ।
ਅਸਾਂ ਤਾਂ ਬਾਬਲ ਤੇਰੇ ਮ੍ਹੈਲਾਂ ਦੀਆਂ ਚਿੜੀਆਂ।
ਮਾਰ ਉਡਾਰੀ ਉਡ ਜਾਣਾ ਸੁਣੇ ਬਾਬਲਾ, ਤੇਰੀ ਪਰੌਣੀ ਹੋਈ।
ਤੇਰੀ ਪਰੌਣੀ ਹੋਈ ਸੁਣੇ ਬਾਬਲਾ, ਤੇਰੀ ਪਰੌਣੀ ਹੋਈ।
ਤੇਰੀ ਪਰੌਣੀ ਤੇਰੇ ਦੇਸ਼ ਦੀ ਪਰੌਣੀ, ਤੇਰੀ ਪਰੌਣੀ ਹੋਈ।
ਅਸੀ ਤਾਂ ਬਾਬਲ ਤੇਰੇ ਮ੍ਹੈਲਾਂ ਦੀਆਂ ਗਊਆਂ।
ਜਿੱਧਰ ਨੂੰ ਤੋਰੇ ਤੁਰ ਜਾਣਾ ਸੁਣੇ ਬਾਬਲਾ ਤੇਰੀ ਪਰੌਣੀ ਹੋਈ।
ਤੇਰੀ ਪਰੌਣੀ ਤੇਰੇ ਦੇਸ਼ ਦੀ ਪਰੌਣੀ, ਤੇਰੀ ਪਰੌਣੀ ਹੋਈ।
ਤੇਰੀ ਪਰੌਣੀ ਹੋਈ ਸੁਣੇ ਬਾਬਲਾ, ਤੇਰੀ ਪਰੌਣੀ ਹੋਈ।

(36)

ਅਸਾਂ ਬਾਬਲ ਧੀਆਂ ਚਾਰ, ਚਾਰੇ ਲਾਡਲੀਆਂ।
ਸਾਨੂੰ ਚਾਰਾਂ ਨੂੰ ਦਿੱਤੇ ਦਾਨ, ਘੋੜੇ ਪਾਲਕੀਆਂ।
ਅਸਾਂ ਉਡੀਆਂ ਡਾਰੋ-ਡਾਰ, ਨਦੀਆਂ ਪਾਰ, ਸਮੁੰਦਰ ਸਾਡੇ ਆਲ੍ਹਣੇ।
ਅਸਾਂ ਉਡੀਆਂ ਡਾਰੋ ਡਾਰ ਖੰਭ ਖਿਲਾਰ, ਪਰਬਤ ਸਾਡੇ ਆਲ੍ਹਣੇ।
ਅਸਾਂ ਤਾਏ ਧੀਆਂ ਚਾਰ, ਚਾਰੇ ਲਾਡਲੀਆਂ।
ਅਸਾਂ ਚਾਚੇ ਭਤੀਜੀਆਂ ਚਾਰ, ਚਾਰੇ ਲਾਡਲੀਆਂ।
ਸਾਨੂੰ ਚਾਰਾਂ ਨੂੰ ਦਿੱਤੇ ਦਾਨ, ਘੋੜੇ ਪਾਲਕੀਆਂ।
ਅਸਾਂ ਉਡੀਆਂ ਡਾਰੋ-ਡਾਰ, ਨਦੀਆਂ ਪਾਰ, ਸਮੁੰਦਰ ਸਾਡੇ ਆਲ੍ਹਣੇ।
ਅਸਾਂ ਉਡੀਆਂ ਡਾਰੋ ਡਾਰ ਖੰਭ ਖਿਲਾਰ, ਪਰਬਤ ਸਾਡੇ ਆਲ੍ਹਣੇ।
ਅਸੀ ਮਾਮੇ ਭਾਣਜੀਆਂ ਚਾਰ, ਚਾਰੇ ਲਾਡਲੀਆਂ।
ਅਸਾਂ ਫੁਫੜ ਧੀਆਂ ਚਾਰ, ਚਾਰੇ ਲਾਡਲੀਆਂ।
ਸਾਨੂੰ ਚਾਰਾਂ ਨੂੰ ਦਿੱਤੇ ਦਾਨ, ਘੋੜੇ ਪਾਲਕੀਆਂ।



ਅਸਾਂ ਉਡੀਆਂ ਡਾਰੋ-ਡਾਰ, ਨਦੀਆਂ ਪਾਰ, ਸਮੁੰਦਰ ਸਾਡੇ ਆਲ੍ਹਣੇ।
ਅਸਾਂ ਉਡੀਆਂ ਡਾਰੋ ਡਾਰ ਖੰਭ ਖਿਲਾਰ, ਪਰਬਤ ਸਾਡੇ ਆਲ੍ਹਣੇ।
ਅਸਾਂ ਵੀਰੇ ਭੈਣਾਂ ਚਾਰ, ਚਾਰੇ ਲਾਡਲੀਆਂ।
ਅਸਾਂ ਜੀਜੇ ਸਾਲੀਆਂ ਚਾਰ, ਚਾਰੇ ਲਾਡਲੀਆਂ।
ਸਾਨੂੰ ਚਾਰਾਂ ਨੂੰ ਦਿੱਤੇ ਦਾਨ, ਘੋੜੇ ਪਾਲਕੀਆਂ।
ਅਸਾਂ ਉਡੀਆਂ ਡਾਰੋ-ਡਾਰ, ਨਦੀਆਂ ਪਾਰ, ਸਮੁੰਦਰ ਸਾਡੇ ਆਲ੍ਹਣੇ।
ਅਸਾਂ ਉਡੀਆਂ ਡਾਰੋ ਡਾਰ ਖੰਭ ਖਿਲਾਰ, ਪਰਬਤ ਸਾਡੇ ਆਲ੍ਹਣੇ।

(37)

ਧੀਆਂ ਤਾਂ ਕੂੰਜਾਂ ਵੇ ਧਰਮੀ ਗਈਆਂ ਪਰਦੇਸ ਨੂੰ।
ਮੇਰਾ ਮਨ ਕਰਦਾ ਵੇ ਧਰਮੀ ਬਾਬਲ ਦੇ ਦੇਸ ਨੂੰ।
ਮਾਤਾ ਤਾਂ ਖੜੀਓ ਵੇ ਹੱਸਦੀ ਧੀਆਂ ਵਲ ਵੇਖ ਕੇ।
ਭਾਬੋ ਨੇ ਪਾ ਲਈਆਂ ਤਿਊੜੀਆਂ ਨਣਦਾਂ ਵੱਲ ਵੇਖ ਕੇ।
ਨਾ ਚੱਕ ਚਰਖਾ ਨੀ ਭਾਬੋ, ਨਾ ਚਕ ਪੂਣੀਆਂ।
ਤੜਕੇ ਨੂੰ ਬਗਜੂੰ ਨੀ ਭਾਬੋ ਹੋਜੂ ਦਿਲਾਂ ਦੀਆਂ ਪੂਰੀਆਂ।
ਧੀਆਂ ਤਾਂ ਕੂੰਜਾਂ ਵੇ ਧਰਮੀ ਗਈਆਂ ਪਰਦੇਸ ਨੂੰ।
ਮੇਰਾ ਮਨ ਕਰਦਾ ਵੇ ਧਰਮੀ ਤਾਏ ਦੇ ਦੇਸ ਨੂੰ।
ਮੇਰਾ ਮਨ ਕਰਦਾ ਵੇ ਧਰਮੀ ਚਾਚੇ ਦੇ ਦੇਸ ਨੂੰ।
ਤਾਈ ਤਾਂ ਖੜੀਓ ਵੇ ਹੱਸਦੀ ਧੀਆਂ ਵਲ ਵੇਖ ਕੇ।
ਚਾਚੀ ਤਾਂ ਖੜੀਓ ਵੇ ਹੱਸਦੀ ਭਤੀਜੀ ਵਲ ਵੇਖ ਕੇ।
ਭਾਬੋ ਨੇ ਪਾ ਲਈਆਂ ਤਿਊੜੀਆਂ ਨਣਦਾਂ ਵੱਲ ਵੇਖ ਕੇ।
ਨਾ ਚੱਕ ਚਰਖਾ ਨੀ ਭਾਬੋ, ਨਾ ਚਕ ਪੂਣੀਆਂ।
ਤੜਕੇ ਨੂੰ ਬਗਜੂੰ ਨੀ ਭਾਬੋ ਹੋਜੂ ਦਿਲਾਂ ਦੀਆਂ ਪੂਰੀਆਂ।
ਧੀਆਂ ਤਾਂ ਕੂੰਜਾਂ ਵੇ ਧਰਮੀ ਗਈਆਂ ਪਰਦੇਸ ਨੂੰ।
ਮੇਰਾ ਮਨ ਕਰਦਾ ਵੇ ਧਰਮੀ ਮਾਮਿਆਂ ਦੇ ਦੇਸ ਨੂੰ।
ਮੇਰਾ ਮਨ ਕਰਦਾ ਵੇ ਧਰਮੀ ਫੁਫਿਆਂ ਦੇ ਦੇਸ ਨੂੰ।
ਤਾਈ ਤਾਂ ਖੜੀਓ ਵੇ ਹੱਸਦੀ ਧੀਆਂ ਵਲ ਵੇਖ ਕੇ।
ਮਾਮੀ ਤਾਂ ਖੜੀਓ ਵੇ ਹੱਸਦੀ ਭਤੀਜੀ ਵਲ ਵੇਖ ਕੇ।
ਬੂਆ ਨੇ ਪਾ ਲਈਆਂ ਤਿਊੜੀਆਂ ਨਣਦਾਂ ਵੱਲ ਵੇਖ ਕੇ।
ਨਾ ਚੱਕ ਚਰਖਾ ਨੀ ਭਾਬੋ ਨਾ ਚਕ ਪੂਣੀਆਂ।
ਤੜਕੇ ਨੂੰ ਬਗਜੂੰ ਨੀ ਭਾਬੋ ਹੋਜੂ ਦਿਲਾਂ ਦੀਆਂ ਪੂਰੀਆਂ।
ਧੀਆਂ ਤਾਂ ਕੂੰਜਾਂ ਵੇ ਧਰਮੀ ਗਈਆਂ ਪਰਦੇਸ ਨੂੰ।

(38)

ਲਾੜੇ ਖੇਲਾ ਦਰਿਆ ਕੇ ਬੀਚ, ਬਾਬਲ ਜੀ ਸੇ ਅਰਜ ਕਰੇ।
ਬਾਬਲ ਗਲਤੀ ਕਰੋ ਮੇਰੀ ਮਾਫ, ਛੋੜ ਚਲੀ ਦੇਸ਼ ਤੇਰਾ।
ਜੋ ਦੇਖੀ ਨਗਰੀਆ ਨਹੀ, ਉਸੀ ਮੇ ਆਜ ਜਾਣਾ ਪੜੇ।
ਜੋ ਆਏ ਸਪਨ ਮੇ ਨਹੀ, ਉਸੀ ਕੇ ਸੰਗ ਰਹਿਣਾ ਪੜੇ।
ਲਾੜੇ ਖੇਲਾ ਦਰਿਆ ਕੇ ਬੀਚ, ਤਾਇਆ ਜੀ ਸੇ ਅਰਜ ਕਰੇ।
ਲਾੜੇ ਖੇਲਾ ਦਰਿਆ ਕੇ ਬੀਚ, ਚਾਚਾ ਜੀ ਸੇ ਅਰਜ ਕਰੇ।
ਤਾਇਆ ਗਲਤੀ ਕਰੋ ਮੇਰੀ ਮਾਫ, ਛੋੜ ਚਲੀ ਦੇਸ ਤੇਰਾ।
ਚਾਚਾ ਗਲਤੀ ਕਰੋ ਮੇਰੀ ਮਾਫ, ਛੋੜ ਚਲੀ ਦੇਸ ਤੇਰਾ।
ਜੋ ਦੇਖੀ ਨਗਰੀਆ ਨਹੀ, ਉਸੀ ਮੇ ਆਜ ਜਾਨਾ ਪੜੇ।
ਜੋ ਆਏ ਸਪਨ ਮੇ ਨਹੀ, ਉਸੀ ਕੇ ਸੰਗ ਰਹਿਣਾ ਪੜੇ।
ਲਾੜੇ ਖੇਲਾ ਦਰਿਆ ਕੇ ਬੀਚ, ਮਾਮਾ ਜੀ ਸੇ ਅਰਜ ਕਰੇ।
ਲਾੜੇ ਖੇਲਾ ਦਰਿਆ ਕੇ ਬੀਚ, ਫੁਫੜ ਜੀ ਸੇ ਅਰਜ ਕਰੇ।
ਮਾਮਾ ਗਲਤੀ ਕਰੋ ਮੇਰੀ ਮਾਫ, ਛੋੜ ਚਲੀ ਦੇਸ ਤੇਰਾ।
ਫੁਫੜ ਗਲਤੀ ਕਰੋ ਮੇਰੀ ਮਾਫ, ਛੋੜ ਚਲੀ ਦੇਸ ਤੇਰਾ।
ਜੋ ਦੇਖੀ ਨਗਰੀਆ ਨਹੀ, ਉਸੀ ਮੇ ਆਜ ਜਾਨਾ ਪੜੇ।
ਜੋ ਆਏ ਸਪਨ ਮੇ ਨਹੀ, ਉਸੀ ਕੇ ਸੰਗ ਰਹਿਣਾ ਪੜੇ।
ਲਾੜੇ ਖੇਲਾ ਦਰਿਆ ਕੇ ਬੀਚ, ਵੀਰਾ ਜੀ ਸੇ ਅਰਜ ਕਰੇ।
ਵੀਰਾ ਗਲਤੀ ਕਰੋ ਮੇਰੀ ਮਾਫ, ਛੋੜ ਚਲੀ ਦੇਸ ਤੇਰਾ।
ਜੋ ਦੇਖੀ ਨਗਰੀਆ ਨਹੀ, ਉਸੀ ਮੇ ਆਜ ਜਾਨਾ ਪੜੇ।
ਜੋ ਆਏ ਸਪਨ ਮੇ ਨਹੀ, ਉਸੀ ਕੇ ਸੰਗ ਰਹਿਣਾ ਪੜੇ।

(39)

ਨਾ ਮੈਂ ਲੜੀ ਆਂ ਤੇ ਨਾ ਮੈਂ ਬੋਲੀ,
ਨੀ ਮਾਂ ਅੱਜ ਦੀ ਦਿਹਾੜੀ ਰੱਖ ਡੋਲੀ।
ਮੇਰੀ ਡੋਲੀ ਨੂੰ ਲਗੜੇ ਮਾਪੇ ਨੀ ਮਾਂ।
ਮੈਨੂੰ ਵਿਦਿਆ ਕਰਨ ਮੇਰੇ ਮਾਪੇ ਨੀ ਮਾਂ।
ਇਨ੍ਹਾਂ ਮਾਪਿਆਂ ਤੋਂ ਜਾਵਾਂ ਘੋਲੀ,
ਨੀ ਮਾਂ ਅਜ ਦੀ ਦਿਹਾੜੀ ਰੱਖ ਡੋਲੀ।
ਮੇਰੀ ਡੋਲੀ ਨੂੰ ਲਗੜੇ ਮਾਮੇ ਨੀ ਮਾਂ।
ਮੈਨੂੰ ਵਿਦਿਆ ਕਰਨ ਮੇਰੇ ਮਾਮੇ ਨੀ ਮਾਂ।
ਇਨ੍ਹਾਂ ਮਾਮਿਆਂ ਤੋਂ ਜਾਵਾਂ ਘੋਲੀ,
ਨੀ ਮਾਂ ਅੱਜ ਦੀ ਦਿਹਾੜੀ ਰੱਖ ਡੋਲੀ।



ਮੇਰੀ ਡੋਲੀ ਨੂੰ ਲਗੜੇ ਹੀਰੇ ਨੀ ਮਾਂ।
ਮੈਨੂੰ ਵਿਦਿਆ ਕਰਨ ਮੇਰੇ ਵੀਰੇ ਨੀ ਮਾਂ।
ਇਨ੍ਹਾਂ ਵੀਰਿਆਂ ਤੋਂ ਜਾਪਾਂ ਘੋਲੀ,
ਨੀ ਮਾਂ ਅਜ ਦੀ ਦਿਹਾੜੀ ਰੱਖ ਡੋਲੀ।
ਮੇਰੀ ਡੋਲੀ ਨੂੰ ਲਗੜੇ ਆਏ ਨੀ ਮਾਂ।
ਮੈਨੂੰ ਵਿਦਿਆ ਕਾਰਨ ਮੇਰੇ ਤਾਏ ਨੀ ਮਾਂ।
ਇਨ੍ਹਾਂ ਤਾਇਆਂ ਤੋਂ ਜਾਵਾਂ ਘੋਲੀ,
ਨੀ ਮਾਂ ਅਜ ਦੀ ਦਿਹਾੜੀ ਰੱਖ ਡੋਲੀ।
ਮੇਰੀ ਡੋਲੀ ਨੂੰ ਲਗੜੇ ਲਾਚੇ ਨੀ ਮਾਂ।
ਮੈਨੂੰ ਵਿਦਿਆ ਕਰਨ ਮੇਰੇ ਚਾਚੇ ਨੀ ਮਾਂ।
ਇਨ੍ਹਾਂ ਚਾਚਿਆਂ ਤੋਂ ਜਾਵਾਂ ਘੋਲੀ ਨੀ ਮਾਂ।
ਨੀ ਮਾਂ ਅਜ ਦੀ ਦਿਹਾੜੀ ਰਖ ਡੋਲੀ।
ਮੇਰੀ ਡੋਲੀ ਨੂੰ ਲਗੜੇ ਆਂਢੀ ਨੀ ਮਾਂ।
ਮੈਨੂੰ ਵਿਦਿਆ ਕਰਨ ਮੇਰੇ ਗੁਆਂਢੀ ਨੀ ਮਾਂ।
ਇਨ੍ਹਾਂ ਗੁਆਂਢੀਆਂ ਤੋਂ ਜਾਵਾਂ ਘੋਲੀ,
ਨੀ ਮਾਂ ਅੱਜ ਦੀ ਦਿਹਾੜੀ ਰੱਖ ਡੋਲੀ।
ਨਾ ਮੈਂ ਲੜੀ ਆਂ ਤੇ ਨਾ ਮੈਂ ਬੋਲੀ,
ਨੀ ਮਾਂ ਅਜ ਦੀ ਦਿਹਾੜੀ ਰਖ ਡੋਲੀ।

(40)

ਕੋਠਾ ਕੀਯੂੰ ਨੀਵਿਆ, ਧਰਮੀ ਕੋਠਾ ਕੀਯੂੰ ਨੀਵਿਆ।
ਇਸ ਕੋਠੇ ਕੀ ਛੱਤ ਪਰਾਣੀ, ਧਰਮੀ ਕੋਠਾ ਤਾਂ ਨੀਵਿਆ।
ਬਾਬਲ ਕੀਯੂੰ ਨੀਵਿਆ, ਧਰਮੀ ਬਾਬਲ ਕੀਯੂੰ ਨੀਵਿਆ।
ਇਸ ਬਾਬਲ ਕੀ ਕੰਨਿਆ ਕੁਆਰੀ, ਧਰਮੀ ਬਾਬਲ ਤਾਂ ਨੀਵਿਆ।
ਕੋਠਾ ਕੀਯੂੰ ਨੀਵਿਆ, ਧਰਮੀ ਕੋਠਾ ਕੀਯੂੰ ਨੀਵਿਆਂ।
ਇਸ ਕੋਠੇ ਕੀ ਛੱਤ ਪਰਾਣੀ, ਧਰਮੀ ਕੋਠਾ ਤਾਂ ਨੀਵਿਆ।
ਤਾਇਆ ਕੀਯੂੰ ਨੀਵਿਆ, ਧਰਮੀ ਤਾਇਆ ਕੀਯੂੰ ਨੀਵਿਆ।
ਚਾਚਾ ਕੀਯੂੰ ਨੀਵਿਆ, ਧਰਮੀ ਚਾਚਾ ਕੀਯੂੰ ਨੀਵਿਆ।
ਇਸ ਤਾਏ ਕੀ ਧੀ ਕੁਆਰੀ, ਧਰਮੀ ਤਾਇਆ ਤਾਂ ਨੀਵਿਆ।
ਇਸ ਚਾਚੇ ਕੀ ਭਤੀਜੀ ਕੁਆਰੀ, ਧਰਮੀ ਚਾਚਾ ਤਾਂ ਨੀਵਿਆ।
ਕੋਠਾ ਕੀਯੂੰ ਨੀਵਿਆ, ਧਰਮੀ ਕੋਠਾ ਕੀਯੂੰ ਨੀਵਿਆਂ।
ਇਸ ਕੋਠੇ ਕੀ ਛੱਤ ਪਰਾਣੀ, ਧਰਮੀ ਕੋਠਾ ਤਾਂ ਨੀਵਿਆ।
ਮਾਮਾ ਕੀਯੂੰ ਨੀਵਿਆ, ਧਰਮੀ ਮਾਮਾ ਕੀਯੂੰ ਨੀਵਿਆ।

ਇਸ ਮਾਮੇ ਦੀ ਭਾਣਜੀ ਕੁਆਰੀ, ਧਰਮੀ ਮਾਮਾ ਤਾਂ ਨੀਵਿਆਂ।
ਫੁਫੜ ਕੀਯੁੰ ਨੀਵਿਆ, ਧਰਮੀ ਫੁਫ ਕੀਯੁੰ ਨੀਵਿਆ।
ਇਸ ਫੁਫੜ ਦੀ ਬੇਟੀ ਕੁਆਰੀ, ਧਰਮੀ ਫੁਫੜ ਤਾਂ ਨੀਵਿਆਂ।
ਕੋਠਾ ਕੀਯੁੰ ਨੀਵਿਆ, ਧਰਮੀ ਕੋਠਾ ਕੀਯੁੰ ਨੀਵਿਆ।
ਇਸ ਕੋਠੇ ਕੀ ਛੱਤ ਪਰਾਣੀ, ਧਰਮੀ ਕੋਠਾ ਤਾਂ ਨੀਵਿਆ।
ਵੀਰਾ ਕੀਯੁੰ ਨੀਵਿਆ, ਧਰਮੀ ਵੀਰਾ ਕੀਯੁੰ ਨੀਵਿਆ।
ਇਸ ਵੀਰੇ ਦੀ ਭੈਣ ਕੁਆਰੀ, ਧਰਮੀ ਵੀਰਾ ਤਾਂ ਨੀਵਿਆ।
ਕੋਠਾ ਕੀਯੁੰ ਨੀਵਿਆ, ਧਰਮੀ ਕੋਠਾ ਕੀਯੁੰ ਨੀਵਿਆ।
ਇਸ ਕੋਠੇ ਕੀ ਛੱਤ ਪਰਾਣੀ, ਧਰਮੀ ਕੋਠਾ ਤਾਂ ਨੀਵਿਆ।

(41)

ਸਾਲੂ ਦੇ ਲੜ, ਨੀ ਲੜੇ ਨੀ ਮਾਤਾ ਰੋਂਦੀ ਦੇ ਭਿੱਜਗੇ।
ਬਾਬਲ ਨੇ ਕਾਰਜ, ਰਚਾਇਆ ਨੀ ਦਿਨ ਰੈਅੁਗੇ ਨੇ ਥੋੜੇ।
ਮਾਤਾ ਨੇ ਜੱਫੀਆਂ, ਪਾ ਲਈਆਂ ਨੀ ਹੁਣ ਪੈਅਗੇ ਵਿਛੋੜੇ।
ਸਾਲੂ ਦੇ ਲੜ, ਨੀ ਲੜੇ ਨੀ ਤਾਈ ਰੋਂਦੀ ਦੇ ਭਿੱਜਗੇ।
ਸਾਲੂ ਦੇ ਲੜ, ਨੀ ਲੜੇ ਨੀ ਚਾਚੀ ਰੋਂਦੀ ਦੇ ਭਿੱਜਗੇ।
ਤਾਇਆਂ ਨੇ ਕਾਰਜ, ਰਚਾਇਆ ਨੀ ਦਿਨ ਰੈਅੁਗੇ ਨੇ ਥੋੜੇ।
ਚਾਚਿਆਂ ਨੇ ਕਾਰਜ, ਰਚਾਇਆ ਨੀ ਦਿਨ ਰੈਅੁਗੇ ਨੇ ਥੋੜੇ।
ਤਾਈਆਂ ਨੇ ਜੱਫੀਆਂ, ਪਾ ਲਈਆਂ ਨੀ ਹੁਣ ਪੈਅਗੇ ਵਿਛੋੜੇ।
ਚਾਚੀਆਂ ਨੇ ਜੱਫੀਆਂ, ਪਾ ਲਈਆਂ ਨੀ ਹੁਣ ਪੈਅਗੇ ਵਿਛੋੜੇ।
ਸਾਲੂ ਦੇ ਲੜ ਨੀ ਲੜੇ ਨੀ ਮਾਮੀ ਰੋਂਦੀ ਦੇ ਭਿੱਝਗੇ।
ਸਾਲੂ ਦੇ ਲੜ ਨੀ ਲੜੇ ਨੀ ਬੂਆ ਰੋਂਦੀ ਦੇ ਭਿੱਝਗੇ।
ਮਾਮਿਆਂ ਨੇ ਕਾਰਜ ਰਚਾਇਆ ਨੀ, ਦਿਨ ਰੈਅੁਗੇ ਨੇ ਥੋੜ੍ਹੇ।
ਫੁਫੜਾਂ ਨੇ ਕਾਰਜ, ਰਚਾਇਆ ਨੀ ਦਿਨ ਰੈਅੁਗੇ ਨੇ ਥੋੜੇ।
ਮਾਮੀਆਂ ਨੇ ਜੱਫੀਆਂ, ਪਾ ਲਈਆਂ ਨੀ ਹੁਣ ਪੈਅਗੇ ਵਿਛੋੜੇ।
ਬੂਆਂ ਨੇ ਜੱਫੀਆਂ, ਪਾ ਲਈਆਂ ਨੀ ਹੁਣ ਪੈਅਗੇ ਵਿਛੋੜੇ।
ਸਾਲੂ ਦੇ ਲੜ ਨੀ ਲੜੇ ਨੀ ਭਾਬੋ ਰੋਦੀ ਦੇ ਭਿੱਝਗੇ।
ਸਾਲੂ ਦੇ ਲੜ ਨੀ ਲੜੇ ਨੀ ਬੇਬੇ ਰੋਦੀ ਦੇ ਭਿੱਝਗੇ।
ਵੀਰਿਆਂ ਨੇ ਕਾਰਜ ਰਚਾਇਆ, ਨੀ ਦਿਨ ਰੈਅੁਗੇ ਨੇ ਥੋੜੇ।
ਜੀਜਿਆਂ ਨੇ ਕਾਰਜ ਰਚਾਇਆ, ਨੀ ਦਿਨ ਰੈਅੁਗੇ ਨੇ ਥੋੜ੍ਹੇ।
ਭਾਬੋਆਂ ਨੇ ਜੱਫੀਆਂ ਪਾ ਲਈਆਂ ਨੀ ਹੁਣ ਪੈਅਗੇ ਵਿਛੋੜੇ।
ਭੈਣਾਂ ਨੇ ਜੱਫੀਆਂ ਪਾ ਲਈਆਂ ਨੀ ਹੁਣ ਪੈਅਗੇ ਵਿਛੋੜੇ।



(42)

ਤੇਰੇ ਮ੍ਹੇਲੀ ਨਾ ਸਮਾਣ ਬਾਬਲ ਵੇ ਧੀਆਂ ਪਰਦੇਸਣਾਂ।
ਉਠ ਧਰਮੀ ਬਾਬਲ ਦਾਲ ਰਾਵਾਂ ਦੇ ਕਰਦਾ।
ਹੁਣ ਧੀਆਂ ਤੋਰਨ ਵੇਲੇ ਬੁੱਕ-ਬੁੱਕ ਰੋਕੇ ਭਰਦਾ।
ਰੋਕੇ ਅਥਰੂ ਨਾ ਜਾਣ ਵੇ ਧੀਆਂ ਪਰਦੇਸਣਾਂ।
ਤੇਰੇ ਮ੍ਹੇਲੀ ਨਾ ਸਮਾਣ ਵੇ ਧੀਆਂ ਪਰਦੇਸਣਾਂ।
ਧੀਆਂ ਜੰਮਦੀਆਂ ਹੋਣ ਪਰਾਈਆਂ ਕਦੇ ਨਾ ਰਾਜੇ ਰੱਖੀਆਂ।
ਉਹ ਵੀ ਧੀਆਂ ਤੋਰਨ ਵੇਲੇ ਭਰ ਭਰ ਰੋਏ ਅੱਖੀਆਂ।
ਔਖਾ ਬੇਟੀਆ ਦਾ ਦਨ ਵੇ ਧੀਆਂ ਪਰਦੇਸਣਾਂ।
ਤੇਰੇ ਮ੍ਹੇਲੀ ਨਾ ਸਮਾਣ ਵੇ ਧੀਆਂ ਪਰਦੇਸਣਾਂ।
ਜਿਸ ਔਬੜੀ ਨੇ ਦੇ ਦੇ ਲੋਰੀਆਂ ਲੱਖਾਂ ਲਾਡ ਲਡਾਏ।
ਹਾਏ ਵੇ ਰੱਬਾ ਉਸ ਔਬੜੀ ਤੋਂ ਵਿਛੜਨ ਦੇ ਦਿਨ ਆਏ।
ਕਾਅੁਨੂੰ ਹੋਈਆਂ ਵੇ ਜਵਾਨ ਵੇ ਧੀਆਂ ਪਰਦੇਸਣਾਂ।
ਤੇਰੇ ਮ੍ਹੇਲੀ ਨਾ ਸਮਾਣ ਵੇ ਧੀਆਂ ਪਰਦੇਸਣਾਂ।
ਆਲੇ ਦੇ ਵਿਚ ਗੁੱਡੀਆਂ ਖੇਲੇਂ ਬਾਗੀ ਵਿਚ ਪਟੋਲੇ।
ਉਹ ਵੇਖੋ ਅਜ ਲਾਡੋ ਗਈ ਚੜ੍ਹ ਬੈਠੀ ਹੈ ਡੋਲੇ।
ਰੋਕੇ ਅਥਰੂ ਨਾ ਜਾਣ ਵੇ ਧੀਆਂ ਪਰਦੇਸਣਾਂ।
ਤੇਰੇ ਮ੍ਹੇਲੀ ਨਾ ਸਮਾਣ ਵੇ ਧੀਆਂ ਪਰਦੇਸਣਾਂ।

(43)

ਦਾਦੇ ਕਾ ਘਰ ਛੋੜ ਲਾਡਲੀ, ਹੋ ਗਈ ਆਜ ਪਰਾਈ ਏ।
ਬਾਬਲ ਕਾ ਘਰ ਛੋੜ ਲਾਡਲੀ, ਹੋ ਗਈ ਆਜ ਪਰਾਈ ਏ।
ਦਾਦੀ ਵੀ ਰੋਵਾ ਦਾਦਾ ਵੀ ਰੋਵਾ, ਰੋਵਾ ਸਾਰਾ ਪਰਵਾਰ ਏ।
ਔਮਾਂ ਵੀ ਰੋਵਾ ਬਾਬਲ ਵੀ ਰੋਵਾ, ਰੋਵਾ ਸਾਰਾ ਪਰਵਾਰ ਏ।
ਬਾਹਰ ਖੜਿਆ ਮੇਰਾ ਵੀਰਾ ਵੀ ਰੋਵਾ, ਵਿਛੜ ਚਲੀ ਮਾ ਜਾਈ ਏ।
ਆਜ ਵੀਰਾ ਮੇਰਾ ਵਸ ਨਹੀ ਚਲਦਾ, ਹੋ ਗਈ ਆਜ ਪਰਾਈ ਏ।
ਜਿਨ ਗਲੀਆਂ ਮਾ ਗੁਡੀਆਂ ਖੇਲੀ, ਡੋਲੀ ਆਜ ਸਜਾਈ ਏ।
ਤਾਇਆਂ ਕਾ ਘਰ ਛੋੜ ਲਾਡਲੀ, ਹੋ ਗਈ ਆਜ ਪਰਾਈ ਏ।
ਚਾਚਿਆਂ ਕਾ ਘਰ ਛੋੜ ਲਾਡਲੀ, ਹੋ ਗਈ ਆਜ ਪਰਾਈ ਏ।
ਤਾਈ ਵੀ ਰੋਵਾ ਤਾਇਆ ਵੀ ਰੋਵਾ, ਰੋਵਾ ਸਾਰਾ ਪਰਿਵਾਰ ਏ।
ਚਾਚੀ ਵੀ ਰੋਵਾ ਚਾਚਾ ਵੀ ਰੋਵਾ, ਰੋਵਾ ਸਾਰਾ ਪਰਿਵਾਰ ਏ।
ਬਾਹਰ ਖੜਿਆ ਮੇਰਾ ਵੀਰਾ ਵੀ ਰੋਵਾ, ਵਿਛੜ ਚਲੀ ਮਾਂ ਜਾਈ ਏ।
ਆਜ ਵੀਰਾ ਮੇਰ ਵਸ ਨਹੀ ਚਲਦਾ, ਹੋ ਗਈ ਆਜ ਪਰਾਈ ਏ।

ਜਿਨ ਗਲੀਆਂ ਮਾ ਗੁਡੀਆਂ ਖੇਲੀ, ਡੋਲੀ ਆਜ ਸਜਾਈ ਏ।
ਮਾਮਿਆਂ ਕਾ ਘਰ ਛੋਡ ਲਾਡਲੀ, ਹੋ ਗਈ ਆਜ ਪਰਾਈ ਏ।
ਫੁਫਿਆਂ ਕਾ ਘਰ ਛੋਡ ਲਾਡਲੀ, ਹੋ ਗਈ ਆਜ ਪਰਾਈ ਏ।
ਮਾਮੀ ਵੀ ਰੋਵਾ ਮਾਮਾ ਵੀ ਰੋਵਾ, ਰੋਵਾ ਸਾਰਾ ਪਰਿਵਾਰ ਏ।
ਬੂਆ ਵੀ ਰੋਵਾ ਫੂਫੜ ਵੀ ਰੋਵਾ, ਰੋਵਾ ਸਾਰਾ ਪਰਿਵਾਰ ਏ।
ਬਾਹਰ ਖੜਿਆ ਮੇਰਾ ਵੀਰਾ ਵੀ ਰੋਵਾ, ਵਿਛੜ ਚਲੀ ਮਾਂ ਜਾਈ ਏ।
ਆਜ ਵੀਰਾ ਮੇਰਾ ਵਸ ਨਹੀਂ ਚਲਦਾ, ਹੋ ਗਈ ਆਜ ਪਰਾਈ ਏ।
ਜਿਨ ਗਲੀਆਂ ਮਾ ਗੁਡੀਆਂ ਖੇਲੀ, ਡੋਲੀ ਆਜ ਸਜਾਈ ਏ।
ਡੋਲੀ ਦੇਖ ਜੀਆ ਘਬਰਾਇਆ, ਨੈਣਾਂ ਮਾਂ ਨੀਰ ਭਰ ਆਇਆ ਏ।

(44)

ਸੀਤਾ ਖੜੀ ਖੜੀ ਸਰਮਾਵਾ, ਹਾਥ ਮੇਂ ਫੁੱਲੋਂ ਕੀ ਮਾਲਾ।
ਬਾਬਾ ਜੀ ਸਾਚੋ-ਸਾਚ ਬਤਾਦੇ, ਕਿਸਕਾ ਡਾਨੂੰ ਧੌ ਮਾਲਾ।
ਬਾਬਲ ਜੀ ਸਾਚੋ ਸਾਚ ਬਤਾਦੇ, ਕਿਸਕਾ ਡਾਨੂੰ ਧੌ ਮਾਲਾ।
ਬੇਟੀ ਰਾਮ-ਲੱਖਣ ਦੋਨੋਂ ਭਾਈ, ਰਾਮ ਕਾ ਡਾਲੋ ਧੌ ਮਾਲਾ।
ਸੀਤਾ ਖੜੀ ਖੜੀ ਸਰਮਾਵਾ, ਹਾਥ ਮੇਂ ਫੁੱਲੋਂ ਕੀ ਮਾਲਾ।
ਤਾਇਆ ਜੀ ਸਾਚੋ-ਸਾਚ ਬਤਾਦੇ, ਕਿਸਕਾ ਡਾਨੂੰ ਧੌ ਮਾਲਾ।
ਚਾਚਾ ਜੀ ਸਾਚੋ ਸਾਚ ਬਤਾਦੇ, ਕਿਸਕਾ ਡਾਨੂੰ ਧੌ ਮਾਲਾ।
ਬੇਟੀ ਰਾਮ-ਲੱਖਣ ਦੋਨੋਂ ਭਾਈ, ਰਾਮ ਕਾ ਡਾਲੋ ਧੌ ਮਾਲਾ।
ਭਤੀਜੀ ਰਾਮ-ਲੱਖਣ ਦੋਨੋਂ ਭਾਈ, ਰਾਮ ਕਾ ਡਾਲੋ ਧੌ ਮਾਲਾ।
ਸੀਤਾ ਖੜੀ ਖੜੀ ਸਰਮਾਵਾ, ਹਾਥ ਮੇਂ ਫੁੱਲੋਂ ਕੀ ਮਾਲਾ।
ਮਾਮਾ ਜੀ ਸਾਚੋ-ਸਾਚ ਬਤਾਦੇ, ਕਿਸਕਾ ਡਾਨੂੰ ਧੌ ਮਾਲਾ।
ਫੂਫਾ ਜੀ ਸਾਚੋ ਸਾਚ ਬਤਾਦੇ, ਕਿਸਕਾ ਡਾਨੂੰ ਧੌ ਮਾਲਾ।
ਭਾਣਜੀ ਰਾਮ-ਲੱਖਣ ਦੋਨੋਂ ਭਾਈ, ਰਾਮ ਕਾ ਡਾਲੋ ਧੌ ਮਾਲਾ।
ਬੇਟੀ ਰਾਮ-ਲੱਖਣ ਦੋਨੋਂ ਭਾਈ, ਰਾਮ ਕਾ ਡਾਲੋ ਧੌ ਮਾਲਾ।
ਸੀਤਾ ਖੜੀ ਖੜੀ ਸਰਮਾਵਾ, ਹਾਥ ਮੇਂ ਫੁੱਲੋਂ ਕੀ ਮਾਲਾ।
ਜੀਜਾ ਜੀ ਸਾਚੋ-ਸਾਚ ਬਤਾਦੇ, ਕਿਸਕਾ ਡਾਨੂੰ ਧੌ ਮਾਲਾ।
ਵੀਰਾ ਜੀ ਸਾਚੋ ਸਾਚ ਬਤਾਦੇ, ਕਿਸਕਾ ਡਾਨੂੰ ਧੌ ਮਾਲਾ।
ਸਾਲੀ ਰਾਮ-ਲੱਖਣ ਦੋਨੋਂ ਭਾਈ, ਰਾਮ ਕਾ ਡਾਲੋ ਧੌ ਮਾਲਾ।
ਬੇਬੋ ਰਾਮ-ਲੱਖਣ ਦੋਨੋਂ ਭਾਈ, ਰਾਮ ਕਾ ਡਾਲੋ ਧੌ ਮਾਲਾ।
ਸੀਤਾ ਖੜੀ ਖੜੀ ਸਰਮਾਵਾ, ਹਾਥ ਮੇਂ ਫੁੱਲੋਂ ਕੀ ਮਾਂਲਾ।

—0—



## ਘੋੜੀਆਂ

ਮੁੰਡੇ ਦੇ ਵਿਆਹ ਤੇ ਗਾਏ ਜਾਣ ਵਾਲੇ ਲੋਕ ਕਾਵਿ ਰੂਪ ਨੂੰ 'ਘੋੜੀਆਂ' ਕਿਹਾ ਜਾਂਦਾ ਹੈ ਜੋ ਕਿ ਘੋੜੀ ਸਬਦ ਦਾ ਬਹੁਵਚਨ ਹੈ। ਘੋੜੀ ਸ਼ਬਦ ਮੁੰਡੇ ਦੇ ਵਿਆਹ ਸਮੇਂ ਘੋੜੀ ਚੜ੍ਹਨ ਤੋਂ ਲਿਆ ਗਿਆ ਹੈ।'ਘੋੜੀ' ਚੜ੍ਹਨ ਦੀ ਇਹ ਰਸਮ ਜਿਸਨੂੰ 'ਘੁੜਚੜ੍ਹੀ' ਵੀ ਕਿਹਾ ਜਾਂਦਾ ਹੈ ਬਹੁਤੇ ਖਿੱਤਿਆ ਵਿਚ ਪ੍ਰਚੱਲਿਤ ਹੈ। ਵਿਦਵਾਨਾਂ ਦਾ ਇਹ ਵਿਚਾਰ ਹੈ ਕਿ ਜਦੋਂ ਮੁੰਡਾ ਘੋੜੀ ਚੜ੍ਹਦਾ ਹੈ ਤਾਂ ਉਸ ਵੇਲੇ ਗਾਏ ਜਾਣ ਵਾਲੇ ਗੀਤ 'ਘੋੜੀਆਂ' ਹਨ। ਪਰੰਤੂ ਮੁੰਡੇ ਦੇ ਵਿਆਹ ਨਾਲ ਸੰਬੰਧਿਤ ਤਕਰੀਬਨ ਸਾਰੇ ਹੀ ਗੀਤਾਂ ਨੂੰ 'ਘੋੜੀਆਂ' ਲੋਕ ਕਾਵਿ ਰੂਪ ਨਾਲ ਸੰਬੰਧਿਤ ਹੀ ਮੰਨਿਆ ਜਾਣਾ ਚਾਹੀਦਾ ਹੈ। ਪੁਆਧ ਵਿਚ ਮੁੰਡੇ ਦੇ ਵਿਆਹ ਤੋਂ ਨੌ ਜਾਂ ਗਿਆਰ੍ਹਾਂ ਦਿਨ ਪਹਿਲਾਂ ਗਾਉਣ ਬਿਠਾਉਣ ਦਾ ਰਿਵਾਜ ਹੈ। ਪਿੰਡ ਦੀਆਂ ਕੁੜੀਆਂ ਅਤੇ ਔਰਤਾਂ ਵਿਹਲੀਆਂ ਹੋ ਕੇ ਰਾਤ ਸਮੇਂ ਵਿਆਹ ਵਾਲੇ ਮੁੰਡੇ ਦੇ ਘਰ ਇਕੱਠੀਆਂ ਹੋ ਕੇ ਗੀਤ ਗਾਉਂਦੀਆਂ ਹਨ। ਮੁੰਡੇ ਦੇ ਵਿਆਹ ਸੰਬੰਧੀ ਗਾਏ ਜਾਣ ਵਾਲੇ ਸਾਰੇ ਗੀਤ ਘੋੜੀਆਂ ਹਨ।

ਸੁਹਾਗ ਗੀਤਾਂ ਦੀ ਸੁਰ ਜਿਥੇ ਕਰੁਣਾਮਈ ਹੁੰਦੀ ਹੈ ਉਥੇ ਘੋੜੀਆਂ ਖੁਸ਼ੀ ਮੌਕੇ ਗਾਇਆ ਜਾਣ ਵਾਲਾ ਲੋਕ ਕਾਵਿ ਰੂਪ ਹੈ। ਇਨ੍ਹਾਂ ਦਾ ਮੁੱਖ ਵਿਸ਼ਾ ਲਾੜੇ ਨੂੰ ਇਕ ਨਾਇਕ ਦੇ ਤੌਰ ਤੇ ਪੇਸ਼ ਕਰਨਾ ਹੁੰਦਾ ਹੈ। ਘੋੜੀਆਂ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਆਮ ਤੌਰ ਤੇ ਭੈਣਾਂ ਵਲੋਂ ਰਚੀਆਂ ਤੇ ਗਾਈਆਂ ਜਾਂਦੀਆਂ ਹਨ। ਆਪਣੇ ਵੀਰ ਦੇ ਵਿਆਹ ਦੀ ਜਿੰਨੀ ਖੁਸ਼ੀ ਇਕ ਭੈਣ ਨੂੰ ਹੁੰਦੀ ਹੈ ਉਨੀ ਸਾਇਦ ਹੀ ਕਿਸੇ ਹੋਰ ਨੂੰ ਹੋਵੇ। ਇਹੀ ਕਾਰਨ ਹੈ ਕਿ ਭੈਣਾਂ ਰੱਬ ਕੋਲੋਂ ਇਕ ਭਰਾ ਦੀ ਮੰਗ ਜ਼ਰੂਰ ਕਰਦੀਆਂ ਹਨ। ਜਿਵੇਂ:—

— ਇਕ ਵੀਰ ਦੇਈ ਵੇ ਰੱਬਾ, ਸਹੁੰ ਖਾਣ ਨੂੰ ਬੜਾ ਚਿੱਤ ਕਰਦਾ।
— ਦੋ ਵੀਰ ਦਈ ਵੇ ਰੱਬਾ, ਇਕ ਮੁਨਸੀ ਤੇ ਇਕ਼ ਪਟਵਾਰੀ।

ਸੁੱਖਾਂ ਸੁੱਖਦੀ ਨੂੰ ਇਕ ਵੀਰ ਮਿਲਿਆ ਅਤੇ ਜਦੋਂ ਉਸਦਾ ਵਿਆਹ ਨਿਸ਼ਚਿਤ ਹੋ ਜਾਂਦਾ ਹੈ ਤਾਂ ਉਹ ਝੂਮ ਉਠਦੀ ਹੈ। ਉਸ ਸਮੇਂ ਉਸ ਦਾ ਭਰਾ ਹੀ ਉਸਨੂੰ ਸਭ ਤੋਂ ਚੰਗਾ ਲਗਦਾ ਹੈ। ਘਰ ਵਿਚ ਖੁਸ਼ੀਆਂ ਦਾ ਮਾਹੋਲ ਹੋਵੇ ਤਾਂ ਖੁਸ਼ੀਆਂ ਭਰੇ ਹੀ ਗੀਤ ਗਾਏ ਜਾਣਗੇ।

ਇਕ ਨਵੇਂ ਜੀਅ ਦੀ ਆਮਦ ਦੇ ਨਾਲ-ਨਾਲ ਇਕ ਨਵੇਂ ਸਫਰ ਦੀ ਸ਼ੁਰੂਆਤ ਹੋਣ ਜਾ ਰਹੀ ਹੈ। ਦੇਵੀ ਦੇਵਤਿਆਂ ਨੂੰ ਧਿਆਇਆ ਜਾਂਦਾ ਹੈ, ਬਦਰੂਹਾਂ ਤੋਂ ਬਚਣ ਲਈ ਉਪਰਾਲੇ ਕੀਤੇ ਜਾਂਦੇ ਹਨ। ਕੁਝ ਨਸੀਹਤਾਂ ਵੀ ਦਿੱਤੀਆਂ ਜਾਂਦੀਆਂ ਹਨ। ਜ਼ਿਆਦਾਤਰ ਘੋੜੀਆਂ ਮੁੰਡੇ ਦੀ ਸੁੰਦਰਤਾ ਦੀ ਸਿਫਤ ਸਲਾਹ ਅਤੇ ਸੁਭ ਇੱਛਾਵਾਂ ਨਾਲ ਹੀ ਸੰਬੰਧਿਤ ਹੁੰਦੀਆਂ ਹਨ। ਡਾ. ਵਣਜਾਰਾ ਬੇਦੀ ਘੋੜੀਆਂ ਨੂੰ ਮੰਗਲ ਗੀਤ ਦੱਸਦਾ ਹੋਇਆ ਕਹਿੰਦਾ ਹੈ, "ਘੋੜੀ ਮੰਗਲ ਗੀਤ ਹੈ ਇਸਦਾ ਮਨੋਰਥ ਇਕ ਪਾਸੇ ਲਾੜੇ ਨੂੰ

ਨਵੇਂ ਸਫ਼ਰ ਲਈ ਸੁਭ ਕਾਮਨਾਵਾਂ ਦੇਣੀਆਂ ਹਨ ਦੂਜਾ ਉਸਨੂੰ ਉਨ੍ਹਾਂ ਛਿਣਾਂ ਦਾ ਨਾਇਕ ਮੰਨ ਕੇ ਉਸਦਾ ਜਸ ਗਾਉਣਾ ਹੈ। ਉਸਨੂੰ ਬਾਕੀਆਂ ਨਾਲੋਂ ਵਖਰਿਆਉਣਾ ਹੈ। ਵੈਸੇ ਵੀ ਉਨ੍ਹਾਂ ਛਿਣਾਂ ਵਿਚ ਸਭਨਾਂ ਨਾਲੋਂ ਵੱਖਰਾ ਹੈ। ਇਕੋ ਇਕ ਹੈ, ਸਜੀਲਾ ਤੇ ਸੰਵਾਰਿਆ ਹੋਇਆ ਸਭਨਾ ਦੇ ਧਿਆਨ ਦਾ ਕੇਂਦਰਬਿੰਦੂ ਹੈ। ਅਜਿਹੀ ਸਥਿਤੀ ਵਿਚ ਪ੍ਰੇਤ ਰੂਹਾਂ ਜਾਂ ਬਦ ਨਜ਼ਰ ਤੋਂ ਕਸ਼ਟ ਪਹੁੰਚ ਸਕਦਾ ਹੈ। ਇਸ ਲਈ ਉਨ੍ਹਾਂ ਨੂੰ ਦੂਰ ਰੱਖਣ ਲਈ ਵੀ ਕਾਵਿ ਉਪਾਵਾਂ ਦੀ ਲੋੜ ਹੈ।''

ਪੁਆਧੀ ਘੋੜੀਆਂ ਦੇ ਵਿਸ਼ੇ ਵੀ ਪੰਜਾਬੀ ਦੇ ਦੂਜੇ ਖਿੱਤਿਆਂ ਵਿਚ ਗਾਈਆਂ ਜਾਣ ਵਾਲੀਆਂ ਘੋੜੀਆਂ ਨਾਲ ਮਿਲਦੇ ਜੁਲਦੇ ਹਨ। ਵਿਹਾਂਦੜ ਮੁੰਡੇ ਦੀਆਂ ਸਿਫਤਾਂ ਨਾਲ ਭਰੀਆਂ ਘੋੜੀਆਂ ਉਸ ਨੂੰ ਇਕ ਵੱਖਰੇ ਤੇ ਸਜੀਲੇ ਨਾਇਕ ਦੇ ਤੌਰ ਤੇ ਪੇਸ਼ ਕਰਦੀਆਂ ਹਨ। ਇਸ ਸਮੇਂ ਗਰੀਬੀ, ਅਮੀਰੀ ਦਾ ਸੁਆਲ ਨਹੀ ਹੁੰਦਾ। ਹਰ ਇਕ ਪਰਿਵਾਰ ਘੋੜੀਆਂ ਲੋਕ ਕਾਵਿ ਰੂਪ ਰਾਹੀ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਤਾਂ ਕਰਦਾ ਹੀ ਹੈ ਨਾਲ ਹੀ ਸਮਾਜ ਵਿਚ ਬਰਾਬਰੀ ਦੇ ਦਰਜੇ ਸੰਬੰਧੀ ਮਾਨਸਿਕ ਸੰਤੁਸ਼ਟੀ ਵੀ ਪ੍ਰਾਪਤ ਕਰਦਾ ਹੈ। ਗਰੀਬ ਤੋਂ ਗਰੀਬ ਪਰਿਵਾਰ ਨਾਲ ਸੰਬੰਧਿਤ ਭੈਣਾਂ ਵਲੋਂ ਆਪਣੇ ਭਰਾ ਨੂੰ ਰਾਜਿਆਂ ਮਹਾਂਰਾਜਿਆਂ ਵਾਂਗ ਵਡਿਆਕੇ ਜੰਞ ਚੜ੍ਹਦੇ ਵੇਖਣਾ, ਉਚ ਵਰਗ ਨਾਲ ਬਰਾਬਰੀ ਕਰਕੇ ਮਾਨਸਿਕ ਸੰਤੁਸ਼ਟੀ ਪ੍ਰਾਪਤ ਕੀਤੀ ਜਾਂਦੀ ਹੈ।

(1)

ਚੁਪ-ਚਾਪ ਖੜਾ ਹੈ ਬੰਨਾ ਕੌਲਜ ਕੀ ਓਟ ਮੇ।
ਹਾਥ ਮੇ ਕਿਤਾਬ ਲੇਰ੍ਹਿਆ ਬਨਰੀ ਕੀ ਸੋਚ ਮੇ।
ਬਾਬਲ ਜੀ ਸੇ ਕਹਿ ਦੋ ਮੇਰੀ ਸ਼ਾਦੀ ਕਰਵਾ ਦੋ।
ਅੰਮਾ ਜੀ ਸੇ ਕਹਿ ਦੋ ਮੇਰੀ ਬੰਨੀ ਮੰਗਵਾ ਦੋ।
ਜੀਆ ਨਹੀਂ ਲਗਤਾ ਮੰਮੀ ਕੌਲਜ ਕੀ ਪੜ੍ਹਾਈ ਮੇ।
ਅਬ ਤੋ ਮੇਰੀ ਸਾਦੀ ਕਰਦੋ ਜੂਨ ਯਾ ਜੁਲਾਈ ਮੇ।
ਚੁਪ ਚਾਪ ਖੜਾ ਹੈ ਬੰਨਾ ਕੌਲਜ ਕੀ ਓਟ ਮੇ।
ਤਾਇਆ ਜੀ ਸੇ ਕਹਿ ਦੋ ਮੇਰੀ ਸ਼ਾਦੀ ਕਰਵਾ ਦੋ।
ਤਾਈ ਜੀ ਸੇ ਕਹਿ ਦੋ ਮੇਰੀ ਬੰਨੀ ਮੰਗਵਾ ਦੋ।
ਚਾਚਾ ਜੀ ਸੇ ਕਹਿ ਦੋ ਮੇਰੀ ਸ਼ਾਦੀ ਕਰਵਾ ਦੋ।
ਚਾਚੀ ਜੀ ਸੇ ਕਹਿ ਦੋ ਮੇਰੀ ਬੰਨੀ ਮੰਗਵਾ ਦੋ।
ਜੀਆ ਨਹੀਂ ਲਗਤਾ ਮੰਮੀ ਕੌਲਜ ਕੀ ਪੜ੍ਹਾਈ ਮੇ।
ਅਬ ਤੋ ਮੇਰੀ ਸ਼ਾਦੀ ਕਰਦੇ ਜੂਨ ਯਾ ਜੁਲਾਈ ਮੇ।
ਚੁਪ ਚਾਪ ਖੜਾ ਹੈ ਬੰਨਾ ਕੌਲਜ ਕੀ ਓਟ ਮੇ।
ਮਾਮਾ ਜੀ ਸੇ ਕਹਿ ਦੋ ਮੇਰੀ ਸ਼ਾਦੀ ਕਰਵਾ ਦੋ।
ਮਾਮੀ ਜੀ ਸੇ ਕਹਿ ਦੋ ਮੇਰੀ ਬੰਨੀ ਮੰਗਵਾ ਦੋ।
ਫੁੱਫੜ ਜੀ ਸੇ ਕਹਿ ਦੋ ਮੇਰੀ ਸ਼ਾਦੀ ਕਰਵਾ ਦੋ।



ਬੂਆ ਜੀ ਸੇ ਕਹਿ ਦੋ ਮੇਰੀ ਬੰਨੀ ਮੰਗਵਾ ਦੋ।
ਜੀਆ ਨਹੀਂ ਲਗਤਾ ਮੰਮੀ ਕੌਲਜ ਕੀ ਪੜ੍ਹਾਈ ਮੇ।
ਅਬ ਤੋ ਮੇਰੀ ਸਾਦੀ ਕਰਦੋ ਜੂਨ ਯਾ ਜੁਲਾਈ ਮੇ।
ਚੁਪ-ਚਾਪ ਖੜਾ ਹੈ ਬੰਨਾ ਕੌਲਜ ਕੀ ਓਟ ਮੇ।
ਜੀਜਾ ਜੀ ਸੇ ਕਹਿ ਦੋ ਮੇਰੀ ਸ਼ਾਦੀ ਕਰਵਾ ਦੋ।
ਬੇਬੇ ਜੀ ਸੇ ਕਹਿ ਦੋ ਮੇਰੀ ਬੰਨੀ ਮੰਗਵਾ ਦੋ।
ਵੀਰਾ ਜੀ ਸੇ ਕਹਿ ਦੋ ਮੇਰੀ ਸਾਦੀ ਕਰਵਾ ਦੋ।
ਭਾਬੋ ਜੀ ਸੇ ਕਹਿ ਦੋ ਮੇਰੀ ਬੰਨੀ ਮੰਗਵਾ ਦੋ।
ਜੀਆ ਨਹੀਂ ਲਗਤਾ ਮੰਮੀ ਕੌਲਜ ਕੀ ਪੜ੍ਹਾਈ ਮੇ।
ਅਬ ਤੋ ਮੇਰੀ ਸਾਦੀ ਕਰਦੋ ਜੂਨ ਯਾ ਜੁਲਾਈ ਮੇ।
ਚੁਪ ਚਾਪ ਖੜਾ ਹੈ ਬੰਨਾ ਕੌਲਜ ਕੀ ਓਟ ਮੇ।
ਹਾਥ ਮੇ ਕਿਤਾਬ ਲੇਰ੍ਹਿਆ ਬਨਰੀ ਕੀ ਸੋਚ ਮੇ।

(2)

ਬੰਨਾ ਖੜਿਆ ਖੜਿਆ ਹਿਜਕੀ ਲੇ।
ਬਾਬਲ ਮੇਰੀ ਸਾਦੀ ਕਰੋ, ਮੁਝੇ ਬੰਨਰੋ ਯਾਦ ਕਰੇ।
ਬੰਨੇ ਦੀਰ੍ਹੇ ਦੀਰ੍ਹੇ ਦੀਰ੍ਹਜ ਦਰ੍ਹੋ।
ਸਾਦੀ ਵੀ ਹੋ ਜਾਏਗੀ ਪੈਲ੍ਹੇ ਐਮੇਂ ਪਾਸ ਕਰੋ।
ਬੰਨਾ ਖੜਿਆ ਖੜਿਆ ਹਿਜਕੀ ਲੇ।
ਤਾਇਆ ਮੇਰੀ ਸ਼ਾਦੀ ਕਰੋ, ਮੁਝੇ ਬੰਨਰੋ ਯਾਦ ਕਰੇ।
ਚਾਚਾ ਮੇਰੀ ਸਾਦੀ ਕਰੋ, ਮੁਝੇ ਬੰਨਰੋ ਯਾਦ ਕਰੇ।
ਬੰਨੇ ਦੀਰ੍ਹੇ ਦੀਰ੍ਹੇ ਦੀਰ੍ਹਜ ਦਰ੍ਹੋ।
ਸਾਦੀ ਵੀ ਹੋ ਜਾਏਗੀ ਪੈਲ੍ਹੇ ਐਮੇਂ ਪਾਸ ਕਰੋ।
ਬੰਨਾ ਖੜਿਆ ਖੜਿਆ ਹਿਜਕੀ ਲੇ।
ਮਾਮਾ ਮੇਰੀ ਸਾਦੀ ਕਰੋ, ਮੁਝੇ ਬੰਨਰੋ ਯਾਦ ਕਰੇ।
ਫੁਫੜ ਮੇਰੀ ਸ਼ਾਦੀ ਕਰੋ, ਮੁਝੇ ਬੰਨਰੇ ਯਾਦ ਕਰੇ।
ਬੰਨੇ ਦੀਰ੍ਹੇ ਦੀਰ੍ਹੇ ਦੀਰ੍ਹਜ ਦਰ੍ਹੋ।
ਸ਼ਾਦੀ ਵੀ ਹੋ ਜਾਏਗੀ ਪੈਲ੍ਹੇ ਐਮੇ ਪਾਸ ਕਰੋ।

(3)

ਲਾਡਲਾ ਖੜਿਆ ਖੜਿਆ ਸਰਮਾਵਾ ਏ, ਚਿਹਰੇ ਪਾ ਵਰਸਾ ਨੂਰ।
ਸੀਸ ਪਰ ਮੋੜ ਬਾਂਧਣੇ ਵਾਲੇ ਰੇ, ਚਿਹਰੇ ਪਾ ਵਰਸਾ ਨੂਰ।
ਬੰਨੇ ਕਾ ਬਾਬਲ ਪੂਛਾ ਬਾਤ।
ਬੰਨੇ ਰੇ ਕਿਆ ਬੰਨਰੋ ਚਾਹੀਏ ਆਜ।

ਲਾਲੜਾ ਖੜਿਆ ਖੜਿਆ - - - -
ਬੰਨੇ ਕਾ ਤਾਇਆ ਪੂਛਾ ਬਾਤ।
ਬੰਨੇ ਰੇ ਕਿਆ ਬੰਨਰੋ ਚਾਹੀਏ ਆਜ।
ਬੰਨੇ ਕਾ ਚਾਚਾ ਪੂਛਾ ਬਾਤ।
ਬੰਨੇ ਰੇ ਕਿਆ ਬੰਨਰੋ ਚਾਹੀਏ ਆਜ।
ਲਾਡਲਾ ਖੜਿਆ ਖੜਿਆ- - -
ਬੰਨੇ ਕਾ ਜੀਜਾ ਪੂਛਾ ਬਾਤ।
ਸਾਲੇ ਰੇ ਕਿਆ ਬੰਨਰੋ ਚਾਹੀਏ ਆਜ।
ਬੰਨੇ ਕਾ ਵੀਰਾ ਪੂਛਾ ਬਾਤ।
ਬੰਨੇ ਕਿਆ ਬੰਨਰੋ ਚਾਹੀਏ ਆਜ।
ਲਾਡਲਾ ਖੜਿਆ ਖੜਿਆ ਸਰਮਾਵਾ ਏ. ਚਿਹਰੇ ਪਾ ਵਰਸਾ ਨੂਰ।
ਸਿਰ ਪਰ ਮੋੜ ਬਾਂਧਣੇ ਵਾਲੇ ਰੇ. ਚਿਹਰੇ ਪਾ ਵਰਸਾ ਨੂਰ।

(4)

ਬੰਨਾ ਖੇਲੇ ਗਲੀਓ ਮੇਂ ਉਡਾਵੈ ਪਤੰਗ।
ਤੇਰੀ ਮਾਤਾ ਬੁਲਾਵੈ ਚਲੋ ਲਾਡਲੇ।
ਤੁਝੇ ਬੰਨਰੋ ਦਖਾਵੈ ਕਰੋ ਨਾ ਪਸੰਦ।
ਮੇਰੀ ਬੰਨਰੋ ਕੀ ਫੋਟੋ ਦਖਾਈ ਨਹੀਂ।
ਸਜੇ ਕਮਰੇ ਮੇ ਮੇਰੇ ਲਗਾਈ ਨਹੀਂ।
ਬਿਨਾ ਦੇਖੇ ਬਤਾ ਦੋ ਕਰੂੰ ਕਿਆ ਪਸੰਦ।
ਬੰਨਾ ਖੇਲੇ ਗਲੀਓ ਮੇਂ ਉਡਾਵੇ ਪਤੰਗ।
ਤੇਰੀ ਤਾਈ ਬੁਲਾਵੈ ਚਲੋ ਲਾਡਲੇ।
ਤੇਰੀ ਚਾਚੀ ਬੁਲਾਵੈ ਚਲੋ ਲਾਡਲੇ।
ਤੇਰੀ ਬਹਿਨਾ ਬੁਲਾਵੈ ਚਲੋ ਲਾਡਲੇ।
ਤੇਰੀ ਬ੍ਰਾਬੀ ਬੁਲਾਵੈ ਚਲੋ ਲਾਡਲੇ।
ਤੁਝੇ ਬੰਨਰੋ ਦਖਾਵੈ ਕਰੋ ਨਾ ਪਸੰਦ।
ਮੇਰੀ ਬੰਨਰੋ ਕੀ ਫੋਟੋ ਦਖਾਈ ਨਹੀਂ।
ਸਜੇ ਕਮਰੇ ਮੇ ਮੇਰੇ ਲਗਾਈ ਨਹੀਂ।
ਬਿਨਾ ਦੇਖੇ ਬਤਾ ਦੋ ਕਰੂੰ ਕਿਆ ਪਸੰਦ।
ਬੰਨਾ ਖੇਲੇ ਗਲੀ ਮੇ ਉਡਾਵੈ ਪਤੰਗ।

(5)

ਪਾਣੀ ਸੇ ਪਤਲਾ ਮੇਰਾ ਬੰਨਾ।



ਫੂਲੋਂ ਸੇ ਹਲਕਾ ਮੇਰਾ ਬੰਨਾ।
ਉਸਕੇ ਬਾਬਲ ਜੀ ਨੇ ਯੇਹ ਵਰ ਅਰਜ ਕੀਆ।
ਜੋ ਕੋਈ ਤੋੜੇਗਾ ਧਨੁਸ਼ ਓਹੀ ਬਿਆਹੇਗਾ ਸੀਆ।
ਧਨੁਸ਼ ਰਾਮਚੰਦਰ ਜੀ ਨੇ ਤੋੜ ਦੀਆ।
ਸੀਤਾ ਸੇ ਨਾਤਾ ਜੋੜ ਲੀਆ।
ਪਾਣੀ ਸੇ ਪਤਲਾ ਮੇਰਾ ਬੰਨਾ।
ਫੂਲੋਂ ਸੇ ਹਲਕਾ ਮੇਰਾ ਬੰਨਾ।
ਉਸਕੇ ਤਾਇਆ ਜੀ ਨੇ ਯੇਹ ਵਰ ਅਰਜ ਕੀਆ।
ਉਸਕੇ ਚਾਚਾ ਜੀ ਨੇ ਯੇਹ ਵਰ ਅਰਜ ਕੀਯਾ।
ਜੋ ਕੋਈ ਤੋੜੇਗਾ ਧਨੁਸ਼ ਓਹੀ ਬਿਆਹੇਗਾ ਸੀਯਾ।
ਧਨੁਸ਼ ਰਾਮਚੰਦਰ ਜੀ ਨੇ ਤੋੜ ਦੀਯਾ।
ਸੀਤਾ ਸੇ ਨਾਤਾ ਜੋੜ ਲੀਆ।
ਪਾਣੀ ਸੇ ਪਤਲਾ ਮੇਰਾ ਬੰਨਾ।
ਫੂਲੋਂ ਸੇ ਹਲਕਾ ਮੇਰਾ ਬੰਨਾ।
ਉਸਕੇ ਮਾਮਾ ਜੀ ਨੇ ਯੇਹ ਵਰ ਅਰਜ ਕੀਆ।
ਉਸਕੇ ਫੂਫੜ ਜੀ ਨੇ ਯੇਹ ਵਰ ਅਰਜ ਕੀਆ।
ਜੋ ਕੋਈ ਤੋੜੇਗਾ ਧਨੁਸ਼ ਓਹੀ ਬਿਆਹੇਗਾ ਸੀਯਾ।
ਧਨੁਸ਼ ਰਾਮਚੰਦਰ ਜੀ ਨੇ ਤੋੜ ਦੀਆ।
ਸੀਤਾ ਸੇ ਨਾਤਾ ਜੋੜ ਲੀਆ।
ਪਾਣੀ ਸੇ ਪਤਲਾ ਮੇਰਾ ਬੰਨਾ।
ਫੂਲੋਂ ਸੇ ਹਲਕਾ ਮੇਰਾ ਬੰਨਾ।

(6)

ਵਟਣਾ ਮਲ ਵੇ ਕੰਵਾਰਿਆ ਗੂੜ੍ਹਾ ਰੰਗ ਵਟਣੇ ਦਾ।
ਵੀਰਾ ਦਾਦਿਆਂ ਨੂੰ ਪਿਆਰਾ ਗੂੜ੍ਹਾ ਰੰਗ ਵਟਣੇ ਦਾ।
ਵੀਰਾ ਬਾਬਲ ਨੂੰ ਪਿਆਰਾ ਗੂੜ੍ਹਾ ਰੰਗ ਵਟਣੇ ਦਾ।
ਵੀਰਾ ਤਾਇਆਂ ਨੂੰ ਪਿਆਰਾ ਗੂੜ੍ਹਾ ਰੰਗ ਵਟਣੇ ਦਾ।
ਵੀਰਾ ਚਾਚਿਆਂ ਨੂੰ ਪਿਆਰਾ ਗੂੜ੍ਹਾ ਰੰਗ ਵਟਣੇ ਦਾ।
ਵੀਰਾ ਮਾਮਿਆਂ ਨੂੰ ਪਿਆਰਾ ਗੂੜ੍ਹਾ ਰੰਗ ਵਟਣੇ ਦਾ।
ਵੀਰਾ ਫੁਫਿਆਂ ਨੂੰ ਪਿਆਰਾ ਗੂੜ੍ਹਾ ਰੰਗ ਵਟਣੇ ਦਾ।
ਵੀਰਾ ਜੀਜਿਆਂ ਨੂੰ ਪਿਆਰਾ ਗੂੜ੍ਹਾ ਰੰਗ ਵਟਣੇ ਦਾ।
ਵੀਰਾਂ ਵੀਰਿਆਂ ਨੂੰ ਪਿਆਰਾ ਗੂੜ੍ਹਾ ਰੰਗ ਵਟਣੇ ਦਾ।
ਵਟਣਾ ਮਲ ਵੇ ਕੰਵਾਰਿਆ ਗੂੜ੍ਹਾ ਰੰਗ ਵਟਣੇ ਦਾ।

(7)

ਚੌਂਕੀ ਚੰਨਣ ਦੀ ਵੇ ਵੀਰਾ ਤੂੰ ਚੜ੍ਹਦਾ ਕਿਉਂ ਨਾ।
ਤੂੰ ਤਾਂ ਬਾਬਲ ਨੂੰ ਪਿਆਰਾ ਵੇ ਵਟਣਾ ਮਲਦਾ ਕਿਉਂ ਨਾ।
ਚੌਂਕੀ ਚੰਨਣ ਦੀ ਵੇ ਵੀਰਾ ਤੂੰ ਚੜ੍ਹਦਾ ਕਿਉਂ ਨਾ।
ਤੂੰ ਤਾਂ ਤਾਇਆ ਨੂੰ ਪਿਆਰਾ ਵੇ ਵਟਣਾ ਮਲਦਾ ਕਿਉਂ ਨਾ।
ਚੌਂਕੀ ਚੰਨਣ ਦੀ ਵੇ ਵੀਰਾ ਤੂੰ ਚੜ੍ਹਦਾ ਕਿਉਂ ਨਾ।
ਤੂੰ ਤਾਂ ਚਾਚਿਆਂ ਨੂੰ ਪਿਆਰਾ ਵੇ ਵਟਣਾ ਮਲਦਾ ਕਿਉਂ ਨਾ।
ਚੌਂਕੀ ਚੰਨਣ ਦੀ ਵੇ ਵੀਰਾ ਤੂੰ ਚੜ੍ਹਦਾ ਕਿਉਂ ਨਾ।
ਤੂੰ ਤਾਂ ਮਾਮਿਆਂ ਨੂੰ ਪਿਆਰਾ ਵੇ ਵਟਣਾ ਮਲਦਾ ਕਿਉਂ ਨਾ।
ਚੌਂਕੀ ਚੰਨਣ ਦੀ ਵੇ ਵੀਰਾ ਤੂੰ ਚੜ੍ਹਦਾ ਕਿਉਂ ਨਾ।
ਤੂੰ ਤਾਂ ਫੁਫੜਾਂ ਨੂੰ ਪਿਆਰਾ ਵੇ ਵਟਣਾ ਮਲਦਾ ਕਿਉਂ ਨਾ।
ਚੌਂਕੀ ਚੰਨਣ ਦੀ ਵੇ ਵੀਰਾ ਤੂੰ ਚੜ੍ਹਦਾ ਕਿਉਂ ਨਾ।
ਤੂੰ ਤਾਂ ਜੀਜਿਆਂ ਨੂੰ ਪਿਆਰਾ ਵੇ ਵਟਣਾ ਮਲਦਾ ਕਿਉਂ ਨਾ।
ਚੌਂਕੀ ਚੰਨਣ ਦੀ ਵੇ ਵੀਰਾ ਤੂੰ ਚੜ੍ਹਦਾ ਕਿਉਂ ਨਾ।
ਤੂੰ ਤਾਂ ਵੀਰਿਆਂ ਨੂੰ ਪਿਆਰਾ ਵੇ ਵਟਣਾ ਮਲਦਾ ਕਿਉਂ ਨਾ।
ਚੌਂਕੀ ਚੰਨਣ ਦੀ ਵੇ ਵੀਰਾ ਤੂੰ ਚੜ੍ਹਦਾ ਕਿਉਂ ਨਾ।
ਤੂੰ ਤਾਂ ਦੋਸਤਾਂ ਨੂੰ ਪਿਆਰਾ ਵੇ ਵਟਣਾ ਮਲਦਾ ਕਿਉਂ ਨਾ।
ਚੌਂਕੀ ਚੰਨਣ ਦੀ ਵੇ ਵੀਰਾ ਤੂੰ ਚੜ੍ਹਦਾ ਕਿਉਂ ਨਾ।
ਤੂੰ ਤਾਂ ਸਭ ਨੂੰ ਪਿਆਰਾ ਵੇ ਵਟਣਾ ਮਲਦਾ ਕਿਉਂ ਨਾ।

(8)

ਆਂਗਣ ਚੀਕੜ ਕਿਨ ਕੀਆ, ਵੇ ਕਿਨੇ ਡੋਲਿਆ ਪਾਣੀ।
ਬਾਬੇ ਦਾ ਪੋਤਾ ਨ੍ਹਾਵੇ ਧੋਵੇ, ਉਨੇਹ ਡੋਲਿਆ ਪਾਣੀ।
ਆਈ ਜੇ ਦਾਦੀ ਤਿਸਲ ਪੜੀ, ਉਦੀਹ ਟੰਗੋ ਨਾ ਤਾਣੀ।
ਖ਼ਬਰ ਕਰੋ ਉਦੇਹ ਦਾਦੇ ਨੂੰ, ਤੱਤਾ ਧਰਦੂਗਾ ਪਾਣੀ।
ਮਲ਼ ਦਲ਼ ਮਲ-ਦਲ਼ ਨ੍ਹਾਏ ਲਈ, ਜੈਸੀ ਖੱਲ ਪੁਰਾਣੀ।
ਆਂਗਣ ਚੀਕੜ ਕਿਨ ਕਿਆ, ਵੇ ਕਿਨ ਡੋਲਿਆ ਪਾਣੀ।
ਆਈ ਜੇ ਅੰਮਾਂ ਤਿਸਲ ਪੜੀ, ਉਦੀਹ ਟੰਗ ਨਾ ਤਾਣੀ।
ਖਬਰ ਕਰੋ ਉਦੇਹ ਬਾਬਲ ਨੂੰ, ਤੱਤਾ ਧਰਦੂਗਾ ਪਾਣੀ।
ਮਲ਼-ਦਲ਼, ਮਲ-ਦਲ਼ ਨ੍ਹਾਏ ਲਈ, ਜੈਸੀ ਖੱਲ ਪੁਰਾਣੀ।
ਆਂਗਣ ਚੀਕੜ ਕਿਨ ਕੀਆ ਵੇ, ਕਿਨ ਡੋਲਿਆ ਪਾਣੀ।
ਆਈ ਜੇ ਤਾਈ ਤਿਸਲ ਪੜੀ, ਉਦੀਹ ਟੰਗ ਨਾ ਤਾਣੀ।
ਖਬਰ ਕਰੋ ਉਦੇਹ ਤਾਏ ਨੂੰ, ਤੱਤਾ ਧਰਦੂਗਾ ਪਾਣੀ।



ਆਈ ਜੇ ਚਾਚੀ ਤਿਸਲ ਪੜੀ, ਉਦੀਹ ਟੰਗ ਨਾ ਤਾਣੀ।
ਖਬਰ ਕਰ੍ਹ ਉਸਦੇ ਚਾਚੇ ਨੂੰ ਤੱਤਾ ਧਰਦੂਗਾ ਪਾਣੀ।
ਆਈ ਜੇ ਮਾਮੀ ਤਿਸਲ ਪੜੀ, ਉਦੀਹ ਟੰਗ ਨਾ ਤਾਣੀ।
ਖਬਰ ਕਰੋ ਉਦੇਹ ਮਾਮੇ ਨੂੰ, ਤੱਤਾ ਧਰਦੂਗਾ ਪਾਣੀ।
ਮਲ਼ ਦਲ਼ ਮਲ-ਦਲ਼ ਨ੍ਹਾਏ ਲਈ, ਜੈਸੀ ਖੱਲ ਪੁਰਾਣੀ।
ਆਂਗਣ ਚੀਕੜ ਕਿਨ ਕੀਆ ਵੇ, ਕਿੰਨ ਡੋਲਿਆ ਪਾਣੀ।
ਆਈ ਜੇ ਬੂਆ ਤਿਸਲ ਪੜੀ, ਉਦੀਹ ਟੰਗ ਨਾ ਤਾਣੀ।
ਖਬਰ ਕਰੋ ਉਦੇਹ ਫੁਫੜ ਨੂੰ, ਤੱਤਾ ਧਰਦੂਗਾ ਪਾਣੀ।
ਮਲ਼ ਦਲ਼ ਮਲ-ਦਲ਼ ਨ੍ਹਾਏ ਲਈ, ਜੈਸੀ ਖੱਲ ਪੁਰਾਣੀ।
ਆਈ ਜੇ ਬੇਬੇ ਤਿਸਲ ਪੜੀ, ਉਦੀਹ ਟੰਗ ਨਾ ਤਾਣੀ।
ਖਬਰ ਕਰੋ ਉਦੇਹ ਜੀਜੇ ਨੂੰ, ਤੱਤਾ ਧਰਦੂਗਾ ਪਾਣੀ।
ਆਈ ਜੇ ਭਾਬੋ ਤਿਸਲ ਪੜੀ, ਉਦੀਹ ਟੰਗ ਨਾ ਤਾਣੀ।
ਖਬਰ ਕਰੋ ਉਦੇਹ ਵੀਰੇ ਨੂੰ, ਤੱਤਾ ਧਰਦੂਗਾ ਪਾਣੀ।
ਮਲ਼-ਦਲ਼, ਮਲ-ਦਲ਼ ਨ੍ਹਾਏ ਲਈ, ਜੈਸੀ ਖੱਲ ਪੁਰਾਣੀ।
ਆਂਗਣ ਚੀਕੜ ਕਿਨ ਕੀਆ, ਕਿਨ ਡੋਲਿਆ ਪਾਣੀ।
ਬਾਬੇ ਦਾ ਪੋਤਾ ਨ੍ਹਾਵੇ ਧੋਵੇ, ਉਨੇਹ ਡੋਲਿਆ ਪਾਣੀ।

(9)

ਮੇਰੇ ਵਿਹੜੇ ਦਾ ਨਿੰਬੂਆ ਉਦਹੀ ਠੰਡੀ ਠੰਡੀ ਛਾਂ ਵੇ।
ਕੌਣ ਨ੍ਹਾਵੇ ਨੀ ਧੋਵੇ, ਕੌਣ ਛਾਵੇਂ ਨੀ ਵਹਿੰਦਾ ?
ਬੇਟਾ ਨ੍ਹਾਵੇ ਨੀ ਧੋਵੇ, ਬਾਬਲ ਛਾਵੇਂ ਨੀ ਵਹਿੰਦਾ।
ਮੇਰੇ ਵਿਹੜੇ ਦਾ ਨਿੰਬੂਆ, ਉਦਹੀ ਠੰਡੀ ਠੰਡੀ ਛਾਂ ਵੇ।
ਕੌਣ ਨ੍ਹਾਵੇ ਨੀ ਧੋਵੇ, ਕੌਣ ਛਾਵੇਂ ਨੀ ਵਹਿੰਦਾ ?
ਬੇਟਾ ਨ੍ਹਾਵੇ ਨੀ ਧੋਵੇ, ਤਾਇਆ ਛਾਵੇਂ ਨੀ ਵਹਿੰਦਾ।
ਭਤੀਜਾ ਨ੍ਹਾਵੇ ਨੀ ਧੋਵੇ, ਚਾਚਾ ਛਾਵੇਂ ਨੀ ਵਹਿੰਦਾ।
ਮੇਰੇ ਵਿਹੜੇ ਦਾ ਨਿੰਬੂਆ, ਉਦਹੀ ਠੰਡੀ ਠੰਡੀ ਛਾਂ ਵੇ।
ਕੌਣ ਨ੍ਹਾਵੇ ਨੀ ਧੋਵੇ, ਕੌਣ ਛਾਵੇਂ ਨੀ ਵਹਿੰਦਾ ?
ਭਾਣਜਾ ਨ੍ਹਾਵੇ ਨੀ ਧੋਵੇ, ਮਾਮਾ ਛਾਵੇਂ ਨੀ ਵਹਿੰਦਾ।
ਬੇਟਾ ਨ੍ਹਾਵੇ ਨੀ ਧੋਵੇ, ਫੁਫੜ ਛਾਵੇਂ ਨੀ ਵਹਿੰਦਾ।
ਮੇਰੇ ਵਿਹੜੇ ਦਾ ਨਿੰਬੂਆ, ਉਦਹੀ ਠੰਡੀ ਠੰਡੀ ਛਾਂ ਵੇ।
ਕੌਣ ਨ੍ਹਾਵੇ ਨੀ ਧੋਵੇ, ਕੌਣ ਛਾਵੇਂ ਨੀ ਵਹਿੰਦਾ ?
ਸਾਲਾ ਨ੍ਹਾਵੇ ਨੀ ਧੋਵੇ, ਜੀਜਾ ਛਾਵੇਂ ਨੀ ਵਹਿੰਦਾ।
ਵੀਰਾ ਨਾਵੇ ਨੀ ਧੋਵੇ, ਵੀਰ ਛਾਵੇਂ ਨੀ ਵਹਿੰਦਾ।

ਮੇਰੇ ਵਿਹੜੇ ਦਾ ਨਿੰਬੂਆ. ਉਦਹੀ ਠੰਡੀ ਠੰਡੀ ਛਾਂ ਵੇ।
ਕੌਣ ਨ੍ਹਾਵੇ ਨੀ ਧ੍ਰੋਵੇ. ਕੌਣ ਛਾਵੇ ਨੀ ਵਹਿੰਦਾ ?

(10)

ਦਾਦੇ ਨੇ ਕਾਰਜ ਰਚਾਇਆ ਰੇ ਹਰਿਆਲੇ ਬੰਨੇ।
ਦਾਦੀ ਕਾ ਰਹੀਓ ਤਾਬੇਦਾਰ ਰੇ ਹਰਿਆਲੇ ਬੰਨੇ।
ਘੋੜੀ ਤੋ ਖੜੀ ਮੁੱਖ ਮੋੜ ਰੇ ਹਰਿਆਲੇ ਬੰਨੇ।
ਘੋੜੀ ਕੇ ਆਗਾ ਨਾਚਾ ਮੋਰ ਰੇ ਹਰਿਆਲੇ ਬੰਨੇ।
ਬਾਬਲ ਨੇ ਕਾਰਜ ਰਚਾਇਆ ਰੇ ਹਰਿਆਲੇ ਬੰਨੇ।
ਅੰਮਾਂ ਕਾ ਰਹੀਓ ਤਾਬੇਦਾਰ ਰੇ ਹਰਿਆਲੇ ਬੰਨੇ।
ਤਾਏ ਨੇ ਕਾਰਜ ਰਚਾਇਆ ਰੇ ਹਰਿਆਲੇ ਬੰਨੇ।
ਤਾਈ ਕਾ ਰਹੀਓ ਤਾਬੇਦਾਰ ਰੇ ਹਰਿਆਲੇ ਬੰਨੇ।
ਚਾਚੇ ਨੇ ਕਾਰਜ ਰਚਾਇਆ ਰੇ ਹਰਿਆਲੇ ਬੰਨੇ।
ਚਾਚੀ ਕਾ ਰਹੀਓ ਤਾਬਦੇਾਰ ਰੇ ਹਰਿਆਲੇ ਬੰਨੇ।
ਮਾਮੇ ਨੇ ਕਾਰਜ ਰਚਾਇਆ ਰੇ ਹਰਿਆਲੇ ਬੰਨੇ।
ਮਾਮੀ ਕਾ ਰਹੀਓ ਤਾਬਦੇਾਰ ਰੇ ਹਰਿਆਲੇ ਬੰਨੇ।
ਫੂਫੜ ਨੇ ਕਾਰਜ ਰਚਾਇਆ ਰੇ ਹਰਿਆਲੇ ਬੰਨੇ।
ਬੂਆ ਕਾ ਰਹੀਓ ਤਾਬਦੇਾਰ ਰੇ ਹਰਿਆਲੇ ਬੰਨੇ।
ਜੀਜੇ ਨੇ ਕਾਰਜ ਰਚਾਇਆ ਰੇ ਹਰਿਆਲੇ ਬੰਨੇ।
ਬੇਬੇ ਕਾ ਰਹੀਓ ਤਾਬਦੇਾਰ ਰੇ ਹਰਿਆਲੇ ਬੰਨੇ।
ਵੀਰੇ ਨੇ ਕਾਰਜ ਰਚਾਇਆ ਰੇ ਹਰਿਆਲੇ ਬੰਨੇ।
ਭਾਬੋ ਕਾ ਰਹੀਓ ਤਾਬਦੇਾਰ ਰੇ ਹਰਿਆਲੇ ਬੰਨੇ।
ਘੋੜੀ ਤੋ ਖੜੀ ਮੁਖ ਮੋੜ ਰੇ ਹਰਿਆਲੇ ਬੰਨੇ।
ਘੋੜੀ ਕੇ ਆਗਾ ਨਾਚਾ ਮੋਰ ਰੇ ਹਰਿਆਲੇ ਬੰਨੇ।

(11)

ਬੰਨਰੇ ਲੇ ਦਾਦਿਓ ਕੋ ਸਾਥ, ਬੰਨੀ ਕੋ ਵਿਆਹ ਕਾ ਲਿਆਈਓ ਰੇ।
ਬੰਨਰੇ ਜੇ ਤੁਝੇ ਨਹੀ ਰੇ ਪਛਾਣ, ਮੋਹਲ ਕੇ ਅੰਦਰ ਬੈਠੀ ਰੇ ।
ਬੰਨਰੇ ਸਿਰ ਕੇ ਖੁਲ੍ਹ ਰਹੇ ਕੇਸ, ਬਦਨ ਕਾ ਵਟਣਾ ਲਗ ਰਿਹਾ ਰੇ।
ਬੰਨਰੇ ਮੋਹਦੀ ਕਰ ਰਹੀ ਜੋਰ, ਹਾਥ ਕਾ ਕੰਗਣਾ ਬੰਧ ਰਿਹਾ ਰੇ।
ਬੰਨਰੇ ਲੇ ਬਾਬਲ ਕੋ ਸਾਥ, ਬੰਨੀ ਕੋ ਵਿਆਹ ਕਾ ਲਿਆਈਓ ਰੇ।
ਬੰਨਰੇ ਲੇ ਤਾਇਆਂ ਕੋ ਸਾਥ, ਬੰਨੀ ਕੋ ਵਿਆਹ ਕਾ ਲਿਆਈਓ ਰੇ।
ਬੰਨਰੇ ਲੇ ਚਾਚਿਆਂ ਕੋ ਸਾਥ, ਬੰਨੀ ਕੋ ਵਿਆਹ ਕਾ ਲਿਆਈਓ ਰੇ।



ਬੰਨਰੇ ਲੇ ਮਾਮਿਆਂ ਕੋ ਸਾਥ, ਬੰਨੀ ਕੋ ਵਿਆਹ ਕਾ ਲਿਆਈਓ ਰੇ।
ਬੰਨਰੇ ਲੇ ਫੂਫਿਆਂ ਕੋ ਸਾਥ, ਬੰਨੀ ਕੋ ਵਿਆਹ ਕਾ ਲਿਆਈਓ ਰੇ।
ਬੰਨਰੇ ਲੇ ਜੀਜਿਆਂ ਕੋ ਸਾਥ, ਬੰਨੀ ਕੋ ਵਿਆਹ ਕਾ ਲਿਆਈਓ ਰੇ।
ਬੰਨਰੇ ਲੇ ਵੀਰਿਆਂ ਕੋ ਸਾਥ, ਬੰਨੀ ਕੋ ਵਿਆਹ ਕਾ ਲਿਆਈਓ ਰੇ।
ਬੰਨਰੇ ਜੇ ਤੁਝੇ ਈ ਰੇ ਪਛਾਣਾ ਮੋਹਲ ਕੇ ਅੰਦਰ ਬੈਠੀ ਰੇ।
ਬੰਨਰੇ ਸਿਰ ਕੇ ਖੁਲ੍ਹ ਰਹੇ ਕੇਸ ਬਦਨ ਕਾ ਬਟਣਾ ਲਗ ਰਿਹਾ ਰੇ।
ਬੰਨਰੇ ਮੋਹਦੀ ਕਰ ਰਹੀ ਜੋਰ, ਹਾਥ ਕਾ ਕੰਗਣਾ ਬੰਧ ਰਿਹਾ ਰੇ।

(12)

ਸੋਹਣੇ ਸੋਹਣੇ ਵੀਰ ਦੀਆਂ, ਪਿਆਰੇ ਪਿਆਰੇ ਵੀਰ ਦੀਆਂ।
ਘੋੜੀਆਂ ਮੈਂ ਗਾਵਾਂ ਹੋ, ਘੋੜੀਆਂ ਮੈਂ ਗਾਵਾਂ ਹੋ।
ਸੈ ਸੈ ਸਗਨ ਮਨਾਂਦੀ ਵੀਰ, ਭਾਬੀਆਂ ਤੇਰੀਆਂ ਆਈਆਂ।
ਗੋਰਿਆਂ ਗੋਰਿਆਂ ਹੱਥਾਂ ਵਿਚ, ਸੁਰਮਾ ਤੇ ਸਲਾਈਆਂ।
ਨਿੱਕੀ ਆਖੇ ਵੱਡੀ ਆਖੇ, ਪਹਿਲਾਂ ਮੈਂ ਪਈ ਪਾਵਾਂ ਹੋ।
ਘੋੜੀਆਂ ਮੈ ਗਾਵਾਂ ਹੋ, ਘੋੜੀਆਂ ਮੈਂ ਗਾਵਾਂ ਹੋ।
ਸੈ ਦਾ ਨੋਟ ਫੜਾਈ ਮੈਨੂੰ, ਸੇਹਰਾ ਬੰਧਵਾਈ ਦਾ।
ਦੂਜਾ ਦੇਈ ਸੂਟ ਜਪਾਨੀ, ਵਾਗ ਗੁੰਦਾਈ ਦਾ।
ਤੀਜੀ ਦੇਈ ਮੱਝ ਲਵੇਰੀ, ਹੋਰ ਨਾ ਮੈਂ ਕੁਛ ਚਾਹਵਾਂ ਹੋ।
ਘੋੜੀਆਂ ਮੈਂ ਗਾਵਾਂ ਹੋ, ਘੋੜੀਆਂ ਮੈ ਗਾਵਾਂ ਹੋ।
ਮਾਤਾ ਪਿਤਾ ਦਾ ਕਹਿਣਾ ਮੰਨੀ, ਭੈਣਾਂ ਨੂੰ ਭੁਲਾਈ ਨਾ।
ਸੁੰਣੀ ਵਹੁਟੀ ਵੇਖ ਕੇ ਵੀਰਾ, ਝੁੜੂ ਬਣ ਜਾਈ ਨਾ।
ਲੱਖ ਲੱਖ ਦੀ ਗਲ ਮੈਂ, ਤੈਨੂੰ ਅੱਜ ਪਈ ਸਮਝਾਵਾਂ ਹੋ।
ਘੋੜੀਆਂ ਮੈਂ ਗਾਵਾਂ ਹੋ, ਘੋੜੀਆਂ ਮੈਂ ਗਾਵਾਂ ਹੋ।
ਸੋਹਣੇ ਸੋਹਣੇ ਵੀਰ ਦੀਆਂ, ਪਿਆਰੇ ਪਿਆਰੇ ਵੀਰ ਦੀਆਂ,
ਘੋੜੀਆਂ ਮੈ ਗਾਵਾਂ ਹੋ, ਘੋੜੀਆਂ ਮੈਂ ਗਾਵਾਂ ਹੋ।

(13)

ਚੀਰਾ ਮੰਗਾਵਾਂ ਵੇ ਵੀਰਾ, ਵੇ ਤੇਰੀ ਦਲੀਲ ਦਾ।
ਪੈਨ੍ਹਣ ਦੇ ਵੇਲੇ ਵੇ ਵੀਰਾ, ਵੇ ਹਾਜਰ ਹੋ ਜਾਈ ਵੇ।
ਛੁੱਟੀ ਨਾ ਮਿਲਦੀ ਭੈਣੇ, ਨੀ ਨੌਕਰ ਸਰਕਾਰ ਦੇ।
ਛੁੱਟੀ ਲੈ ਆਵੀ ਵੇ ਵੀਰਾ, ਵੇ ਦਾਮਾਂ ਦੇ ਜੋਰ ਤੇ।
ਕੁਰਤਾ ਮੰਗਾਵਾਂ ਵੇ ਵੀਰਾ, ਵੇ ਤੇਰੀ ਦਲੀਲ ਦਾ।
ਪੈਨ੍ਹਣ ਦੇ ਵੇਲੇ ਵੇ ਵੀਰਾ, ਵੇ ਹਾਜਰ ਹੋ ਜਾਈ ਵੇ।

ਛੁੱਟੀ ਨਾ ਮਿਲਦੀ ਭੈਣੇ, ਨੀ ਨੌਕਰ ਸਰਕਾਰ ਦੇ।
ਘੜੀਆਂ ਮੰਗਾਵਾਂ ਵੇ ਵੀਰਾ, ਵੇ ਤੇਰੀ ਦਲੀਲ ਦੀ।
ਬੰਨ੍ਹਣ ਦੇ ਵੇਲੇ ਵੇ ਵੀਰਾ, ਵੇ ਹਾਜਰ ਹੋ ਜਾਈ ਵੇ।
ਜੁੱਤੀ ਮੰਗਾਵਾਂ ਵੇ ਵੀਰਾ, ਵੇ ਤੇਰੀ ਦਲੀਲ ਦੀ।
ਪੈਨ੍ਹਣ ਦੇ ਵੇਲੇ ਵੇ ਵੀਰਾ, ਵੇ ਹਾਜ਼ਰ ਹੋ ਜਾਈ ਵੇ।
ਜੋੜਾ ਮੰਗਾਵਾਂ ਵੇ ਵੀਰਾ, ਵੇ ਤੇਰੀ ਦਲੀਲ ਦਾ।
ਪੈਨ੍ਹਣ ਦੇ ਵੇਲੇ ਵੀ ਵੀਰਾ, ਵੇ ਹਾਜਰ ਹੋ ਜਾਈ ਵੇ।
ਕਲਗੀ ਮੰਗਾਵਾਂ ਵੇ ਵੀਰਾ, ਵੇ ਤੇਰੀ ਦਲੀਲ ਦੀ।
ਲਾਵਣ ਦੇ ਵੇਲੇ ਵੇ ਵੀਰਾ, ਵੇ ਹਾਜਰ ਹੋ ਜਾਈ ਵੇ।
ਛੁੱਟੀ ਨਾ ਮਿਲਦੀ ਭੈਣੇ, ਨੀ ਨੌਕਰ ਸਰਕਾਰ ਦੇ।
ਛੁਟੀ ਲੈ ਆਵੀ ਵੇ ਵੀਰਾ, ਵੇ ਦਾਮਾਂ ਦੇ ਜ਼ੋਰ ਤੇ।

(14)

ਲੱਠੇ ਦਾ ਪਜਾਮਾ ਸਾਡਾ ਧੋਬੀ ਲੈ ਗਿਆ।
ਲੱਠੇ ਦੀ ਬਜਾਏ ਸਾਨੂੰ ਖੱਦਰ ਦੇ ਗਿਆ।
ਬੀਰਾ ਜੀ ਦੇ ਬਾਬਲ ਜੀ ਨੇ ਝਗੜਾ ਕੀਆ,
ਬੀਰਾ ਜੀ ਦੀ ਅੰਮਾਂ ਜੀ ਨੂੰ ਧੋਬੀ ਲੈ ਗਿਆ।
ਲੱਠੇ ਦਾ ਪਜਾਮਾ ਸਾਡਾ ਧੋਬੀ ਲੈ ਗਿਆ।
ਲੱਠੇ ਦੀ ਬਜਾਏ ਸਾਨੂੰ ਖੱਦਰ ਦੇ ਗਿਆ।
ਬੀਰਾ ਜੀ ਦੇ ਤਾਇਆ ਜੀ ਨੇ ਝਗੜਾ ਕੀਆ।
ਬੀਰਾ ਜੀ ਦੀ ਤਾਈ ਜੀ ਨੂੰ ਧੋਬੀ ਲੈ ਗਿਆ।
ਲੱਠੇ ਦਾ ਪਜਾਮਾ ਸਾਡਾ ਧੋਬੀ ਲੈ ਗਿਆ।
ਲੱਠੇ ਦੀ ਬਜਾਏ ਸਾਨੂੰ ਖੱਦਰ ਦੇ ਗਿਆ।
ਬੀਰਾ ਜੀ ਦੇ ਚਾਚਾ ਜੀ ਨੇ ਝਗੜਾ ਕੀਆ।
ਬੀਰਾ ਜੀ ਦੀ ਚਾਚੀ ਜੀ ਨੂੰ ਧੋਬੀ ਲੈ ਗਿਆ।
ਲੱਠੇ ਦਾ ਪਜਾਮਾ ਸਾਡਾ ਧੋਬੀ ਲੈ ਗਿਆ।
ਲੱਠੇ ਦੀ ਬਜਾਏ ਸਾਨੂੰ ਖੱਦਰ ਦੇ ਗਿਆ।
ਬੀਰਾ ਜੀ ਦੇ ਫੁਫੜ ਜੀ ਨੇ ਝਗੜਾ ਕੀਆ।
ਬੀਰਾ ਜੀ ਦੀ ਬੂਆ ਜੀ ਨੂੰ ਧੋਬੀ ਲੈ ਗਿਆ।
ਲੱਠੇ ਦਾ ਪਜਾਮਾ ਸਾਡਾ ਧੋਬੀ ਲੈ ਗਿਆ।
ਲੱਠੇ ਦੀ ਬਜਾਏ ਸਾਨੂੰ ਖੱਦਰ ਦੇ ਗਿਆ।
ਬੀਰਾ ਜੀ ਦੇ ਜੀਜਾ ਜੀ ਨੇ ਝਗੜਾ ਕੀਆ।
ਬੀਰਾ ਜੀ ਦੀ ਭੈਣ ਜੀ ਨੂੰ ਧੋਬੀ ਲੈ ਗਿਆ।



ਲੱਠੇ ਦਾ ਪਜਾਮਾ ਸਾਡਾ ਧੋਬੀ ਲੈ ਗਿਆ।
ਲੱਠੇ ਦੀ ਬਜਾਏ ਸਾਨੂੰ ਖੱਦਰ ਦੇ ਗਿਆ।
ਬੀਰਾ ਜੀ ਦੇ ਬੀਰਾ ਜੀ ਨੇ ਝਗੜਾ ਕੀਆ।
ਬੀਰਾ ਜੀ ਦੀ ਭਾਬੋ ਜੀ ਨੂੰ ਧੋਬੀ ਲੈ ਗਿਆ।
ਲੱਠੇ ਦਾ ਪਜਾਮਾ ਸਾਡਾ ਧੋਬੀ ਲੈ ਗਿਆ।
ਲੱਠੇ ਦੀ ਬਜਾਏ ਸਾਨੂੰ ਖੱਦਰ ਦੇ ਗਿਆ।

(15)

ਚੀਰਾ ਬੰਨ੍ਹ ਵੇਖਾਹ ਆ, ਸ਼ਗਨ ਮਨਾ ਰਹੀ ਵੀਰਾ।
ਤੇਰੀ ਕਲਗੀ ਦਾ ਮੁੱਲ, ਵੇ ਮੈਂ ਦੇ ਆਈ ਵੀਰਾ।
ਸਿਹਰਾ ਬੰਨ ਵੇਖਾਹ ਆ, ਸ਼ਗਨ ਮਨਾ ਰਹੀ ਵੀਰਾ।
ਤੇਰੀ ਲੜੀਆਂ ਦਾ ਮੁਲ, ਵੇ ਮੈਂ ਦੇ ਆਈ ਵੀਰਾ।
ਬੁਰਸ਼ਟ ਪਾ ਵੇਖਾਹ ਆ, ਸਗਨ ਮਨਾ ਰਹੀ ਵੀਰਾ।
ਤੇਰੀ ਟਾਈਆਂ ਦਾ ਮੁੱਲ, ਵੇ ਮੈਂ ਦੇ ਆਈ ਵੀਰਾ।
ਪੈਂਟਾਂ ਪਾ ਵੇਖਾਹ ਆ, ਸ਼ਗਨ ਮਨਾ ਰਹੀ ਵੀਰਾ।
ਤੇਰੀ ਪੇਟੀ ਦਾ ਮੁੱਲ, ਵੇ ਮੈਂ ਦੇ ਆਈ ਵੀਰਾ।
ਬੂਟ ਪਾ ਵੇਖਾਹ ਆ, ਸਗਨ ਮਨਾ ਰਹੀ ਵੀਰਾ।
ਤੇਰੀ ਜੁਰਾਬਾਂ ਦਾ ਮੁੱਲ, ਵੇ ਮੈਂ ਦੇ ਆਈ ਵੀਰਾ।
ਘੋੜੀ ਚੜ੍ਹ ਵਿਹੜਾ ਆ, ਸਗਨ ਮਨਾ ਰਹੀ ਵੀਰਾ।
ਤੇਰੇ ਡੋਲੇ ਦਾ ਮੁੱਲ, ਵੇ ਮੇ ਦੇ ਆਈ ਵੀਰਾ।

(16)

ਮੱਥੇ ਤੇ ਚਮਕਣ ਵਾਲ ਮੇਰੇ ਬੰਨਰੇ ਦੇ।
ਆ ਵੇ ਬੰਨਾ ਬੰਨ੍ਹ ਸਗਨਾ ਦਾ ਸਿਹਰਾ।
ਸਿਹਰੇ ਦੇ ਲੜੀਆਂ ਹੋਵਣ ਚਾਰ ਮੇਰੇ ਬੰਨਰੇ ਦੇ।
ਮੱਥੇ ਤੇ ਚਮਕਣ ਵਾਲ ਮੇਰੇ ਬਨਰੇ ਦੇ।
ਆ ਵੇ ਬੰਨਾ ਬੰਨ੍ਹ ਸਗਨਾਂ ਦਾ ਗਾਨਾ।
ਗਾਨੇ ਦੇ ਫੂੰਬਣ ਹੋਵਣ ਚਾਰ ਮੇਰੇ ਬੰਨਰੇ ਦੇ।
ਮੱਥੇ ਤੇ ਚਮਕਣ ਵਾਲ ਮੇਰੇ ਬਨਰੇ ਦੇ।
ਆ ਵੇ ਬੰਨਾ ਲਾ ਸਗਨਾਂ ਦੀ ਮੇਂਹਦੀ।
ਮੇਂਹਦੀ ਦਾ ਰੰਗ ਸੂਹਾ ਲਾਲ ਮੇਰੇ ਬੰਨਰੇ ਦੇ।
ਮੱਥੇ ਤੇ ਚਮਕਣ ਵਾਲ ਮੇਰੇ ਬਨਰੇ ਦੇ।
ਆ ਵੇ ਬੰਨਾ ਚੜ੍ਹ ਸਗਨਾਂ ਦੀ ਚੌਂਕੀ

ਚੌਕੀ ਦੇ ਪਾਵੇ ਹੋਵਣ ਚਾਰ ਮੇਰੇ ਬੰਨਰੇ ਦੇ।
ਮੱਥੇ ਤੇ ਚਮਕਣ ਵਾਲ ਮੇਰੇ ਬਨਰੇ ਦੇ।
ਆ ਵੇ ਬੰਨਾ ਚੜ੍ਹ ਸਗਨਾਂ ਦੀ ਘੋੜੀ
ਵੀਰਿਆਂ ਦੀ ਜੋੜੀ ਤੇਰੇ ਨਾਲ ਮੇਰੇ ਬੰਨਰੇ ਦੇ।
ਮੱਥੇ ਤੇ ਚਮਕਣ ਵਾਲ ਮੇਰੇ ਬੰਨਰੇ ਦੇ।
ਆ ਵੇ ਵੀਰਾ ਲੈ ਸਗਨਾਂ ਦੀਆਂ ਲਾਵਾਂ।
ਨਿੱਕੀ ਜੇਹੀ ਬੰਨੋ ਤੇਰੇ ਨਾਲ ਮੇਰੇ ਬੰਨਰੇ ਦੇ।
ਮੱਥੇ ਤੇ ਚਮਕਣ ਵਾਲ ਮੇਰੇ ਬੰਨਰੇ ਦੇ।
ਆ ਵੇ ਬੰਨਾ ਲਿਆ ਸਗਨਾਂ ਦੀ ਡੋਲੀ।
ਮਾਤਾ ਨੇ ਪਾਣੀ ਪੀਣਾ ਵਾਰ ਮੇਰੇ ਬੰਨਰੇ ਰੇ।
ਮੱਥੇ ਤੇ ਚਮਕਣ ਵਾਲ ਮੇਰੇ ਬੰਨਰੇ ਦੇ।

(17)

ਬੰਨੇ ਨੀਲਾ ਕੋਟ ਸਵਾਈਓ ਰੇ, ਅੰਗਰੇਜ਼ੀ ਬਟਨ ਲਵਾਈਓ ਰੇ
ਬੰਨੇ ਪੇਹਰ ਕੋਲਜ ਮਾ ਜਾਈਓ ਰੇ,ਆਪਣੇ ਦਾਦੇ ਕਾ ਲਾਲ ਕਹਾਈਓ ਰੇ।
ਬੰਨੇ ਪੇਹਰ ਸੁਸਰ ਘਰ ਜਾਈਓ ਰੇ, ਬਾਬਲ ਕਾ ਲਾਲ ਕਹਾਈਓ ਰੇ।
ਬੰਨੇ ਲਾਲ ਲਾਲ ਰੰਗ ਵਰਸਾ, ਪੀਹਰ ਮਾ ਬੰਨਰੋ ਤਰਸਾ ਰੇ।
ਬੰਨੇ ਨੀਲਾ ਕੋਟ ਸਵਾਈਓ ਰੇ, ਅੰਗਰੇਜ਼ੀ ਬਟਨ ਲਵਾਈਓ ਰੇ।
ਬੰਨੇ ਪੇਹਰ ਸੁਸਰ ਘਰ ਜਾਈਓ ਰੇ, ਤਾਇਆਂ ਕਾ ਲਾਲ ਕਹਾਈਓ ਰੇ।
ਬੰਨੇ ਪੇਹਰ ਸੁਸਰ ਘਰ ਜਾਈਓ ਰੇ, ਚਾਚਿਓ ਕਾ ਲਾਲ ਕਹਾਈਓ ਰੇ।
ਬੰਨੇ ਨੀਲਾ ਕੋਟ ਸਵਾਈਓ ਰੇ, ਅੰਗਰੇਜ਼ੀ ਬਟਨ ਲਵਾਈਓ ਰੇ।
ਬੰਨੇ ਪੇਹਰ ਸੁਸਰ ਘਰ ਜਾਈਓ ਰੇ, ਮਾਮਿਆਂ ਕਾ ਲਾਲ ਕਹਾਈਓ ਰੇ।
ਬੰਨੇ ਪੇਹਰ ਸੁਸਰ ਘਰ ਜਾਈਓਰੇ ਫੁਫਿਆਂ ਕਾ ਲਾਲ ਕਹਾਈਓ ਰੇ।
ਬੰਨੇ ਲਾਲ ਲਾਲ ਰੰਗ ਬਰਸਾ, ਪੀਹਰ ਮਾ ਬੰਨਰੋ ਤਰਸਾ ਰੇ।
ਬੰਨੇ ਨੀਲਾ ਕੋਟ ਸਵਾਈਓ ਰੇ, ਅੰਗਰੇਜ਼ੀ ਬਟਨ ਲਵਾਈਓ ਰੇ।
ਬੰਨੇ ਲਾਲ ਲਾਲ ਰੰਗ ਬਰਸਾ ਪੀਹਰ ਮਾ ਬੰਨਰੋ ਤਰਸਾ ਰੇ।
ਬੰਨੇ ਨੀਲਾ ਕੋਟ ਸਵਾਈਓ ਰੇ, ਅੰਗਰੇਜ਼ੀ ਬਟਨ ਲਵਾਈਓ ਰੇ।

(18)

ਨੀ ਰਵੇਲ ਕਲੀਆਂ ਨੀ ਸਫੈਦ ਕਲੀਆਂ।
ਮੇਰਾ ਨਿਕੜਾ ਨਦਾਨ ਖੇਲੇ ਵਿਚ ਗਲੀਆਂ।
ਚੌਕੀ ਚੜ੍ਹ ਬੰਨਿਆਂ, ਚੌਕੀ ਚੜ੍ਹ ਬੰਨਿਆਂ,
ਤੇਰੀ ਚੌਕੀ ਨੂੰ ਲਗੀਆਂ ਰਵੇਲ ਕਲੀਆਂ।



ਨੀ ਰਵੇਲ ਕਲੀਆਂ ਨੀ ਸਫੈਦ ਕਲੀਆਂ।
ਗਾਨਾ ਬੰਨ੍ਹ, ਬੰਨਿਆ, ਗਾਨਾ ਬੰਨ੍ਹ ਬੰਨਿਆ,
ਤੇਰੇ ਗਾਨੇ ਨੂੰ ਲਗੀਆਂ ਰਵੇਲ ਕਲੀਆਂ।
ਨੀ ਰਵੇਲ ਕਲੀਆਂ ਨੀ ਸਫੈਦ ਕਲੀਆਂ।
ਮੇਂਹਦੀ ਲਾ ਬੰਨਿਆਂ, ਮੇਂਹਦੀ ਲਾ ਬੰਨਿਆ,
ਤੇਰੀ ਮੇਂਹਦੀ ਨੂੰ ਲਗੀਆਂ ਰਵੇਲ ਕਲੀਆਂ।
ਨੀ ਰਵੇਲ ਕਲੀਆਂ ਨੀ ਸਫੈਦ ਕਲੀਆਂ।
ਡੋਲੀ ਲੈ ਆ ਬੰਨਿਆ, ਡੋਲੀ ਲੈ ਆ ਬੰਨਿਆ।
ਤੇਰੀ ਡੋਲੀ ਨੂੰ ਲਗੀਆਂ ਰਵੇਲ ਕਲੀਆਂ।
ਨੀ ਰਵੇਲ ਕਲੀਆਂ ਨੀ ਸਫੈਦ ਕਲੀਆਂ।
ਮੇਰਾ ਨਿਕੜਾ ਨਦਾਨ ਖੇਲੇ ਵਿਚ ਗਲੀਆਂ।

(19)

ਬੰਨਾ ਆਇਆ ਅਨ੍ਹੇਰੀ ਰਾਤ ਜਗਣ ਬੱਤੀਆਂ।
ਬੰਨੇ ਕੇ ਕੁੰਡਲ ਕੁੰਡਲ ਵਾਲ ਸਨ੍ਹੇਰੀ ਅੱਖੀਆਂ
ਬੰਨੋ ਨੂੰ ਗਾਨਾ ਬਨ੍ਹਾਵਣ ਆਈਆਂ ਸੱਖੀਆਂ।
ਜਿਨ੍ਹਾਂ ਦੇ ਕੁੰਡਲ ਕੁੰਡਲ ਵਾਲ ਸਨ੍ਹੇਰੀ ਅੱਖੀਆਂ।
ਬੰਨਾ ਆਇਆ ਅਨ੍ਹੇਰੀ ਰਾਤ ਜਗਣ ਬੱਤੀਆਂ।
ਬੰਨੇ ਨੂੰ ਮੇਂਹਦੀ ਲਗਾਵਣ ਆਈਆਂ ਸੱਖੀਆਂ।
ਜਿਨ੍ਹਾਂ ਦੇ ਕੁੰਡਲ ਕੁੰਡਲ ਵਾਲ ਸਨ੍ਹੇਰੀ ਅੱਖੀਆਂ।
ਬੰਨਾ ਆਇਆ ਅਨ੍ਹੇਰੀ ਰਾਤ ਜਗਣ ਬੱਤੀਆਂ।
ਬੰਨੇ ਨੂੰ ਸੇਅ੍ਹਰਾ ਬਨਾਵਣ ਆਈਆਂ ਸੱਖੀਆਂ।
ਜਿਨ੍ਹਾਂ ਦੇ ਕੁੰਡਲ ਕੁੰਡਲ ਵਾਲ ਸਨ੍ਹੇਰੀ ਅੱਖੀਆਂ।
ਬੰਨੇ ਕੇ ਕੁੰਡਲ ਕੁੰਡਲ ਵਾਲ ਸਨ੍ਹੇਰੀ ਅੱਖੀਆਂ
ਬੰਨੇ ਨੂੰ ਬਰਾਤ ਚੜ੍ਹਾਵਣ ਆਈਆਂ ਸੱਖੀਆਂ।
ਜਿਨ੍ਹਾਂ ਦੇ ਕੁੰਡਲ ਕੁੰਡਲ ਵਾਲ ਸਨ੍ਹੇਰੀ ਅੱਖੀਆਂ।
ਬੰਨਾ ਆਇਆ ਅਨ੍ਹੇਰੀ ਰਾਤ ਜਗਣ ਬੱਤੀਆਂ।
ਬੰਨੇ ਕੇ ਕੁੰਡਲ ਕੁੰਡਲ ਵਾਲ ਸਨ੍ਹੇਰੀ ਅੱਖੀਆਂ

(20)

ਲੈ ਆਇਆ ਸੇਹ੍ਰਾ ਮਾਲੀ ਸੇਹ੍ਰਾ ਲੈ ਆਇਆ।
ਵੀਰਾ ਜੇ ਤੂੰ ਬੰਨ੍ਹਿਆ ਗਾਨਾ, ਤੇਰੀ ਜੰਜ ਚੜ੍ਹੇ ਤੇਰਾ ਮਾਮਾ।
ਬੰਨ੍ਹ ਲਿਆ ਗਾਨਾ, ਮੇਰੇ ਵੀਰਾ ਗਾਨਾ ਬੰਨ੍ਹ ਲਿਆ।

ਲੈ ਆਇਆ ਸੇਹ੍ਰਾ ਮਾਲੀ ਸੇਹ੍ਰਾ ਲੈ ਆਇਆ।
ਵੀਰਾ ਜੇ ਤੂੰ ਲਾਈ ਮੇਹਦੀ, ਤੇਰੇ ਕੋਲ ਮੈਂ ਬੈਠੀ ਗਾਂਦੀ।
ਲਾ ਲਈ ਮੇਂਹਦੀ, ਮੇਰੇ ਵੀਰਾ ਮੇਂਹਦੀ ਲਾ ਲਈ।
ਲੈ ਆਇਆ ਸੇਹ੍ਰਾ ਮਾਲੀ ਸੇਹ੍ਰਾ ਲੈ ਆਇਆ।
ਵੀਰਾ ਜੇ ਤੂੰ ਚੜ੍ਹਿਆ ਘੋੜੀ ਤੇਰੇ ਨਾਲ ਭਰਾਵਾਂ ਜੋੜੀ।
ਚੜ੍ਹ ਗਿਆ ਘੋੜੀ, ਮੇਰੇ ਵੀਰਾ ਘੋੜੀ ਚੜ੍ਹ ਗਿਆ।
ਲੈ ਆਇਆ ਸੇਹ੍ਰਾ ਮਾਲੀ ਸੇਹ੍ਰਾ ਲੈ ਆਇਆ।
ਵੀਰਾ ਜੇ ਤੂੰ ਚੜ੍ਹਿਆ ਚੌਂਕੀ, ਤੇਰੇ ਪਾਸੇ ਜੰਝ ਖਲੋਤੀ।
ਚੜ੍ਹ ਗਿਆ ਚੌਂਕੀ, ਮੇਰੇ ਵੀਰਾ ਚੌਂਕੀ ਚੜ੍ਹ ਗਿਆ।
ਲੈ ਆਇਆ ਸੇਹ੍ਰਾ ਮਾਲੀ ਸੇਹ੍ਰਾ ਲੈ ਆਇਆ।
ਵੀਰਾ ਜੇ ਤੂੰ ਆਂਦੀ ਡੋਲ਼ੀ, ਤੇਰੀ ਡੋਲ਼ੀ ਤੋਂ ਮਾ ਘੋਲੀ
ਲੈ ਆਇਆ ਡੋਲ਼ੀ, ਮੇਰੇ ਵੀਰਾ ਡੋਲੀ ਲੈ ਆਇਆ।
ਲੈ ਆਇਆ ਸੇਹ੍ਰਾ ਮਾਲੀ ਸੇਹ੍ਰਾ ਲੈ ਆਇਆ।

(21)

ਆਪਣੇ ਵੀਰੇ ਤੋਂ ਕੀ ਕੁਛ ਵਾਰਾਂ, ਜੋ ਵਾਰਾਂ ਸੋ ਥੋੜਾ ਈ ਏ।
ਪੰਜ ਰੁਪਈਏ ਗਿਣ-ਗਿਣ ਵਾਰਾਂ, ਸੱਠਾਂ ਦਾ ਸਿਲਮ ਸਿਤਾਰਾ ਈ ਏ।
ਨਾਲ ਵੀਰੇ ਦੇ ਬਾਬਲ ਸੋਂਹਵੇ, ਅੰਮਾ ਦਾ ਚਮਕਾਰਾ ਈ ਏ।
ਆਪਣੇ ਵੀਰੇ ਤੋਂ ਕੀ ਕੁਛ ਵਾਰਾਂ, ਜੋ ਵਾਰਾਂ ਸੋ ਥੋੜਾ ਈ ਏ।
ਨਾਲ ਵੀਰੇ ਦੇ ਤਾਇਆ ਸੋਂਹਵੇ, ਤਾਈ ਦਾ ਚਮਕਾਰਾ ਈ ਏ।
ਨਾਲ ਵੀਰ ਦੇ ਚਾਚਾ ਸੋਂਹਵੇ, ਚਾਚੀ ਦਾ ਚਮਕਾਰਾ 'ਈ ਏ।
ਆਪਣੇ ਵੀਰੇ ਤੋਂ ਕੀ ਕੁਛ ਵਾਰਾਂ, ਜੋ ਵਾਰਾਂ ਸੋ ਥੋੜਾ ਈ ਏ।
ਨਾਲ ਵੀਰੇ ਦੇ ਮਾਮਾ ਸੋਂਹਵੇ, ਮਾਮੀ ਦਾ ਚਮਕਾਰਾ 'ਈ ਏ।
ਨਾਲ ਵੀਰ ਦੇ ਫੁਫੜ ਸੋਂਹਵੇ, ਭੂਆ ਦਾ ਚਮਕਾਰਾ 'ਈ ਏ।
ਆਪਣੇ ਵੀਰੇ ਤੋਂ ਕੀ ਕੁਛ ਵਾਰਾਂ, ਜੋ ਵਾਰਾਂ ਸੋ ਥੋੜਾ ਈ ਏ।
ਆਪਣੇ ਵੀਰੇ ਤੋਂ ਕੀ ਕੁਛ ਵਾਰਾਂ, ਜੋ ਵਾਰਾਂ ਸੋ ਥੋੜਾ ਈ ਏ।
ਨਾਲ ਵੀਰੇ ਦੇ ਜੀਜਾ ਸੋਂਹਵੇ, ਬੇਬੇ ਦਾ ਚਮਕਾਰਾ 'ਈ ਏ।
ਨਾਲ ਵੀਰੇ ਦੇ ਵੀਰਾ ਸੋਂਹਵੇ, ਭਾਬੋ ਦਾ ਚਮਕਾਰਾ 'ਈ ਏ।
ਆਪਣੇ ਵੀਰੇ ਤੇ ਕੀ ਕੁਸ ਵਾਰਾਂ, ਜੋ ਵਾਰਾਂ ਸੋ ਥੋੜਾ ਈ ਏ।
ਪੰਜ ਰੁਪਈਏ ਗਿਣ-ਗਿਣ ਵਾਰਾਂ, ਸੱਠਾਂ ਦਾ ਸਿਲਮ ਸਤਾਰਾ ਈ ਏ।

(22)

ਵੇ ਸਾਡੀ ਗਲੀ ਆ ਜਾ ਬੰਨਰੇ, ਗਮਲੇ ਫੁਲਾਂ ਦੀ ਠੰਡੀ ਛਾਂ।
ਡਬਲ ਰੋਟੀ ਖਾ ਜਾ ਬੰਨਰੇ, ਤਾਜੇ ਮੱਖਣ ਦੇ ਨਾਲ।



ਵੇ ਰੁੱਖੀ ਮਿੱਸੀ ਖਾਜਾ ਬੰਨਰੇ, ਗੋਕੇ ਦੇ ਮੱਖਣ ਦੇ ਨਾਲ।
ਵੇ ਸੇਅੁਰਾ ਤੈਨੂੰ ਮੈਂ ਦੇਂਦੀਆ, ਲੜੀਆਂ ਦੇਵੇਗੀ ਤੇਰੀ ਮਾਂ।
ਵੇ ਸਾਡੀ ਗਲੀ ਆ ਜਾ ਬੰਨਰੇ, ਗਮਲੇ ਫੁੱਲਾਂ ਦੀ ਠੰਡੀ ਛਾਂ।
ਵੇ ਬੁਰਸ਼ਟ ਤੈਨੂੰ ਮੈਂ ਦੇਂਦੀ ਆਂ, ਟਾਈਆਂ ਦੇਵੇਗੀ ਤੇਰੀ ਮਾਂ।
ਵੇ ਸਾਡੀ ਗਲੀ ਆ ਜਾ ਬੰਨਰੇ, ਗਮਲੇ ਫੁੱਲਾਂ ਦੀ ਠੰਡੀ ਛਾਂ।
ਵੇ ਜੁੱਤਾ ਤੈਨੂੰ ਮੈਂ ਦੇਂਦੀ ਆਂ, ਜਰਾਬਾਂ ਦੇਵੇਗੀ ਤੇਰੀ ਮਾਂ।
ਵੇ ਸਾਡੀ ਗਲੀ ਆ ਜਾ ਬੰਨਰੇ, ਗਮਲੇ ਫੁੱਲਾਂ ਦੀ ਠੰਡੀ ਛਾਂ।
ਵੇ ਕਲਗੀ ਤੈਨੂੰ ਮੈਂ ਦੀਦੀ ਆਂ, ਚੀਰਾ ਦੇਵੇਗੀ ਤੇਰੀ ਮਾਂ।
ਵੇ ਸਾਡੀ ਗਲੀ ਆ ਜਾ ਬੰਨਰੇ, ਗਮਲੇ ਫੁੱਲਾਂ ਦੀ ਠੰਡੀ ਛਾਂ।
ਵੇ ਡੋਲਾ ਤੈਨੂੰ ਮੈਂ ਦੇਂਦੀ ਆਂ, ਬੰਨਰੇ ਲਿਆਵੇ ਤੇਰੀ ਮਾਂ।
ਵੇ ਸਾਡੀ ਗਲੀ ਆ ਜਾ ਬੰਨਰੇ, ਗਮਲੇ ਫੁੱਲਾਂ ਦੀ ਠੰਡੀ ਛਾਂ।
ਡਬਲ ਰੋਟੀ ਖਾ ਜਾ ਬੰਨਰੇ, ਤਾਜੇ ਮੱਖਣ ਦੇ ਨਾਲ।
ਵੇ ਰੁੱਖੀ ਮਿੱਸੀ ਖਾ ਜਾ ਬੰਨਰੇ, ਗਾਂ ਦੇ ਮੱਖਣ ਦੇ ਨਾਲ।

(23)

ਸੱਚ ਦੱਸੀ ਵੇ ਲਾਡ ਲੜੀਕੜੇ, ਕੀਅਨੇ ਤੈਨੂੰ ਭੋਜਨ ਦੀਆ।
ਰਾਮ ਕੀਅਨੇ ਤੈਨੂੰ ਭੋਜਨ ਦੀਆ।
ਮਾਤਾ ਮੇਰੀ ਸਰਵ ਸੁਹਾਗਣ ਹੈ ਸਤਪੁੱਤੀ, ਉਅਨੇ ਮੈਨੂੰ ਭੋਜਨ ਦੀਆ।
ਭਾਬੋ ਮੇਰੀ ਸਰਵ ਸੁਹਾਗਣ ਹੈ ਸਤ ਪੁੱਤੀ, ਉਅਨੇ ਮੈਨੂੰ ਭੋਜਨ ਦੀਆ।
ਰਾਮ ਉਅਨੇ ਮੈਨੂੰ ਭੋਜਨ ਦੀਆ।
ਸੱਚ ਦੱਸੀ ਮੇਰੇ ਲਾਡ ਲੜੀਕੜੇ, ਕਿਆ ਕਿਆ ਭੋਜਨ ਦੀਆ।
ਰਾਮ ਕਿਆ ਕਿਆ ਭੋਜਨ ਦੀਆ।
ਗਿਰੂਏ ਛਵਾਰੇ ਸਤ ਪਕਵਾਨੀ, ਦੁੱਧਾਂ ਦੀ ਚਲੂ ਏ ਪਲਾਈ।
ਰਾਮ ਦੁੱਧਾਂ ਦੀ ਚਲੂ ਏ ਪਲਾਈ।
ਸੱਚ ਦਸੀ ਵੇ ਲਾਡ ਲੜੀਕੜੇ, ਕੀਅਨੇ ਤੈਨੂੰ ਭੋਜਨ ਦੀਆ।
ਰਾਮ ਕੀਅਨੇ ਤੈਨੂੰ ਭੋਜਨ ਦੀਆ।

(24)

ਕਰਕੇ ਪ੍ਹੌਲਾ ਪ੍ਹੌਲਾ ਪਿਆਰ, ਕਰਕੇ ਦੋਸਤੋ ਕੋ ਤਿਆਰ,
ਮੇਰਾ ਬ੍ਹਈਆ, ਭ੍ਹਾਬੀ ਕੋ ਲੇਨੇ ਜਾਏਗਾ।
ਸੀਸ ਬਨੋਂ ਕੇ ਚੀਰਾ ਸੋਂਹਵੇ।
ਮੇਰਾ ਬ੍ਹਈਆ, ਕਲਗੀ ਪੇ ਲਾਲ ਲਾਏਗਾ।
ਮੇਰਾ ਬ੍ਹਈਆ, ਭ੍ਹਾਬੀ ਕੋ ਲੇਨੇ ਜਾਏਗਾ।

ਗਲ੍ਹ ਬਨੇਂ ਕੇ ਕੁਰਤਾ ਸੋਂਵੇ।
ਮੇਰਾ ਬੁਈਆ, ਟਾਈਓ ਪੇ ਲਾਲ ਲਾਏਗਾ।
ਮੇਰਾ ਬੁਈਆ, ਬ੍ਹਾਬੀ ਕੋ ਲੇਨੇ ਜਾਏਗਾ।
ਤੇੜ ਬਨੇਂ ਕੇ ਪੈਂਟਾਂ ਸੋਂਵੇ।
ਮੇਰਾ ਬੁਈਆ, ਬੈਲਟੋਂ ਪੇ ਲਾਲ ਲਾਏਗਾ।
ਮੇਰਾ ਬੁਈਆ, ਬ੍ਹਾਬੀ ਕੋ ਲੇਨੇ ਜਾਏਗਾ।
ਪੈਰ ਬਨੇਂ ਕੇ ਜੁੱਤਾ ਸੋਂਵੇ।
ਮੇਰਾ ਬੁਈਆ, ਜਰਾਬੋਂ ਪੇ ਲਾਲ ਲਾਏਗਾ।
ਕਰਕੇ ਪ੍ਹੈਲਾ ਪ੍ਹੈਲਾ ਪਿਆਰ,
ਕਰਕੇ ਦੋਸਤੋ ਕੋ ਤਿਆਰ,
ਮੇਰਾ ਬੁਈਆ, ਬ੍ਹਾਬੀ ਕੋ ਲੇਨੇ ਜਾਏਗਾ।

(25)

ਗੱਡੀ ਟੇਸਣ ਤੇ ਖੜੀਓ, ਵੀਰਾ ਤੇਰੇ ਚੜ੍ਹਨੇ ਨੂੰ।
ਮੇਰੇ ਦਾਦੇ ਨੂੰ ਸਦੀਓ, ਬਰਾਤੇ ਚੜ੍ਹਨੇ ਨੂੰ।
ਮੇਰੀ ਦਾਦੀ ਨੂੰ ਸਦੀਓ, ਸਗਨ ਪੂਰੇ ਕਰਨੇ ਨੂੰ।
ਗੱਡੀ ਟੇਸਣ ਤੇ ਖੜੀਓ, ਵੀਰਾ ਤੇਰੇ ਚੜ੍ਹਨੇ ਨੂੰ।
ਮੇਰੇ ਬਾਬਲ ਨੂੰ ਸਦੀਓ, ਬਰਾਤੇ ਚੜ੍ਹਨੇ ਨੂੰ।
ਮੇਰੀ ਅੰਮਾਂ ਨੂੰ ਸਦੀਓ, ਸਗਨ ਪੂਰੇ ਕਰਨੇ ਨੂੰ।
ਗੱਡੀ ਟੇਸਣ ਤੇ ਖੜੀਓ, ਵੀਰਾ ਤੇਰੇ ਚੜ੍ਹਨੇ ਨੂੰ।
ਮੇਰੇ ਤਾਏ ਨੂੰ ਸਦੀਓ, ਬਰਾਤੇ ਚੜ੍ਹਨੇ ਨੂੰ।
ਮੇਰੀ ਤਾਈ ਨੂੰ ਸਦੀਓ, ਸਗਨ ਪੂਰੇ ਕਰਨੇ ਨੂੰ।
ਮੇਰੇ ਚਾਚੇ ਨੂੰ ਸਦੀਓ, ਬਰਾਤੇ ਚੜ੍ਹਨੇ ਨੂੰ।
ਮੇਰੀ ਚਾਚੀ ਨੂੰ ਸਦੀਓ, ਸਗਨ ਪੂਰੇ ਕਰਨੇ ਨੂੰ।
ਗੱਡੀ ਟੇਸਣ ਤੇ ਖੜੀਓ, ਵੀਰਾ ਤੇਰੇ ਚੜ੍ਹਨੇ ਨੂੰ।
ਮੇਰੇ ਮਾਮੇ ਨੂੰ ਸਦੀਓ, ਬਰਾਤੇ ਚੜ੍ਹਨੇ ਨੂੰ।
ਮੇਰੀ ਮਾਮੀ ਨੂੰ ਸਦੀਓ, ਸਗਨ ਪੂਰੇ ਕਰਨੇ ਨੂੰ।
ਮੇਰੇ ਫੁੱਫੜ ਨੂੰ ਸਦੀਓ, ਬਰਾਤੇ ਚੜ੍ਹਨੇ ਨੂੰ।
ਮੇਰੀ ਬੂਆ ਨੂੰ ਸਦੀਓ, ਸਗਨ ਪੂਰੇ ਕਰਨੇ ਨੂੰ।
ਗੱਡੀ ਟੇਸਣ ਤੇ ਖੜੀਓ, ਵੀਰਾ ਤੇਰੇ ਚੜ੍ਹਨੇ ਨੂੰ।
ਮੇਰੇ ਵੀਰੇ ਨੂੰ ਸਦੀਓ, ਬਰਾਤੇ ਚੜ੍ਹਨੇ ਨੂੰ।
ਮੇਰੀ ਭਾਬੋ ਨੂੰ ਸਦੀਓ, ਸਗਨ ਪੂਰੇ ਕਰਨੇ ਨੂੰ।
ਮੇਰੇ ਜੀਜੇ ਨੂੰ ਸਦੀਓ, ਬਰਾਤੇ ਚੜ੍ਹਨੇ ਨੂੰ।



ਮੇਰੀ ਬੇਬੇ ਨੂੰ ਸਦੀਓ, ਸਗਨ ਪੂਰੇ ਕਰਨੇ ਨੂੰ।
ਗੱਡੀ ਟੇਸਣ ਤੇ ਖੜੀਓ, ਵੀਰਾ ਤੇਰੇ ਚੜ੍ਹਨੇ ਨੂੰ।

(26)

ਗੱਡੀ ਤੇਰੀ ਵੀਰਨਾ ਵੇ ਸਟੀਲ ਦੀ ਬਣੀ।
ਵਿਚ ਬ੍ਹੇਜਾ ਵੀਰਨਾ ਵੇ ਛਕੀਨ ਬਣ ਕੇ।
ਬਾਬਲ ਤੇਰਾ ਵੀਰਨਾ ਉਹ ਵੀ ਰੁੱਸਿਆ ਫਿਰੇ।
ਵੇ ਮਨਾ ਲੈ ਵੀਰਨਾ ਜੰਨ ਸ੍ਹੋਣੀਓ ਸੱਜੇ।
ਗੱਡੀ ਤੇਰੀ ਵੀਰਨਾ ਵੇ ਸਟੀਲ ਦੀ ਬਣੀ।
ਵਿਚ ਬ੍ਹੇਜਾ ਵੀਰਨਾ ਵੇ ਛਕੀਨ ਬਣ ਕੇ।
ਤਾਇਆ ਤੇਰਾ ਵੀਰਨਾ ਉਹ ਵੀ ਰੁੱਸਿਆ ਫਿਰੇ।
ਚਾਚਾ ਤੇਰਾ ਵੀਰਨਾ ਉਹ ਵੀ ਰੁੱਸਿਆ ਫਿਰੇ।
ਵੇ ਮਨਾ ਲੈ ਵੀਰਨਾ ਜੰਨ ਸ੍ਹੋਣੀਓ ਸੱਜੇ।
ਮਾਮਾ ਤੇਰਾ ਵੀਰਨਾ ਉਹ ਵੀ ਰੁੱਸਿਆ ਫਿਰੇ।
ਫੁਫੜ ਤੇਰਾ ਵੀਰਨਾ ਉਹ ਵੀ ਰੁੱਸਿਆ ਫਿਰੇ।
ਵੇ ਮਨਾ ਲੈ ਵੀਰਨਾ ਜੰਨ ਸ੍ਹੋਣੀਓ ਸੱਜੇ।
ਦੋਸਤ ਤੇਰਾ ਵੀਰਨਾ ਉਹ ਵੀ ਰੁੱਸਿਆ ਫਿਰੇ।
ਵੇ ਮਨਾ ਲੈ ਵੀਰਨਾ ਜੰਨ ਸੋਹਣੀਓ ਸਜੇ।

(27)

ਬੇਰੀ ਨਾਲ ਘੁੰਡੇ ਲੱਗੇ ਘੁੰਡੇ ਲਗੇ ਘੁੰਡਿਆਂ ਨਾਲ ਜੰਜੀਰ।
ਰਲ ਮਿਲ ਹੱਥ ਜੋੜ ਹੱਥ ਜੋੜੇ ਜੀਵਣ ਭੈਣਾਂ ਦੇ ਵੀਰ।
ਬੇਰੀ ਨਾਲ ਘੁੰਡੇ ਲੱਗੇ ਘੁੰਡੇ ਲਗੇ ਘੁੰਡਿਆਂ ਨਾਲ ਜੰਜੀਰ।
ਵੀਰਾ ਜੇ ਤੂੰ ਬੰਨ੍ਹਿਆਂ ਗਾਨਾ ਵੀਰਾ ਜੇ ਤੂੰ ਬੰਨ੍ਹਿਆ ਗਾਨਾ।
ਤੇਰਾ ਸਗਨ ਮਨਾਵੇ ਮਾਮਾ ਤੇਰਾ ਸਗਨ ਮਨਾਵੇ ਮਾਮਾ।
ਬੇਰੀ ਨਾਲ ਘੁੰਡੇ ਲੱਗੇ ਘੁੰਡੇ ਲਗੇ ਘੁੰਡਿਆਂ ਨਾਲ ਜੰਜੀਰ।
ਵੀਰਾ ਜੇ ਤੂੰ ਬੰਨ੍ਹਿਆ ਸੇਹ੍ਰਾ ਵੀਰਾ ਜੇ ਤੂੰ ਬੰਨ੍ਹਿਆ ਸੇਹ੍ਰਾ।
ਦੇਵੀਂ ਪੈਹਲਾ ਲਾਗ ਮੇਰਾ ਦੇਵੀਂ ਪੈਹਲਾ ਲਾਗ ਮੇਰਾ।
ਬੇਰੀ ਨਾਲ ਘੁੰਡੇ ਲੱਗੇ ਘੁੰਡੇ ਲਗੇ ਘੁੰਡਿਆਂ ਨਾਲ ਜੰਜੀਰ।
ਵੀਰਾ ਜੇ ਤੂੰ ਲੈ ਆਵੀ ਡੋਲੀ ਵੀਰਾ ਜੇ ਤੂੰ ਲੈ ਆਂਵੀ ਡੋਲੀ।
ਤੇਰੀ ਡੋਲੀ ਤੋਂ ਮੈ ਜਾਵਾਂ ਘੋਲੀ ਤੇਰੀ ਡੋਲੀ ਤੋਂ ਮੈਂ ਜਾਵਾਂ ਘੋਲੀ।
ਬੇਰੀ ਨਾਲ ਘੁੰਡੇ ਲੱਗੇ ਘੁੰਡੇ ਲਗੇ ਘੁੰਡਿਆਂ ਨਾਲ ਜੰਜੀਰ।
ਰਲ ਮਿਲ ਹੱਥ ਜੋੜੇ ਹੱਥ ਜੋੜੇ ਜੀਵਣ ਭੈਣਾਂ ਦੇ ਵੀਰ।

(28)

ਵੀਰਾ ਵੇ ਨੀਲੀ ਘੋੜੀ ਤੇ ਚਾਬਕ ਵਜੇ।
ਵੀਰਾ ਵੇ ਜੰਨ ਬਾਬਲ ਦੇ ਨਾਲ ਸੋਹਣੀਓ ਸਜੇ।
ਵੀਰਾ ਵੇ ਮਾਤਾ ਬੇਲਾਂ ਵਾਰ ਵਾਰ ਰਜੇ।
ਵੀਰਾ ਵੇ ਨੀਲੀ ਘੋੜੀ ਤੇ ਚਾਬਕ ਬਜੇ।
ਵੀਰਾ ਵੇ ਜੰਨ ਤਾਏ ਨਾਲ ਸੋਹਣੀਓ ਸਜੇ।
ਵੀਰਾ ਵੇ ਤਾਈ ਬੇਲਾਂ ਵਾਰ ਵਾਰ ਰਜੇ।
ਵੀਰਾ ਵੇ ਜੰਨ ਚਾਚੇ ਨਾਲ ਸੋਹਣੀਓ ਸਜੇ।
ਵੀਰਾ ਵੇ ਚਾਚੀ ਬੇਲਾਂ ਵਾਰ ਵਾਰ ਰਜੇ।
ਵੀਰਾ ਵੇ ਨੀਲੀ ਘੋੜੀ ਤੇ ਚਾਬਕ ਬਜੇ।
ਵੀਰਾ ਵੇ ਜੰਨ ਮਾਮੇ ਨਾਲ ਸੋਹਣੀਓ ਸਜੇ।
ਵੀਰਾ ਵੇ ਮਾਮੀ ਬੇਲਾਂ ਵਾਰ ਵਾਰ ਰਜੇ।
ਵੀਰਾ ਵੇ ਜੰਨ ਫੁੱਫੜ ਨਾਲ ਸੋਹਣੀਓ ਸਜੇ।
ਵੀਰਾ ਵੇ ਬੂਆ ਬੇਲਾਂ ਵਾਰ ਵਾਰ ਰਜੇ।
ਵੀਰਾ ਵੇ ਨੀਲੀ ਘੋੜੀ ਦੇ ਚਾਬਕ ਵਜੇ।
ਵੀਰਾ ਵੇ ਜੰਨ ਜੀਜੇ ਨਾਲ ਸੋਹਣੀਓ ਸਜੇ।
ਵੀਰਾ ਵੇ ਬੇਬੇ ਬੇਲਾਂ ਬਾਰ ਬਾਰ ਰਜੇ।
ਵੀਰਾ ਵੇ ਜੰਨ ਵੀਰੇ ਨਾਲ ਸੋਹਣੀਓ ਸਜੇ।
ਵੀਰਾ ਵੇ ਭਾਬੋ ਬੇਲਾਂ ਵਾਰ ਵਾਰ ਰਜੇ।
ਵੀਰਾ ਵੇ ਨੀਲੀ ਘੋੜੀ ਦੇ ਚਾਬਕ ਵਜੇ।

(29)

ਬੰਨਰੇ ਬੰਨਰੀ ਕਾ ਬੜਾ ਚੌ, ਚਲ ਦੀਆ ਸਿਖਰ ਦੁਪ੍ਹੈਰੇ ਮਾ।
ਸੀਸ ਬਨੇ ਕੇ ਚੀਰਾ ਸੋਂਵੇ, ਸੀਸ ਬਨੇ ਕੇ ਚੀਰਾ ਸੋਂਵੇ।
ਕਲਗੀ ਸਜੇ ਦੂਪ੍ਹੈਰੇ ਮਾਂ, ਕਲਗੀ ਸਜੇ ਦੂਪ੍ਹੈਰੇ ਮਾ।
ਬੰਨਰੇ ਬੰਨਰੀ ਕਾ ਬੜਾ ਚੌ, ਚਲ ਦੀਆ ਸਿਖਰ ਦੁਪ੍ਹੈਰੇ ਮਾ।
ਗਲ ਬੰਨੇ ਕੇ ਕੁਰਤਾ ਸੋਂਵੇ, ਗਲ ਬੰਨੇ ਕੇ ਕੁਰਤਾ ਸੋਵੇ।
ਟਾਈਆਂ ਸਜੇ ਦੁਪ੍ਹੈਰੇ ਮਾ, ਟਾਈਆਂ ਸਜੇ ਦੂਪ੍ਹੈਰੇ ਮਾ।
ਬੰਨਰੇ ਬੰਨਰੀ ਕਾ ਬੜਾ ਚੌ, ਚਲ ਦੀਆ ਸਿਖਰ ਦੁਪ੍ਹੈਰੇ ਮਾ।
ਤੇੜ ਬੰਨੇ ਕੇ ਪੈਂਟਾ ਸੋਂਵੇ, ਤੇੜ ਬੰਨੇ ਕੇ ਪੈਂਟਾ ਸੋਂਵੇ।
ਬੈਲਟਾਂ ਸਜੇ ਦੂਪ੍ਹੈਰੇ ਮਾ, ਬੈਲਟਾਂ ਸਜੇ ਦੂ ਪ੍ਹੈਰੇ ਮਾ।
ਬੰਨਰੇ ਬੰਨਰੀ ਕਾ ਬੜਾ ਚੌ, ਚਲ ਦੀਆ ਸਿਖਰ ਦੂਪ੍ਹੈਰੇ ਮਾ।
ਪੈਰ ਬੰਨੇ ਕੇ ਜੂਤਾ ਸੋਂਵੇ, ਪੈਰ ਬੰਨੇ ਕੇ ਜੁੱਤਾ ਸੋਂਵੇ,



ਜਰਾਬਾਂ ਸਜੇ ਦੂਪ੍ਹੈਰੇ ਮਾਂ ਜਰਾਬਾਂ ਸਜੇ ਦੂਪ੍ਹੈਰੇ ਮਾ।
ਬੰਨਰੇ ਬੰਨਰੀ ਕਾ ਬੜਾ ਚੌ, ਚਲ ਦੀਆ ਸਿਖਰ ਦੁਪ੍ਹੈਰੇ ਮਾ।
ਹਾਥ ਵੀਰੇ ਕੇ ਮੁੰਦਰੀ ਸੋਂਵੇ, ਹਾਥ ਵੀਰੇ ਕੇ ਮੁੰਦਰੀ ਸੋਂਵੇ,
ਘੜੀਆਂ ਸਜੇ ਦੂਪ੍ਹੈਰੇ ਮਾ ਘੜੀਆਂ ਸਜੇ ਦੂਪ੍ਹੈਰੇ ਮਾ।
ਬੰਨਰੇ ਬੰਨਰੀ ਕਾ ਬੜਾ ਚੌ, ਚਲ ਦੀਆ ਸਿਖਰ ਦੁਪ੍ਹੈਰੇ ਮਾ।

(30)

ਬੰਨੇ ਕੱਚੀ ਪੱਕੀ ਕਲੀਆਂ ਤੌੜ ਕਾ।
ਸੂਹਾ ਚੀਰਾ ਰੰਗਵਾਈਓ ਮੇਰੇ ਛੈਲ ਬੰਨੇ।
ਬੰਨੇ ਸੂਹਾ ਸੂਹਾ ਚੀਰਾ ਪੇਹਨ ਕਾ।
ਸੌਹੁਰੇ ਘਰ ਜਾਈਓ ਮੇਰੇ ਛੈਲ ਬੰਨੇ।
ਬੰਨੇ ਸੌਹੁਰੇ ਗਲੀਆਂ ਭੀੜੀਆਂ।
ਘੋੜਾ ਸੈਹਜ ਦੁੜਾਈਓ ਮੇਰੇ ਛੈਲ ਬੰਨੇ।
ਬੰਨੇ ਸਾਸੜ ਤੇਰੀ ਚੋਬਲੀ।
ਮੱਥਾ ਟੇਕ ਲਖ ਜਾਈਓ ਮੇਰੇ ਛੈਲ ਬੰਨੇ।
ਬੰਨੇ ਸਾਲੀਆਂ ਬਾਰਾਂ ਤਾਲ਼ੀਆਂ।
ਸੀਟੀ ਮਾਰ ਲਖ ਜਾਈਓ ਮੇਰੇ ਛੈਲ ਬੰਨੇ।
ਬੰਨੇ ਛੋਟੀ ਸਾਲੀ ਲਾਡਲੀ,
ਜਰਾ ਹਸ ਬਤਲ਼ਾਈਓ ਮੇਰੇ ਛੈਲ ਬੰਨੇ।
ਬੰਨੇ ਕੱਚੀ ਪੱਕੀ ਕਲੀਆਂ ਤੌੜ ਕਾ।
ਸੂਹਾ ਚੀਰਾ ਰੰਗਵਾਈਓ ਮੇਰੇ ਛੈਲ ਬੰਨੇ।

(31)

ਵੇ ਵੀਰਾ ਰਾਵੀ ਦੇ ਕੰਢੇ, ਬੂੰਦਾ ਵਰਸਣ ਨੂੰ ਆਈਆਂ।
ਵੇ ਵੀਰਾ ਭੀਜੂੰਗੇ ਤੇਰੇ ਕਪੜੇ, ਨਾਲ਼ੇ ਬੰਨੇ ਦਾ ਡੋਲਾ।
ਵੇ ਵੀਰਾ ਕੌਣ ਸਕਾਊ ਤੇਰੇ ਕਪੜੇ, ਨਾਲ਼ੇ ਬੰਨੈ ਦਾ ਡੋਲਾ।
ਨੀ ਭੈਣੇ ਬਾਬਲ ਸਕਾਊ ਮੇਰੇ ਕਪੜੇ, ਅੰਮਾ ਬੰਨੋ ਦਾ ਡੋਲਾ।
ਵੇ ਵੀਰਾ ਕਿੱਥੇ ਸੱਕਾਵਾਂ ਤੇਰੇ ਕਪੜੇ, ਨਾਲ਼ੇ ਬੰਨੋ ਦਾ ਡੋਲਾ।
ਨੀ ਭੈਣੇ ਬਾਗੀਂ ਸਕਾਈਂ ਮੇਰੇ ਕਪੜੇ, ਮੋਲ੍ਹੀਂ ਬੰਨੋਂ ਦਾ ਡੋਲਾ।
ਵੇ ਵੀਰਾ ਰਾਵੀ ਦੇ ਕੰਢੇ, ਬੂੰਦਾ ਵਰਸਣ ਨੂੰ ਆਈਆਂ।
ਵੇ ਵੀਰਾ ਭੀਜੂੰਗੇ ਤੇਰੇ ਕਪੜੇ, ਨਾਲ਼ੇ ਬੰਨੈ ਦਾ ਡੋਲਾ।
ਵੇ ਵੀਰਾ ਕੌਣ ਸਕਾਊ ਤੇਰੇ ਕਪੜੇ, ਨਾਲ਼ੇ ਬੰਨੋ ਦਾ ਡੋਲਾ।
ਨੀ ਭੈਣੇ ਤਾਇਆ ਸਕਾਊ ਮੇਰੇ ਕਪੜੇ, ਤਾਈ ਬੰਨੋ ਦਾ ਡੋਲਾ।

ਨੀ ਭੈਣੇ ਚਾਚਾ ਸਕਾਊ ਮੇਰੇ ਕਪੜੇ, ਚਾਚੀ ਬੰਨੇ ਦਾ ਡੋਲਾ।
ਵੇ ਵੀਰਾ ਰਾਵੀ ਦੇ ਕੰਢੇ, ਬੂੰਦਾ ਵਰਸਣ ਨੂੰ ਆਈਆਂ।
ਵੇ ਵੀਰਾ ਭੀਜੂੰਗੇ ਤੇਰੇ ਕਪੜੇ, ਨਾਲੇ ਬੰਨੇ ਦਾ ਡੋਲਾ।
ਵੇ ਵੀਰਾ ਕੌਣ ਸਕਾਊ ਤੇਰੇ ਕਪੜੇ, ਨਾਲੇ ਬੰਨੇ ਦਾ ਡੋਲਾ।
ਨੀ ਭੈਣੇ ਮਾਮਾ ਸਕਾਊ ਮੇਰੇ ਕਪੜੇ, ਮਾਮੀ ਬੰਨੇ ਦਾ ਡੋਲਾ।
ਨੀ ਭੈਣੇ ਫੁਫੜ ਸਕਾਊ ਮੇਰੇ ਕਪੜੇ, ਬੂਆ ਬੰਨੇ ਦਾ ਡੋਲਾ।
ਵੇ ਵੀਰਾ ਰਾਵੀ ਦੇ ਕੰਢੇ, ਬੂੰਦਾ ਵਰਸਣ ਨੂੰ ਆਈਆਂ।
ਵੇ ਵੀਰਾ ਭੀਜੂੰਗੇ ਤੇਰੇ ਕਪੜੇ, ਨਾਲੇ ਬੰਨੇ ਦਾ ਡੋਲਾ।
ਵੇ ਵੀਰਾ ਕੌਣ ਸਕਾਊ ਤੇਰੇ ਕਪੜੇ, ਨਾਲੇ ਬੰਨੇ ਦਾ ਡੋਲਾ।
ਨੀ ਭੈਣੇ ਵੀਰਾ ਸਕਾਊ ਮੇਰੇ ਕਪੜੇ, ਭਾਬੋ ਬੰਨੇ ਦਾ ਡੋਲਾ।
ਵੇ ਵੀਰਾ ਰਾਵੀ ਦੇ ਕੰਢੇ, ਬੂੰਦਾ ਵਰਸਣ ਨੂੰ ਆਈਆਂ।

(32)

ਰੜੇ ਮਦਾਨ ਵੀਰਾ ਬਾਲੀਵਾਲ ਖੇਲਦਾ, ਫੁਟਵਾਲ ਖੇਲਦਾ,
ਚੀਰੇ ਉਤੇ ਪੈ ਗਈ ਧੂੜ।
ਚੀਰੇ ਉਤੇ ਪੈ ਗਈ ਧੂੜ ਮੇਰੇ ਵੀਰ ਜੀ, ਚੀਰੇ ਉਤੇ ਪੈ ਗਈ ਧੂੜ।
ਵੀਰ ਜੀ ਦੇ ਚੀਰੇ ਨੂੰ ਰੁਮਾਲ ਨਾਲ ਪੋਚਦੀ, ਮੈਂ ਚੁੰਨੀ ਨਾਲ ਪੋਚਦੀ,
ਸ੍ਹੌਰਿਆਂ ਨੂੰ ਜਾਣਾ ਏ ਜ਼ਰੂਰ।
ਸ੍ਹੌਰਿਆਂ ਨੂੰ ਜਾਣਾ ਏ ਜ਼ਰੂਰ ਮੇਰੇ ਵੀਰ ਜੀ, ਸੌਰਿਆਂ ਨੂੰ ਜਾਣਾ ਏ ਜ਼ਰੂਰ।
ਰੜੇ ਮਦਾਨ ਵੀਰਾ ਬਾਲੀਵਾਲ ਖੇਲਦਾ, ਫੁਟਵਾਲ ਖੇਲਦਾ,
ਟਾਈਆਂ ਉਤੇ ਪੈ ਗਈ ਧੂੜ।
ਟਾਈਆਂ ਉਤੇ ਪੈ ਗਈ ਧੂੜ ਮੇਰੇ ਵੀਰ ਜੀ, ਟਾਈਆਂ ਉਤੇ ਪੈ ਗਈ ਧੂੜ।
ਵੀਰ ਜੀ ਦੀਆਂ ਟਾਈਆਂ ਨੂੰ ਰੁਮਾਲ ਨਾਲ ਪੋਚਦੀ, ਚੁੰਨੀ ਨਾਲ ਪੋਚਦੀ
ਸ੍ਹੌਰਿਆਂ ਨੂੰ ਜਾਣਾ ਏ ਜ਼ਰੂਰ।
ਸ੍ਹੌਰਿਆਂ ਨੂੰ ਜਾਣਾ ਏ ਜ਼ਰੂਰ ਮੇਰੇ ਵੀਰ ਜੀ, ਸ੍ਹੌਰਿਆਂ ਨੂੰ ਜਾਣਾ ਏ ਜ਼ਰੂਰ।
ਰੜੇ ਮਦਾਨ ਵੀਰਾ ਬਾਲੀਵਾਲ ਖੇਲਦਾ, ਫੁਟਵਾਲ ਖੇਲਦਾ
ਜੋੜੇ ਉਤੇ ਪੈ ਗਈ ਧੂੜ ਮੇਰੇ ਵੀਰ ਜੀ, ਜੋੜੇ ਉਤੇ ਪੈ ਗਈ ਧੂੜ,
ਬੂਟਾਂ ਉਤੇ ਪੈ ਗਈ ਧੂੜ ਮੇਰੀ ਵੀਰ ਜੀ, ਬੂਟਾ ਉਤੇ ਪੈ ਗਈ ਧੂੜ,
ਰੜੇ ਮਦਾਨ ਵੀਰਾ ਬਾਲੀਵਾਲ ਖੇਲਦਾ, ਫੁਟਵਾਲ ਖੇਲਦਾ
ਕਲਗੀ ਉਤੇ ਪੈ ਗਈ ਧੂੜ।
ਕਲਗੀ ਉਤੇ ਪੈ ਗਈ ਧੂੜ ਮੇਰੇ ਵੀਰ ਜੀ, ਕਲਗੀ ਉਤੇ ਪੈ ਗਈ ਧੂੜ।
ਵੀਰ ਜੀ ਦੀ ਕਲਗੀ ਨੂੰ ਰੁਮਾਲ ਨਾਲ ਪੋਚਦੀ, ਚੁੰਨੀ ਨਾਲ ਪੋਚਦੀ,
ਸ੍ਹੌਰਿਆਂ ਨੂੰ ਜਾਣਾ ਏ ਜ਼ਰੂਰ।
ਸ੍ਹੌਰਿਆਂ ਨੂੰ ਜਾਣਾ ਏ ਜ਼ਰੂਰ ਮੇਰੇ ਵੀਰ ਜੀ, ਸ੍ਹੌਰਿਆ ਨੂੰ ਜਾਣਾ ਏ ਜ਼ਰੂਰ।



(33)

ਬੰਨਾ ਆਵਾ ਅੰਧੇਰੀ ਰਾਤ ਰੋਸਨੀ ਬਿਜਲੀ ਕੀ।
ਤੇਰੇ ਦਾਦਾ ਜੀ ਨੇ ਬਿਜਲੀ ਲਵੈ ਦਈ ਓ,
ਦਾਦੀ ਰਾਣੀ ਨੇ ਖਿੱਚ ਦਈ ਡੋਰ, ਰੋਸਨੀ ਬਿਜਲੀ ਕੀ।
ਬੰਨਾ ਆਵਾ ਅੰਧੇਰੀ ਰਾਤ ਰੋਸਨੀ ਬਿਜਲੀ ਕੀ।
ਤੇਰੇ ਤਾਇਆ ਜੀ ਨੇ ਬਿਜਲੀ ਲਵੈ ਦਈ ਓ,
ਤੇਰੇ ਚਾਚਾ ਜੀ ਨੇ ਬਿਜਲੀ ਲਵੈ ਦਈ ਓ,
ਤਾਈ ਰਾਣੀ ਨੇ ਖਿੱਚ ਦਈ ਡੋਰ ਰੋਸਨੀ ਬਿਜਲੀ ਕੀ।
ਚਾਚੀ ਰਾਣੀ ਨੇ ਖਿੱਚ ਦਈ ਡੋਰ ਰੋਸਨੀ ਬਿਜਲੀ ਕੀ।
ਬੰਨਾ ਆਵਾ ਅੰਧੇਰੀ ਰਾਤ ਰੋਸਨੀ ਬਿਜਲੀ ਕੀ।
ਤੇਰੇ ਮਾਮਾ ਜੀ ਨੇ ਬਿਜਲੀ ਲਵੈ ਦਈ ਓ,
ਤੇਰੇ ਫੁਫਾ ਜੀ ਨੇ ਬਿਜਲੀ ਲਵੈ ਦਈ ਓ,
ਮਾਮੀ ਰਾਣੀ ਨੇ ਖਿੱਚ ਦਈ ਡੋਰ ਰੋਸਨੀ ਬਿਜਲੀ ਦੀ।
ਬੂਆ ਰਾਣੀ ਨੇ ਖਿੱਚ ਦਈ ਡੋਰ ਰੋਸਨੀ ਬਿਜਲੀ ਦੀ।
ਬੰਨਾ ਆਵਾ ਅੰਧੇਰੀ ਰਾਤ ਰੋਸਨੀ ਬਿਜਲੀ ਕੀ।
ਤੇਰੇ ਵੀਰਾ ਜੀ ਨੇ ਬਿਜਲੀ ਲਵੈ ਦਈ ਓ,
ਭਾਬੋ ਰਾਣੀ ਨੇ ਖਿੱਚ ਦਈ ਡੋਰ ਰੋਸਨੀ ਬਿਜਲੀ ਦੀ।
ਬੰਨਾ ਆਵਾ ਅੰਧੇਰੀ ਰਾਤ ਰਸਨੀ ਬਿਜਲੀ ਕੀ।

(34)

ਬਾਬਲ ਗਲੀ ਮਤ ਜਾਈਓ ਮੇਰੇ ਬੰਨਰੇ, ਅੰਮਾ ਨਜ਼ਰੀਆ ਲਗੌ ਦੇਗੀ।
ਮੇਰੀ ਗਲੀ ਚਲੇ ਆਨਾ ਮੇਰੇ ਬੰਨਰੇ, ਰਥ ਪਰ ਮੋਹਲ ਚਣੈ ਦਿਊਂਗੀ।
ਰਥ ਪਰ ਮੋਹਲ, ਮੋਹਲ ਪਰ ਝੰਡਾ, ਝੰਡੇ ਪੈ ਓਮ ਲਿਖਵੈ ਦਿਊਂਗੀ।
ਤਾਇਆ ਗਲੀ ਮਤ ਜਾਨਾ ਮੇਰੇ ਬੰਨਰੇ, ਤਾਈ ਨਜ਼ਰੀਆ ਲਗੌ ਦੇਗੀ।
ਚਾਚਾ ਗਲੀ ਮਤ ਜਾਨਾ ਮੇਰੇ ਬੰਨਰੇ, ਚਾਚੀ ਨਜ਼ਰੀਆ ਲਗੌ ਦੇਗੀ।
ਮੇਰੀ ਗਲੀ ਚਲੇ ਆਨਾ ਮੇਰੇ ਬੰਨਰੇ, ਰਥ ਪਰ ਮੋਹਲ ਚਣੈ ਦਿਊਂਗੀ।
ਰਥ ਪਰ ਮੋਹਲ, ਮੋਹਲ ਪਰ ਝੰਡਾ, ਝੰਡੇ ਪੈ ਓਮ ਲਿਖਵੈ ਦਿਊਂਗੀ।
ਮਾਮਾ ਗਲੀ ਮਤ ਜਾਨਾ ਮੇਰੇ ਬੰਨਰੇ, ਮਾਮੀ ਨਜ਼ਰੀਆ ਲਗੌ ਦੇਗੀ।
ਫੁਫਾ ਗਲੀ ਚਲੇ ਆਨਾ ਮੇਰੇ ਬੰਨਰੇ, ਬੂਆ ਨਜ਼ਰੀਆ ਲਗੌ ਦੇਗੀ।
ਮੇਰੀ ਗਲੀ ਚਲੇ ਆਨਾ ਮੇਰੇ ਬੰਨਰੇ, ਰਥ ਪਰ ਮੋਹਲ ਚਣੈ ਦਿਊਂਗੀ।
ਰੱਥ ਪਰ ਮੋਹਲ, ਮੋਹਲ ਪਰ ਝੰਡਾ, ਝੰਡੇ ਪੈ ਓਮ ਲਿਖਵੈ ਦਿਊਂਗੀ।
ਵੀਰਾ ਗਲੀ ਮਤ ਜਾਨਾ ਮੇਰੇ ਬੰਨਰੇ, ਭਾਬੋ ਨਜ਼ਰੀਆ ਲਗੌ ਦੇਗੀ।
ਮੇਰੀ ਗਲੀ ਚਲੇ ਆਨਾ ਮੇਰੇ ਬੰਨਰੇ, ਰਥ ਪਰ ਮੋਹਲ ਚਣੈ ਦਿਊਂਗੀ।
ਰੱਥ ਪਰ ਮੋਹਲ, ਮੋਹਲ ਪਰ ਝੰਡਾ, ਝੰਡੇ ਪੈ ਓਮ ਲਿਖਵੈ ਦਿਊਂਗੀ।

(35)

ਵੀਰਾ ਚੰਨਣ ਬੰਨਣ ਦੀ ਰਾਤ, ਤਾਰੇ ਟਹਿਕ ਰਹੇ।
ਵੀਰਾ ਕਿੱਥੇ ਗਵਾਈ ਸਾਰੀ ਰਾਤ, ਤੂੰ ਮੇਰਾ ਨਿਆਣਾ ਬੰਨਰਾ।
ਮੈ ਤੇ ਗਇਆ ਤਾ ਪਾਧੇ ਕੇ ਪਾਸ ਬੰਨੇ ਦੇ ਸਾਹੇ ਵਾਸਤੇ।
ਵੀਰਾ ਸਾਹਾ ਸਧਾਵਾ ਤੇਰਾ ਬਾਪ ਤੂੰ ਮੇਰਾ ਨਿਆਣਾ ਬੰਨਰਾ।
ਮੈਂ ਤੇ ਗਇਆ ਤਾ ਸਨਿਆਰੇ ਦੀ ਹਾਟ, ਬੰਨੇ ਦੇ ਗੁੈਣਿਆਂ ਨੂੰ।
ਵੀਰਾ ਗੁੈਣੇ ਖਰੀਦਾ ਤੇਰਾ ਬਾਪ, ਤੂੰ ਮੇਰਾ ਨਿਆਰਾ ਬੰਨਰਾ।
ਵੀਰਾ ਚੰਨਣ ਬੰਨਣ ਦੀ ਰਾਤ, ਤਾਰੇ ਟਹਿਕ ਰਹੇ।
ਵੀਰਾ ਕਿਥੇ ਗਵਾਈ ਸਾਰੀ ਰਾਤ, ਤੂੰ ਮੇਰਾ ਸਿਆਣਾ ਬੰਨਰਾ।
ਮੈਂ ਤੇ ਗਇਆ ਤਾ ਬਜਾਜੀ ਦੀ ਹਾਟ, ਬੰਨੇ ਦੀ ਬਰੀਆਂ ਨੂੰ।
ਵੀਰਾ ਬਰੀਆਂ ਖਰੀਦੇ ਤੇਰਾ ਬਾਪ, ਤੂੰ ਮੇਰਾ ਨਿਆਣਾ ਬੰਨਰਾ।
ਵੀਰਾ ਚੰਨਣ, ਬੰਨਣ ਦੀ ਰਾਤ, ਤਾਰੇ ਟਹਿਕ ਰਹੇ।
ਵੀਰਾ ਕਿੱਥੇ ਗਵਾਈ ਸਾਰੀ ਰਾਤ, ਤੂੰ ਮੇਰਾ ਨਿਆਣਾ ਬੰਨਰਾ।
ਮੈਂ ਤੇ ਗਇਆ ਤਾ ਮੋਚੀ ਪਾਸ, ਬੰਨੇ ਦੇ ਸੈਂਡਲਾਂ ਨੂੰ।
ਵੀਰਾ ਸੈਂਡਲ ਲਿਆਵਾ ਤੇਰਾ ਬਾਪ, ਤੂੰ ਮੇਰਾ ਨਿਆਣਾ ਬੰਨਰਾ।
ਵੀਰਾ ਚੰਨਣ ਬੰਨਣ ਦੀ ਰਾਤ, ਤਾਰੇ ਟਹਿਕ ਰਹੇ।
ਵੀਰਾ ਕਿਥੇ ਗਵਾਈ ਸਾਰੀ ਰਾਤ, ਤੂੰ ਮੇਰਾ ਨਿਆਣਾ ਬੰਨਰਾ।

(36)

ਆਜ ਆਨੰਦ ਬੰਨਾ ਖੁਸ਼ੀਆਂ ਮਨਾਤਾ ਹੋਗਾ।
ਆਜ ਆਨੰਦ ਬੰਨਾ ਬਨੀ ਕੇ ਘਰ ਜਾਤਾ ਹੋਗਾ।
ਮੋਟਰ ਮੇ ਬੈਠੇ ਹੋਗੇ ਬਾਬਾ ਜੀ ਸਾਥ ਹੋਗੇ।
ਫੇਰੋਂ ਪੇ ਬੈਠੇ ਹੋਗੇ ਬ੍ਰਾਈਓ ਦੀ ਭ੍ਰੀੜ ਹੋਗੀ।
ਅਗਨੀ ਚੁਫੇਰਾ ਬੰਨਾ ਬੰਨੀ ਕੇ ਫਿਰਾਤਾ ਹੋਗਾ।
ਬੰਨੇ ਕੇ ਆਗੇ ਆਗੇ ਸਖੀਉ ਕੀ ਬੀੜ੍ਹ ਹੋਗੀ।
ਆਪਣੀ ਅੰਗੂਠੀ ਬੰਨਾ ਬੰਨੀ ਸੇ ਬਦਲਾਤਾ ਹੋਗਾ।
ਆਜ ਆਨੰਦ ਬੰਨਾ ਖੁਸ਼ੀਆਂ ਮਨਾਤਾ ਹੋਗਾ।
ਮੋਟਰ ਮੇ ਬੈਠੇ ਹੋਗੇ ਤਾਇਆ ਵੀ ਸਾਥ ਹੋਗੇ।
ਮੋਟਰ ਮੇ ਬੈਠੇ ਹੋਗੇ ਚਾਚਾ ਵੀ ਸਾਥ ਹੋਗੇ।
ਆਜ ਆਨੰਦ ਬੰਨਾ ਖੁਸ਼ੀਆਂ ਮਨਾਤਾ ਹੋਗਾ।
ਮੋਟਰ ਮੇ ਬੈਠੇ ਹੋਗੇ ਮਾਮਾ ਵੀ ਸਾਥ ਹੋਗੇ।
ਮੋਟਰ ਮੇ ਬੈਠੇ ਹੋਗੇ ਫੁਫੜ ਵੀ ਸਾਥ ਹੋਗੇ।
ਆਜ ਆਨੰਦ ਬੰਨਾ ਖੁਸ਼ੀਆਂ ਮਨਾਤਾ ਹੋਗਾ।



ਜੀਜਾ ਵੀ ਸਾਥ ਹੋਗੇ ਵੀਰਾ ਵੀ ਸਾਥ ਹੋਗੇ।
ਆਜ ਆਨੰਦ ਬੰਨਾ  ਖੁਸੀਆਂ ਮਨਾਤਾ ਹੋਗਾ।
ਫੇਰੇ ਪੇ ਬੈਠੇ ਹੋਗੇ ਬ੍ਰਾਈਓ ਦੀ ਭ੍ਰੀੜ ਹੋਗੀ।
ਅਗਨੀ ਚੁਫੇਰਾ ਬੰਨਾ ਬੰਨੀ ਕੇ ਫਿਰਾਤਾ ਹੋਗਾ।
ਬੰਨੇ ਕੇ ਆਗੇ ਆਗੇ ਸਖੀਓ ਕੀ ਭ੍ਰੀੜ ਹੋਗੀ।
ਆਪਣੀ ਅੰਗੂਠੀ ਬੰਨਾ ਬੰਨੀ ਸੇ ਬਦਲਾਤਾ ਹੋਗਾ।
ਆਜ ਆਨੰਦ ਬੰਨਾ ਖੁਸੀਆਂ ਮਨਾਤਾ ਹੋਗਾ।
ਆਜ ਆਨੰਦ ਬੰਨਾ ਬੰਨੀ ਕੇ ਘਰ ਜਾਤਾ ਹੋਗਾ।

(37)

ਮਾਂਗ ਰਿਹਾ ਰੀ ਬੀਬੀ ਕਾ ਬੰਨਾ ਰੇਡੀਓ।
ਮ੍ਹਾਰੇ ਤੋ ਘਰ ਮਾ ਬਾਬਲ ਜੀ ਬੜੇ ਹੈਂ।
ਵਹੀ ਦੇਂਗੇ ਜੀ - - - ਉਹੋ- - - ।
ਵਹੀ ਦੇਂਗੇ ਜੀ ਜੰਗਲ ਵਾਸੇ ਮੇ ਰਵੇ ਰੇਡੀਓ।
ਮਾਂਗ ਰਿਹਾ ਰਬੀ ਬੀਬੀ ਕਾ ਬੰਨਾ ਰੇਡੀਓ।
ਮ੍ਹਾਰੇ ਤੋ ਘਰ ਮਾ ਤਾਇਆ ਜੀ ਬੜੇ ਹੈਂ।
ਮ੍ਹਾਰੇ ਤੋ ਘਰ ਮਾ ਚਾਚਾ ਜੀ ਬੜੇ ਹੈਂ।
ਵਹੀ ਦੇਂਗੇ ਜੀ - - - ਉਹੋ - -  - ।
ਵਹੀ ਦੇਂਗੇ ਜੀ, ਜੰਗਲ ਵਾਸੇ ਮੇ ਰੇਡੀਓ।
ਮਾਂਗ ਰਿਹਾ ਰੀ ਬੀਬੀ ਕਾ ਬੰਨਾ ਰੇਡੀਓ।
ਮ੍ਹਾਰੇ ਤੋ ਘਰ ਮਾ ਮਾਮਾ ਜੀ ਬੜੇ ਹੈਂ।
ਮ੍ਹਾਰੇ ਤੋ ਘਰ ਮਾ ਫੁਫੜ ਜੀ ਬੜੇ ਹੈਂ।
ਵਹੀ ਦੇਂਗੇ ਜੀ - - - ਉਹੋ - - - -।
ਵਹੀ ਦੇਂਗੇ ਜੀ ਜੰਗਲ ਵਾਸੇ ਮੇ ਰੇਡੀਓ।
ਮਾਂਗ ਰਿਹਾ ਰੀ ਬੀਬੀ ਕਾ ਬੰਨਾ ਰੇਡੀਓ।

(38)

ਬੰਨਾ ਖੜਿਆ ਬਾਜ਼ਾਰ ਵਿਚ ਨਾਰ ਮੰਗਦਾ।
ਆਪਣੇ ਬਾਬਾ ਸੇ ਡੇਢ ਹਜ਼ਾਰ ਮੰਗਦਾ।
ਆਪਣੀ ਅੰਮਾ ਸੇ ਲਾਲ ਗੁਲਾਲ ਮੰਗਦਾ।
ਆਪਣੀ ਲਾਡੋ ਸੇ ਗੁੰਠੀ ਰੁਮਾਲ ਮੰਗਦਾਂ।
ਬੰਨਾ ਖੜਿਆ ਬਾਜ਼ਾਰ ਵਿਚ ਨਾਰ ਮੰਗਦਾ।
ਆਪਣੇ ਬਾਬਲ ਸੇ ਡੇਢ ਹਜ਼ਾਰ ਮੰਗਦਾ।

ਆਪਣੀ ਮਾਤਾ ਸੇ ਲਾਲ ਗੁਲਾਲ ਮੰਗਦਾ।
ਆਪਣੀ ਲਾਡੋ ਸੇ ਗੁੰਠੀ ਰੁਮਾਲ ਮੰਗਦਾ।
ਬੰਨਾ ਖੜਿਆ ਬਾਜ਼ਾਰ ਵਿਚ ਨਾਰ ਮੰਗਦਾ।
ਆਪਣੇ ਤਾਇਆ ਸੇ ਡੇਢ ਹਜ਼ਾਰ ਮੰਗਦਾ।
ਆਪਣੀ ਤਾਈ ਸੇ ਲਾਲ ਗੁਲਾਲ ਮੰਗਦਾ।
ਆਪਣੀ ਲਾਡੋ ਸੇ ਗੁੰਠੀ ਰੁਮਾਲ ਮੰਗਦਾ।
ਬੰਨਾ ਖੜਿਆ ਬਾਜ਼ਾਰ ਵਿਚ ਨਾਰ ਮੰਗਦਾ।
ਆਪਣੇ ਚਾਚਾ ਸੇ ਡੇਢ ਹਜ਼ਾਰ ਮੰਗਦਾ।
ਆਪਣੀ ਚਾਚੀ ਸੇ ਲਾਲ ਗੁਲਾਲ ਮੰਗਦਾ।
ਆਪਣੀ ਲਾਡੋ ਸੇ ਗੁੰਠੀ ਰੁਮਾਲ ਮੰਗਦਾ।
ਬੰਨਾ ਖੜਿਆ ਬਾਜ਼ਾਰ ਵਿਚ ਨਾਰ ਮੰਗਦਾ।
ਆਪਣੇ ਮਾਮਾ ਸੇ ਡੇਢ ਹਜ਼ਾਰ ਮੰਗਦਾ।
ਆਪਣੀ ਮਾਮੀ ਸੇ ਲਾਲ ਗੁਲਾਲ ਮੰਗਦਾ।
ਆਪਣੀ ਲਾਡੋ ਸੇ ਗੁੰਠੀ ਰੁਮਾਲ ਮੰਗਦਾ।
ਬੰਨਾ ਖੜਿਆ ਬਾਜ਼ਾਰ ਵਿਚ ਨਾਰ ਮੰਗਦਾ।
ਆਪਣੇ ਫੂਫਾ ਸੇ ਡੇਢ ਹਜ਼ਾਰ ਮੰਗਦਾ।
ਆਪਣੀ ਬੂਆ ਸੇ ਲਾਲ ਗੁਲਾਲ ਮੰਗਦਾ।
ਆਪਣੀ ਲਾਡੋ ਸੇ ਗੁੰਠੀ ਰੁਮਾਲ ਮੰਗਦਾ।
ਬੰਨਾ ਖੜਿਆ ਬਾਜ਼ਾਰ ਵਿਚ ਨਾਰ ਮੰਗਦਾ।

(39)

ਆਗਰੇ ਕਾ ਤਾਜਮੋਹਲ ਦਿੱਲੀ ਕਾ ਕਿਲਾ,
ਬੰਨਰੀ ਕੋ ਬੰਨਰਾ ਬਜ਼ਾਰ ਮੇ ਮਿਲਾ।
ਜਬ ਸੇ ਬੰਨਾ ਬਿਆਹ ਕਰਵਾਇਆ,
ਦਾਦੇ ਸੇ ਨਾ ਬੋਲਦਾ ਦਾਦੀ ਸੇ ਨਾ ਬੋਲਦਾ।
ਜਬ ਸੇ ਬੰਨਾ ਬਿਆਹ ਕਰਵਾਇਆ,
ਬਾਬਲ ਸੇ ਨਾ ਬੋਲਦਾ, ਮਾਤਾ ਸੇ ਨਾ ਬੋਲਦਾ।
ਮੇਰਾ ਕਿਆ ਕਸੂਰ ਮੇਰੇ ਕਰਮੋ ਮੇ ਲਿਖਾ,
ਬੰਨਰੀ ਕੋ ਬੰਨਰਾ ਬਜਾਰ ਮੇ ਮਿਲਾ।
ਆਗਰੇ ਕਾ ਤਾਜਮੇਹਲ ਦਿਲੀ ਕਾ ਕਿਲਾ,
ਬੰਨਰੀ ਕੋ ਬੰਨਰਾ ਬਜ਼ਾਰ ਮੇ ਮਿਲਾ।
ਜਬ ਸੇ ਬੰਨਾ ਬਿਆਹ ਕਰਵਾਇਆ,
ਤਾਏ ਸੇ ਨਾ ਬੋਲਦਾ ਤਾਈ ਸੇ ਨਾ ਬੋਲਦਾ।



ਜਬ ਸੇ ਬੰਨਾ ਬਿਆਹ ਕਰਵਾਇਆ,
ਚਾਚੇ ਸੇ ਨਾ ਬੋਲਦਾ ਚਾਚੀ ਸੇ ਨਾ ਬੋਲਦਾ।
ਮੇਰਾ ਕਿਆ ਕਸੂਰ ਮੇਰੇ ਕਰਮੋ ਮੇ ਲਿਖਾ।
ਬੰਨਰੀ ਕੋ ਬੰਨਰਾ ਬਜ਼ਾਰ ਮੇ ਮਿਲਾ।
ਆਗਰੇ ਕਾ ਤਾਜ ਮੇਹਲ ਦਿਲੀ ਕਾ ਕਿਲਾ,
ਬੰਨਰੀ ਕੋ ਬੰਨਰਾ ਬਜਾਰ ਮੇ ਮਿਲਾ।
ਜਬ ਸੇ ਬੰਨਾ ਬਿਆ੍ਹ ਕਰਵਾਇਆ,
ਵੀਰੇ ਸੇ ਨਾ ਬੋਲਦਾ ਭਾਬੋ ਸੇ ਨਾ ਬੋਲਦਾ।
ਮੇਰਾ ਕਿਆ ਕਸੂਰ ਮੇਰੇ ਕਰਮੋਂ ਮੇ ਲਿਖਾ,
ਬੰਨਰੀ ਕੋ ਬੰਨਰਾ ਬਜ਼ਾਰ ਮੇ ਮਿਲਾ।
ਆਗਰੇ ਕਾ ਤਾਜ ਮੇਹਲ ਦਿਲੀ ਕਾ ਕਿਲਾ,
ਬਨਰੀ ਕੋ ਬੰਨਰਾ ਬਜ਼ਾਰ ਮੇ ਮਿਲਾ।

(40)

ਪੀਲੇ ਗੁਲਸ਼ਨ ਮੇ ਦਾਨੇ ਅਨਾਰ ਕੇ,
ਮੇਰੇ ਬੰਨਰੇ ਕੇ ਯੇ ਦਿਨ ਬਹਾਰ ਕੇ।
ਤੁਝੇ ਬਾਗੋਂ ਮੇ ਜਾਨਾ ਪੜੇਗਾ,
ਵਹਾਂ ਮਾਲਨ ਸੇ ਕਹਿਨਾ ਪੜੇਗਾ।
ਦਿਲ ਦੇ ਦੇ ਬਿਗੜ ਕਿਆ ਜਾਏਗਾ,
ਮੇਰੇ ਬੰਨਰੇ ਕਾ ਦਿਲ ਰ੍ਹੇ ਜਾਏਗਾ।
ਪੀਲੇ ਗੁਲਸ਼ਨ ਮੇ ਦਾਨੇ ਅਨਾਰ ਕੇ।
ਮੇਰੇ ਬੰਨਰੇ ਕੇ ਯੇ ਦਿਨ ਬਹਾਰ ਕੇ।
ਤੁਨੇ ਸੜਕੋਂ ਪੇ ਜਾਨਾ ਪੜੇਗਾ,
ਵਹਾਂ ਰੋੜਨ ਸੇ ਕਹਿਨਾ ਪੜੇਗਾ।
ਦਿਲ ਦੇ ਦੇ ਬਿਗੜ ਕਿਆ ਜਾਏਗਾ,
ਮੇਰੇ ਬੰਨਰੇ ਕਾ ਦਿਲ ਰ੍ਹੈ ਰਾਏਗਾ।
ਪੀਲੇ ਗੁਲਸ਼ਨ ਮੇਂ ਦਾਨੇ ਅਨਾਰ ਕੇ।
ਮੇਰੇ ਬੰਨਰੇ ਕੇ ਯੇ ਦਿਨ ਬਹਾਰ ਕੇ।
ਤੁਝੇ ਕੁਇਓਂ ਪੇ ਜਾਨਾ ਪੜ੍ਹੇਗਾ,
ਵਹਾਂ ਝੂਰਨ ਸੇ ਕਹਿਨਾ ਪੜ੍ਹੇਗਾ।
ਦਿਲ ਦੇ ਦੇ ਬਿਗੜ ਕਿਆ ਜਾਏਗਾ,
ਮੇਰੇ ਬੰਨਰੇ ਕਾ ਦਿਲ ਰ੍ਹੈ ਜਾਏਗਾ।
ਪੀਲੇ ਗੁਲਸ਼ਨ ਮੇਂ ਦਾਨੇ ਅਨਾਰ ਕੇ,
ਮੇਰੇ ਬੰਨਰੇ ਕੇ ਯੇ ਦਿਨ ਬਹਾਰ ਕੇ।

## ਨਾਨਕ ਛੱਕ/ਬਾਅਤ

(1)

ਕਾਂਟੇ ਲਿਆਈਓ ਰੇ ਬੀਰ ਮੇਰੇ ਬਾਲੀ ਲਿਆਈਓ ਰੇ।
ਮੇਰੀ ਸਿਉਨੇ ਕੀ ਡਿਯੂਟ ਵੀਰੇ ਲੈ ਕੇ ਆਈਓ ਰੇ।
ਕਾਂਟੇ ਲਿਆਇਆ ਏ ਬੈਹਣ ਤੇਰੀ ਬਾਲੀ ਲਿਆਇਆ ਰੀ।
ਤੇਰੀ ਸਿਊਨੇ ਕੀ ਡਿਯੂਟ ਗੁਰ ਭੂਲ ਆਇਆ ਰੀ।
ਬੂਖੀ ਮੈਂ ਨਾ ਰੇ ਬੀਰ ਮੇਰੇ ਨੰਗੀ ਮੈਂ ਨਾ ਰੇ।
ਆਪਣਾ ਉਲਟਾ ਲੇ ਜੈ ਬਾਅਤ ਨਦਿਦੀ ਮੈਂ ਨਾ ਰੇ।
ਪੈਂਡਲ ਲਿਆਈਓ ਰੇ ਬੀਰ ਮੇਰੇ ਗਾਨੀ ਲਿਆਈਓ ਰੇ।
ਮੇਰੀ ਸਿਉਨੇ ਦੀ ਡਿਯੂਟ ਬੀਰੇ ਲੈ ਕੇ ਆਈਓ ਰੇ।
ਪੈਂਡਲ ਲਿਆਇਆ ਏ ਬੈਹਣ ਤੇਰੀ ਗਾਨੀ ਲਿਆਇਆ ਰੀ।
ਤੇਰੀ ਸਿਊਨੇ ਕੀ ਡਿਯੂਟ ਗੁਰ ਭੂਲ ਆਇਆ ਰੀ।
ਬੁੱਖੀ ਮੈਂ ਨਾ ਰੇ ਬੀਰ ਮੇਰੇ ਨੰਗੀ ਮੈਂ ਨਾ ਰੇ।
ਆਪਣਾ ਉਲਟਾ ਲੇ ਜੈ ਬ੍ਰਾਤ ਨਦਿਦੀ ਮੈਂ ਨਾਰੇ।
ਬਿੰਦੀ ਲਿਆਈਓ ਰੇ ਬੀਰ ਮੇਰੇ ਟਿੱਕਾ ਲਿਆਈਓ ਰੇ।
ਮੇਰੀ ਸਿਊਨੇ ਕੀ ਡਿਯੂਟ ਬੀਰੇ ਲੈ ਕੇ ਆਈਓ ਰੇ।
ਬਿੰਦੀ ਲਿਆਇਆ ਰੀ ਬੈਹਣ ਮੇਰੀ ਟਿੱਕਾ ਲਿਆਇਆ ਰੀ।
ਤੇਰੀ ਸਿਉਨੇ ਕੀ ਡਿਯੂਟ ਗੁਰ ਭੂਲ ਆਇਆ ਰੀ।
ਬੂਖੀ ਮੈਂ ਨਾ ਰੇ ਬੀਰ ਮੇਰੇ ਨੰਗੀ ਮੈਂ ਨਾ ਰੇ।
ਆਪਣਾ ਉਲਟਾ ਜੋ ਬ੍ਰਾਤ ਨਦਿਦੀ ਮੈਂ ਨਾ ਰੇ।
ਚੈਨਾਂ ਲਿਆਈਓ ਰੇ ਬੀਰ ਮੇਰੇ ਗਜਰੇ ਲਿਆਈਓ ਰੇ।
ਮੇਰੀ ਸਿਊਨੇ ਕੀ ਡਿਯੂਟ ਬੀਰੇ ਲੈ ਕੇ ਆਈਓ ਰੇ।
ਚੈਨਾਂ ਲਿਆਇਆ ਰੀ ਬੈਹਣ ਤੇਰੇ ਗਜਰੇ ਲਿਆਇਆ ਰੀ।
ਤੇਰੀ ਸਿਊਨੇ ਕੀ ਡਿਯੂਟ ਗੁਰ ਭੂਲ ਆਇਆ ਰੀ।
ਬੂਖੀ ਮੇ ਨਾ ਰੇ ਬੀਰ ਮੇਰੇ ਨੰਗੀ ਮੈਂ ਨਾ ਰੇ।
ਆਪਣਾ ਉਲਟਾ ਲੇ ਜੋ ਬਾਂਅਤ ਨਦਿਦੀ ਮੈਂ ਨਾ ਰੇ।

(2)

ਇਸ ਨਖਰੇ ਨੈਂ, ਕੈਸੇ ਰਸਾਇਆ ਆਪਣਾ ਬੀਰ,
ਇਸ ਮਜਾਜਣ ਨੈਂ, ਕੈਸੇ ਰਸਾਇਆ ਆਪਣਾ ਬੀਰ।
ਮੇਰਾ ਟਿੱਕਾ ਲੇ ਜੋ, ਬਰੀਓ ਨਣਦੀਏ ਕਾ ਬਾਅਤ।
ਮੇਰੀ ਬਿੰਦੀ ਲੇ ਜੋ, ਬਰੀਓ ਨਣਦੀਏ ਕਾ ਬਾਅਤ।



ਮੈਂ ਕੈਸੇ ਜਾਊਂ, ਨਿਉਂਦਣ ਨਾ ਆਈ ਮੇਰੇ ਬਾਰ।
ਪੜੀ ਨਾ ਆਓ, ਜਾਣਾ ਪੜੇਗਾ ਜਰੂਰ।
ਇਸ ਨਖਰੇ ਨੈਂ, ਕੈਸੇ ਰਸਾਇਆ ਆਪਣਾ ਬੀਰ।
ਮੇਰੇ ਕਾਂਟੇ ਲੇ ਜੈ, ਬਰੀਓ ਨਣਦੀਏ ਕਾ ਬਾਅਤ।
ਮੈਂ ਕੈਸੇ ਜਾਊਂ, ਨਿਉਂਦਣ ਨਾ ਆਈ ਮੇਰੇ ਬਾਰ।
ਪੜੀ ਨਾ ਆਓ, ਜਾਣਾ ਪੜੇਗਾ ਜਰੂਰ।
ਇਸ ਜਲਰੇ ਨੈਂ, ਕੈਸੇ ਰਸਾਇਆ ਆਪਣਾ ਬੀਰ।
ਮੇਰਾ ਪੈਂਡਲ ਲੇ ਜੇ, ਬਰੀਓ ਨਣਦੀਏ ਕਾ ਬਾਅਤ।
ਮੇਰੀ ਗਾਨੀ ਲੇ ਜੈ, ਬਰੀਓ ਨਣਦੀਏ ਕਾ ਬਾਅਤ।
ਮੈਂ ਕੈਸੇ ਜਾਉਂ, ਨਿਊਂਦਣ ਨਾ ਆਈ ਮੇਰੇ ਬਾਰ।
ਪਤੀ ਨਾ ਆਓ, ਜਾਣਾ ਪੜੇਗਾ ਜਰੂਰ।
ਇਸ ਨਖਰੇ ਨੈਂ, ਕੈਸੇ ਰਸਾਇਆ ਆਪਣਾ ਬੀਰ।
ਮੇਰੇ ਗਜਰੇ ਲੇ ਜੇ, ਬਰੀਓ ਨਣਦੀਏ ਕਾ ਬਾਅਤ।
ਮੇਰੀ ਚੈਨਾਂ ਲੇ ਜੇ, ਬਰੀਓ ਨਣਦੀਏ ਕਾ ਬਾਅਤ।
ਮੈਂ ਕੈਸੇ ਜਾਉਂ, ਨਿਉਂਦਣ ਨਾ ਆਈ ਮੇਰੇ ਬਾਰ।
ਪੜ੍ਹੀ ਨਾ ਆਓ, ਜਾਣਾ ਪੜੇਗਾ ਜਰੂਰ।
ਇਸ ਨਖਰੇ ਨੈਂ, ਕੈਸੇ ਰਸਾਇਆ ਆਪਣਾ ਬੀਰ।
ਇਸ ਮਜਾਜਣ ਨੈ, ਕੈਸੇ ਰਸਾਇਆ ਆਪਣਾ ਬੀਰ।

(3)

ਬੀਰਾ ਆਉਂਗੀ ਨਿਊਂਦਣ, ਸਵੇਰੇ ਆਈਓ ਰੇ।
ਬੀਰਾ ਮੇਰੇ ਕੰਨਾਂ ਨੂੰ ਕਾਂਟੇ, ਲੈ ਕਾ ਆਈਓ ਰੇ।
ਬੀਬੀ ਤੇ ਪਾਗਲ ਹੋਗੀ ਕਿਆ,
ਤੇਰਾ ਦਮਾਕ ਚਲ ਗਿਆ ਕਿਆ।
ਅਕਲ ਤੇ ਬਾਹਰ ਹੋਗੀ ਕਿਆ।
ਤਨੈ ਜਮੀਦਾਰਾ ਦੇ ਦੂੰ ਕਿਆ,
ਤਨੈ ਕਿਆ ਸਾਰਾ ਦੇ ਦੂੰ ਕਿਆ,
ਬੀਰਾ ਆਊਂਗੀ ਨਿਊਂਦਣ ਸਵੇਰੇ ਆਈਓ ਰੇ।
ਬੀਰਾ ਮੇਰੇ ਮੱਥੇ ਕਾ ਟਿੱਕਾ ਲੈ ਕੇ ਆਈਓ ਰੇ।
ਬੀਬੀ ਤੇ ਪਾਗਲ ਹੋਗੀ ਕਿਆ,
ਤੇਰਾ ਦਮਾਕ ਚਲ ਗਿਆ ਕਿਆ।
ਅਕਲ ਤੇ ਬਾਹਰ ਹੋਗੀ ਕਿਆ।
ਤਨੈ ਜਮੀਦਾਰਾ ਦੇ ਦੂੰ ਕਿਆ,

ਤਨੈ ਕਿਆ ਸਾਰਾ ਦੇ ਦੂੰ ਕਿਆ,
ਬੀਰਾ ਆਊਂਗੀ ਨਿਉਂਦਣ ਸਵੇਰੇ ਆਈਓ ਰੇ।
ਬੀਰਾ ਮੇਰੇ ਗਲ੍ਹੇ ਕਾ ਪੈਂਡਲ ਲੇ ਕਾ ਆਈਓ ਰੇ।
ਬੀਰਾ ਮੇਰੇ ਗਲੇ ਦੀ ਗਾਨੀ ਲੇ ਕਾ ਆਈਓ ਰੇ।
ਬੀਬੀ ਤੇ ਪਾਗਲ ਹੋਗੀ ਕਿਆ,
ਤੇਰਾ ਦਮਾਕ ਚਲ ਗਿਆ ਕਿਆ।
ਅਕਲ ਤੇ ਬਾਹਰ ਹੋਗੀ ਕਿਆ।
ਤਨੈ ਜਮੀਦਾਰਾ ਦੇ ਦੂੰ ਕਿਆ,
ਤਨੈ ਕਿਆ ਸਾਰਾ ਦੇ ਦੂੰ ਕਿਆ,
ਬੀਰਾ ਆਊਂਗੀ ਨਿਉਂਦਣ ਸਵੇਰੇ ਆਈਓ ਰੇ।
ਬੀਰਾ ਮੇਰੇ ਪੈਰਾਂ ਕੀ ਚੈਨਾਂ ਲੇ ਕਾ ਆਈਓ ਰੇ।
ਬੀਰਾ ਮੇਰੀ ਬਾਹਾਂ ਕੀ ਚੂੜੀਆਂ ਲੇ ਕਾ ਆਈਓ ਰੇ।
ਬੀਬੀ ਤੇ ਪਾਗਲ ਹੋਗੀ ਕਿਆ,
ਤੇਰਾ ਦਮਾਕ ਚਲ ਗਿਆ ਕਿਆ।
ਅਕਲ ਤੇ ਬਾਹਰ ਹੋਗੀ ਕਿਆ।
ਤਨੈ ਜਮੀਂਦਾਰਾ ਦੇ ਦੂੰ ਕਿਆ,
ਤਨੈ ਕਿਆ ਸਾਰਾ ਦੇ ਦੂੰ ਕਿਆ,
ਬੀਰਾ ਆਊਂਗੀ ਨਿਉਂਦਣ ਸਵੇਰੇ ਆਈਓ ਰੇ।

## ਸਿੱਠਣੀਆਂ

ਸਿੱਠਣੀਆਂ ਦਾ ਸੰਬੰਧ ਮੁੱਖ ਰੂਪ ਵਿਚ ਠੱਠਾ ਮਖੌਲ ਨਾਲ ਹੈ। ਇਹ ਦੋ ਵਿਅਕਤੀਆਂ (ਇਸਤਰੀ ਪੁਰਖ) ਜਾਂ ਧਿਰਾਂ ਵਿਚ ਚਲਦਾ ਹੈ। ਕੁਝ ਵਿਸ਼ੇਸ਼ ਸਮੇਂ (ਖਾਸ ਕਰਕੇ ਵਿਆਹ) ਗਾਇਆ ਜਾਣ ਵਾਲਾ ਇਹ ਲੋਕ ਕਾਵਿ ਰੂਪ ਬਹੁਤ ਹੀ ਹਰਮਨ ਪਿਆਰਾ ਹੈ। ਸਿੱਠਣੀਆਂ ਵਿਆਹ ਰਸਮਾਂ ਵਿਚ ਜਾਨ ਪਾ ਦਿੰਦੀਆਂ ਹਨ। ਇਸ ਲੋਕ ਕਾਵਿ ਦੀ ਸੁਰ ਬੜੀ ਤਿੱਖੀ, ਕਾਟਵੀ, ਚੁੰਭਵੀ, ਉਕਸਾਊ ਅਤੇ ਹਾਸ ਭਰਪੂਰ ਹੁੰਦੀ ਹੈ। ਇਸ ਵਿਚ ਜਿਥੇ ਸੁਣਾਉਣ ਵਾਲਾ ਖੁਸ਼ ਹੁੰਦਾ ਹੈ, ਉਥੇ ਸੁਣਨ ਵਾਲੇ ਨੂੰ ਵੀ ਆਨੰਦ ਆਉਂਦਾ ਹੈ। ਰੇਡਕਲਿਫ ਬਰਾਊਨ ਆਪਣੀ ਪੁਸਤਕ 'ਪ੍ਰਾਚੀਨ ਸਮਾਜ ਬਣਤਰ ਤੇ ਕਿਰਿਆ' ਵਿਚ ਲਿਖਦਾ ਹੈ, "ਠੱਠੇ ਮਖੌਲ ਦਾ ਸੰਬੰਧ ਮਿੱਤਰਤਾ ਅਤੇ ਵਿਰੋਧਤਾ ਦੇ ਭਾਵਾਂ ਦਾ ਬੜਾ ਵਿਚਿਤਰ ਮਿਸ਼ਰਣ ਹੈ। ਇਹ ਵਰਤਾਓ ਹੀ ਅਜਿਹੀ ਪ੍ਰਕਾਰ ਦਾ ਹੈ ਕਿ ਕਿਸੇ ਵੀ ਹੋਰ ਸਮਾਜਿਕ ਪ੍ਰਸੰਗ ਵਿਚ ਇਸ ਤੋਂ ਵਿਰੋਧਤਾ ਪੈਦਾ ਹੋ ਸਕਦੀ ਹੈ। ਪਰੰਤੂ ਇਸ ਪ੍ਰਕਾਰ ਦੇ ਵਤੀਰੇ ਨੂੰ ਗੰਭੀਰ ਰੂਪ ਵਿਚ ਨਹੀਂ ਲਿਆ ਜਾਂਦਾ ਅਤੇ ਕਦੇ ਵੀ ਗੰਭੀਰ ਰੂਪ ਵਿਚ ਨਹੀਂ ਲੈਣਾ ਚਾਹੀਦਾ......। ਦੂਜੇ ਸ਼ਬਦਾਂ ਵਿਚ ਠੱਠਾ ਮਖੌਲ ਦੇ ਸੰਬੰਧ ਅਜਿਹੇ ਸਤਿਕਾਰ ਰਹਿਤ ਸੰਬੰਧ ਹਨ ਜਿਨ੍ਹਾਂ ਨੂੰ ਪ੍ਰਵਾਨਗੀ ਪ੍ਰਾਪਤ ਹੈ।"

ਪੁਆਧ ਵਿਚ ਵਿਆਹ ਸਮੇਂ ਮੁੰਡੇ ਅਤੇ ਕੁੜੀ ਦੋਹਾਂ ਦੇ ਘਰਾਂ ਵਿਚ ਸਿੱਠਣੀਆਂ



ਦੇਣ ਦਾ ਰਿਵਾਜ ਹੈ। ਸਿੱਠਣੀਆਂ ਵਿਆਹ ਸਮੇਂ ਕਈ ਮੌਕਿਆਂ ਤੇ ਦਿੱਤੀਆਂ ਜਾਂਦੀਆਂ ਹਨ। ਵਿਆਹ ਤੋਂ ਪਹਿਲਾਂ ਜਦੋਂ ਨਾਈ ਚਿੱਠੀ ਲੈ ਕੇ ਆਉਂਦਾ ਹੈ ਤਾਂ ਇਕੱਠ ਸਮੇਂ, ਵਿਆਹ ਗਾਉਣ ਬਿਠਾਇਆ ਜਾਂਦਾ ਹੈ ਤਾਂ ਉਸ ਵੇਲੇ ਕੁੜੀਆਂ ਦੋਵੇਂ ਧਿਰਾਂ ਨੂੰ ਧਿਆਨ ਵਿਚ ਰਖ ਕੇ ਸਿੱਠਣੀਆਂ ਦਿੰਦੀਆਂ ਹਨ, ਨਾਨਕ ਛੱਕ ਸਮੇਂ ਅਤੇ ਜੰਞ ਆਉਣ ਤੋਂ ਬਾਅਦ ਲਾੜੇ ਅਤੇ ਬਰਾਤੀਆਂ ਦੀ ਸਿੱਠਣੀਆਂ ਨਾਲ ਪੂਰੀ ਆਓ ਭਗਤ ਕੀਤੀ ਜਾਂਦੀ ਹੈ। ਇਥੇ ਰੱਜ ਕੇ ਠੱਠਾ ਮਖੌਲ ਕੀਤਾ ਜਾਂਦਾ ਹੈ। ਆਮ ਤੌਰ ਤੇ ਮੁੰਡੇ ਅਤੇ ਕੁੜੀ ਨਾਲ ਸੰਬੰਧਿਤ ਜਿੰਨੇ ਵੀ ਰਿਸ਼ਤੇਦਾਰ ਹੁੰਦੇ ਹਨ ਉਹ ਸਭ ਇਕ ਦੂਜੇ ਨੂੰ ਠੱਠਾ ਮਖੌਲ ਕਰਦੇ ਹਨ। ਮੁੰਡੇ ਦੀਆਂ ਭਰਜਾਈਆਂ ਅਤੇ ਸਾਲੀਆਂ ਵਲੋਂ ਵੀ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ। ਖਾਸ ਕਰਕੇ ਸਿੱਠਣੀਆਂ ਦਾ ਸ਼ਿਕਾਰ ਜਿਆਦਾਤਰ ਲਾੜਾ ਅਤੇ ਬਰਾਤੀ ਹੀ ਹੁੰਦੇ ਹਨ। ਲਾੜੇ ਦੀ ਕਮਜੋਰੀਆਂ ਦਾ ਜਮ ਕੇ ਮਜ਼ਾਕ ਉਡਾਇਆ ਜਾਂਦਾ ਹੈ, ਉਸਦੇ ਪਿਓ ਦੇ ਸੁਮਪੁਣੇ, ਜੇਠ ਨੂੰ ਬਦਚਲਣ ਦੇ ਤੌਰ ਤੇ ਪੇਸ਼ ਕੀਤਾ ਜਾਂਦਾ ਹੈ। ਇਹ ਗੱਲ ਜ਼ਰੂਰ ਵੇਖਣ ਵਾਲੀ ਹੈ ਕਿ ਵੱਡਿਆਂ ਨੂੰ ਠੱਠਾ ਮਖੌਲ ਕਰਨ ਸਮੇਂ ਇਤਿਹਾਤ ਵਰਤੀ ਜਾਂਦੀ ਹੈ, ਭਾਵੇਂ ਫਿਰ ਵੀ ਵਿਚੋਂ ਕੋਈ ਸਿੱਠਣੀਆਂ ਰਾਹੀਂ ਆਪਣੇ ਮਨ ਦੀ ਗੱਲ (ਭੜਾਸ) ਕੱਢ ਹੀ ਜਾਂਦਾ ਹੈ।

## ਨਾਨਕਾ ਮੇਲ

– ਨਾਨਕੇ ਆਏ ਬਣ-ਠਣ ਕੇ,
ਕਪੜੇ ਲਿਆਏ ਮੰਗ-ਤੰਗ ਕੇ।
ਕਪੜਿਆਂ ਉਪਰ ਆਬ ਨਹੀਂ;
ਏ ਭਾਂਦੂ ਸਾਡੇ ਯਾਦ ਨਹੀਂ।

– ਛੱਜ ਓਅਲ੍ਹੇ ਛੱਲਣੀ,
ਪਰਾਤ ਉਅਲ੍ਹੇ ਡੋਈ ਵੇ, ਪਰਾਤ ਉਅਲ੍ਹੇ ਡੋਈ ਵੇ,
ਨਾਨਕਿਆਂ ਦਾ ਮੇਲ ਆਇਆ, ਚੱਜ ਦਾ ਨਾ ਕੋਈ ਵੇ।

– ਛੱਜ ਉਅਲ੍ਹੇ ਛੱਲਣੀ,
ਪਰਾਤ ਉਅਲ੍ਹੇ ਤਵਾ ਵੇ, ਪਰਾਤ ਉਅਲ੍ਹੇ ਤਵਾ ਵੇ,
ਨਾਨਕਿਆਂ ਦਾ ਮੇਲ ਆਇਆ, ਸੂਰੀਆਂ ਦਾ ਰਵਾ ਵੇ।

– ਨਾਨਕੇ ਉਥੇ ਵੇ ਜੰਮੇ, ਜਿਥੇ ਅੱਕ ਵੀ ਨਾ
ਇਨ੍ਹਾਂ ਦੀ ਬਾਂਦਰ ਵਰਗੀ ਬੁੱਥੀ ਉਤੇ ਨੱਕ ਵੀ ਨਾ।

– ਨਾਨਕੇ ਉਥੇ ਵੇ ਜੰਮੇ, ਜਿਥੇ ਤੂਤ ਵੀ ਨਾ
ਇਨ੍ਹਾਂ ਦੀ ਬਾਂਦਰ ਵਰਗੀ ਬੂੰਥੀ ਉਤੇ ਰੂਪ ਵੀ ਨਾ।

– ਭੰਬੀਰੀਏ ਨੀ, ਨਦੀ ਕਨਾਰੇ ਉਡਿਆ ਕਰ
ਭੰਬੀਰੀਏ ਨੀ, ਨਾਨਕਿਆਂ ਕੰਜਰਿਆਂ ਦੇ ਲੜਿਆ ਕਰ।
ਭੰਬੀਰੀਏ ਨੀ, ਰਤੀ-ਰਤੀ ਤੜਫਾਇਆ ਕਰ।

– ਦੋ ਬਿਸਕੁਟ ਬਿਕਣੇ ਆਏ, ਨਾਨਕਿਆਂ ਦਾ ਜੀਅ ਕਰਦਾ।
ਨਾ ਖਾਈਏ ਨਾ ਖਾਵਣ ਦਈਏ, ਸਾਲਿਆਂ ਨੂੰ ਤਰਸਣ ਦੇ।

– ਨਾਨਕੇ ਸਿੱਖ ਵੇ ਲੈਂਦੇ ਵਾਅਗੁਰੂ ਦਾ ਨਾਂ।
ਕੋਠੇ ਚੜ੍ਹ ਕੇ ਨ੍ਹਾਵਣ ਲੱਗੇ, ਨ੍ਹਾਵਣ ਲੱਗੇ ਕੱਛ ਲੈ ਗਏ ਕਾਂ,
ਚੋਦੇ ਸਿੱਖੀ ਦੇ, ਵੇ ਲੈਂਦੇ ਵਾਅਗੁਰੂ ਦਾ ਨਾਂ।

## ਵਿਆਹ ਦੇ ਮੇਲ ਵਿਚ ਰਿਸ਼ਤੇ ਮੁਤਾਬਕ ਸਿੱਠਣੀਆਂ

– ਅਵਤਾਰ ਲੰਬਾ ਲੰਝਾ, ਨੀ ਪੈਂਟਾਂ ਲਿਆਇਆ ਮੰਗ ਕੇ।
ਨੀ ਨਾ ਮਾਰੋ ਕੁੜੀਓ ਤਾਅਨੇ, ਭੈਣਾਂ ਨੂੰ ਆਇਆ ਹੱਟ ਧਰਕੇ।

– ਪੋਸਤ ਦਾ ਕਿਆ ਬੀਜਣਾ, ਵੇ ਜਿਦੇਹ ਬੋਬੇ ਡੋਡੇ।
ਅਵਤਾਰ ਦਾ ਕਿਆ ਦੇਖਣਾ, ਵੇ ਜਿਦੇਹ ਬਿੰਗੇ ਗੋਡੇ।

– ਅਵਤਾਰ ਐਨਾ ਮੋਟਾ ਐਨਾ ਮੋਟਾ, ਜਿਉਂ ਚੋਣੇ ਦਾ ਝੋਟਾ।
ਮੁੰਡੇ ਛਿਯੂੰ ਛਿਯੂੰ ਕਰਦੇ - - -ਛਾਵਾ
ਮੁੰਡੇ ਛਿਯੂੰ ਛਿਯੂੰ ਕਰਦੇ - - -ਛਾਵਾ।

– ਸੱਜਣ ਰੋਵਾ ਦਾਅੜੀ ਨੂੰ ਵੇ ਰੱਬਾ ਦਾਅੜੀ ਨੂੰ,
ਕਿਤੇ ਬਿੱਲੀ ਵੇ, ਕਿਤੇ ਬਿੱਲੀ ਵੇ ਨਜ਼ਰ ਨਾ ਆਵੇ।
ਦਾਅੜੀ ਲੰਟੀ ਕਾਲੇ ਰੰਗ ਦੀ ਵੇ ਰਬਾ ਕਾਲੇ ਰੰਗ ਦੀ,
ਭਾਵੇਂ ਭੈਣਾਂ ਦੇ, ਭੈਣਾਂ ਦੇ ਮੇਲ ਵਿਚ ਆਵੇ।

– ਸੱਜਣ ਰੋਵਾ ਅੰਬੀ ਨੂੰ ਵੇ ਰੱਬਾ ਅੰਬੀ ਨੂੰ,
ਕਿਤੇ ਬਾਗ ਵੇ, ਬਾਗ ਵੇ ਨਜ਼ਰ ਨਾ ਆਵੇ।



ਅੰਬੀ ਲੈਟੀ ਪੀਲੇ ਰੰਗ ਦੀ ਵੇ ਰਬਾ ਪੀਲ੍ਹੇ ਰੰਗ ਦੀ,
ਭਾਵੇਂ ਬੇਬੇ ਦੇ, ਬੇਬੇ ਦੇ ਮੇਲ ਵਿਚ ਆਵੇ।

– ਅਵਤਾਰ ਮੇਰਾ ਬੁਲਾਇਆ ਬੋਲ, ਵੇ ਤੂੰ ਬੋਲਦਾ ਕਿਯੂੰ ਨਾ
ਤੈਨੂੰ ਰਈਆ ਮਾਰ ਬਲਾਵਾਂ, ਵੇ ਤੂੰ ਬੋਲਦਾ ਕੀਯੂੰ ਨਾ।
ਤੇਰੀ ਜੇਬ ਦੇ ਵਿਚ ਬੋਬੇ, ਵੇ ਤੂੰ ਢੱਕਣ ਖੋਲ੍ਹਦਾ ਕਿਯੂੰ ਨਾ।
ਉਹ ਤਾਂ ਖੁਲਿਆ ਖੁਲਾਇਆ ਨਖਰੇ ਬੋਲਦੀ ਕੀਯੂੰ ਨਾ।

– ਸੁਣ ਗੁਰਦਿਆਲ ਵੇ, ਕੱਟੇ ਨੂੰ ਡੈਡੀ ਆਖਿਆ ਕਰ।
ਸੁਣ ਕੱਟਿਆ ਵੇ, ਡੈਡੀ ਕਹੇ ਤਾਂ ਰਿੰਗਿਆ ਕਰ।
ਸੁਣ ਗੁਰਦਿਆਲ ਵੇ, ਕੁੱਤੀ ਨੂੰ ਮੰਮੀ ਆਖਿਆ ਕਰ।
ਸੁਣ ਕੁੱਤੀਏ ਨੀ, ਮੰਮੀ ਕਹੇ ਤਾਂ ਭੌਂਕਿਆ ਕਰ।

– ਪੱਖੀ ਮੇਰੀ ਸੋਅਨੇ ਦੀ ਤੇ ਡੰਡੀ ਐ ਖਜੂਰ ਦੀ।
ਗੁਰਦਿਆਲ ਪੁੱਛਾ ਸਿੰਦਰ ਨੂੰ ਤੂੰ ਮੇਰੀ ਹੈ ਕਿ ਹੋਰ ਦੀ।
ਉਰਲੇ ਦੀ ਨਾ ਪਰਲੇ ਦੀ ਮੈਂ ਰੰਨ ਬੜੇ ਵਜ਼ੀਰ ਦੀ।
ਜਲੇਬੀ ਵਰਗੀ ਤਾਜੀ, ਨੀ ਮੈਂ ਰੰਨ ਬੜੇ ਵਜ਼ੀਰ ਦੀ।

– ਦੋ ਟਕੇ ਦਾ ਬਿੱਲਾ ਲਿਆਇਆ,
ਦੁੱਧ ਦਹੀ ਸੇ ਪਾਲਿਆ।
ਸਮਸ਼ੇਰ ਦੀ ਬੇਬੇ ਨਾਲ ਸਵਾਇਆ,
ਘੋਬਲ ਘੋਬਲ ਮਾਰਿਆ।
ਅੱਧੀ ਰਾਤ ਮੇਰਾ ਬਿੱਲਾ ਰੋਇਆ,
ਕਿਸ ਕੰਜਰੀ ਨੇ ਮਾਰਿਆ।

– ਏ ਨੀ ਏ, ਚਿੱਟੇ ਚਿੱਟੇ ਚੋਲ੍ਹਾਂ ਦੇ ਵਿਚ ਕਣੀਆਂ।
ਏ ਨੀ ਏ, ਸਮਸ਼ੇਰ ਦੀ ਭੈਣਾਂ ਨੌ ਜਣੀਆਂ।

– ਏ ਨੀ ਏ, ਸੁੰਣੀਆਂ ਸੁਨੱਖੀਆਂ, ਮੁੰਡਿਆਂ ਨੇ ਚੁੱਕੀਆਂ।
ਏ ਨੀ ਏ, ਟੀਰੀਆਂ ਮਟੀਰੀਆਂ, ਘਰਾਂ ਨੂੰ ਨੱਠੀਆਂ।

– ਬਾਰਾਂ ਬੰਬੇ ਲੱਗੀ ਨੀ, ਜਲੰਧਰ ਵਾਲੀ ਰੇਲ ਨੂੰ।
ਗੁਰਦਿਆਲ ਦੀ ਬੇਬੇ ਆਈ ਨੀ, ਮੱਟੀ ਦੇ ਤੇਲ ਨੂੰ।

ਸਾਡੇ ਮੁੰਡੇ ਕੈਂਹਦੇ ਨੀ, ਨੀ ਤੂੰ ਬਾਤ ਕਰਾਦੇ ਮੇਰੀ ਨੀ।
ਨੀ ਮੈਂ ਬੋਤਲ ਭਰਦੂੰ ਤੇਰੀ ਨੀ, ਨੀ ਮੱਟੀ ਦੇ ਤੇਲ ਦੀ।

– ਸਮਸ਼ੇਰ ਦੀ ਬੇਬੇ ਨੂੰ, ਹੁੱਲੇ ਜੁੱਲੇ ਦੀ ਬਮਾਰੀ।
ਕਿੱਥੇ ਟੁਟੂਗੀ, ਹੁੱਲੇ ਜੁੱਲੇ ਦੀ ਬਮਾਰੀ।
ਕੈਂਥਲਾ ਟੁਟੂਗੀ, ਹੁੱਲੇ ਜੁੱਲੇ ਦੀ ਬਮਾਰੀ।
ਕੌਣ ਤੋੜੂਗਾ, ਹੁੱਲੇ ਜੁੱਲੇ ਦੀ ਬਮਾਰੀ।
ਜੰਗਾ ਤੋੜੂਗਾ, ਹੁੱਲੇ ਜੁੱਲੇ ਦੀ ਬਮਾਰੀ।
ਅੱਗਾ ਵੈਦ ਪਿੱਛਾ ਪਟਵਾਰੀ, ਨਬਜਾਂ ਦੇਖਾਂ ਵਾਰੋ ਵਾਰੀ।
ਭੈਣ ਦੇਣੀ ਦੇ ਨੂੰ ਹੁਲੇ ਜੁਲੇ ਦੀ ਬਮਾਰੀ।

– ਮੇਰੀ ਰਾਮ ਜਿੰਦੜੀ, ਗੁਰਦਿਆਲ ਦੀ ਮੁੱਛਾਂ ਨੂੰ ਚੜੇਲ ਚਿੰਬੜੀ।
ਮੇਰਾ ਰਾਮ ਪਾਧਾ, ਬਲਾਓ ਕਿਸੀ ਸਿਆਣੇ ਨੂੰ ਕਰਾਓ ਤਾਗਾ।
ਮੇਰੀ ਰਾਮ ਜਿੰਦੜੀ, ਚਿੰਬੜੀ ਚੜੇਲ ਕਦੇ ਨਾ ਉਤਰੀ।

– ਕਦੂ ਟੈਣਮ ਟੈਣਾਂ, ਨੀ ਮੈਂ ਕੀ ਕਰਾਂ।
ਸੱਜਣ ਦੀਆਂ ਦੋ ਭੈਣਾਂ, ਨੀ ਮੈਂ ਕੀ ਕਰਾਂ।
ਇਕ ਬਿਆਹੀ ਇਕ ਕੁਆਰੀ, ਨੀ ਮੈਂ ਕੀ ਕਰਾਂ।
ਕਵਾਰੀ ਕੋਲੇ ਕਾਕਾ, ਨੀ ਮੈਂ ਕੀ ਕਰਾਂ।
ਕਾਕਾ ਮੰਗਦਾ ਪਾਪਾ, ਨੀ ਮੈਂ ਕੀ ਕਰਾਂ।
ਪਾਪਾ ਕੇੜ੍ਹਾ ਦੱਸਾਂ, ਨੀ ਮੈਂ ਕੀ ਕਰਾਂ।
ਪਾਪਾ ਜੰਗਾ ਦੱਸਾਂ, ਨੀ ਮੈਂ ਕੀ ਕਰਾਂ।

– ਗੁਰਦਿਆਲ ਦੀ ਬੇਬੇ ਦੀ ਚੌੜ੍ਹੀ ਨੀ ਪਰਾਤ,
ਵਿੱਚੇ ਬੈਂਗਣ ਲਵਾ ਦਿੰਦੀ ਆਂ।
ਜੇ ਤੇਰੇ ਬੈਂਗਣ ਸੁੱਕ ਸੁੱਕ ਜਾਣ,
ਜੰਗੇ ਤੋਂ ਪਾਣੀ ਦੁਆਂ ਦਿੰਦੀ ਆਂ।
ਜੇ ਤੇਰੇ ਬੈਂਗਣ ਗਲ਼ ਸੜ ਜਾਣ,
ਜੰਗੇ ਤੋਂ ਧਾਗਾ ਕਰਾ ਦਿੰਦੀਆਂ।

– ਵੇ ਮੈਂ ਏਹੀਓ ਬੋਲ ਬੋਲਾਂ, ਸਿੰਦਰ ਬੋਲਦੀ ਕੀਯੂੰ ਨਾ।
ਸਮਸ਼ੇਰ ਗੋਸ਼ੇ ਦੇ ਨਾਲ ਬੰਨ੍ਹਿਆ, ਸੁਡੂ ਖੋਲ੍ਹਦਾ ਕੀਯੂੰ ਨਾ।
ਏ ਤੇ ਪੜਗੀ ਰੇਸ਼ਮ ਡੋਰ, ਯੋ ਤੇ ਟੁੱਟਦੀ ਵੀ ਨਾ।



– ਮੈਂ ਤੈਨੂੰ ਪੁਛਦੀ ਵੇ ਲਾੜਿਆ, ਤੇਰਾ ਕੀ ਹਾਲ ਵੇ।
ਕੱਛੇ ਮਾਂ ਨੇ ਮਣ ਜੂੰਆਂ, ਜਿੰਦੜੀ ਬਰਾਨ ਵੇ।

– ਲਾੜਿਆ ਕਲੜਾ ਕਿਯੂੰ ਆਇਆ ਵੇ, ਅਜ ਦੀ ਘੜੀ।
ਨਾਲ ਬੇਬੇ ਨੂੰ ਨਾ ਲਿਆਇਆ ਵੇ, ਅਜ ਦੀ ਘੜੀ।
ਤੇਰੀ ਬੇਬੇ ਸਾਡੇ ਵੀਰੇ ਵੇ, ਅਜ ਦੀ ਘੜੀ।
ਤੇਰੀ ਬੇਬੇ ਸਾਡੇ ਵੀਰੇ ਵੇ, ਜੋੜੀ ਅਜਬ ਬਣੀ।

– ਲਾੜਿਆ ਜੁੜ ਜਾ ਕੁਰਸੀ ਦੇ ਨਾਲ,
ਕੁਰਸੀ ਤੇਰੀ ਕੀ ਲਗਦੀ।
ਨੀ ਮੈਂ ਕੀਕਣ ਜੁੜਾਂ ਕੁਰਸੀ ਨਾਲ,
ਕੁਰਸੀ ਮੇਰੀ ਭੈਣ ਲਗਦੀ।

– ਭੂਰੇ ਕੁੜਤੇ ਦਾ ਰੰਗ ਤੇਜ,
ਕਿਨੇ ਰੰਗ ਫੇਰਿਆ।
ਮੇਰੀ ਭਾਬੋ ਨੇ ਕੀਤਾ ਲਲਾਰੀ,
ਉਦੇਹ ਨਾਲ ਯਾਰੀ,
ਉਨੇਹ ਰੰਗ ਫੇਰਿਆ।

– ਸਾਲਿਆ ਪੱਗ ਬਨ੍ਹੀ ਪੇਚੇਦਾਰ,
ਟੱਲਾ ਮਾਰੇ ਰੁੜ੍ਹ ਜਾਂਦੀ।
ਤੇਰੀ ਬੇਬੇ ਬੜੀ ਬਦਕਾਰ,
ਛੜਿਆਂ ਨਾਲ ਤੁਰ ਜਾਂਦੀ।

– ਛੋਲਿਆਂ ਦਾ, ਛੋਲਿਆਂ ਦਾ ਬੂਟਾ ਪਟ ਵੇ।
ਲਾੜੇ ਦੀ ਬੇਬੇ ਨੂੰ ਖਸਮ ਕਰਾਵਾਂ,
ਖਸਮ ਕਰਾਵਾਂ ਮੈ ਚੂੜ੍ਹਾ ਇਕ ਜੱਟ ਵੇ,
ਛੋਲਿਆਂ ਦਾ, ਛੋਲਿਆਂ ਦਾ ਬੂਟਾ ਪਟ ਵੇ, ਛੋਲਿਆਂ- - -।

– ਮੁਖਤਿਆਰ ਜੁੜ ਜਾ ਜੰਗੇ ਦੇ ਨਾਲ,
ਜੰਗਾ ਤੇਰਾ ਕੀ ਲਗਦਾ।
ਨੀ ਮੈਂ ਕੀਕਣ ਜੁੜਾਂ ਜੰਗੇ ਨਾਲ,
ਜੰਗਾ ਮੇਰਾ ਭਾਣਜਾ ਲਗਦਾ।

— ਬਰਾਤੀ ਕੇੜ੍ਹੇ ਵੇਲੇ ਦੇ ਹੋਏ ਨੇ,
ਇਨ੍ਹਾਂ ਦੇ ਢਿੱਡ ਨੇ ਜਾਂ ਟੋਏ ਨੇ।

— ਸੱਦਾ ਰਾਤ ਦਾ, ਸੱਦਾ ਰਾਤ ਦਾ,
ਹਰਾਮਜ਼ਾਦੇ ਦਿਨ ਚੜ੍ਹਾਅ ਕਾ ਆਏ।
ਅੱਖਾਂ ਕੈਂਚੁਰੀਆਂ, ਅੱਖਾਂ ਕੈਂਚੁਰੀਆਂ,
ਹਰਾਮਜ਼ਾਦੇ ਨੀਂਦ ਨੈਂ ਥੰਦਲਾਏ।
ਪਿੰਡਾ ਤੱਤਾ ਏ, ਪਿੰਡਾ ਤੱਤਾ ਏ,
ਹਰਾਮਜ਼ਾਦੇ ਨਾਹ ਕਾ ਵੀ ਨਾ ਆਏ।

— ਭੱਜ ਜੋ ਬਰਾਤੀਓ ਭੱਜ ਜੋ,
ਨੀ ਮੁੰਡੇ ਸਾਡੇ ਘੇਰ ਲੈਣਗੇ।
ਭੇਣਾ ਦੇਣੀ ਕਰਲੈ ਵੇ ਛੁਡਵਾ ਦੇਂਗੇ।

— ਸਾਲਿਆ ਬਿਟਰ ਬਿਟਰ ਨਾ ਦੇਖ,
ਤੇਰੀ ਮੇਰੀ ਨ੍ਹਈਓ ਬਣਨੀ।
ਸਾਲ਼ਿਆ ਅਖੀਆਂ ਚ ਪਾਦੂੰ ਰੇਤ,
ਤੇਰੀ ਮੇਰੀ ਨ੍ਹਈਓ ਬਣਦੀ।
ਸਾਲ਼ਿਆ ਦੇ ਦੂੰ ਚੱਕੀ ਦੇ ਪੁੜ ਹੇਠ
ਤੇਰੀ ਮੇਰੀ ਨ੍ਹਈਓ ਬਣਨੀ।

— ਭੀੜੀ ਗਲੀ ਨਾ ਰੱਖੀ ਕਰਪਾਲ ਜੇਠੇ, ਭੀੜੀ ਗਲੀ ਨਾ ਰਖੀ,
ਭੀੜੀ ਗਲੀ ਦੇ ਡੂੰਘੇ ਨੀ ਟੋਏ।
ਡਿੱਗ ਡਿੱਗ ਪੈਂਦੇ ਤੇਰੇ ਯਾਰ ਨਰੋਏ।
ਭੀੜੀ ਗਲੀ ਨਾ ਰਖੀ ਕਰਪਾਲ ਜੇਠੇ, ਭੀੜੀ ਗਲੀ ਨਾ ਰਖੀ।

## ਗੀਤ ਗਾਉਣ ਪਿਛੋਂ ਕੁੜੀਆਂ ਵਲੋਂ ਵਿਆਹ ਵਾਲੇ ਘਰਦਿਆਂ ਨੂੰ ਸਿੱਠਣੀਆਂ

— ਦੁੱਧ ਘੜੇਂਦੀਏ ਨੀ, ਉਪਰ ਆਈ ਐ ਮਲ੍ਹਾਈ।
ਪਾਲੋ ਨਖਰੋ ਨੀ, ਸਾਡੀ ਮੰਨ ਲੈ ਵਧਾਈ।
ਤੂੰ ਤਾਂ ਕੱਖ ਦੀ ਨੀ, ਸਾਡੀ ਲੱਖ ਦੀ ਵਧਾਈ।



— ਖਿਲੋ ਤਾਂ ਸਾਨੂੰ ਸਦ ਸਦ ਲਿਆਵੇ।
ਪਾਲੋ ਤਾਂ ਦੇਵੇ ਦੁਹਾਈਆਂ।
ਚਲੋ ਨੀ ਕਾਹਨੂੰ ਆਈਆਂ,
ਆਈਆਂ ਨੂੰ ਲੈਣ ਲੜਾਈਆਂ
ਚਲੋ ਨੀ ਕਾਹਨੂੰ ਆਈਆਂ।

— ਰੱਜੀ ਤਾਂ ਸਾਨੂੰ ਸਦ ਸਦ ਲਿਆਵੇ।
ਸਿੰਚਰ ਤਾਂ ਦੇਵੇ ਦੁਹਾਈਆਂ।
ਚਲੋ ਕੀ ਕਾਹਨੂੰ ਆਈਆਂ।
ਸਾਨੂੰ ਆਈਆਂ ਨੂੰ ਸਵਾਂ ਨਾ ਵਛਾਈਆਂ,
ਚਲੋ ਨੀ ਕਾਹਨੂੰ ਆਈਆਂ।

— ਭੂਰੀ ਭੂਰੀ ਸ਼ੱਕਰ ਮਾ ਤੇ ਨਿਕਲ ਆਈ ਕੀੜੀ।
ਤੂੰ ਖੋਲ ਦੇ ਨਾ ਪਾਲੋ ਨਖਰੋ ਮੱਥੇ ਦੀ ਤਿਊੜੀ।
ਅਸੀ ਫੇਰ ਆਵਾਂਗੇ, ਫੇਰ ਆਵਾਂਗੇ,
ਜੰਗੀ ਤੇਰੇ ਦਾ ਵਿਆਹ ਤਮਾਸ਼ਾ ਦੇਖ ਜਾਵਾਂਗੇ।

—00—

# ਪੁਆਧੀ ਲੋਕ ਗੀਤ

## ਗਿੱਧੇ ਦੀਆਂ ਬੋਲੀਆਂ

ਇਹ ਬੋਲੀਆਂ ਪੁਆਧ ਖਿੱਤੇ ਦੇ ਇਕ ਪਿੰਡ ਵਿਚ ਮੁੰਡੇ ਦੇ ਵਿਆਹ ਤੇ ਜੰਨ ਚੜ੍ਹਨ ਤੋਂ ਬਾਅਦ ਪੈਣ ਵਾਲੇ ਗਿੱਧੇ ਵਿਚੋਂ ਰਿਕਾਰਡ ਕੀਤੀਆਂ ਗਈਆਂ। ਇਨ੍ਹਾਂ ਬੋਲੀਆਂ ਨੂੰ ਅਸੀਂ ਨਿੱਕੀਆਂ ਅਤੇ ਵੱਡੀਆਂ ਬੋਲੀਆਂ ਵਿਚ ਨਹੀਂ ਵੰਡਿਆ ਕਿਉਂਕਿ ਗਿੱਧੇ ਵਿਚ ਪੈਣ ਵਾਲੀਆਂ ਬੋਲੀਆਂ ਕਈ ਪ੍ਰਕਾਰ ਦੀਆਂ ਹੁੰਦੀਆਂ ਹਨ। ਮੁਟਿਆਰਾਂ ਆਪੋ ਆਪਣੀ ਵਾਰੀ ਜਾਂ ਫਿਰ ਮੌਕੇ ਅਨੁਸਾਰ ਬੋਲੀਆਂ ਪਾ ਕੇ ਗਿੱਧੇ ਵਿਚ ਨੱਚਦੀਆਂ ਹਨ।

– ਚੜ੍ਹ ਵੇ ਚੰਦਾ ਦੇ ਵੇ ਲਾਲੀ।
ਚੜਦੇ ਮੰਗਲਵਾਰ - - ਚੰਦਾ ਖਿੜੇ ਰਿਹਾ।
ਬਾਬਲ ਦੇ ਬਾਰ - - -ਚੰਦਾ ਖਿੜੇ ਰਿਹਾ।
ਚੜ੍ਹ ਵੇ ਚੰਦਾ ਦੇ ਵੇ ਲਾਲੀ।
ਚੜਦੇ ਮੰਗਲਵਾਰ - - -ਚੰਦਾ ਖਿੜੇ ਰਿਹਾ।
ਤਾਇਆ ਦੇ ਬਾਰ - - -ਚੰਦਾ ਖਿੜੇ ਰਿਹਾ।
ਚਾਚਿਆਂ ਦੇ ਬਾਰ - - -ਚੰਦਾ ਖਿੜੇ ਰਿਹਾ।
ਚੜ੍ਹ ਵੇ ਚੰਦਾ ਦੇ ਵੇ ਲਾਲੀ।
ਚੜਦੇ ਮੰਗਲਵਾਰ - - -ਚੰਦਾ ਖਿੜੇ ਰਿਹਾ।
ਮਾਮਿਆਂ ਦੇ ਬਾਰ - - -ਚੰਦਾ ਖਿੜੇ ਰਿਹਾ।
ਫੂਫਿਆਂ ਦੇ ਬਾਰ - - -ਚੰਦਾ ਖਿੜੇ ਰਿਹਾ।
ਚੜ੍ਹ ਵੇ ਚੰਦਾ ਦੇ ਵੇ ਲਾਲੀ।
ਚੜਦੇ ਮੰਗਲਵਾਰ - - -ਚੰਦਾ ਖਿੜੇ ਰਿਹਾ।
ਵੀਰਿਆਂ ਦੇ ਬਾਰ - - -ਚੰਦਾ ਖਿੜੇ ਰਿਹਾ।
ਦੋਸਤਾਂ ਦੇ ਬਾਰ - - - ਚੰਦਾ ਖਿੜੇ ਰਿਹਾ
ਚੜ੍ਹ ਵੇ ਚੰਦਾ ਦੇ ਵੇ ਲਾਲੀ।
ਚੜਦੇ ਮੰਗਲਵਾਰ - - -ਚੰਦਾ ਖਿੜੇ ਰਿਹਾ।

– ਚਾਂਦੀ ਦਾ ਚੌਤਰਾ ਨੀ ਦੇਖੋ।
ਸੋਨੇ ਦਾ ਚੌਤਰਾ ਨੀ ਦੇਖੋ।
ਮਾਮੀਆਂ ਦਾ ਹੌਸਲਾ ਨੀ ਦੇਖੋ।



ਚਾਂਦੀ ਦਾ ਚੌਤਰਾ ਨੀ ਦੇਖੋ।
ਸੋਨੇ ਦਾ ਚੌਤਰਾ ਨੀ ਦੇਖੋ।
ਭਾਬੀਆਂ ਦਾ ਹੌਸਲਾ ਨੀ ਦੇਖੋ।
ਚਾਚੀਆਂ ਦਾ ਹੌਸਲਾ ਨੀ ਦੇਖੋ।
ਚਾਂਦੀ ਦਾ ਚੌਤਰਾ ਨੀ ਦੇਖੋ।
ਸੋਨੇ ਦਾ ਚੌਤਰਾ ਨੀ ਦੇਖੋ।
ਭੈਣਾਂ ਦਾ ਹੌਸਲਾ ਨੀ ਦੇਖੋ।
ਗਵਾਂਢਣਾਂ ਦਾ ਹੌਸਲਾ ਨੀ ਦੇਖੋ।
ਚਾਂਦੀ ਦਾ ਚੌਤਰਾ ਨੀ ਦੇਖੋ।
ਸੋਨੇ ਦਾ ਚੌਤਰਾ ਨੀ ਦੇਖੋ।
ਮੇਲਣਾ ਦਾ ਹੌਸਲਾ ਨੀ ਦੇਖੋ।
ਕੁੜੀਆਂ ਦਾ ਹੌਸਲਾ ਨੀ ਦੇਖੋ।
ਚਾਂਦੀ ਦਾ ਚੌਤਰਾ ਨੀ ਦੇਖੋ।
ਸੋਨੇ ਦਾ ਚੌਤਰਾ ਨੀ ਦੇਖੋ।

– ਵੱਢ ਵੱਢ ਕਣਕਾਂ ਖਲੀਆਂ ਲਾਈਆਂ।
ਵਿਚੇ ਤਾਂ ਕਰਨ ਗਹਾਈਆਂ,
ਨੀ ਅਜ ਘਰ ਬਾਬਲ ਦੇ ਵਧਾਈਆਂ।
ਵੱਢ ਵੱਢ ਕਣਕਾਂ ਖਲੀਆਂ ਲਾਈਆਂ।
ਵਿਚੇ ਤਾਂ ਕਰਨ ਗਹਾਈਆਂ,
ਨੀ ਅਜ ਘਰ ਤਾਇਆਂ ਦੇ ਵਧਾਈਆਂ।
ਨੀ ਅਜ ਘਰ ਚਾਚਿਆਂ ਦੇ ਵਧਾਈਆਂ।
ਵੱਢ ਵੱਢ ਕਣਕਾਂ ਖਲੀਆਂ ਲਾਈਆਂ।
ਵਿਚੇ ਤਾਂ ਕਰਨ ਗਹਾਈਆਂ,
ਨੀ ਅਜ ਘਰ ਮਾਮਿਆਂ ਦੇ ਵਧਾਈਆਂ।
ਨੀ ਅਜ ਘਰ ਫੁਫਿਆਂ ਦੇ ਵਧਾਈਆਂ
ਵੱਢ ਵੱਢ ਕਣਕਾਂ ਖਲੀਆਂ ਲਾਈਆਂ।
ਵਿਚੇ ਤਾਂ ਕਰਨ ਗਹਾਈਆਂ,
ਨੀ ਅਜ ਘਰ ਵੀਰਿਆਂ ਦੇ ਵਧਾਈਆਂ।
ਮੁੰਡੇ ਵੀ ਖੇਡਣ ਕੁੜੀਆਂ ਵੀ ਖੇਡਣ,
ਭੱਜ ਭੱਜ ਲਾਂਦੇ ਟਾਈਆਂ।
ਵੇ ਅੱਜ ਘਰ ਬਾਬਲ ਦੇ ਵਧਾਈਆਂ।

– ਥਾਲੀ ਥਾਲੀ ਥਾਲੀ
ਵੇ ਅੱਜ ਮੇਰੇ ਵੀਰੇ ਦੀ, ਤੱਜੀ ਫਿਰੂਗੀ ਸਾਲੀ।

– ਫੈਅੜਾ ਫੈਅੜਾ ਫੈਅੜਾ
ਵੇ ਅੱਜ ਮੇਰੇ ਵੀਰੇ ਦਾ, ਤੱਜਿਆ ਫਿਰੂਗਾ ਸੈੁਰਾ।

– ਆਲਾ ਆਲਾ ਆਲਾ
ਵੇ ਅਜ ਮੇਰੇ ਵੀਰੇ ਦਾ, ਭੱਜਿਆ ਫਿਰੂਗਾ ਸਾਲਾ।

– ਕਿੱਲੀ ਕਿੱਲੀ ਕਿੱਲੀ
ਵੇ ਅੱਜ ਮੇਰੇ ਵੀਰੇ ਦੀ, ਚੜਗੀ ਫੌਜ ਰੰਗੀਲੀ।

– ਬੜੀਆਂ ਬੜੀਆਂ ਬੜੀਆਂ
ਵੇ ਅੱਜ ਮੇਰੇ ਵੀਰੇ ਦੇ, ਹੇਠ ਵਿਛਣਗੀਆਂ ਦਰੀਆਂ।

– ਛੋਲੇ ਛੋਲੇ ਛੋਲੇ
ਵੇ ਅੱਜ ਮੇਰੇ ਵੀਰੇ ਦੇ, ਕੌਣ ਬਰਾਬਰ ਬੋਲੇ।

– ਸੋਟੀ ਸੋਟੀ ਸੋਟੀ
ਵੇ ਏਨੇਹ ਕੀ ਨੱਚਣਾ, ਗੋਡਿਆਂ ਕੋਲੋਂ ਮੋਟੀ।

– ਸੁਣ ਇੰਦਰਾ ਨੀ ਸਰਕਾਰੇ,
ਕਾਅਨੂੰ ਲਾਂਦੀ ਝੂਠੇ ਲਾਰੇ,
ਤੇਰੇ ਲਾਰਿਆਂ ਦੇ ਨਾਲ ਅਸਾਂ ਨਈਓ ਝੁਕਣਾ।
ਚੰਡੀਗੜ੍ਹ ਵਿਚ ਭਾਖੜਾ ਬਲਾ ਕੇ ਛੱਡਣਾ,
ਚੰਡੀਗੜ੍ਹ ਲਏ ਬਿਨਾ ਅਸੀ ਨਈ ਝੁਕਣਾ।

– ਆਪ ਤਾਂ ਭਜਨਾ ਜੰਨ ਚੜ੍ਹ ਜਾਂਦਾ,
ਨਿਰਮਲ ਨੂੰ ਦੇ ਗਿਆ ਚੱਬ ਛੋਲੇ।
ਸੰਦੂਕੜੀ ਮਾਂ ਟੈਂ ਟੈਂ ਬੋਲੇ।

– ਚਿੱਟਿਆਂ ਕਬੂਤਰਾਂ ਦੀਆਂ ਚਿਟੀਆਂ ਨੇ ਅੱਖੀਆਂ,
ਵਿਚ ਅੱਖੀਆਂ ਦੇ ਲਾ ਤਾਰੀ ਕੁੜੀਏ।
ਹੁਣ ਆਈ ਐ, - - -ਹੌ
ਹੁਣ ਆਈ ਐ, ਗਿੱਧੇ ਦੀ ਵਾਰੀ ਕੁੜੀਏ।



– ਗਿੱਧਾ ਗਿੱਧਾ ਕਰ ਨਾ ਹਾਨਣੇ, ਗਿੱਧਾ ਪਊ ਬਥੇਰਾ।
ਪਿੰਡ ਦੇ ਚੋਬਰ ਕੱਠੇ ਹੋਗੇ, ਭਰਿਆ ਦਿਸੇ ਬਨੇਰਾ।
ਨੱਚ ਕਲਬੂਤਰੀਏ, ਦੇ ਕੇ ਛੋਕ ਦਾ ਗੇੜਾ।

– ਜੱਟੀਆਂ ਪੰਜਾਬ ਦੀਆਂ ਉਚੀਆਂ ਤੇ ਲੰਮੀਆਂ,
ਨੱਚ ਨੱਚ ਧਰਤ ਹਿਲਾਉਣਗੀਆਂ।
ਅੱਜ ਗਿਧੇ ਵਿਚ - - - ਹੋ,
ਗਿੱਧੇ ਵਿਚ ਭੜਥੂ ਪਾਉਣਗੀਆਂ।

– ਨੱਚਾਂ ਨੱਚਾਂ ਨੱਚਾਂ
ਨੀ ਮੈਂ ਅੱਗ ਵਾਂਗੂ ਮੱਚਾਂ,
ਮੇਰੀ ਨਚਦੀ ਦੀ ਝਾਂਜਰ ਛਣਕੇ ਨੀ।
ਵੇ ਮੈਂ ਨੱਚਾਂ ਪਟੋਲਾ ਬਣਕੇ ਨੀ।

– ਕੋਠੇ ਕੋਠੇ ਚੜਦੀ ਮੇਰੀ ਨਾੜ ਗਿੱਟੇ ਦੀ ਚੜਗੀ।
ਵੇ ਬਚਾਲੇ, ਵੇ ਬਚਾਲੇ ਹਾਣੀਆਂ,
ਵੇ ਮੈਂ ਮਰਗੀ ਮਰਗੀ ਮਰਗੀ।

– ਔਧਰ ਕਣਕਾਂ ਔਧਰ ਕਣਕਾਂ
ਵਿਚ ਕਣਕਾਂ ਦੇ ਗੰਨੇ।
ਵੇ ਮੈਂ ਨੱਚਾਂ ਹਾਣੀਆਂ, ਖੇਤਾਂ ਦੇ ਬੰਨੇ ਬੰਨੇ।

– ਬਾਰੀ ਵਿਚ ਬਹਿ ਕੇ ਚਾਦਰ ਕਢਦੀ,
ਤੋਤਾ ਲੈ ਗਿਆ ਤਾਰ।
ਬਾਪੂ ਸੁਤਾ ਪਿਆ, ਧੀ ਹੋਈ ਮੁਟਿਆਰ।

– ਬਾਬਲੇ ਦਾ ਵਿਹੜਾ ਮੈਨੂੰ ਭੀੜਾ ਭੀੜਾ ਜਾਪੇ।
ਮੈਨੂੰ ਨਚਦੀ ਨੂੰ ਆ ਗਿਆ ਭੂਚਾਲ ਕੁੜੀਓ।
ਮੈਨੂੰ ਚੜ੍ਹ ਗਿਆ, ਚੜ੍ਹ ਗਿਆ ਸੋਲਵਾਂ ਸਾਲ ਕੁੜੀਓ।

– ਦੇਬੋ ਵੀ ਨੱਚਦੀ, ਮੇਹਰ ਵੀ ਨੱਚਦਾ।
ਵਿਚੇ ਨਚਦਾ ਵਿਚੋਲਾ ਚਕਦੂੰ।
ਕੈਂਦਾ ਚਕਲਾ ਚਕਲਾ,
ਚਕਲਾ ਗਿੱਧੇ ਵਿਚ ਰਖਦੂੰ।

– ਜੇ ਮੁੰਡਿਆ ਵੇ ਸਾਥੋਂ ਗੋਹਾ ਵੇ ਚਕਾਣਾ।
ਟੋਕਰੀ ਲੈ ਦੇ ਕੱਚਾਂ ਦੀ,
ਵੇ ਮੈਂ ਧੀ ਵੱਡਿਆਂ ਸਰਪੰਚਾਂ ਦੀ।

– ਜੇ ਮੁੰਡਿਆ ਵੇ ਸਾਥੋਂ ਗੋਹਾ ਵੇ ਚਕਾਣਾ।
ਟੋਕਰੀ ਲੈ ਦੇ ਤਾਰਾਂ ਦੀ,
ਵੇ ਮੈਂ ਧੀ ਵੱਡਿਆਂ ਸਰਦਾਰਾਂ ਦੀ।

– ਕੋਰੇ ਕੋਰੇ ਸਿਓਨੇ ਦੀ ਮੈਂ ਸੱਗੀ ਵੇ ਕਰਾਮਾ।
ਉਪਰ ਜੜਾਵਾਂ ਛੱਜ ਭਾਬੀਏ,
ਨੀ ਤੂੰ ਗਿਧੇ ਵਿਚ,
ਗਿੱਧੇ ਵਿਚ ਮੇਰੇ ਨਾਲ ਨੱਚ ਭਾਬੀਏ।

– ਮਾਪਿਆਂ ਨੇ ਤਾਂ ਰਖੀ ਲਾਡਲੀ,
ਸੋਰਿਆਂ ਲਾਈ ਕੰਮ ਵੇ।
ਮੇਰਾ ਉੱਡੇ ਡੋਰੀਆਂ ਮੂਲਾਂ ਵਾਲੇ ਘਰ ਵੇ।

– ਅੱਗੇ ਤਾਂ ਖਾਂਦਾ ਮੁੰਡਾ ਪੰਜ ਸਤ ਰੋਟੀਆਂ।
ਹੁਣ ਕਿਉਂ ਖਾਂਦਾ ਢਾਈ,
ਢਾਈ ਜੈ ਵੱਢੀ ਦਿਆ, ਛੁੱਡੀ ਤਬੇਲੇ ਆਈ।
ਆਈ ਜੈ ਵੱਢੀ ਦਿਆ, ਛੁੱਡੀ ਤਬੇਲੇ ਆਈ।

– ਅੱਗੇ ਤਾਂ ਖਾਂਦਾ ਮੁੰਡਾ ਪੰਜ ਸੱਤ ਰੋਟੀਆਂ।
ਹੁਣ ਕਿਉਂ ਖਾਂਦਾ ਢਾਈ,
ਢਾਈ ਜੈ ਵੱਢੀ ਦਿਆ, ਕਾਣੀ ਤਬੇਲੇ ਆਈ।
ਆਈ ਜੈ ਵੱਢੀ ਦਿਆ, ਕਾਣੀ ਤਬੇਲੇ ਆਈ।

– ਸਪੇਰਾ ਵੇ ਸਪੇਰਾ
ਸਾਡੇ ਦਿਲ ਵਿਚ ਲਾਈਂ ਨਾ ਤੂੰ ਡੇਰਾ।
ਐਸੀ ਪਿਆਰ ਵਾਲੀ ਬੀਨ ਬਜਾਈਂ ਮੁੰਡਿਆ।
ਵੇ ਮੈਂ ਨਾਗ ਦੀ ਬੱਚੀ,
ਨਾਗ ਦੀ ਬੱਚੀ ਨਾ ਹੱਥ ਲਾਈਂ ਮੁੰਡਿਆ।

— ਸਪੇਰਾ ਮੈਂ ਸਪੇਰਾ
ਐਸੀ ਪਿਆਰ ਵਾਲੀ ਬੀਨ ਮੈਂ ਬਜਾਊਂ ਕੁੜੀਏ।



ਤੈਨੂੰ ਕੀਲ ਕੇ,
ਕੀਲ ਕੇ ਪਟਾਰੀ ਵਿਚ ਪਾਊਂ ਕੁੜੀਏ।

– ਰੰਗ ਸਾਧਾਂ ਦੇ ਵੀ ਕਾਲੇ, ਰੰਗ ਸੱਪਾਂ ਦੇ ਵੀ ਕਾਲੇ।
ਸੱਪ ਖੇਲ ਕੇ ਪਟਾਰੀ ਵਿਚ ਬੰਦ ਹੋ ਗਿਆ।
ਮੁੰਡਾ ਗੋਰਾ ਰੰਗ- - -ਹੋ,
ਗੋਰਾ ਰੰਗ ਵੇਖ ਕੇ ਮਲੰਗ ਹੋ ਗਿਆ।

– ਮਾਹੀ ਮੇਰਾ ਛੁੱਟੀ ਆਇਆ,
ਖਿੜ ਪਈਆਂ ਗੁਲਜਾਰਾਂ।
ਚੰਨਾ ਵੇ ਮੈਨੂੰ ਸੰਗ ਲਗਦੀ,
ਘੁੰਢ ਚਕਕੇ ਸਲੂਟ ਕਿਵੇਂ ਮਾਰਾਂ।

– ਰੇਲ ਮੇਲ ਮੈਂ ਪੱਟਦੀ ਟੋਏ,
ਵਿਚ ਸਰਾਬਾਂ ਕੱਢਦੀ।
ਬਈ ਪ੍ਰੇਲਾਂ ਪੇਗ ਮੈਂ ਯਾਰ ਨੂੰ ਦੇਵਾਂ,
ਫੇਰ ਬੋਤਲਾਂ ਭਰਦੀ।
ਪੇਰ ਸਕੀਨੀ ਦਾ, ਵਿਚ ਮੁੰਡਿਆ ਦੇ ਧਰਦੀ।

– ਟਿੱਕਾ ਬਿੰਦੀ ਪੇਨ੍ਹ ਜੱਟੀ ਵੇੜੇਹ ਖੜੀ ਤੀ।
ਪੁਲਸ ਖੜੀ ਠਾਣੇਦਾਰ ਦੀ।
ਵੇ ਜੱਟੀ ਵੇੜੇਹ ਖੜੀ ਲਲਕਾਰਦੀ।

– ਖੂਹ ਉਤੇ ਕੱਲੀ ਜਦੋਂ ਪਾਣੀ ਨੂੰ ਜਾਵਾਂ,
ਹਾੜਾ ਕਰਿਆ ਨਾ ਕਰ ਐਸੀ ਜਿੱਚ ਮੁੰਡਿਆ।
ਹੋਗੀ ਲਾ ਲਾ, ਲਾ ਲਾ ਸਾਰੇ ਪਿੰਡ ਵਿਚ ਮੁੰਡਿਆ।

– ਕਦੇ ਆਇਆ ਕਰੇ ਕਦੇ ਜਾਇਆ ਕਰੇ,
ਪੱਤੇ ਤੋੜ ਤੋੜ ਸੀਟੀਆਂ ਵਜਾਇਆ ਕਰੇ।

– ਕਦੇ ਆ ਸੋਣੀਏ, ਕਦੇ ਜਾ ਸੋਣੀਏ
ਘੜਾ ਚੁਕ ਲੈ ਦੰਦਾਂ ਦੇ ਨਾਲ ਸੋਣੀਏ।

– ਇਕ ਮੇਰੀ ਹਰੀ ਬਾਂਹ, ਇਕ ਮੇਰੀ ਗੋਰੀ ਬਾਂਹ।
ਏ ਨੀ ਮੇਰੀ ਮਾਂ,
ਭੰਨ ਗਿਆ ਚੂੜੀਆਂ, ਮਰੋੜ ਗਿਆ ਬਾਂਹ।

— ਵੇ ਮੈਂ ਗੋਰੀ ਗੋਰੀ ਗੋਰੀ,
ਵੇ ਮੈਂ ਕਾਗਜ਼ ਵਰਗੀ ਕੋਰੀ,
ਸਾਰੀ ਦੁਨੀਆਂ ਨਾਲੋਂ ਚੋਰੀ,
ਮੁੰਡਿਆ ਹੱਥ ਮਲਾਲੈ ਵੇ।
ਮੈਂ ਬੰਦ ਬੋਤਲ ਵਰਗੀ, ਖੋਲ੍ਹ ਕੇ ਘੁਟ ਕੁ ਲਾਲੈ ਵੇ।

— ਤੇਰੀ ਬੋਤਲ ਸੱਤਰ ਵਾਲੀ,
ਖਿਲੋ ਨਾ ਮੈਂ ਕਰਦਾ ਕਾਅਲ੍ਹੀ,
ਇਕ ਦਿਨ ਆਪੇ ਖੁਲਜੂਗੀ,
ਮੈਂ ਕਿਉਂ ਬਦਨਾਮੀ ਖੱਟਾਂ ਨੀ ਖੋਲੇ ਤੋਂ ਡੁਲਜੂਗੀ।

— ਜੇ ਮੁੰਡਿਓ ਤੁਸੀ ਬਿਆਹ ਵੇ ਕਰਾਉਣਾ,
ਦਾਜ ਦਹੇਜ ਲੈਣਾ ਕਰੋ ਬੰਦ ਮੁੰਡਿਓ।
ਵੇ ਨ੍ਹਈ ਤਾਂ ਰ੍ਹੈਅ ਜਾਓਗੇ, ਛੜੇ ਮਲੰਗ ਮੁੰਡਿਓ।

— ਵੇ ਮੈਂ ਕੁੜੀਓ ਡਰੈਵਰ ਟਰੱਕ ਦਾ,
ਬਿਨ ਪੀਤੀਓਂ ਗਡੀ ਨੀ ਮੈਂ ਹੱਕਦਾ,
ਦਸ ਹੁਣ ਕੀ ਮਰਜੀ ਤੇਰੀ।
ਤੂੰ ਚੂੜੇ ਵਾਲੀ ਬਾਂਹ ਕਢਕੇ
ਗੱਡੀ ਰੋਕ ਲੀ ਬਵੰਜਾ ਬੱਤੀ ਮੇਰੀ।

— ਮੇਂਢੀ ਮੇਂਢੀ ਮੇਂਢੀ
ਗਿੱਧੇ ਵਿਚ ਨੱਚਦੀ ਦੀ, ਗਿਧੇ ਵਿਚ ਨੱਚਦੀ ਦੀ।
ਮੇਰੀ ਧਮਕ ਕਾਲਜੇ ਪੈਂਦੀ।
ਰੋਜ਼ ਰ੍ਹੈਂਦਾ ਗਲੀ ਵਿਚ ਗੇੜੇ ਮਾਰਦਾ, ਗੇੜੇ ਮਾਰਦਾ,
ਮੇਰੀ ਭਾਬੋ ਝਿੜਕਦੀ ਰ੍ਹੈਂਦੀ।

— ਫੌਜੀ ਦੇ ਨਾ ਬਿਆਈਂ ਬਾਬਲਾ,
ਹਾਲੀ ਪੁਤ ਬਥੇਰੇ।
ਫੌਜੀ ਦਾ ਤਾਂ ਗੋਲ ਬਿਸਤਰਾ,
ਲਾਏ ਪਰਦੇਸ 'ਚ ਡੇਰੇ।
ਮੈਂ ਤੈਨੂੰ ਵਰਜ ਰ੍ਹਈ, ਦਈਂ ਨਾ ਬਾਬਲਾ ਗੇੜ੍ਹੇ।

— ਜੱਟਾ ਵੇ ਜੱਟਾ ਲੈ ਦੇ ਰੇਸ਼ਮੀ ਦੁਪੱਟਾ,
ਨਾਲੇ ਸੂਟ ਸਵਾਦੇ ਨਸਵਾਰੀ ਵੇ।
ਗੋਰੇ ਰੰਗ ਨੇ ਜੱਟਾਂ ਦੀ ਮੱਤ ਮਾਰੀ ਵੇ।



— ਜੇ ਮੁੰਡਿਓ ਥੋੜੇ ਬਿਆਹ ਨਹੀ ਹੁੰਦੇ,
ਬਿੱਲੀ ਨਾਲ ਕਰਲੋ ਵੇ।
ਬਿੱਲੀ ਦੀਆਂ ਗੋਲ ਗੋਲ ਅੱਖਾਂ,
ਅੱਖ ਮਟੱਕੇ ਲਾ ਲੋ ਵੇ।

— ਸੱਸ ਪਕਾਵੇ ਰੋਟੀਆਂ, ਮੈਂ ਪੇੜੇ ਗਿਣਦੀ ਆਈ।
ਸੱਸੇ ਨੀ ਬਾਰ੍ਹਾਂ ਤਾਲੀਏ, ਮੈਂ ਤੇਰ੍ਹਾਂ ਤਾਲੀ ਆਈ।

— ਛਾਪੇ ਛਾਪੇ ਛਾਪੇ
ਡੰਡੀ ਝੁਮਕੇ ਪਾਦੇ ਬਾਬਲਾ,
ਕੋਈ ਆਖੇ ਨਾ ਗਰੀਬ ਤੇਰੇ ਮਾਪੇ।

— ਛਾਪੇ ਛਾਪੇ ਛਾਪੇ
ਡੰਡੀ ਝੁਮਕੇ ਨ੍ਹਈਓ ਪੁਗਦੇ,
ਅਸੀ ਬੌਤੀਆਂ ਧੀਆਂ ਦੇ ਮਾਪੇ।

— ਅੱਕ ਦੀ ਜੜ੍ਹ ਵਿਚ ਢੱਕ ਵੇ ਸੁਣੀਦਾ,
ਵਿਚੇ ਸੁਣੀਦੀ ਗੋਡੀ।
ਕਾਅਨੂੰ ਮਾਰਦਾ ਵੇ ਅੱਖੀਆਂ ਮੈਂ ਸਰਦਾਰਾਂ ਜੋਗੀ।

— ਸਿਖਰ ਦੁਪ੍ਹੇਰੇ ਮੁੰਡਾ ਕੰਧ ਤੇ ਬੈਠਾ,
ਸੈਨਤਾਂ ਦੀ ਜਸ ਰੱਖਦਾ।
ਪਤਲਾ ਜੇਹਾ ਗਭਰੂ, ਜਾਨ ਮੁੱਠੀ ਵਿਚ ਰਖਦਾ।

— ਬੂਰੀ ਮੱਝ ਲੈਣੀ ਏ ਵੇ, ਚੋਣੀ ਏ ਥਾਪੀ ਮਾਰਕੇ।
ਦੋਜੀ ਦੁੱਧ ਲੈਂਦੇ ਨੇ, ਢੋਲਾਂ ਦੇ ਢੱਕਣ ਤਾਰਕੇ।
ਪਾਈਆ ਦੁੱਧ ਲੈਂਦੀ ਆਂ, ਦੋਜੀ ਨੂੰ ਹਾਕ ਮਾਰਕੇ।
ਦੋਜੀ ਪਾਣੀ ਪਾਂਦੇ ਨੇ, ਢੋਲਾਂ ਦੇ ਢੱਕਣ ਤਾਰਕੇ।

— ਜੇ ਸੁਨਿਆਰੇ ਕੋਲੋਂ ਤੈਂ ਨੱਤੀਆਂ ਘੜਾਈਆਂ,
ਸਾਨੂੰ ਵੀ ਇਕ ਨੱਗ ਜੜਵਾਦੇ ਹਾਣੀਆਂ।
ਸਾਨੂੰ ਪੈਰਾਂ ਦੀਆਂ ਝਾਂਜਰਾਂ ਬਣਾਦੇ ਹਾਣੀਆਂ।

— ਤੇਰੇ ਉਤੇ ਜਾਨ ਕੁਰਬਾਨ ਮੇਰੀ ਬਿਲੌਂ,
ਭਾਵੇਂ ਹੁਣੇ ਸੱਗੀ ਫੁੱਲ ਘੜਵਾਲੇ ਗੋਰੀਏ।
ਸਾਨੂੰ ਵੇਚ ਕੇ ਪੈਰਾਂ ਦੇ ਵਿਚ ਪਾ ਲੇ ਗੋਰੀਏ।

– ਉਚੇ ਟਿੱਬੇ ਦੋ ਸਾਧੂ ਰਹਿੰਦੇ.
ਉਨ੍ਹਾਂ ਦਾ ਰਹਿੰਦਾ ਇਕ ਖੇਤ।
ਹੋਲੀ-ਹੋਲੀ ਵਗ ਨਦੀਏ ਮੇਰਾ ਵੀਰ ਗਿਆ ਪਰਦੇਸ।

– ਸੱਸ ਮੇਰੀ ਨੇ ਜੋੜੇ ਜੰਮੇ.
ਇਕ ਛੋਲੀ ਇਕ ਛੋਲਾ।
ਨੀ ਮਾਂ ਜੀ ਇਹ ਕੀ. ਇਹ ਕੀ ਰੋਣਕ ਮੇਲਾ।

– ਆ ਨੀ ਜਗੀਰੋ ਹੋਟਲ ਚਲੀਏ. ਪੀ ਕੇ ਠੰਡਾ ਪਾਣੀ।
ਨੱਕ ਤਾਂ ਤੇਰਾ ਪਾਨ ਦਾ ਪੱਤਾ. ਠੋਡੀ ਸੁਰਮੇਦਾਣੀ।
ਨੀ ਮੈਂ ਆਸ਼ਕ ਹਾਂ. ਪਿੰਡ ਦਾ ਮੁੰਡਾ ਨਾ ਜਾਣੀ।

– ਜੇ ਤੂੰ ਮੁੰਡਾ ਅਣਜਾਣ. ਕਰਲੈ ਮੇਰੀ ਤੂੰ ਪਛਾਣ.
ਮੈਂ ਵੀ ਪਿੰਡ ਵਿਚ ਪਤਲੀ ਪਤੰਗ ਮੁੰਡਿਆ।
ਦਉਂ ਛੜਿਆਂ ਨੂੰ - - ਹੋ.
ਛੜਿਆਂ ਨੂੰ ਸੂਲੀ ਉਤੇ ਟੰਗ ਮੁੰਡਿਆ।

– ਜੇ ਮੁੰਡਿਆ ਵੇ ਤੇਰੇ ਬਲ੍ਹਦ ਸਿਤਿਆਏ.
ਪਾਣੀ ਪਲਾ ਲਿਆ ਲਾਹੌਰ ਮੁੰਡਿਆ।
ਵੇ ਢਿੱਲੀ ਛੱਡ ਬਲਦਾਂ ਦੀ ਡੋਰ ਮੁੰਡਿਆ।

– ਜੇ ਮੁੰਡਿਆ ਤੈਂ ਹਲ੍ਹ ਵੇ ਜੋੜਨਾ.
ਮੈਂ ਵੀ ਧਰਨੀ ਦਾਲ ਮੁੰਡਿਆ।
ਵੇ ਰੋਟੀ ਆਉ ਮਿਰਚਾਂ ਦੇ ਨਾਲ਼ ਮੁੰਡਿਆ।

– ਸਾਡੀ ਗਲ਼ੀ ਲੰਘ ਵੇ ਸ਼ਰਾਬੀਆ.
ਸਾਡੇ ਵੇਹੜੇ ਬੜ ਵੇ ਸ਼ਰਾਬੀਆ।
ਮਿਠ੍ਹਾਂ-ਮਿਠ੍ਹਾਂ ਸਿਰ ਮੇਰਾ ਦੂਖੇ ਵੇ ਸ਼ਰਾਬੀਆ।

– ਨੌਕਰ ਦੇ ਨਾ ਬਿਆਈਂ ਬਾਬਲਾ. ਹਾਲ਼ੀ ਪੁੱਤ ਬਥੇਰੇ।
ਨੌਕਰ ਨੇ ਤਾਂ ਚੱਕਿਆ ਸਕੂਟਰ. ਮਾਰ ਸ਼ੈਅਰ ਵਿਚ ਗੇੜੇ।
ਮੈਂ ਤੈਨੂੰ ਵਰਜ ਰਹੀ. ਦਈਂ ਨਾ ਬਾਬਲਾ ਗੇੜੇ।

– ਸ਼ੈਰੀ ਦੇ ਨਾ ਦਈਂ ਬਾਬਲਾ. ਪੇਂਡੂ ਪੁਤ ਬਥੇਰੇ।
ਸ਼ੈਰੀ ਨੇ ਤਾਂ ਚੱਕਿਆ ਸਕੂਟਰ. ਮਾਰ ਸ਼ੈਰ ਵਿਚ ਗੇੜੇ।
ਪਟਰੋਲ ਦਾ ਖਰਚਾ ਸਿਰ ਤੋਂ ਨੀ ਲੈਂਦਾ. ਲੈਗੀ ਪੁਲਸ ਫੜਕੇ।
ਵੇ ਛਡਾ ਲੈ ਵੈਰਨੇ ਜ਼ਮੀਨ ਗ੍ਹੈਣੇ ਧਰਕੇ।



– ਰੋੜਾ ਆਰ ਸੁਟੀਦਾ. ਰੋੜਾ ਪਾਰ ਸੁਟੀਦਾ।
ਲੰਬੜਦਾਰਾਂ ਦੇ ਦਰਵਾਜੇ. ਠਾਣੇਦਾਰ ਕੁਟੀਦਾ।

– ਸ਼ੌਰੇ ਸ਼ੌਰੇ ਨਾ ਕਰਿਆ ਕਰ ਨੀ. ਵੇਖ ਸ਼ੌਰੇ ਦੇ ਜਾ ਕੇ।
ਪ੍ਹੈਲਾਂ ਤਾਂ ਦਿੰਦੇ ਚਿਨੀ ਦੀਆਂ ਚਾਹਵਾਂ. ਫੇਰ ਦਿੰਦੇ ਗੁੜ ਪਾ ਕੇ।
ਰੂਪ ਗੁਆ ਲਿਆ ਨੀ. ਦੋ ਦਿਨ ਸ਼ੌਰੇ ਜਾ ਕੇ।

– ਸੱਸਾਂ ਸੱਸਾਂ ਹਰ ਕੋਈ ਕੈਂਦਾ. ਸੱਸਾ ਕਿਨੇ ਬਣਾਈਆਂ।
ਮੇਰੇ ਵਾਹਿਗੁਰੂ ਨੇ. ਮਗਰ ਚੁੜੈਲਾਂ ਲਾਈਆਂ।

– ਮਾਵਾਂ ਮਾਵਾਂ ਹਰ ਕੋਈ ਕੈਂਦਾਂ. ਕਿਨ੍ਹੇਂ ਬਣਾਈਆਂ ਮਾਵਾਂ।
ਨਿੱਕੇ ਮੁੰਡੇ ਨਾਲ ਵਿਆਹ ਕਰ ਦੇਂਦੀਆਂ. ਦੋ ਚਾਰ ਕੁ ਲਾਵਾਂ।
ਏਸ ਜੁਆਨੀ ਨੂੰ. ਕੇਹੜੇ ਖੂਹ ਵਿਚ ਪਾਵਾਂ।

– ਮਾਵਾਂ ਮਾਵਾਂ ਹਰ ਕੋਈ ਕੈਂਦਾ. ਕਿਨ੍ਹੇ ਬਣਾਈਆਂ ਮਾਵਾਂ।
ਨਿੱਕੀ ਹੁੰਦੀ ਦਾ ਬਿਆਹ ਕਰ ਦੇਂਦੀਆਂ. ਦੋ ਕੇ ਚਾਰ ਕੁ ਲਾਵਾਂ।
ਇਕ ਨੂੰ ਸਕੂਲੇ ਛੱਡਾਂ. ਇਕ ਨੂੰ ਮੇਢੇ ਲਾਵਾਂ।
ਏਸ ਜਵਾਨੀ ਨੂੰ. ਕੇਹੜੇ ਖੂਹ ਵਿਚ ਪਾਵਾਂ।

– ਇਕ ਤੇਲ ਦੀ ਕੁੱਪੀ. ਇਕ ਘਿਓ ਦੀ ਕੁੱਪੀ।
ਵੇ ਤੂੰ ਬੁਾਰ ਖੜਾ. ਵੇ ਮੈਂ ਜੇਠ ਨੇ ਕੁੱਟੀ।
ਜੇ ਤੂੰ ਕੋਲ ਨਾ ਹੁੰਦਾ. ਮੈਂ ਵੀ ਮਾਰਦੀ ਜੁੱਤੀ।
ਸੱਚ ਦੱਸ ਗੋਰੀਏ. ਕੇੜ੍ਹੀ ਗੱਲ ਤੋਂ ਕੁੱਟੀ।
ਸੱਚ ਦੱਸਾਂ ਹਾਣੀਆਂ. ਮੈਥੋਂ ਤੌੜੀਓ ਫੁੱਟੀ।

– ਖਟਣ ਗਿਆ ਸੀ ਬਾਰੀ ਬਰਸੀ.
ਖੱਟ ਕੇ ਲਿਆਂਦੇ ਤਾਰੇ।
ਜੱਟ ਨੇ ਜ਼ਮੀਨ ਵੇਚ ਕੇ.
ਟੈਲੀਵਿਜ਼ਨ ਲਵਾ ਲਿਆ ਚੁਬਾਰੇ।

– ਕੋਰੇ ਕੋਰੇ ਕੁੱਜੇ ਵਿਚ ਮਿਰਚਾਂ ਮੈਂ ਰਗੜਾਂ.
ਹਾਏ ਓ ਮੇਰੇ ਹਾਣੀਆਂ ਮਿਰਚਾਂ ਮੈਂ ਰਗੜਾਂ.
ਸ਼ੌਹ਼ਰੇ ਦੀ ਅੱਖ ਵਿਚ ਪਾ ਦੇਨੀ ਆਂ।
ਨੀ ਘੁੰਡ ਕੱਢਣੇ ਦੀ ਰੜਕ ਮਿਟਾ ਦੇਨੀ ਆਂ।

– ਥੱਲੇ ਥੱਲੇ ਮੈਂ ਡਿੱਗ ਪਈ ਹਰਮਲ ਤੋਂ।
ਮੇਰੀ ਡਿਗੀ ਦੀ ਖਬਰ ਨੂੰ ਨਾ ਆਇਆ, ਖਬਰ ਨੂੰ ਨਾ ਆਇਆ,
ਮੈਂ ਡਿੱਗ ਪਈ ਹਰਮਲ ਤੋਂ।

– ਥੱਲੇ ਥੱਲੇ ਨੀ ਇਕ ਵਾਰੀ ਹੋਰ ਡਿੱਗਜਾ।
ਤੇਰੀ ਡਿਗੀ ਦੀ ਖਬਰ ਨੂੰ ਮੈਂ ਆਵਾਂ, ਖਬਰ ਨੂੰ ਮੈਂ ਆਵਾਂ,

– ਥੱਲੇ ਥੱਲੇ ਵੇ ਕੰਨਾਂ ਨੂੰ ਕਰਾਦੇ ਡੰਡੀਆਂ,
ਜਿਦੇਹ ਵਿਚ ਨੂੰ ਮੁਲਖ਼ ਲੰਘ ਜਾਵੇ।

– ਥੱਲੇ ਥੱਲੇ ਵੇ ਡੰਡੀਆਂ ਦਾ ਭਾਅ ਸੁਣਕੇ,
ਜੱਟ ਤੁਤੜੂ ਵਜਾਉਂਦਾ ਆਵੇ, ਵਜਾਉਂਦਾ ਆਵੇ,
ਵੇ ਡੰਡੀਆਂ ਦਾ ਭਾਅ ਸੁਣ ਕੇ।

– ਥੱਲੇ- ਥੱਲੇ ਨੀ ਸੱਸ ਨੇ ਸੰਦੂਕ ਜੰਮਿਆ,
ਸੌਹ੍ਰਾ ਗਿਣ-ਗਿਣ ਮੇਖਾਂ ਲਾਵੇ।

– ਮੈਂ ਨਾ ਕਿਸੇ ਦੇ ਫੂਲਕੇ ਰਾੜ੍ਹਨੇ, ਮੈਂ ਨਾ ਧਰਨੀਆਂ ਦਾਲ੍ਹਾਂ।
ਵੇ ਜਿਊਂਦੀ ਮੈਂ ਮਰਗੀ, ਜਦੋਂ ਕੱਢੀਆਂ ਜੇਠ ਨੇ ਗਾਲ੍ਹਾਂ।

– ਕੀ ਹੋਇਆ ਜੇ ਬੁਰਾ ਬੋਲ ਗਿਆ, ਉਹ ਜਾਣੀ ਮੁਟਿਆਰੇ।
ਬੋਲ ਭਰਾਵਾਂ ਦੇ, ਸ੍ਹੈਅ ਲੈ ਬਾਂਕੀਏ ਨਾਰੇ।

– ਜੀ-ਜੀ ਕਰਦਿਆਂ ਜੀਭ ਸੁਕਾ ਲੀ,
ਕਦਰ ਨੀ ਪਾਇਆ ਮੇਰਾ।
ਵੇ ਅੱਗੇ ਪਿਛੇ ਕਰਦੀ ਫਿਰਦੀ,
ਆਦਰ ਉਤਰ ਬਥੇਰਾ।
ਸਿਰ ਮੇਰੇ ਤੇ ਗਇਆ ਉਲਟਾ,
ਸਟਰ ਮਾਰ ਕੇ ਛਾਲਾਂ।
ਜਿਉਂਦੀ ਮੈਂ ਮਰਗੀ, ਜਦੋਂ ਕੱਢੀਆਂ ਜੇਠ ਨੇ ਗਾਲ੍ਹਾਂ।

– ਕਦੂ ਤੇ ਕਰੇਲੇ ਵਿਕਦੇ, ਕਦੇ ਵੀਰ ਵਿਕਣੇ ਵੀ ਆਏ।
ਭੋਲੀਏ ਸਦੈਣ ਹੋ ਗਈ, ਕਦੇ ਵੀਰ ਵਿਕਣੇ ਵੀ ਆਏ।
ਇਕ ਵੀਰ ਦਈ ਵੇ ਰੱਬਾ, ਨੀ ਹਾਏ ਹਾਏ ਦਈ ਵੇ ਰੱਬਾ,
ਸੌਂਹ ਖਾਣ ਨੂੰ ਬੜਾ ਚਿੱਤ ਕਰਦਾ।



– ਕਦੂ ਤੇ ਕਰੇਲੇ ਵਿਕਦੇ, ਕਦੇ ਵੀਰ ਵਿਕਣੇ ਵੀ ਆਏ।
ਭੋਲੀਏ ਸਦੈਣ ਹੋ ਗਈ, ਕਦੇ ਵੀਰ ਵਿਕਣੇ ਵੀ ਆਏ।
ਦੋ ਵੀਰ ਦਈ ਵੇ ਰੱਬਾ, ਹਾਏ ਹਾਏ ਦਈਂ ਵੇ ਰਬਾ।
ਇਕ ਮੁਣਸੀ ਤੇ ਇਕ ਪਟਵਾਰੀ।

– ਕਦੂ ਤੇ ਕਰੇਲੇ ਵਿਕਦੇ, ਕਦੇ ਵੀਰ ਵਿਕਣੇ ਵੀ ਆਏ।
ਭੋਲੀਏ ਸਦੈਣ ਹੋ ਗਈ, ਕਦੇ ਵੀਰ ਵਿਕਣੇ ਵੀ ਆਏ।
ਪੰਜ ਵੀਰ ਦਈ ਵੇ ਰੱਬਾ, ਨੀ ਹਾਏ ਹਾਏ ਦਈ ਵੇ ਰੱਬਾ,
ਜੇੜ੍ਹੀ ਫੌਜ ਜਲੰਧਰੋ ਆਵੇ।

– ਜੱਟਾਂ ਦੀ ਬਹੂ ਮੁਕਲਾਵੇ ਆਈ,
ਦਾਜ ਵਿਚ ਲਿਆਈ ਦੋ ਥਾਲੀਆਂ।
ਵੇ ਐਥੇ ਮੇਰੀ ਡੰਡੀ ਗਿਰੀ,
ਡੰਡੀ ਗਿਰੀ ਦੋ ਥਾਲੀਆਂ।

– ਬਾਮ੍ਹਣਾ ਦੀ ਬਹੂ ਮੁਕਲਾਵੇ ਆਈ,
ਦਾਜ ਵਿਚ ਲਿਆਈ ਦੋ ਥਾਲੀਆਂ।
ਵੇ ਐਥੇ ਮੇਰੀ ਡੰਡੀ ਗਿਰੀ,
ਡੰਡੀ ਗਿਰੀ ਦੋ ਥਾਲੀਆਂ।

– ਸੈਣੀਆਂ ਦੀ ਬਹੂ ਮੁਕਲਾਵੇ ਆਈ,
ਦਾਜ ਵਿਚ ਲਿਆਈ ਦੋ ਥਾਲੀਆਂ।
ਵੇ ਐਥੇ ਮੇਰੇ ਡੰਡੀ ਗਿਰੀ,
ਡੰਡੀ ਗਿਰੀ ਦੋ ਥਾਲੀਆਂ।

– ਕਿੱਕਰਾਂ ਵੀ ਲੰਘ ਆਈਆਂ; ਬੇਰੀਆਂ ਵੀ ਲੰਘ ਆਈਆਂ,
ਲੰਘਣੇ ਨੂੰ ਰ੍ਹੈਗੀ ਟਾਲ੍ਹੀ।
ਸੌਹ੍ਰੇ ਨਾਲ ਚਲੀਆਂ, ਸਤਗੁਰ ਮੇਰਾ ਵਾਲੀ।

– ਕਿਕਰਾਂ ਵੀ ਲੰਘ ਆਈਆਂ; ਬੇਰੀਆਂ ਵੀ ਲੰਘ ਆਈਆਂ,
ਲੰਘਣੋ ਰ੍ਹੈਗੀ ਟਾਲ੍ਹੀ।
ਜੇਠੇ ਨਾਲ ਚੱਲੀਆਂ, ਸਤਗੁਰ ਸਾਡਾ ਵਾਲੀ।

– ਕੋਈ ਵੇਚੇ ਹਿੰਗ ਜਵੈਣ, ਕੋਈ ਵੇਚੇ ਰਾਈ।
ਜੇਠ ਵੇਚੇ ਰੰਨਾਂ, ਟਕੇ ਟਕੇ ਦੀ ਸਾਈ।
ਨੀ ਤੂੰ ਪਾ ਭੰਗੜਾ, ਰੁੱਤ ਭੰਗੜੇ ਦੀ ਆਈ।

– ਕੋਰੇ ਕੋਰੇ ਕੁੱਜੇ ਵਿਚ ਦਹੀ ਮੈਂ ਜਮਾਨੀਆਂ,
ਤੜਕੇ ਉਠ ਕੇ ਰਿੜਕਾਂਗੇ।
ਛੜੇ ਆਣਗੇ ਲੱਸੀ ਨੂੰ, ਝਿੜਕਾਂਗੇ।

– ਬਾਰੀ ਬਰਸੀਂ ਖੱਟਣ ਗਿਆ ਸੀ, ਖਟ ਕੇ ਲਿਆਂਦਾ ਮਾਵਾ।
ਦੋਨਾਂ ਵਿਚ ਯਾਰ ਵਸਦਾ, ਕਿਹੜੀ ਅੱਖ ਵਿਚ ਸੂਰਮਾ ਪਾਵਾਂ।

– ਜਿੰਦ ਡੋਲ ਨੀ ਗਿਆ, ਦਿਲ ਡੋਲ ਨੀ ਗਿਆ।
ਕੋਈ ਗੁਟਕੂੰ ਗੁਟਕੂ ਬੋਲ ਨੀ ਗਿਆ।

– ਅੱਡੀ ਤਾਂ ਮੇਰੀ ਕੋਲ ਕਾਚ ਦੀ, ਸਿਰ ਮੱਥੇ ਨਾਲ ਲਾਵਾਂ।
ਜਾਂਦੇ ਨੌਕਰ ਨੂੰ, ਬਾਂਹ ਫੜਕੇ ਸਮਝਾਵਾਂ।

– ਉਚੇ ਜੇ ਟਿੱਬੇ ਮੈਂ ਭਾਂਡੇ ਮਾਂਜਾਂ,
ਉਤੋ ਡਿਗ ਆਈ ਥਾਲੀ।
ਵੇ ਕੈਦ ਕਰਾਂਦੂੰਗੀ, ਮੈਂ ਡਿਪਟੀ ਦੀ ਸਾਲੀ।

– ਐਦਲੀ ਗੱਡੀ ਦੇ ਚਮਕਣ ਸੀਸੇ, ਐਦਲੀ ਗਡੀ ਦੇ ਟੀਨ।
ਬੈਗੀ ਪੈਂਟਾ ਨੇ, ਪਟ ਤੇ ਮੁੰਡੇ ਸਕੀਨ।

– ਐਦਲੀ ਗੱਡੀ ਦੇ ਚਮਕਣ ਸੀਸੇ, ਐਦਲੀ ਗੱਡੀ ਦੀਆਂ ਤਾਰਾਂ।
ਏਸ ਜਵਾਨੀ ਨੇ, ਪੱਟ ਸੁੱਟੀਆਂ ਮੁਟਿਆਰਾਂ।

– ਬਾਜਰੇ ਦੀ ਰੋਟੀ ਉਤੇ ਮਿਰਚਾਂ ਧੁਕਾਂਗੇ।
ਲੈ ਲਾ ਠਾਣੇਦਾਰੀ ਆਪਾਂ ਲੋਕਾਂ ਨੂੰ ਕੁਟਾਂਗੇ।

– ਤਿੱਖੇ ਉਦੇਹ ਨੈਣ ਤਿੱਖੀ ਉਦਹੀ ਧੌਣ,
ਛਾਲ ਮਾਰਕੇ ਗਿੱਧੇ ਵਿਚ ਆਈ।
ਮੁੰਡਿਆਂ ਨੂੰ ਪੈਣ ਗਸੀਆਂ,
ਸਾਰੇ ਪਿੰਡ ਵਿਚ ਮਚਗੀ ਦੁਹਾਈ।

– ਹੱਸਲੋ ਨੀ ਕੁੜੀਓ ਖੇਡਲੋ ਨੀ ਕੁੜੀਓ,
ਹੱਸਣਾ ਖੇਡਣਾ ਰ੍ਹੈ ਜਾਊਗਾ।
ਕੋਈ ਮੂਰਖ ਆ ਕੇ ਲੈ ਜਾਊਗਾ।
ਕੋਈ ਬੁਝੜ ਜਿਹਾ ਆ ਕੇ ਲੈ ਜਾਊਗਾ।



– ਪੜ੍ਹ ਲੈ ਨੀ ਕੁੜੀਓ ਲਿਖ ਲੋ ਨੀ ਕੁੜੀਓ,
ਪੜ੍ਹਨਾ ਲਿਖਣਾ ਰ੍ਹੈ ਜਾਊਗਾ।
ਕੋਈ ਅਨਪੜ ਆ ਕੇ ਲੈ ਜਾਊਗਾ।
ਕੋਈ ਬੁਝੜ ਜਿਹਾ ਆ ਕੇ ਲੈ ਜਾਊਗਾ।

– ਕੋਰੇ ਕੋਰੇ ਸੋਅਨੇ ਦੇ ਮੈਂ ਕਾਂਟੇ ਵੇ ਕਰਾਅ,
ਉਪਰ ਜੜਾਆ ਸਿੰਗ ਬੀਬੀ ਨਣਦੇ।
ਤੇਰਾ ਵੀਰਾ ਮੇਰੇ ਨਾ ਪਸਿੰਦ ਬੀਬੀ ਨਣਦੇ।
ਜਿਦੇਹ ਨਾਲ ਕੱਟਣੀ ਹੈ, ਜਿੰਦ ਬੀਬੀ ਨਣਦੇ।
ਤੇਰਾ ਵੀਰਾ ਮੇਰੇ ਨਾ ਪਸਿੰਦ ਬੀਬੀ ਨਣਦੇ।

– ਹੋਰਨਾਂ ਨੇ ਵੱਢ ਲਿਆ ਕਣਕ ਬਾਜਰਾ,
ਸਾਧੇ ਨੇ ਵੱਢ ਲਿਆ ਇੱਖ।
ਇੱਖ ਜੈ ਵੱਢੀ ਦਿਆ, ਮੁਦਕੜ ਚੁਕਣਾ ਸਿਖ।
ਸਿੱਖ ਜੈ ਵੱਢੀ ਦਿਆ ਮੁਦਕੜ ਚੁੱਕਣਾ ਸਿਖ।

– ਤੂੰ ਨੱਚ ਤੂੰ ਨਚ ਲਾੜੇ ਦੀ ਭਾਬੋ,
ਲਾਗੀਆਂ ਦਾ ਲਾਗ ਦਵਾਦੇ।
ਜੇ ਤੇਰੇ ਕੋਲ ਪੈਸਾ ਨਾ ਤੇਲਾ,
ਸੁਥਣ ਦੀ ਬੇਲ ਕਰਾਦੇ।

– ਤੂੰ ਨਚ ਤੂੰ ਨਚ ਲਾੜੇ ਦੀ ਅੰਮਾ,
ਲਾਗੀਆਂ ਦਾ ਲਾਗ ਦਵਾ ਦੇ।
ਜੇ ਤੇਰੇ ਕੋਲ ਵੇਲਾਂ ਦੇ ਪੈਸੇ ਹੈ ਨੀ,
ਘੱਗਰੇ ਦੀ ਬੇਲ ਕਰਾਦੇ।

– ਜੇ ਦੇਬੋ ਤੈਂ ਸਾਨੂੰ ਬੁਲਾਇਆ,
ਅਸੀਂ ਗਾਉਣੇ ਆਲੀ ਲਿਆਈਏ।
ਬਈ ਸਾਮਲਾਟ ਥੋੜੀ ਐ,
ਅਸੀ ਡੇਰਾ ਕਿੱਥੇ ਲਾਈਏ।

– ਖੱਟਣ ਗਿਆ ਸੀ ਬਾਰੀ ਬਰਸੀਂ, ਖੱਟ ਕੇ ਲਿਆਂਦੀ ਥਾਲੀ।
ਛੜਿਆਂ ਦਾ ਦੁੱਧ ਉਬਲਿਆ, ਛਿਟਾ ਦੇਗੀ ਝਾਂਜਰਾਂ ਵਾਲੀ।

– ਖੱਟਣ ਗਿਆ ਸੀ ਬਾਰੀਂ ਬਰਸੀ, ਖੱਟ ਕੇ ਲਿਆਂਦਾ ਲੱਡੂ।
ਕਪੜੇ ਧੋਂਦੀ ਨੂੰ, ਅੱਖ ਮਾਰ ਗਿਆ ਡੱਡੂ।

– ਖੱਟਣ ਗਿਆ ਸੀ ਬਾਰੀ ਬਰਸੀ, ਖੱਟ ਕੇ ਲਿਆਂਦੀ ਜਲੇਬੀ।
ਮੁੰਡਾ ਲੰਬੜਾ ਦਾ, ਪੱਗ ਬੰਨਦਾ ਟੇਢੀ।

– ਖੱਟਣ ਗਿਆ ਬਾਰੀਂ ਬਰਸੀ, ਖਟ ਕੇ ਲਿਆਂਦਾ ਖੁਰਮਾ।
ਅੱਖ ਮਟਕਾਉਂਦੀ ਏਂ, ਪਾ ਧਾਰੀਦਾਰ ਸੁਰਮਾ।

– ਖੱਟਣ ਗਿਆ ਸੀ ਬਾਰੀਂ ਬਰਸੀਂ, ਖੱਟ ਕੇ ਲਿਆਂਦੇ ਡ਼ੇੜੇ।
ਕੁੜੀਆਂ ਦਾ ਰਾਜ਼ ਹੋ ਗਿਆ, ਮੁੰਡੇ ਰੁੰਗੇ ਫੀਮਾ ਜੇਰੇ।

– ਖੱਟਣ ਗਿਆ ਸੀ ਬਾਰੀ ਬਰਸੀ, ਖਟ ਕੇ ਲਿਆਂਦਾ ਬੂਰਾ।
ਹੁਣ ਸਾਨੂੰ ਮਾਫ ਕਰੋ, ਟੈਮ ਹੋ ਗਿਆ ਪੂਰਾ।

– ਖੱਟਣ ਗਿਆ ਸੀ ਬਾਰੀ ਬਰਸੀ, ਖਟ ਕੇ ਲਿਆਦੀਆਂ ਸਲਾਈਆਂ।
ਹੁਣ ਸਾਨੂੰ ਮਾਫ ਕਰੋ, ਅਸੀ ਐਨੀਆਂ ਬੋਲੀਆਂ ਪਾਈਆਂ।

## ਟੱਪੇ

– ਕੋਠੇ ਤੇ ਸਟੂਲ ਪਿਆ ਏ,
ਹੋਰਾਂ ਦੇ ਮਾਹੀ ਨੌਕਰੀ ਗਏ, ਮੇਰਾ ਮਾਹੀ ਸਕੂਲ ਗਿਆ ਏ।

– ਕੋਠੇ ਤੇ ਕੁੱਤਾ ਪਿਆ ਏ,
ਹੋਰਾਂ ਦੇ ਮਾਹੀ ਨੌਕਰੀ ਗਏ, ਮੇਰਾ ਮਾਹੀ ਸੁੱਤਾ ਪਿਆ ਏ।

– ਕੋਠੇ ਤੇ ਕੇਲੇ ਨੀ,
ਹੋਰਾਂ ਦੇ ਮਾਹੀ ਨੌਕਰੀ ਗਏ, ਮੇਰਾ ਗੁੱਲੀ ਡੰਡਾ ਖੇਲੇ ਨੀ।

– ਕੋਠੇ ਵਿਚ ਮੰਜਾ ਏ,
ਉਂਜ ਮਾਹੀ ਬੜਾ ਸੋਹਣਾ, ਪਰ ਸਿਰ ਤੋਂ ਗੰਜਾ ਏ।

– ਕੋਠੇ ਵਿਚ ਦਾਣਾ ਏ,
ਉਂਜ ਮਾਹੀ ਬੜਾ ਸੋਹਣਾ, ਪਰ ਅੱਖ ਤੋਂ ਕਾਣਾ ਏ।

– ਕੋਠੇ ਵਿਚ ਆਲ਼ਾ ਏ,
ਉਂਜ ਮਾਹੀ ਬੜਾ ਚੰਗਾ, ਪਰ ਰੰਗ ਦਾ ਕਾਲਾ ਏ।

– ਕੋਠੇ ਤੇ ਕਾਂ ਬੋਲੇ,
ਚਿੱਠੀ ਆਈ ਮੇਰੇ ਮਾਹੀਏ ਦੀ, ਵਿਚ ਮੇਰਾ ਈ ਨਾਂ ਬੋਲੇ।



– ਕੋਠੇ ਤੇ ਛੱਜ ਕੋਈ ਨਾ,
ਧਨੋਰੀ ਦੀਆਂ ਕੁੜੀਆਂ ਨੂੰ, ਟੱਪੇ ਗਾਣ ਦਾ ਚੱਜ ਕੋਈ ਨਾ।

– ਕੋਠੇ ਤੇ ਛੱਜ ਪਿਆ,
ਮੈਂ ਕੁੜੀ ਸਾਹੋ ਪਿੰਡ ਦੀ, ਟੱਪੇ ਗਾਣ ਦਾ ਚੱਜ ਪਿਆ।

– ਕੋਠੇ ਤੇ ਚੁਬਾਰਾ ਏ,
ਆਜਾ ਗਲ ਮਿਲ ਲਈਏ, ਕੀ ਪਤਾ ਮਿਲਣਾ ਦੁਬਾਰਾ ਏ।

– ਕੋਠੇ ਤੇ ਕਣਕ ਪਈ,
ਹੌਲੀ ਹੌਲੀ ਲੰਘ ਗੋਰੀਏ, ਤੇਰੀ ਝਾਂਜਰ ਛਣਕ ਪਈ।

– ਗੱਡੀ ਚੱਲਦੀ ਏ ਰੋੜਾਂ ਤੇ,
ਅੱਗੇ ਮ੍ਹਾਈਆ ਨਿੱਤ ਮਿਲਦਾ, ਹੁਣ ਮਿਲਦਾ ਮਰੋੜਾਂ ਤੇ।

– ਗੱਡੀ ਚਲਦੀ ਏ ਤਾਰਾਂ ਤੇ,
ਅੱਗੇ ਮ੍ਹਾਈਆ ਨਿੱਤ ਮਿਲਦਾ, ਹੁਣ ਮਿਲਦਾ ਏ ਕਰਾਰਾਂ ਤੇ।

– ਗੱਡੀ ਚਲਦੀ ਏ ਲੀਕਾਂ ਤੇ,
ਅੱਗੇ ਮ੍ਹਾਈਆ ਨਿੱਤ ਮਿਲਦਾ, ਹੁਣ ਮਿਲਦਾ ਏ ਤਰੀਕਾਂ ਤੇ।

– ਗੱਡੀ ਚਲਦੀ ਏ ਬੋਤਲਾਂ ਤੇ,
ਅੱਗੇ ਮ੍ਹਾਈਆ ਨਿਤ ਮਿਲਦਾ, ਹੁਣ ਮਿਲਦਾ ਏ ਹੋਟਲਾਂ ਤੇ।
ਗੱਡੀ ਚਲਦੀ ਨੂੰ ਲੁਕ ਲਾਵਾਂ,
ਮ੍ਹਾਈਆ ਤੇਰੇ ਆਉਂਦੇ ਨੂੰ, ਸਿਰ ਵਾਹ ਕੇ ਕਲਿੱਪ ਲਾਵਾਂ।

– ਗੱਡੀ ਚਲਦੀ ਨੂੰ ਫੀਮ ਲਾਵਾਂ,
ਮ੍ਹਾਈਆ ਤੇਰੇ ਆਉਂਦੇ ਨੂੰ, ਮੂੰਹ ਧੋ ਕੇ ਕਰੀਮ ਲਾਵਾਂ।

– ਕੋਠੇ ਤੇ ਕੌਲ ਪਿਆ,
ਅੱਜ ਮੇਰੇ ਮ੍ਹਾਈਏ ਆਉਣਾ, ਲੋਕਾਂ ਦਾ ਹੌਲ ਪਿਆ।

– ਆਟਾ ਗੁੰਨਦੀ ਆਂ ਕਈ ਵਾਰੀ,
ਅੱਜ ਮੇਰੇ ਮਾਹੀ ਨੇ ਆਉਣਾ, ਗੱਡੀ ਲੰਘਦੀ ਬੰਬਈ ਵਾਲੀ।

– ਰੰਗ ਲਾਲ ਟਮਾਟਰ ਦਾ,
ਬ੍ਹਾਰ ਖੜਿਆ ਵਾਜਾਂ ਮਾਰਦਾ, ਕੁੰਡਾ ਖੋਲ੍ਹਦੇ ਕਵਾਟਰ ਦਾ।

– ਦੋ ਪਤ ਸੁ ਤੂਤਾਂ ਦੇ,
ਰੁੱਠੇ ਮੈਂ ਮਨਾਵਾਂ ਮ੍ਹਾਈਏ ਨੂੰ, ਸਿਰ ਧਰਕੇ ਬੂਟਾਂ ਤੇ।

– ਆਟਾ ਗੁੰਨ੍ਹਦੀਆਂ ਰੋ ਰੋ ਕੇ,
ਅੱਜ ਮੇਰੇ ਮ੍ਹਾਹੀਏ ਨੇ ਜਾਣਾ, ਪੱਲਾ ਭਿੱਜ ਗਿਆ ਰੋ ਰੋ ਕੇ।

– ਡੱਬੀ ਭਰੀ ਹੋਈ ਜੀਰੇ ਦੀ,
ਗੱਡੀ ਵਿਚੋਂ ਬਾਂਹ ਲਮਕੇ, ਘੜੀ ਚਮਕੇ ਵੀਰੇ ਦੀ।

– ਮੁੰਡਾ ਸੈਕਲ ਚਲਾਈ ਜਾਂਦਾ,
ਉਹ ਤੇਰੀ ਕੀ ਲਗਦੀ, ਜਿਨ੍ਹੂੰ ਪਿਛੇ ਬਠਾਈ ਜਾਂਦਾ।

– ਮੁੰਡਾ ਸੈਕਲ ਚਲਾਈ ਜਾਂਦਾ,
ਉਹ ਮੇਰੀ ਵੈਂਹ ਲੱਗਦੀ, ਜਿਨ੍ਹੂੰ ਪਿਛੇ ਬਠਾਈ ਜਾਂਦਾ।

– ਸੀਸੀ ਭਰੀ ਹੋਈ ਛੁਹਾਰਿਆਂ ਦੀ,
ਉਹ ਯਾਰੀ ਨਈਓ ਟੁੱਟਦੀ, ਜੇੜਹੀ ਲੱਗੀ ਵੇ ਕੁਆਰਿਆਂ ਦੀ।

– ਗਲ਼ ਚਿੱਟੀ ਬਨੈਣ ਹੋਵੇ,
ਪ੍ਰੌਲੀ ਮੰਗ ਨ੍ਹਈਓਂ ਛਡਣੀ, ਭਾਵੇਂ ਝੱਲੀ ਸਦੈਣ ਹੋਵੇ।

– ਗਲ਼ ਬੁਰਸ਼ਟ ਪਾਈ ਹੋਵੇ,
ਪ੍ਰੌਲੀ ਮੰਗ ਨ੍ਹਈਓਂ ਛਡਣੀ, ਭਾਵੇਂ ਝੱਲਾ ਸਦਾਈ ਹੋਵੇ।

– ਕੱਚੀ ਕੰਧ ਵਿਚ ਸੱਪ ਰੂੰਦਾ,
ਹੱਸ ਕੇ ਨਾ ਲੰਘ ਮੁੰਡਿਆ, ਮੇਰੇ ਮਾਪਿਆਂ ਨੂੰ ਸ਼ੱਕ ਪੈਂਦਾ।

– ਕੋਟ ਕਿੱਲੀ ਉਤੇ ਟੰਗਣਾ ਏ,
ਗਲ਼ੀ ਤੇਰੇ ਬਾਪ ਦੀ ਏ, ਅਸਾਂ ਗਲ਼ੀ ਵਿਚੋਂ ਲੰਘਣਾ ਏ।

– ਕੰਧ ਉਤੇ ਰੋੜ ਪਿਆ,
ਨਾਲੇ ਮੇਰਾ ਛੱਲਾ ਲੈ ਗਿਆ, ਨਾਲੇ ਉਂਗਲੀ ਮਰੋੜ ਗਿਆ।

– ਛੱਜ ਭਰਿਆ ਹੋਇਆ ਲੀਰਾਂ ਦਾ,
ਸਾਡੇ ਵਲ ਕੀ ਵੇਖਦਾ, ਸਾਡਾ ਹਾਲ ਫ਼ਕੀਰਾਂ ਦਾ।



– ਬੋਰੀ ਭਰੀ ਹੋਈ ਚੀਨੀ ਦੀ,
ਸਾਡੇ ਵਲ ਕੀ ਵੇਖਦਾ, ਸਾਡੀ ਤੋਰ ਸ਼ਕੀਨੀ ਦੀ।

– ਕੋਠੇ ਤੇ ਗਲਾਸੀ ਵੇ,
ਆਂਦੇ ਦੀਆਂ ਲੱਖ ਖੁਸ਼ੀਆਂ, ਜਾਂਦੇ ਦੀ ਉਦਾਸੀ ਵੇ।

– ਮੇਰੀ ਝੋਲੀ ਵਿਚੋਂ ਰੱਬ ਦਾਣੇ,
ਮੇਰਾ ਦਿਲ ਤੇਰੇ ਵਿਚ ਹੈ, ਤੇਰੇ ਦਿਲ ਦੀਆਂ ਰੱਬ ਜਾਣੇ।

***

## ਲੰਮੀਆਂ ਬੋਲੀਆਂ

ਲੋਕ ਗੀਤਾਂ ਵਿਚ ਲੰਮੀਆਂ ਬੋਲੀਆਂ ਦਾ ਆਪਣਾ ਮਹੱਤਵ ਹੈ ਕਈ ਵਾਰ ਤਾਂ ਲੰਮੀ ਬੋਲੀ ਵਿਚ ਇਕ ਪੂਰੀ ਦੀ ਪੂਰੀ ਘਟਨਾ ਦਾ ਬਿਆਨ ਕੀਤਾ ਜਾਂਦਾ ਹੈ। 'ਪੜ੍ਹਨ ਸਕੂਲੇ ਮਤ ਜਾਈਓ ਮੇਰੀ ਮੁੰਨੀਆਂ' ਜਾਂ 'ਇਕ ਟਕੇ ਦੇ ਮੈਂ ਬੈਂਗਣ ਲੀਤੇ' ਬੋਲੀਆਂ ਵਿਚ ਵੱਖ-ਵੱਖ ਘਟਨਾਵਾਂ ਦਾ ਵੇਰਵਾ ਮਿਲਦਾ ਹੈ। ਲੰਮੀਆਂ ਬੋਲੀਆਂ ਪੁਆਧ ਵਿਚ ਜ਼ਿਆਦਾਤਰ ਵਿਆਹ ਸਮੇਂ ਜਾਂ ਜਦੋਂ ਕੁੜੀਆਂ ਇਕੱਠੀਆਂ ਹੋ ਕੇ ਕੋਈ ਕੰਮ ਕਰਦੀਆਂ ਹਨ, ਗਾਈਆਂ ਜਾਂਦੀਆਂ ਹਨ। ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਇਨ੍ਹਾਂ ਬੋਲੀਆਂ ਵਿਚ ਪੁਆਧੀ ਜਨ-ਜੀਵਨ ਦੀ ਤਸਵੀਰ ਨੂੰ ਪਛਾਣਿਆ ਜਾ ਸਕਦਾ ਹੈ। ਇਨ੍ਹਾਂ ਵਿਚ ਸਮਾਜਿਕ ਜੀਵਨ ਖਾਸ ਕਰਕੇ ਰਿਸ਼ਤੇਦਾਰੀ ਪ੍ਰਬੰਧ ਅਤੇ ਘਰੇਲੂ ਜ਼ਿੰਦਗੀ ਦੀਆਂ ਸੱਚਾਈਆਂ ਬੜੇ ਉਘੜਵੇਂ ਰੂਪ ਵਿਚ ਪੇਸ਼ ਹੋਈਆਂ ਹਨ।

(1)

ਗੁਲਾਨਾਰੀ ਗੁਲਾਨਾਰੀ ਪੱਗ ਵਾਲਿਆ,
ਮੇਰਾ ਡਿੱਗਿਆ ਰੁਮਾਲ ਫੜਾਈਂ।
ਕੇੜ੍ਹੀ ਏ ਤੂੰ ਕੇੜ੍ਹੀ ਏ ਨਵਾਬ ਦੀ ਬਚੀ,
ਤੇਰਾ ਡਿੱਗਿਆ ਰੁਮਾਲ ਫੜਾਵਾਂ।
ਜਿੱਥਾ ਤੇਰੇ ਜਿੱਥਾ ਤੇਰੇ ਹਲ ਚਲਦੇ,
ਉਥਾ ਲੈ ਚਲ ਚਰਖਾ ਮੇਰਾ।
ਜਿੱਥਾ ਮੇਰੇ ਜਿੱਥਾ ਮੇਰੇ ਹਲ ਚਲਦੇ,
ਉਥਾ ਵੈਰੀਆਂ ਦੇ ਚਲਣ ਸੁਹਾਗੇ।
ਗੁਲਾਨਾਰੀ ਗੁਲਾਨਾਰੀ ਪੱਗ ਵਾਲਿਆ,
ਮੇਰਾ ਡਿੱਗਿਆ ਰੁਮਾਲ ਫੜਾਈਂ।
ਕੇੜ੍ਹੀ ਏ ਤੂੰ ਕੇੜ੍ਹੀ ਏ ਨਵਾਬ ਦੀ ਬਚੀ,
ਤੇਰਾ ਡਿੱਗਿਆ ਰੁਮਾਲ ਫੜਾਵਾਂ।
ਜਿੱਥਾ ਤੇਰੀ ਜਿੱਥਾ ਤੇਰੀ ਨੌਕਰੀ ਲਗੀ,
ਉਥਾ ਲੈ ਲਾ ਕੁਆਟਰ ਮੇਰਾ।
ਜਿੱਥਾ ਮੇਰੀ ਜਿੱਥਾ ਮੇਰੀ ਨੌਕਰੀ ਲਗੀ,
ਉਥਾ ਮੁੰਡਿਆਂ ਦੀ ਲਗਦੀ ਕਚ੍ਹੈਰੀ।
ਗੁਲਾਨਾਰੀ ਗੁਲਾਨਾਰੀ ਪੱਗ ਵਾਲਿਆ,
ਮੇਰਾ ਡਿੱਗਿਆ ਰੁਮਾਲ ਫੜਾਈਂ।



ਕੇੜ੍ਹੀ ਏ ਤੂੰ ਕੇੜ੍ਹੀ ਏ ਨਵਾਬ ਦੀ ਬਚੀ,
ਤੇਰਾ ਡਿੱਗਿਆ ਰੁਮਾਲ ਫੜਾਵਾਂ।
ਜਿੱਥਾ ਤੇਰੀ ਜਿੱਥਾ ਤੇਰੀ ਰੇਲਾਂ ਚਲਦੀ,
ਉਥਾ ਲੈ ਲਾ ਟਿਕਟਾਂ ਮੇਰੀ।
ਜਿੱਥਾ ਮੇਰੀ ਜਿੱਥਾ ਮੇਰੀ ਰੇਲਾਂ ਚਲਦੀ,
ਉਥਾ ਬਾਬੂਆਂ ਦੀ ਲਗਦੀ ਕਚ੍ਹੈਰੀ।
ਗੁਲਾਨਾਰੀ ਗੁਲਾਨਾਰੀ ਪਗ ਵਾਲਿਆ,
ਮੇਰਾ ਡਿੱਗਿਆ ਰੁਮਾਲ ਫੜਾਵੀਂ।
ਕੇੜ੍ਹੀ ਏ ਤੂੰ ਕੇੜ੍ਹੀ ਏ ਨਵਾਬ ਦੀ ਬਚੀ,
ਤੇਰਾ ਡਿੱਗਿਆ ਰੁਮਾਲ ਫੜਾਵਾਂ।

(2)

ਬਿੰਦੀ ਤੇ ਸੁਰਖੀ ਦਾ ਮੇਲ,
ਸੁਰਮੇ ਨੇ ਮੋਹ ਨੀ ਲਿਆ, ਸੁਰਮੇ ਨੇ ਮੋਹ ਨੀ ਲਿਆ।
ਨਾਰਾਂ ਦੇ ਬੂਟੇ ਸੀ ਚਾਰ,
ਇਕ ਬੂੱਟਾ ਸੁੱਕ ਨੀ ਗਿਆ, ਇਕ ਬੂਟਾ ਸੁੱਕ ਨੀ ਗਿਆ।
ਪਾਣੀ ਦੇਂਦਾ ਸੀ ਛੈਲ ਜਵਾਨ,
ਕਿੱਥੇ ਪੈ ਕੇ ਸੌਂ ਨੀ ਗਿਆ, ਕਿੱਥੇ ਪੈ ਕੇ ਸੌਂ ਨੀ ਗਿਆ।
ਗਲੀਆਂ ਘੁੰਮ ਆਈ ਚਾਰ,
ਕੇੜ੍ਹੀ ਗਲੀ ਲੰਘ ਨੀ ਗਿਆ, ਕੇੜ੍ਹੀ ਗਲੀ ਲੰਘ ਨੀ ਗਿਆ।
ਰਾਹ ਵਿਚ ਬੈਠੀ ਮੁਟਿਆਰ,
ਉਨੇਹ ਗੱਲਾਂ ਲਾ ਨੀ ਲਿਆ, ਉਨੇਹ ਗੱਲਾਂ ਲਾ ਨੀ ਲਿਆ।
ਬਦਾਮਾਂ ਦੇ ਬੂਟੇ ਸੀ ਚਾਰ,
ਇਕ ਬੂੱਟਾ ਸੁੱਕ ਨੀ ਗਿਆ, ਇਕ ਬੂਟਾ ਸੁੱਕ ਨੀ ਗਿਆ।
ਪਾਣੀ ਦੇਂਦਾ ਸੀ ਛੈਲ ਜਵਾਨ,
ਕਿੱਥੇ ਪੈ ਕੇ ਸੌਂ ਨੀ ਗਿਆ, ਕਿੱਥੇ ਪੈ ਕੇ ਸੌਂ ਨੀ ਗਿਆ।
ਗਲੀਆਂ ਘੁੰਮ ਆਈ ਚਾਰ,
ਕੇੜ੍ਹੀ ਗਲੀ ਲੰਘ ਨੀ ਗਿਆ, ਕੇੜ੍ਹੀ ਗਲੀ ਲੰਘ ਨੀ ਗਿਆ।
ਰਾਹ ਵਿਚ ਬੈਠੀ ਮੁਟਿਆਰ,
ਉਨੇਹ ਗੱਲਾਂ ਲਾ ਨੀ ਲਿਆ, ਉਨੇਹ ਗੱਲਾਂ ਲਾ ਨੀ ਲਿਆ।
ਨਿੰਬੂਆਂ ਦੇ ਬੂਟੇ ਸੀ ਚਾਰ,
ਇਕ ਬੂਟਾ ਸੁੱਕ ਨੀ ਗਿਆ, ਇਕ ਬੂਟਾ ਸੁੱਕ ਨੀ ਗਿਆ।
ਪਾਣੀ ਦੇਂਦਾ ਸੀ ਛੈਲ ਜਵਾਨ,

ਕਿੱਥੇ ਪੈ ਕੇ ਸੌਂ ਨੀ ਗਿਆ, ਕਿੱਥੇ ਪੈ ਕੇ ਸੌਂ ਨੀ ਗਿਆ।
ਗਲੀਆਂ ਘੁੰਮ ਆਈ ਚਾਰ,
ਕੇੜ੍ਹੀ ਗਲੀ ਲੰਘ ਨੀ ਗਿਆ, ਕੇੜ੍ਹੀ ਗਲੀ ਲੰਘ ਨੀ ਗਿਆ।
ਰਾਹ ਵਿਚ ਬੈਠੀ ਮੁਟਿਆਰ,
ਉਨੇਹ ਗੱਲਾ ਲਾ ਨੀ ਲਿਆ, ਉਨੇਹ ਗੱਲਾਂ ਲਾ ਨੀ ਲਿਆ।
ਬਿੰਦੀ ਤੇ ਸੁਰਖੀ ਦਾ ਮੇਲ,
ਸੁਰਮੇ ਨੇ ਮੋਹ ਨੀ ਲਿਆ, ਸੁਰਮੇ ਨੇ ਮੋਹ ਨੀ ਲਿਆ।

(3)

ਮ੍ਹਾਰੇ-ਗਰ੍ਹ ਆਇਆ ਮੇਰੀ ਮਾਂ, ਮੁੰਡਾ ਨੀ ਵਕੀਲ ਦਾ।
ਕੁਰਸੀ ਡਾਅਦੇ ਮੇਰੀ ਮਾਂ, ਮੁੰਡਾ ਨੀ ਵਕੀਲ ਦਾ।
ਅੱਧੀਆ ਪਲਾ ਦੇ ਮੇਰੀ ਮਾਂ, ਮੁੰਡਾ ਨੀ ਵਕੀਲ ਦਾ।
ਲੋਟ-ਪੋਟ ਕਰਦੇ ਮੇਰੀ ਮਾਂ, ਮੁੰਡਾ ਨੀ ਵਕੀਲ ਦਾ।
ਮ੍ਹਾਰੇ ਗਰ੍ਹ ਆਇਆ ਮੇਰੀ ਮਾਂ, ਮੁੰਡਾ ਨੀ ਵਕੀਲ ਦਾ।
ਸੇਜਾਂ ਬਛਾਦੇ ਮੇਰੀ ਮਾਂ, ਮੁੰਡਾ ਨੀ ਵਕੀਲ ਦਾ।
ਚਬਾਰੇ ਮਾ ਬਲਾਦੇ ਮੇਰੀ ਮਾਂ, ਮੁੰਡਾ ਨੀ ਵਕੀਲ ਦਾ।
ਮ੍ਹਾਰੇ ਗਰ੍ਹ ਆਇਆ ਮੇਰੀ ਮਾਂ, ਮੁੰਡਾ ਨੀ ਵਕੀਲ ਦਾ।

(4)

ਮ੍ਹੈਲਾਂ ਉਤੇ ਮ੍ਹੈਲਾਂ ਉਤੇ ਬੈਂਜਾ ਤੋਤਿਆ,
ਵੇ ਤੇਰੇ ਰੰਗ ਦਾ ਮੈਂ ਸੂਟ ਸੁਆਮਾਂ।
ਮ੍ਹੈਲਾਂ ਦੀਆਂ ਮ੍ਹੈਲਾਂ ਦੀਆਂ ਖੋਲ੍ਹ ਬਾਰੀਆਂ,
ਵੇ ਤੈਨੂੰ ਦੁੱਧ ਦਾ ਗਲਾਸ ਫੜਾਮਾਂ।
ਨਾਲੇ ਤੋਤਾ ਨਾਲੇ ਤੋਤਾ ਦੂਧ ਪੀ ਗਿਆ,
ਨੀ ਨਾਲੇ ਭੰਨ ਗਿਆ ਗਲਾਸ ਬਗਾਨਾ।
ਮ੍ਹੈਲਾਂ ਉਤੇ ਮ੍ਹੈਲਾਂ ਉਤੇ ਬੈਂਜਾ ਤੋਤਿਆ,
ਵੇ ਤੇਰੇ ਰੰਗ ਦਾ ਮੈਂ ਸੂਟ ਸੁਆਮਾਂ।
ਮ੍ਹੈਲਾਂ ਦੀਆਂ ਮ੍ਹੈਲਾਂ ਦੀਆਂ ਖੋਲ ਬਾਰੀਆਂ,
ਤੈਨੂੰ ਚੂਰੀ ਦਾ ਕਟੋਰਾ ਫੜਾਮਾ।
ਨਾਲੇ ਤੋਤਾ ਨਾਲੇ ਤੋਤਾ ਚੂਰੀ ਖਾ ਗਿਆ,
ਨਾਲੇ ਭੰਨ ਗਿਆ ਕਟੋਰਾ ਵੇ ਬਗਾਨਾ।
ਮ੍ਹੈਲਾਂ ਉਤੇ ਮ੍ਹੈਲਾ ਉਤੇ ਬੈਂਜਾ ਤੋਤਿਆ,
ਵੇ ਤੇਰੇ ਰੰਗ ਦਾ ਮੈਂ ਸੂਟ ਸੁਆਮਾਂ।



ਮੇਲ੍ਹਾਂ ਦੀਆਂ ਮੇਲ੍ਹਾਂ ਦੀਆਂ ਖੋਲ ਬਾਰੀਆਂ,
ਵੇ ਤੈਨੂੰ ਲੱਡੂਆਂ ਦੀ ਪਲੇਟ ਫੜਾਮਾਂ।
ਮ੍ਹੈਲਾਂ ਦੀਆਂ ਮ੍ਹੈਲਾਂ ਦੀਆਂ ਖੋਲ੍ਹ ਬਾਰੀਆਂ,
ਵੇ ਤੈਨੂੰ ਬਰਫੀ ਦੀ ਪਲੇਟ ਫੜਾਮਾਂ।
ਨਾਲੇ ਤੋਤਾ ਨਾਲੇ ਤੋਤਾ ਲੱਡੂ ਖਾ ਗਿਆ,
ਨਾਲੇ ਭੰਨ ਗਿਆ ਪਲੇਟ ਬਗਾਨੀ।
ਨਾਲੇ ਤੋਤਾ ਨਾਲੇ ਤੋਤਾ ਬਰਫੀ ਖਾ ਗਿਆ,
ਨਾਲੇ ਭੰਨ ਗਿਆ ਪਲੇਟ ਬਗਾਨੀ।
ਮ੍ਹੈਲਾ ਉਤੇ ਮ੍ਹੈਲਾ ਉਤੇ ਬੈਂਜਾ ਤੋਤਿਆ,
ਵੇ ਤੇਰੇ ਰੰਗ ਦਾ ਮੈਂ ਸੂਟ ਸੁਆਮਾਂ।

(5)

ਬੱਲਾ ਬੇਲੀਆ ਹੋ ਪਿਆਰੇ ਬਾਬੂ ਸੀਟੀਆਂ ਮਾਰੇ,
ਕੇ ਆਜਾ ਬੈਜਾ ਮੇਰੀ ਰੇਲ ਤੇ।
ਛਾਵਾ ਕੇ ਆਜਾ ਬੈ ਜਾ ਮੇਰੀ ਰੇਲ ਤੇ।
ਬੱਲਾ ਬੇਲੀਆ ਹੋ ਪਿਆਰੇ ਬਾਬੂ ਸੀਟੀਆਂ ਮਾਰੇ,
ਕੇ ਨ੍ਹੈਰ ਦਾ ਪੁਲ ਟੁੱਟ ਪਿਆ।
ਛਾਵਾ ਕੇ ਨ੍ਹੈਰ ਦਾ ਪੁਲ ਟੁੱਟ ਪਿਆ।
ਬੱਲਾ ਬੇਲੀਆ ਹੋ ਪਿਆਰੇ ਬਾਬੂ ਸੀਟੀਆਂ ਮਾਰੇ,
ਕੇ ਕੇੜ੍ਹੀ ਕੇੜ੍ਹੀ ਹੋਈਆਂ ਰੰਡੀਆਂ,
ਛਾਵਾ ਕੇ ਕੇੜ੍ਹੀ ਕੇੜ੍ਹੀ ਹੋਈਆਂ ਰੰਡੀਆਂ।
ਬੱਲਾ ਬੇਲੀਆ ਹੋ ਪਿਆਰੇ ਬਾਬੂ ਸੀਟੀਆਂ ਮਾਰੇ,
ਕੇ ਰੰਡੀਆਂ ਨੂੰ ਕੋਈ ਕਰਲੋ,
ਛਾਵਾ ਕੇ ਰੰਡੀਆਂ ਨੂੰ ਕੋਈ ਕਰਲੋ।

(6)

ਪਾ ਕੇ ਘੱਗਰਾ,
ਓ ਪਾ ਕੇ, ਘੱਗਰਾ ਵਢਣ ਚਲੀ ਨਰਮਾ।
ਅੱਗੇ ਖੜਿਆ ਜੱਟਾਂ ਦਾ ਪੁੱਤ ਕਰਮਾ।
ਮੈਨੂੰ ਦੱਸਦੀ ਨੂੰ ਸੰਗ ਜੇਹੀ ਆਵੇ।
ਭਲਾ ਜੀ ਮੇਰੇ ਘਗਰੇ ਨੂੰ,
ਜੱਟ ਚੁੰਮਕੇ ਕਾਲਜੇ ਲਾਵੇ - - -।
ਪਾ ਕੇ ਘੱਗਰਾ,

ਓ ਪਾ ਕੇ ਘੱਗਰਾ ਵਢਣ ਚਲੀ ਹਰੀ ਵੇ।
ਅੱਗੇ ਖੜਿਆ ਜੱਟਾਂ ਦਾ ਪੁੱਤ ਹਰੀ ਵੇ।
ਮੈਨੂੰ ਦੱਸਦੀ ਨੂੰ ਸੰਗ ਜੇਹੀ ਆਵੇ।
ਭਲਾ ਜੀ ਮੇਰੇ ਘਗਰੇ ਨੂੰ,
ਜੱਟ ਚੁੰਮਕੇ ਕਾਲਜੇ ਲਾਵੇ - - -।
ਪਾ ਕੇ ਘੱਗਰਾ,
ਓ ਪਾ ਕੇ ਘੱਗਰਾ, ਤੋੜਨ ਚਲੀ ਸਾਗ ਵੇ।
ਅੱਗੇ ਖੜਿਆ ਜੱਟਾਂ ਦਾ ਪੁੱਤ ਪੋਤਾ ਵੇ,
ਮੈਨੂੰ ਦੱਸਦੀ ਨੂੰ ਸੰਗ ਜੇਹੀ ਆਵੇ।
ਭਲਾ ਜੀ ਮੇਰੇ ਘਗਰੇ ਨੂੰ,
ਜੱਟ ਚੁੰਮਕੇ ਕਾਲਜੇ ਲਾਵੇ - - -।
ਪਾ ਕੇ ਘੱਗਰਾ,
ਓ ਪਾ ਕੇ ਘੱਗਰਾ, ਵਢਣ ਚਲੀ ਪੋਤਾ ਵੇ।
ਅੱਗੇ ਖੜਿਆ ਜੱਟਾਂ ਦਾ ਪੁੱਤ ਸੋਤਾ ਵੇ,
ਮੈਨੂੰ ਦੱਸਦੀ ਨੂੰ ਸੰਗ ਜੇਹੀ ਆਵੇ।
ਭਲਾ ਜੀ ਮੇਰੇ ਘਗਰੇ ਨੂੰ,
ਜੱਟ ਚੁੰਮਕੇ ਕਾਲਜੇ ਲਾਵੇ - - -।

(7)

ਟਿੱਕਾ ਲਿਆਂਦਾ ਮੁੰਡਾ ਦੂਰ ਤੇ ਦਖਾਂਦਾ,
ਮਾਰਾ ਰੀ ਗਲੇਲ ਮੁੰਡਾ ਬਾਗ ਮਾਂ ਬੁਲਾਂਦਾ।
ਬਿੰਦੀ ਲਿਆਂਦਾ ਮੁੰਡਾ ਦੂਰ ਤੇ ਦਖਾਂਦਾ,
ਮਾਰਾ ਰੀ ਗਲੇਲ ਮੁੰਡਾ ਬਾਗ ਮਾਂ ਬੁਲਾਂਦਾ।
ਗਜਰੇ ਲਿਆਂਦਾ ਮੁੰਡਾ ਦੂਰ ਤੇ ਦਖਾਂਦਾ,
ਮਾਰਾ ਰੀ ਗਲੇਲ ਮੁੰਡਾ ਬਾਗ ਮਾਂ ਬੁਲਾਂਦਾ।
ਚੂੜੀਆਂ ਲਿਆਂਦਾ ਮੁੰਡਾ ਦੂਰ ਤੇ ਦਖਾਂਦਾ,
ਮਾਰਾ ਰੀ ਗਲੇਲ ਮੁੰਡਾ ਬਾਗ ਮਾਂ ਬੁਲਾਂਦਾ।
ਕਾਂਟੇ ਲਿਆਂਦਾ ਮੁੰਡਾ ਦੂਰ ਤੇ ਦਖਾਂਦਾ,
ਮਾਰਾ ਰੀ ਗਲੇਲ ਮੁੰਡਾ ਬਾਗ ਮਾਂ ਬੁਲਾਂਦਾ।
ਬਾਲੀਆਂ ਲਿਆਂਦਾ ਮੁੰਡਾ ਦੂਰ ਤੇ ਦਖਾਂਦਾ,
ਮਾਰਾ ਰੀ ਗਲੇਲ ਮੁੰਡਾ ਬਾਗ ਮਾਂ ਬੁਲਾਂਦਾ।
ਟੌਪਸ ਲਿਆਂਦਾ ਮੁੰਡਾ ਦੂਰ ਤੇ ਦਖਾਂਦਾ,
ਮਾਰਾ ਰੀ ਗਲੇਲ ਮੁੰਡਾ ਬਾਗ ਮਾਂ ਬੁਲਾਂਦਾ।



ਗੁਠੀ ਲਿਆਂਦਾ ਮੁੰਡਾ ਦੂਰ ਤੇ ਦਖਾਂਦਾ,
ਮਾਰਾ ਰੀ ਗਲੇਲ ਮੁੰਡਾ ਬਾਗ ਮਾਂ ਬੁਲਾਂਦਾ।
ਛੱਲਾ ਲਿਆਂਦਾ ਮੁੰਡਾ ਦੂਰ ਤੇ ਦਖਾਂਦਾ,
ਮਾਰਾ ਰੀ ਗਲੇਲ ਮੁੰਡਾ ਬਾਗ ਮਾਂ ਬੁਲਾਂਦਾ।
ਨੱਥਲੀ ਲਿਆਂਦਾ ਮੁੰਡਾ ਦੂਰ ਤੇ ਦਖਾਂਦਾ,
ਮਾਰਾ ਰੀ ਗਲੇਲ ਮੁੰਡਾ ਬਾਗ ਮਾਂ ਬੁਲਾਂਦਾ।
ਕੋਕਾ ਲਿਆਂਦਾ ਮੁੰਡਾ ਦੂਰ ਤੇ ਦਖਾਂਦਾ,
ਮਾਰਾ ਰੀ ਗਲੇਲ ਮੁੰਡਾ ਬਾਗ ਮਾਂ ਬੁਲਾਂਦਾ।
ਚੈਨਾਂ ਲਿਆਂਦਾ ਮੁੰਡਾ ਦੂਰ ਤੇ ਦਖਾਂਦਾ,
ਮਾਰਾ ਰੀ ਗਲੇਲ ਮੁੰਡਾ ਬਾਗ ਮਾਂ ਬੁਲਾਂਦਾ।
ਕਲੀਚੜੀਆਂ ਲਿਆਂਦਾ ਮੁੰਡਾ ਦੂਰ ਤੇ ਦਖਾਂਦਾ,
ਮਾਰਾ ਰੀ ਗਲੇਲ ਮੁੰਡਾ ਬਾਗ ਮਾਂ ਬੁਲਾਂਦਾ।
ਸੈਂਡਲ ਲਿਆਂਦਾ ਮੁੰਡਾ ਦੂਰ ਤੇ ਦਖਾਂਦਾ,
ਮਾਰਾ ਰੀ ਗਲੇਲ ਮੁੰਡਾ ਬਾਗ ਮਾਂ ਬੁਲਾਂਦਾ।
ਜੁਰਾਬਾਂ ਲਿਆਂਦਾ ਮੁੰਡਾ ਦੂਰ ਤੇ ਦਖਾਂਦਾ,
ਮਾਰਾ ਰੀ ਗਲੇਲ ਮੁੰਡਾ ਬਾਗ ਮਾਂ ਬੁਲਾਂਦਾ।
ਸਾੜ੍ਹੀ ਲਿਆਂਦਾ ਮੁੰਡਾ ਦੂਰ ਤੇ ਦਖਾਂਦਾ,
ਮਾਰਾ ਰੀ ਗਲੇਲ ਮੁੰਡਾ ਬਾਗ ਮਾਂ ਬੁਲਾਂਦਾ।
ਘਗਰਾ ਲਿਆਂਦਾ ਮੁੰਡਾ ਦੂਰ ਤੇ ਦਖਾਂਦਾ,
ਮਾਰਾ ਰੀ ਗਲੇਲ ਮੁੰਡਾ ਬਾਗ ਮਾਂ ਬੁਲਾਂਦਾ।
ਕੱਛੀ ਲਿਆਂਦਾ ਮੁੰਡਾ ਦੂਰ ਤੇ ਦਖਾਂਦਾ,
ਮਾਰਾ ਰੀ ਗਲੇਲ ਮੁੰਡਾ ਬਾਗ ਮਾਂ ਬੁਲਾਂਦਾ।
ਸਭਕੁਸ ਲਿਆਂਦਾ ਮੁੰਡਾ ਦੂਰ ਤੇ ਦਖਾਂਦਾ,
ਮਾਰਾ ਰੀ ਗਲੇਲ ਮੁੰਡਾ ਬਾਗ ਮਾਂ ਬੁਲਾਂਦਾ।

(8)

ਅੱਡੀ ਤੇਰੜੇ ਵਾਲੀ ਝਾਂਜਰ ਹੱਲੇ,
ਬੀਬਾ ਵੇ ਅੱਡੀ ਤੇਰੜੇ ਵਾਲੀ - - - - - - - ਛਾਵਾ ਅੱਡੀ ਤੇਰੜੇ ਵਾਲੀ।
ਜੇ ਤੂੰ ਪੁੱਤ ਹੈਂ ਕਿਸੇ ਜੱਟ ਦਾ ਵੇ
ਤੇਰੇ ਹੱਲੇ ਵੱਲੇ - - - - - - - - - - - -ਛਾਵਾ ਤੇਰੇ ਹੱਲੇ ਵੱਲੇ।
ਤੇਰੇ ਮੈਹਲਾਂ ਨੂੰ ਦੇਖ ਦੇਖ ਹੱਲੀ,
ਬੀਬਾ ਵੇ ਅੱਡੀ ਤੇਰੜੇ ਵਾਲੀ - - - - - - - ਛਾਵਾ ਅੱਡੀ ਤੇਰੜੇ ਵਾਲੀ।
ਅੱਡੀ ਤੇਰੜੇ ਵਾਲੀ - - - - - - - - - - - ਛਾਵਾ ਅੱਡੀ ਤੇਰੜੇ ਵਾਲੀ।

ਜੇ ਤੂੰ ਪੁੱਤ ਹੈ ਕਿਸੇ ਸੁਨਿਆਰ ਦਾ ਵੇ,
ਤੇਰੇ ਹੱਲੇ ਵੱਲੇ - - - - - - - - - - - - - ਛਾਵਾ ਤੇਰੇ ਹੱਲੇ ਵੱਲੇ।
ਤੇਰੇ ਗਹਿਣਿਆਂ ਨੂੰ ਦੇਖ ਦੇਖ ਹੱਲੀ,
ਬੀਬਾ ਵੇ ਅੱਡੀ ਤੋੜੇ ਵਾਲੀ - - - - - - - - ਛਾਵਾ ਅੱਡੀ ਤੋੜੇ ਵਾਲੀ।
ਅੱਡੀ ਤੋੜੇ ਵਾਲੀ - - - - - - - - - - - - ਛਾਵਾ ਅੱਡੀ ਤੋੜੇ ਵਾਲੀ।
ਜੇ ਤੂੰ ਪੁੱਤ ਹੈ ਕਿਸੇ ਮੋਚੀ ਦਾ ਵੇ,
ਤੇਰੇ ਹੱਲੇ ਵਲੇ - - - - - - - - - - - - - ਛਾਵਾ ਤੇਰੇ ਹੱਲੇ ਵੱਲੇ।
ਤੇਰੇ ਸੈਂਡਲਾਂ ਨੂੰ ਦੇਖ ਦੇਖ ਹੱਲੀ,
ਬੀਬਾ ਵੇ ਅੱਡੀ ਤੋੜੇ ਵਾਲੀ - - - - - - - - ਛਾਵਾ ਅੱਡੀ ਤੋੜੇ ਵਾਲੀ।
ਅੱਡੀ ਤੋੜੇ ਵਾਲੀ - - - - - - - - - - - - ਛਾਵਾ ਅੱਡੀ ਤੋੜੇ ਵਾਲੀ।
ਜੇ ਤੂੰ ਪੁੱਤ ਹੈ ਕਿਸੇ ਝਿਊਰ ਦਾ ਵੇ,
ਤੇਰੇ ਹੱਲੇ ਵਲੇ - - - - - - - - - - - - - ਛਾਵਾ ਤੇਰੇ ਹੱਲੇ ਵੱਲੇ।
ਤੇਰੇ ਘੜਿਆਂ ਨੂੰ ਦੇਖ ਦੇਖ ਹੱਲੀ,
ਬੀਬਾ ਵੇ ਅੱਡੀ ਤੋੜੇ ਵਾਲੀ - - - - - - - - ਛਾਵਾ ਅੱਡੀ ਤੋੜੇ ਵਾਲੀ।
ਅੱਡੀ ਤੋੜੇ ਵਾਲੀ - - - - - - - - - - - - ਛਾਵਾ ਅੱਡੀ ਤੋੜੇ ਵਾਲੀ।
ਜੇ ਤੂੰ ਪੁੱਤ ਹੈ ਕਿਸੇ ਢੁਅੜ੍ਹੇ ਦਾ ਵੇ,
ਤੇਰੇ ਹੱਲੇ ਵਲੇ - - - - - - - - - - - - - ਛਾਵਾ ਤੇਰੇ ਹੱਲੇ ਵੱਲੇ।
ਤੇਰੇ ਟੋਕਰੇ ਨੂੰ ਦੇਖ ਦੇਖ ਹੱਲੀ,
ਬੀਬਾ ਵੇ ਅੱਡੀ ਤੋੜੇ ਵਾਲੀ - - - - - - - - ਛਾਵਾ ਅੱਡੀ ਤੋੜੇ ਵਾਲੀ।
ਅੱਡੀ ਤੋੜੇ ਵਾਲੀ - - - - - - - - - - - - ਛਾਵਾ ਅੱਡੀ ਤੋੜੇ ਵਾਲੀ।
ਜੇ ਤੂੰ ਪੁੱਤ ਹੈ ਕਿਸੇ ਬਜਾਜੀ ਦਾ ਵੇ,
ਤੇਰੇ ਹੱਲੇ ਵਲੇ - - - - - - - - - - - - - ਛਾਵਾ ਤੇਰੇ ਹੱਲੇ ਵੱਲੇ।
ਤੇਰੀ ਸਾੜ੍ਹੀ ਨੂੰ ਦੇਖ ਦੇਖ ਹੱਲੀ,
ਬੀਬਾ ਵੇ ਅੱਡੀ ਤੋੜੇ ਵਾਲੀ - - - - - - - - ਛਾਵਾ ਅੱਡੀ ਤੋੜੇ ਵਾਲੀ।
ਅੱਡੀ ਤੋੜੇ ਵਾਲੀ - - - - - - - - - - - - ਛਾਵਾ ਅੱਡੀ ਤੋੜੇ ਵਾਲੀ।

(9)

ਬੇਲ ਚਮੇਲੀ ਦੀ - - - - ਖਿੜੀ ਹੋਈ ਐ।
ਅਜ ਕਲ੍ਹ ਦੀਆਂ ਬੁੜੀਆਂ ਨੂੰ,
ਅੱਗ ਚੁਗਲੀ ਦੀ - - - ਲੱਗੀ ਹੋਈ ਐ।
ਬੇਲ ਚਮੇਲੀ ਦੀ - - - - ਖਿੜੀ ਹੋਈ ਐ।
ਅਜ ਕਲ੍ਹ ਦੀਆਂ ਕੁੜੀਆਂ ਨੂੰ,
ਅੱਗ ਕਾਲੇਜ ਦੀ - - - ਲੱਗੀ ਹੋਈ ਐ।



ਬੇਲ ਚਮੇਲੀ ਦੀ - - - - ਖਿੜੀ ਹੋਈ ਐ।
ਅਜ ਕਲ੍ਹ ਦੀਆਂ ਨੂੰਆਂ ਨੂੰ,
ਅੱਗ ਲੜਨੇ ਦੀ - - - ਲੱਗੀ ਹੋਈ ਐ।
ਬੇਲ ਚਮੇਲੀ ਦੀ - - - - ਖਿੜੀ ਹੋਈ ਐ।
ਅਜ ਕਲ੍ਹ ਦੇ ਬੁੜ੍ਹਿਆਂ ਨੂੰ,
ਅੱਗ ਝਾਕਣ ਦੀ - - - ਲੱਗੀ ਹੋਈ ਐ।
ਬੇਲ ਚਮੇਲੀ ਦੀ - - - ਖਿੜੀ ਹੋਈ ਐ।
ਅਜ ਕਲ੍ਹ ਦੇ ਮੁੰਡਿਆਂ ਨੂੰ,
ਅੱਗ ਫੈਸ਼ਨ ਦੀ - - - ਲੱਗੀ ਹੋਈ ਐ।
ਅੱਗ ਬੈਰੀਆਂ ਦੀ - - - ਲੱਗੀ ਹੋਈ ਐ।

(10)

ਗੱਡੀ ਭਰ ਬੁੜੀਆਂ ਦੀ ਆਈ ਬੁੜਿਓ ਪਸੰਦ ਕਰਲੋ।
ਮੋਟੀ-ਮੋਟੀ ਲੋਕ ਲੈ ਗਏ, ਬਾਬੇ ਰ੍ਹੈਗੀ ਕੰਨਾਂ ਤੋਂ ਬੋਲ੍ਹੀ।
ਬਾਬਾ ਜੀ ਨੇ ਪਾਣੀ ਮੰਗਿਆ, ਬੋਲੀ ਆ ਕੇ ਪੱਟਾਂ ਤੇ ਬ੍ਹੈਗੀ।
ਬਾਬਾ ਜੀ ਨੂੰ ਗੁੱਸਾ ਆ ਗਿਆ, ਬੋਲੀ ਚੱਕ ਕੇ ਚੁਬਾਰੇ ਨਾਲ ਮਾਰੀ।
ਬਾਬਾ ਜੀ ਨੂੰ ਤਰਸ ਆ ਗਿਆ, ਬੋਲੀ ਚੱਕ ਕੇ ਕਾਲਜੇ ਲਾਲੀ।
ਬਾਜਰੇ ਨੂੰ ਅਗ ਲਗਗੀ, ਬਾਬਾ ਬੋਲੀ ਨੂੰ ਘੜੀਸੀ ਜਾਵੇ।

(11)

ਕੇਲੇ ਕੀ ਹੋ ਰ੍ਹੀ ਸਗਾਈ - - ਸ਼ਕਰਗੰਦੀ ਨੱਚਣੇ ਨੂੰ ਆਈ।
ਰਾਮ ਤੋਰੀ ਭਿੰਡੀ ਤੋਰੀ ਭੈਣਾਂ ਭੈਣਾਂ,
ਕੱਕੜੀ ਉਨ੍ਹਾਂ ਦੀ ਤਾਈ - - - ਸ਼ਕਰਗੰਦੀ ਨੱਚਣੇ ਨੂੰ ਆਈ।
ਕੇਲੇ ਕੀ ਹੋ ਰ੍ਹੀ ਸਗਾਈ - - ਸ਼ਕਰਗੰਦੀ ਨੱਚਣੇ ਨੂੰ ਆਈ।
ਸਗਮਲ ਮੂਲੀ ਭੈਣ-ਭਾਈ,
ਗਾਜਰ ਉਨ੍ਹਾ ਦੀ ਭਰਜਾਈ - - - ਸ਼ਕਰਗੰਦੀ ਨੱਚਣੇ ਨੂੰ ਆਈ।
ਕੇਲੇ ਕੀ ਹੋ ਰ੍ਹੀ ਸਗਾਈ - - ਸ਼ਕਰਗੰਦੀ ਨੱਚਣੇ ਨੂੰ ਆਈ।
ਬੈਂਗਣ ਬਚਾਰਾ ਗਰਮੀ ਦਾ ਮਾਰਾ,
ਘੀਆ ਨੇ ਆ ਕੇ ਠੰਢ ਪਾਈ - - - ਸ਼ਕਰਗੰਦੀ ਨੱਚਣੇ ਨੂੰ ਆਈ।
ਕੇਲੇ ਕੀ ਹੋ ਰ੍ਹੀ ਸਗਾਈ - - - - ਸ਼ਕਰਗੰਦੀ ਨੱਚਣੇ ਨੂੰ ਆਈ।
ਗੋਭੀ ਢਿੰਡੇ ਘਰ ਮੁੰਡਾ ਜੰਮਿਆ,
ਪਾਲਕ ਜੋੜੇ ਲਿਆਈ - - - - ਸ਼ਕਰਗੰਦੀ ਨੱਚਣੇ ਨੂੰ ਆਈ।
ਕੇਲੇ ਕੀ ਹੋ ਰ੍ਹੀ ਸਗਾਈ - - ਸ਼ਕਰਗੰਦੀ ਨੱਚਣੇ ਨੂੰ ਆਈ।

ਪੇਠਾ ਬਚਾਰਾ ਟਿਕਟਾਂ ਕਾਟੇ,
ਸਾਰਿਓ ਪਿੰਡ ਦਾ ਜਵਾਈ - - - ਸਕਰਗੰਦੀ ਨੱਚਣੇ ਨੂੰ ਆਈ।
ਕੇਲੇ ਕੀ ਹੋ ਰ੍ਹੀ ਸਗਾਈ - - - ਸਕਰਗੰਦੀ ਨੱਚਣੇ ਨੂੰ ਆਈ।

(12)

ਪੜ੍ਹਨ ਸਕੂਲੇ ਮਤ ਜਾਈਓ ਮੇਰੀ ਮੁੰਨੀਆ- - - - ਛਾਵਾ ਮੇਰੀ ਮੁੰਨੀਆ।
ਜਦ ਮੇਰੀ ਮੁੰਨੀਆ ਪਾਂਚ ਬਰਸ ਕੀ,
ਮਾਸਟਰ ਜੀ ਸੇ ਲੇ ਆਈ ਦਵਾਤ ਮੇਰੀ ਮੁੰਨੀਆ- - ਛਾਵਾ ਮੇਰੀ ਮੁੰਨੀਆ।
ਪੜ੍ਹਨ ਸਕੂਲੇ ਮਤ ਜਾਈਓ ਮੇਰੀ ਮੁੰਨੀਆ- - - - ਛਾਵਾ ਮੇਰੀ ਮੁੰਨੀਆ।
ਜਦ ਮੇਰੀ ਮੁੰਨੀਆ ਦਸ ਬਰਸ ਕੀ,
ਮਾਸਟਰ ਜੀ ਸੇ ਲੇ ਆਈ ਕਤਾਬ ਮੇਰੀ ਮੁੰਨੀਆ- - ਛਾਵਾ ਮੇਰੀ ਮੁੰਨੀਆ।
ਪੜ੍ਹਨ ਸਕੂਲੇ ਮਤ ਜਾਈਓ ਮੇਰੀ ਮੁੰਨੀਆ- - - - ਛਾਵਾ ਮੇਰੀ ਮੁੰਨੀਆ।
ਜਦ ਮੇਰੀ ਮੁੰਨੀਆ ਪੰਦਰਾਂ ਬਰਸ ਕੀ,
ਮਾਸਟਰ ਜੀ ਸੇ ਲੇ ਆਈ ਰਮਾਲ ਮੇਰੀ ਮੁੰਨੀਆ- - ਛਾਵਾ ਮੇਰੀ ਮੁੰਨੀਆ।
ਪੜ੍ਹਨ ਸਕੂਲੇ ਮਤ ਜਾਈਓ ਮੇਰੀ ਮੁੰਨੀਆ- - - - ਛਾਵਾ ਮੇਰੀ ਮੁੰਨੀਆ।
ਜਦ ਮੇਰੀ ਮੁੰਨੀਆ ਕੀ ਸਾਦੀ ਰਚਾਈ,
ਮਾਸਟਰ ਜੀ ਤੋ ਪੜ ਗਏ ਬਮਾਰ ਮੇਰੀ ਮੁੰਨੀਆ- - ਛਾਵਾ ਮੇਰੀ ਮੁੰਨੀਆ।
ਪੜ੍ਹਨ ਸਕੂਲੇ ਮਤ ਜਾਈਓ ਮੇਰੀ ਮੁੰਨੀਆ- - - - ਛਾਵਾ ਮੇਰੀ ਮੁੰਨੀਆ।
ਜਦ ਮੇਰੀ ਮੁੰਨੀਆ ਕਾ ਡੋਲਾ ਚਲਾਇਆ,
ਮਾਸਟਰ ਜੀ ਕਾ ਸੈਕਲ ਨਾਲੋ-ਨਾਲ ਮੇਰੀ ਮੁੰਨੀਆ- -ਛਾਵਾ ਮੇਰੀ ਮੁੰਨੀਆ।
ਪੜ੍ਹਨ ਸਕੂਲੇ ਮਤ ਜਾਈਓ ਮੇਰੀ ਮੁੰਨੀਆ- - - - ਛਾਵਾ ਮੇਰੀ ਮੁੰਨੀਆ।
ਅੱਗੇ ਗਈ ਨੂੰ ਸੌਹਰਾ ਜੀ ਨੇ ਪੁੱਛਿਆ,
ਸੈਕਲ ਵਾਲਾ ਕੌਣ ਮੇਰੀ ਮੁੰਨੀਆ- - - - - ਛਾਵਾ ਮੇਰੀ ਮੁੰਨੀਆ।
ਵੱਡੇ ਵੀਰੇ ਨੇ ਦਿੱਤਾ ਯਾਰ ਮੇਰੇ ਸੌਹਰਾ ਜੀ- ਛਾਵਾ ਮੇਰੀ ਮੁੰਨੀਆ।
ਅੱਗੇ ਗਈ ਨੂੰ ਜੇਠਾ ਜੀ ਨੇ ਪੁੱਛਿਆ,
ਸੈਕਲ ਵਾਲਾ ਕੌਣ ਮੇਰੀ ਮੁੰਨੀਆ- - - - - ਛਾਵਾ ਮੇਰੀ ਮੁੰਨੀਆ।
ਛੋਟੇ ਵੀਰੇ ਨੇ ਦਿੱਤਾ ਯਾਰ ਮੇਰੇ ਜੇਠਾ ਜੀ- - ਛਾਵਾ ਮੇਰੀ ਮੁੰਨੀਆ।
ਅੱਗੇ ਗਈ ਨੂੰ ਕੰਥਾ ਜੀ ਨੇ ਪੁਛਿਆ,
ਸੈਕਲ ਵਾਲਾ ਕੌਣ ਮੇਰੀ ਮੁੰਨੀਆ- - - - - ਛਾਵਾ ਮੇਰੀ ਮੁੰਨੀਆ।
ਛੋਟੀ ਹੁੰਦੀ ਦਾ ਯਾਰ ਮੇਰੇ ਕੰਥਾ ਜੀ, ਛਾਵਾ ਮੇਰੀ ਮੁੰਨੀਆ।
ਘਰ ਸੇ ਨਿਕਲ ਜਾ ਬ੍ਹਾਰ ਮੇਰੀ ਮੁੰਨੀਆ- - ਛਾਵਾ ਮੇਰੀ ਮੁੰਨੀਆ।



(13)

ਖੇਤੀ ਆਈ ਸੀ ਮਹੌਗੀ - - - -ਹੋਈ ਕਾਕਾ।
ਖੇਤੀ ਦਾ ਮੂੰਹ ਬਡਾਸਾਂ, ਜਿੰਦ ਵੇਅਲ੍ਹੇ ਰੇਡੀਓ ਬਣਾਸਾਂ।
ਹੁਣ ਰੇਡੀਓ ਦੀ ਬੱਚਤ - - - -ਹੋਈ ਕਾਕਾ।
ਖੇਤੀ ਆਈ ਸੀ ਮਹੌਗੀ - - - ਹੋਈ ਕਾਕਾ।
ਖੇਤੀ ਦੇ ਕੰਨ ਬਡਾਸਾਂ, ਜਿੰਦ ਵੇਅਲ੍ਹੇ ਪੱਖੇ ਬਣਾਸਾਂ।
ਹੁਣ ਪੱਖਿਆਂ ਦੀ ਬੱਚਤ - - - ਹੋਈ ਕਾਕਾ।
ਖੇਤੀ ਆਈ ਸੀ ਮਹੌਗੀ - - - ਹੋਈ ਕਾਕਾ।
ਖੇਤੀ ਦੀਆਂ ਅੱਖਾਂ ਕਢਾਸਾਂ, ਜਿੰਦ ਵੇਅਲ੍ਹੇ ਬਲਵ ਬਣਾਸਾਂ।
ਹੁਣ ਬਲਵਾਂ ਦੀ ਬੱਚਤ - - - ਹੋਈ ਕਾਕਾ।
ਖੇਤੀ ਆਈ ਸੀ ਮਹੌਗੀ - - - ਹੋਈ ਕਾਕਾ।
ਖੇਤੀ ਦੇ ਲੱਤਾਂ ਬਡਾਸਾਂ, ਜਿੰਦ ਵੇਅਲ੍ਹੇ ਥੰਮਿਆਂ ਬਣਾਸਾਂ।
ਹੁਣ ਥੰਮਿਆਂ ਦੀ ਬੱਚਤ - - - ਹੋਈ ਕਾਕਾ।
ਖੇਤੀ ਆਈ ਸੀ ਮਹੌਗੀ - - - ਹੋਈ ਕਾਕਾ।
ਖੇਤੀ ਦੀ ਪੂੰਛ ਬਡਾਸਾਂ, ਜਿੰਦ ਵੇਅਲ੍ਹੇ ਝਾੜੂ ਬਣਾਸਾਂ,
ਹੁਣ ਝਾੜੂਆਂ ਦੀ ਬੱਚਤ - - - ਹੋਈ ਕਾਕਾ।
ਖੇਤੀ ਆਈ ਸੀ ਮਹੌਗੀ - - - ਹੋਈ ਕਾਕਾ।
ਖੇਤੀ ਦੀ ਖਲ ਤੁਹਾਸਾਂ, ਜਿੰਦ ਵੇਅਲ੍ਹੇ ਜੁੱਤੀਆਂ ਬਣਾਸਾਂ।
ਹੁਣ ਜੁੱਤੀਆਂ ਦੀ ਬੱਚਤ - - - ਹੋਈ ਕਾਕਾ।
ਖੇਤੀ ਆਈ ਸੀ ਮਹੌਗੀ - - - ਹੋਈ ਕਾਕਾ।

(14)

ਵੇੜ੍ਹਾਹ ਲੰਬਾ ਲੰਝਾ ਵਿਚ ਪੇਣਾ ਵੀ ਨਾ।
ਮੇਰੇ ਮ੍ਹਾਈਏ ਵਰਗਾ ਕੋਈ ਸੋਹਣਾ ਵੀ ਨਾ।
ਘਰ ਆ ਮ੍ਹਾਈਆ ਵੇ ਚੂਰੀ ਕੁੱਟੀ ਹੋਈ ਆ।
ਤੇਰੀ ਔਸਕਾਂ ਨੇ ਮੇਰੀ ਜਿੰਦ ਲੁੱਟੀ ਹੋਈ ਆ।
ਵੇੜ੍ਹਾਹ ਲੰਬਾ ਲੰਝਾ ਵਿਚ ਤਸਲਾ ਵੀ ਨਾ।
ਮੇਰੇ ਮ੍ਹਾਈਏ ਵਰਗਾ ਕੋਈ ਪਤਲਾ ਵੀ ਨਾ।
ਘਰ ਆ ਮ੍ਹਾਈਆ ਵੇ ਚੂਰੀ ਕੁਟੀ ਹੋਈ ਆ।
ਤੇਰੀ ਔਸਕਾਂ ਨੇ ਮੇਰੀ ਜਿੰਦ ਲੁਟੀ ਹੋਈ ਆ।
ਵੇੜ੍ਹਾਹ ਲੰਬਾ ਲੰਝਾ ਵਿਚ ਖੰਬਾ ਵੀ ਨਾ।
ਮੇਰੇ .ਮ੍ਹਾਈਏ ਵਰਗਾ ਕੋਈ ਲੰਬਾ ਵੀ ਨਾ।
ਘਰ ਆ ਮ੍ਹਾਈਆ ਵੇ ਚੂਰੀ ਕੁੱਟੀ ਹੋਈ ਆ।
ਤੇਰੀ ਔਸਕਾਂ ਨੇ ਮੇਰੀ ਜਿੰਦ ਲੁੱਟੀ ਹੋਈ ਆ।

(15)

ਝੂਡੂ ਨੀ ਝੂਡੂ ਪਇਆ ਮੇਰੇ ਪੱਲੇ,
ਸਹੇਲੀਓ ਝੂਡੂ ਨੀ - - - - ਸਾਵਾ ਸਹੇਲੀਓ ਝੂਡੂ ਨੀ।
ਝੂਡੂ ਦੀਆਂ ਕੀ ਦੱਸਾਂ, ਨਾਲੇ ਰੋਵਾਂ ਨਾਲੇ ਹੱਸਾਂ,
ਨਾਲੇ ਲਜ ਮਾਪਿਆਂ ਦੀ ਰੱਖਾਂ,
ਸਹੇਲੀਓ ਝੂਡੂ ਨੀ - - - - ਸ਼ਾਵਾ ਸਹੇਲੀਓ ਝੂਡੂ ਨੀ।
ਝੂਡੂ ਨੀ ਝੂਡੂ ਪਇਆ ਮੇਰੇ ਪੱਲੇ,
ਸਹੇਲੀਓ ਝੂਡੂ ਨੀ - - - - ਸ਼ਾਵਾ ਸਹੇਲੀਓ ਝੂਡੂ ਨੀ।
ਝੂਡੂ ਗਇਆ ਸੀ ਮੇਲੇ, ਉਥੋਂ ਲਿਆਇਆ ਸੜੇ ਹੋਏ ਕੇਲੇ,
ਜੇ ਮੈਂ ਮੰਗੇ ਤਾਂ ਕੱਢਦਾ, ਡੇਲੇ,
ਸਹੇਲੀਓ ਝੂਡੂ ਨੀ - - - - ਸ਼ਾਵਾ ਸਹੇਲੀਓ ਝੂਡੂ ਨੀ।
ਝੂਡੂ ਨੀ ਝੂਡੂ ਪਇਆ ਮੇਰੇ ਪੱਲੇ,
ਸਹੇਲੀਓ ਝੂਡੂ ਨੀ - - - - ਸ਼ਾਵਾ ਸਹੇਲੀਓ ਝੂਡੂ ਨੀ।
ਝੂਡੂ ਗਇਆ ਸੀ ਮੱਸਿਆ, ਉਥੇ ਜਾ ਗਾਰੇ ਵਿਚ ਧਸਿਆ,
ਜੇ ਮੈਂ ਕੱਢਿਆ ਤਾਂ ਖਿੜ ਖਿੜ ਹੱਸਿਆ,
ਸਹੇਲੀਓ ਝੂਡੂ ਨੀ - - - - ਸ਼ਾਵਾ ਸਹੇਲੀਓ ਝੂਡੂ ਨੀ।
ਝੂਡੂ ਨੀ ਝੂਡੂ ਪਇਆ ਮੇਰੇ ਪੱਲੇ,
ਸਹੇਲੀਓ ਝੂਡੂ ਨੀ - - - - ਸ਼ਾਵਾ ਸਹੇਲੀਓ ਝੂਡੂ ਨੀ।
ਝੂਡੂ ਗਇਆ ਸੀ ਬਾਜ਼ਾਰ,
ਉਥੋਂ ਲਿਆਇਆ ਸੜਿਆ ਹੋਇਆ ਚਾਰ,
ਜੇ ਮੈਂ ਮੰਗਿਆ ਤਾਂ ਕੱਢਦਾ ਗਾਲ਼,
ਸਹੇਲੀਓ ਝੂਡੂ ਨੀ - - - - ਸ਼ਾਵਾ ਸਹੇਲੀਓ ਝੂਡੂ ਨੀ।
ਝੂਡੂ ਨੀ ਝੂਡੂ ਪਇਆ ਮੇਰੇ ਪੱਲੇ,
ਸਹੇਲੀਓ ਝੂਡੂ ਨੀ - - - - ਸ਼ਾਵਾ ਸਹੇਲੀਓ ਝੂਡੂ ਨੀ।
ਝੂਡੂ ਗਇਆ ਸੀ ਹੱਟੀ,
ਉਥੋਂ ਲਿਆਇਆ ਸੜੀ ਹੋਈ ਮੱਠੀ,
ਜੇ ਮੈਂ ਮੰਗੀ ਤਾਂ ਮਾਰੀ ਫੱਟੀ,
ਸਹੇਲੀਓ ਝੂਡੂ ਨੀ - - - - ਸ਼ਾਵਾ ਸਹੇਲੀਓ ਝੂਡੂ ਨੀ।
ਝੂਡੂ ਨੀ ਝੂਡੂ ਪਇਆ ਮੇਰੇ ਪੱਲੇ,
ਸਹੇਲੀਓ ਝੂਡੂ ਨੀ - - - - ਸ਼ਾਵਾ ਸਹੇਲੀਓ ਝੂਡੂ ਨੀ।
ਝੂਡੂ ਦੀਆਂ ਕੀ ਦੱਸਾਂ, ਨਾਲੇ ਰੋਵਾਂ ਨਾਲੇ ਹੱਸਾਂ,
ਨਾਲੇ ਲੱਜ ਮਾਪਿਆਂ ਦੀ ਰਖਾਂ,
ਸਹੇਲੀਓ ਝੂਡੂ ਨੀ - - - - ਸ਼ਾਵਾ ਸਹੇਲੀਓ ਝੂਡੂ ਨੀ।



ਝੂਡੂ ਨੀ ਝੂਡੂ ਪਇਆ ਮੇਰੇ ਪੱਲੇ,
ਸਹੇਲੀਓ ਝੂਡੂ ਨੀ - - - - ਸਾਵਾ ਸਹੇਲੀਓ ਝੂਡੂ ਨੀ।

(16)

ਮੈਂ ਨੀ ਜਾਣਾ ਰੋਡੂ ਦੇ - - -ਕਿਧੁੰ ਨੀ ਜਾਣਾ ਰੋਡੂ ਦੇ।
ਮੈਂ ਨੀ ਜਾਣਾ ਰੋਡੂ ਦੇ - - -ਜਾਣਾ ਪਊਗਾ ਰੋਡੂ ਦੇ।
ਰੋਡੂ ਦੇ ਘਰ ਕੰਡੀ ਨਾ,
ਮੈਂ ਰੋਡੂ ਨਾਲ ਮੰਗੀ ਨਾ,
ਮੈਂ ਨੀ ਜਾਣਾ ਰੋਡੂ ਦੇ - - -ਕਿਧੁੰ ਨੀ ਜਾਣਾ ਰੋਡੂ ਦੇ।
ਮੈਂ ਨੀ ਜਾਣਾ ਰੋਡੂ ਦੇ - - -ਜਾਣਾ ਪਊਗਾ ਰੋਡੂ ਦੇ।
ਰੋਡੂ ਦੇ ਘਰ ਖੇਸ ਨਾ,
ਮੈਂ ਰੋਡੂ ਦੇ ਮੇਚ ਨਾ,
ਮੈਂ ਨੀ ਜਾਣਾ ਰੋਡੂ ਦੇ - - -ਕਿਧੁੰ ਨੀ ਜਾਣਾ ਰੋਡੂ ਦੇ।
ਮੈਂ ਨੀ ਜਾਣਾ ਰੋਡੂ ਦੇ - - -ਜਾਣਾ ਪਊਗਾ ਰੋਡੂ ਦੇ।
ਰੋਡੂ ਦੇ ਘਰ ਰਜਾਈ ਨਾ,
ਮੈਂ ਰੋਡੂ ਦੇ ਗਿਆਈ ਨਾ,
ਮੈਂ ਨੀ ਜਾਣਾ ਰੋਡੂ ਦੇ - - -ਕਿਧੁੰ ਨੀ ਜਾਣਾ ਰੋਡੂ ਦੇ।
ਮੈਂ ਨੀ ਜਾਣਾ ਰੋਡੂ ਦੇ - - -ਜਾਣਾ ਪਊਗਾ ਰੋਡੂ ਦੇ।

(17)

ਮੈਂ ਨੀ ਸ੍ਹੋਰੇ ਜਾਣਾ ਬਾਪੂ ਮੈਂ ਨੀ ਸ੍ਹੋਰੇ ਜਾਣਾ।
ਕਿਧੁੰ ਨੀ ਸ੍ਹੋਰੇ ਜਾਣਾ ਧੀਏ ਕੀਧੁੰ ਨੀ ਸ੍ਹੋਰੇ ਜਾਣਾ।
ਘਰ ਉਨ੍ਹਾਂ ਦੇ ਕੁਤੀ ਨੀ, ਮੰਗਦੇ ਮਰੂਤੀ ਨੀ।
ਮੈਂ ਨੀ ਸ੍ਹੋਰੇ ਜਾਣਾ ਬਾਪੂ ਮੈਂ ਨੀ ਸ੍ਹੋਰੇ ਜਾਣਾ।
ਕਿਧੁੰ ਨੀ ਸ੍ਹੋਰੇ ਜਾਣਾ ਧੀਏ ਕੀਧੁੰ ਨੀ ਸ੍ਹੋਰੇ ਜਾਣਾ।
ਘਰ ਉਨ੍ਹਾਂ ਦੇ ਕੁਕਰ ਨੀ, ਮੰਗ ਦੇ ਸਕੂਟਰ ਨੀ।
ਮੈਂ ਨੀ ਸ੍ਹੋਰੇ ਜਾਣਾ ਬਾਪੂ ਮੈਂ ਨੀ ਸ੍ਹੋਰੇ ਜਾਣਾ।
ਕਿਧੁੰ ਨੀ ਸ੍ਹੋਰੇ ਜਾਣਾ ਧੀਏ ਕੀਧੁੰ ਨੀ ਸ੍ਹੋਰੇ ਜਾਣਾ।
ਘਰ ਉਨ੍ਹਾਂ ਦੇ ਦਾਣੇ ਨੀ, ਪੰਦਰਾਂ ਨਿਆਣੇ ਨੀ।
ਮੈਂ ਨੀ ਸ੍ਹੋਰੇ ਜਾਣਾ ਬਾਪੂ ਮੈਂ ਨੀ ਸ੍ਹੋਰੇ ਜਾਣਾ।
ਕਿਧੁੰ ਨੀ ਸ੍ਹੋਰੇ ਜਾਣਾ ਧੀਏ ਕੀਧੁੰ ਨੀ ਸ੍ਹੋਰੇ ਜਾ

(18)

ਭੂਆ ਨੀ ਭੂਆ ਮੈਨੂੰ ਮਾਰਦਾ।
ਕੇੜੀਆਂ ਗਲਾਂ ਤੋਂ ਧੀਏ ਮਾਰਦਾ ?
ਇੱਕ ਮਾਰਦਾ ਦੋ ਮਾਰਦਾ.
ਕੇੜ੍ਹੀਆਂ ਗਲਾਂ ਤੋਂ ਧੀਏ ਮਾਰਦਾ ?
ਨੀ ਭੂਆ ਮੈਨੂੰ ਮਾਰਦਾ ਏ.
ਨੀ ਕ੍ਹਾਅਤੇ ਮਾਰਦਾ ਏ ?
ਅਜ ਓ ਕੈਹ ਕੇ ਗਿਆ ਤਾ ਬਈ ਮੇਰੇ ਦੋਸਤਾਂ ਨੇ
ਆਣਾ ਏ. ਸਵਾਰ ਕੇ ਲਿਪ ਪੋਚ ਕੇ ਰਖੀ.
ਮੈਂ ਕਿਆ ਕਰਿਆ. ਚੌਂਕ ਕੇ ਬਾਹਰ ਤੇ ਨਾਲ਼ੀ ਦੀ ਚੀਕ-
ਸਾਰਾ ਲਿੱਪ ਦਿਆ ਸੰਵਾਰ ਕੇ ਐਨ।
ਬਸ ਆ ਕੇ ਕੁੱਟਣ ਲਗ ਪਿਆ.
ਉਨ੍ਹਾ ਤਾਂ ਕੁਟਣਾਂ ਈ ਤਾ !
ਭੂਆ ਨੀ ਭੂਆ ਮੈਨੂੰ ਮਾਰਦਾ।
ਕੇੜ੍ਹੀਆਂ ਗੱਲਾਂ ਤੋਂ ਧੀਏ ਮਾਰਦਾ ?
ਇਕ ਮਾਰਦਾ ਦੋ ਮਾਰਦਾ.
ਕੇੜ੍ਹੀਆਂ ਗੱਲਾਂ ਤੋਂ ਧੀਏ ਮਾਰਦਾ ?
ਨੀ ਭੂਆ ਮੈਨੂੰ ਮਾਰਦਾ ਏ।
ਕਾਅਤੇ ਮਾਰਦਾ ਏ ?
ਅੱਜ ਕੈਂਦਾ ਮੇਰੇ ਦੋਸਤਾਂ ਨੇ ਆਣਾ ਏ.
ਨਿਆਣੇ ਨਲ੍ਹਾ-ਧਲ੍ਹਾ ਕੇ ਰੱਖੀ ਨਵੇਂ ਕਪੜੇ ਪਾ ਕੇ
ਮੈਂ ਕਿਆ ਕਰਿਆ
ਨਿਆਣਿਆਂ ਨੂੰ ਨਾਲ਼ੀ ਦੀ ਚੀਕ ਵਿਚ ਨਲ੍ਹਾ ਕੇ ਬਠਾ ਤਾ ਮੰਜੇ ਤੇ
ਬਸ ਕੁੱਟਣ ਲਗ ਪਿਆ।
ਭੂਆ ਨੀ ਭੂਆ ਮੈਨੂੰ ਮਾਰਦਾ।
ਕੇੜ੍ਹੀਆਂ ਗੱਲਾਂ ਤੋਂ ਧੀਏ ਮਾਰਦਾ ?
ਇਕ ਮਾਰਦਾ ਦੋ ਮਾਰਦਾ।
ਕੇੜ੍ਹੀਆਂ ਗੱਲਾਂ ਤੋਂ ਧੀਏ ਮਾਰਦਾ ?

(19)

ਦੇਖੋ ਬੈਂੜੇ ਨੇ ਮਾਰੀ.
ਰਬਾ ਬੈਂੜੇ ਨੇ ਮਾਰੀ ਪਟਕਾ ਕੇ - - -ਛਾਵਾ ਰੰਗ ਲਾ ਕੇ ।
ਬੈਂੜਾ ਕੱਖੇ ਨਾ ਖਾਵੇ.



ਬੈਂੜਾ ਪਾਣੀ ਨਾ ਪੀਵੇ.
ਕੰਦਾ ਛਡ੍ਹੂੰ ਰਨ ਬਣਾ ਕੇ - - - ਛਾਵਾ ਰੰਗ ਲਾ ਕੇ।
ਦਿਆਲੋ ਬੈਂੜੇ ਨੇ ਮਾਰੀ.
ਰਬਾ ਬੈਂੜੇ ਨੇ ਮਾਰੀ ਪਟਕਾ ਕੇ - - ਛਾਵਾ ਰੰਗ ਲਾ ਕੇ।
ਬੈਂੜਾ ਕੱਖੇ ਨਾ ਖਾਵੇ.
ਬੈਂੜਾ ਪਾਣੀ ਨਾ ਪੀਵੇਂ.
ਕੰਦਾ ਛਡ੍ਹੂੰ ਰਨ ਬਣਾ ਕੇ - - - ਛਾਵਾ ਰੰਗ ਲਾ ਕੇ।
ਬੈਂੜੇ ਨੂੰ ਮੰਡੀ ਮਾ ਲੈ ਗੇ.
ਬੈਂੜਾ ਕਖੇ ਨਾ ਖਾਵੇ.
ਬੈਂੜਾ ਪਾਣੀ ਨਾ ਪੀਵੇਂ,
ਬੈਂੜੇ ਨੇ ਸਪੂਰਾ ਮਾਰਿਆ ਵਗਾ ਕੇ - -ਛਾਵਾ ਰੰਗ ਲਾ ਕੇ।
ਸਪੂਰਾ ਮਾਰਿਆ ਪਟਕਾਕੇ - - - — ਛਾਵਾ ਰੰਗ ਲਾ ਕੇ।

(20)

ਗੋਰੇ ਰੰਗ ਦਾ ਨਾ ਮਾਣ ਕਰੀ ਹੀਰ ਕੁੜੀਏ।
ਪਿੰਡਾਂ ਵਿਚੋਂ ਪਿੰਡ ਸਰ੍ਹਾਈਏ.
ਪਿੰਡ ਸਰ੍ਹਾਈਏ ਕਸ਼ਮੀਰ ਕੁੜੀਏ।
ਗੋਰੇ ਰੰਗ ਦਾ ਨਾ ਮਾਣ ਕਰੀ ਹੀਰ ਕੁੜੀਏ।
ਖਾਣਿਆਂ ਵਿਚੋਂ ਖਾਣਾ ਸਰ੍ਹਾਈਏ.
ਖਾਣਾ ਸਰ੍ਹਾਈਏ ਖੰਡ ਖੀਰ ਕੁੜੀਏ।
ਗੋਰੇ ਰੰਗ ਦਾ ਨਾ ਮਾਣ ਕਰੀ ਹੀਰ ਕੁੜੀਏ।
ਚੂੰਟੀਆਂ ਵਿਚ ਚੂੰਟਾਂ ਸਰ੍ਹਾਈਏ.
ਚੂੰਟਾਂ ਸਰ੍ਹਾਈਈ ਜੰਜੀਰ ਕੁੜੀਏ.
ਗੋਰੇ ਰੰਗ ਦਾ ਨਾ ਮਾਣ ਕਰੀ ਹੀਰ ਕੁੜੀਏ।
ਕਪੜਿਆਂ ਵਿਚੋਂ ਕਪੜਾ ਸਰ੍ਹਾਈਏ.
ਕਪੜਾ ਸਰ੍ਹਾਈਏ ਟੈਰਾਲੀਨ ਕੁੜੀਏ.
ਗੋਰੇ ਰੰਗ ਦਾ ਨਾ ਮਾਣ ਕਰੀ ਹੀਰ ਕੁੜੀਏ।
ਵੀਰਿਆਂ ਵਿਚੋਂ ਵੀਰ ਸਰ੍ਹਾਈਏ.
ਵੀਰ ਸਰ੍ਹਾਈਏ ਸਕਾ ਵੀਰ ਕੁੜੀਏ।
ਗੋਰੇ ਰੰਗ ਦਾ ਨਾ ਮਾਣ ਹੀਰ ਕੁੜੀਏ।

(21)

ਪ੍ਰੈਲੀ ਪ੍ਰੈਲੀ ਵਾਰ ਸੰਧਾਰਾ ਲੈ ਕੇ ਆ ਗਿਆ,
ਵਿਚੇ ਪਵਾ ਲਿਆਇਆ ਆਟਾ।
ਸੰਧਾਰਾ ਲਿਆਇਆ ਮਾ ਆਪਣੀ ਦਾ ਭਾਟਾ।
ਹੁਣ ਤਾਂ ਆਏ ਨੂੰ ਮੈਂ ਕੁਝ ਨਾ ਕੈਂਦੀ,
ਫੇਰ ਆਏ ਨੂੰ ਵਢੂੰ।
ਸੰਧਾਰਾ ਲਿਆਇਆ ਮੋਤੀਚੂਰ ਦੇ ਲੱਡੂ।
ਦੂਜੀ ਦੂਜੀ ਵਾਰ ਸੰਧਾਰਾ ਲੈ ਕੇ ਆ ਗਿਆ,
ਵਿਚੇ ਪਵਾ ਲਿਆਇਆ ਵੰਗਾਂ।
ਸੰਧਾਰਾ ਲਿਆਇਆ ਮਾਂ ਆਪਣੀ ਦੀਆਂ ਟੰਗਾਂ।
ਹੁਣ ਤਾਂ ਆਏ ਨੂੰ ਮੈਂ ਕੁਝ ਨਾ ਕੈਂਦੀ,
ਫੇਰ ਆਏ ਨੂੰ ਵਢੂੰ।
ਸੰਧਾਰਾ ਲਿਆਇਆ ਮੋਤੀ ਚੂਰ ਦੇ ਲੱਡੂ।

(22)

ਪ੍ਰੈਲੀ ਪ੍ਰੈਲੀ ਵਾਰ ਮੈਨੂੰ ਸ਼ੌਰਾ ਲੈਣ ਆ ਗਿਆ,
ਬੁਡੜਾ ਰੀ ਬੁਡੜਾ ਮੇਰੀ ਮਾਂ।
ਮੈਂ ਨੀ ਜਾਣਾ ਰੀ ਮੈਂ ਨੀ ਜਾਣਾ ਮੇਰੀ ਮਾਂ।
ਦੂਜੀ ਦੂਜੀ ਵਾਰ ਮੈਨੂੰ ਜੇਠਾ ਲੈਣ ਆ ਗਿਆ,
ਹਾਲ਼ੀ ਰੀ ਹਾਲ਼ੀ ਮੇਰੀ ਮਾਂ।
ਮੈ ਨੀ ਜਾਣਾ ਰੀ ਮੈਂ ਨੀ ਜਾਣਾ ਮੇਰੀ ਮਾਂ।
ਤੀਜੀ ਤੀਜੀ ਵਾਰ ਮੈਨੂੰ ਦੇਵਰ ਲੈਣ ਆ ਗਿਆ,
ਨਿਆਣਾ ਰੀ ਨਿਆਣਾ ਮੇਰੀ ਮਾਂ।
ਮੈ ਨੀ ਜਾਣਾ ਰੀ ਮੈਂ ਨੀ ਜਾਣਾ ਮੇਰੀ ਮਾਂ।
ਚੋਥੀ ਚੋਥੀ ਵਾਰ ਆਪ ਲੈਣ ਆ ਗਿਆ,
ਜਾਣਾ ਰੀ ਜਾਣਾ ਮੇਰੀ ਮਾਂ।

(23)

ਓ ਮੁੰਗੀ ਦਾਲ ਤੇ ਲਡੂ ਸੇਮੀਆਂ - - -ਹੋ ਜਮਾਲੋ।
ਓ ਮੇਰਾ ਸ਼ੌਰਾ ਲੈਣ ਆ ਗਿਆ - - -ਹੋ ਜਮਾਲੋ।
ਓ ਉਨੇਹ ਦੱਸ ਦਾ ਨੋਟ ਵਾਰਿਆ - - ਹੇ ਜਮਾਲੋ।
ਓ ਮੈਂ ਤਾ ਢੁੱਕ ਗਲ਼ੀ 'ਚ ਮਾਰਿਆ - -ਹੋ ਜਮਾਲੋ।
ਓ ਮੁੰਗੀ ਦਾਲ ਤੇ ਲਡੂ ਸੇਮੀਆਂ - - -ਹੋ ਜਮਾਲੋ।



ਓ ਮੇਰਾ ਜੇਠਾ ਲੈਣ ਆ ਗਿਆ - - -ਹੋ ਜਮਾਲੋ।
ਓ ਉਨੇਹ ਵੀਹ ਦਾ ਨੋਟ ਵਾਰਿਆ - - ਹੇ ਜਮਾਲੋ।
ਓ ਮੈਂ ਤਾ ਢੁੱਕ ਗਲ਼ੀ 'ਚ ਮਾਰਿਆ - -ਹੋ ਜਮਾਲੋ।
ਓ ਮੁੰਗੀ ਦਾਲ ਤੇ ਲਡੂ ਸੇਮੀਆਂ - - -ਹੋ ਜਮਾਲੋ।
ਓ ਮੇਰਾ ਦੇਉਰਾ ਲੈਣ ਆ ਗਿਆ - - -ਹੋ ਜਮਾਲੋ।
ਓ ਉਨੇਹ ਪੰਜਾਹ ਦਾ ਨੋਟ ਵਾਰਿਆ - -ਹੋ ਜਮਾਲੋ।
ਓ ਮੈਂ ਤਾ ਢੁੱਕ ਗਲ਼ੀ 'ਚ ਮਾਰਿਆ - -ਹੋ ਜਮਾਲੋ।
ਓ ਮੁੰਗੀ ਦਾਲ ਤੇ ਲਡੂ ਸੇਮੀਆਂ - - -ਹੋ ਜਮਾਲੋ।
ਓ ਮੇਰਾ ਕੰਥਾ ਲੈਣ ਆ ਗਿਆ - - -ਹੋ ਜਮਾਲੋ।
ਓ ਉਨੇਹ ਸੌ ਦਾ ਨੋਟ ਵਾਰਿਆ - - -ਹੋ ਜਮਾਲੋ।
ਓ ਮੈਂ ਤਾ ਢੁੱਕ ਕਲੇਜੇ ਲਾਇਆ - - -ਹੋ ਜਮਾਲੋ।
ਓ ਮੁੰਗੀ ਦਾਲ ਤੇ ਲਡੂ ਸੇਮੀਆਂ - - -ਹੋ ਜਮਾਲੋ।

(24)

ਓ ਤੁਤਕ ਤੁਤਕ ਤੁਤਕ ਤੁਤੀਆਂ- - -ਹਈ ਜਮਾਲੋ।
ਇਕ ਬੰਨੇ ਦੀ ਮੌਮੀ - - - ਹਈ ਜਮਾਲੋ।
ਉਹ ਤਾਂ ਹੈ ਬੜੀ ਨਕੰਮੀ - - - - ਹਈ ਜਮਾਲੋ।
ਓ ਤੁਤਕ ਤੁਤਕ ਤੁਤਕ ਤੁਤੀਆਂ- - -ਹਈ ਜਮਾਲੋ।
ਜੇੜਹੀ ਬੰਨੇ ਦੀ ਤਾਈ - - - ਹਈ ਜਮਾਲੋ।
ਉਨੇਹ ਝੱਲ ਬੜੀ ਖੰਡਾਈ - - - - ਹਈ ਜਮਾਲੋ।
ਓ ਤੁਤਕ ਤੁਤਕ ਤੁਤਕ ਤੁਤੀਆਂ- - -ਹਈ ਜਮਾਲੋ।
ਇਕ ਬੰਨੇ ਦੀ ਚਾਚੀ - - - ਹਈ ਜਮਾਲੋ।
ਉਹ ਤਾਂ ਹੈ ਬੜੀ ਲੜਾਕੀ - - - -ਹਈ ਜਮਾਲੋ।
ਓ ਤੁਤਕ ਤੁਤਕ ਤੁਤਕ ਤੁਤੀਆਂ- - -ਹਈ ਜਮਾਲੋ।
ਇਕ ਬੰਨੇ ਦੀ ਭਾਬੀ - - - ਹਈ ਜਮਾਲੋ।
ਉਦਹਾ ਰੰਗ ਬੜਾ ਗੁਲਾਬੀ - - - -ਹਈ ਜਮਾਲੋ।
ਓ ਤੁਤਕ ਤੁਤਕ ਤੁਤਕ ਤੁਤੀਆਂ- - -ਹਈ ਜਮਾਲੋ।
ਓ ਜੇੜ੍ਹੀਆਂ ਬੰਨੇ ਦੀਆਂ ਭੈਣਾਂ - - -ਹਈ ਜਮਾਲੋ।
ਉਹ ਤਾਂ ਹੈ ਨਿਰੀ ਸਦੈਣਾਂ - - - -ਹਈ ਜਮਾਲੋ।
ਓ ਤੁਤਕ ਤੁਤਕ ਤੁਤਕ ਤੁਤੀਆਂ- - -ਹਈ ਜਮਾਲੋ।
ਜੇੜਾਹ ਬੰਨੇ ਦਾ ਭਾਈ - - - ਹਈ ਜਮਾਲੋ।
ਉਹ ਤਾਂ ਹੈ ਨਿਰਾ ਸਦਾਈ - - - -ਹਈ ਜਮਾਲੋ।
ਓ ਤੁਤਕ ਤੁਤਕ ਤੁਤਕ ਤੁਤੀਆਂ- - -ਹਈ ਜਮਾਲੋ।

ਇਕ ਬੰਨੇ ਦਾ ਬਾਪੂ - - -     ਹਈ ਜਮਾਲੋ।
ਉਹ ਤਾਂ ਹੈ ਬੜਾ ਲੜਾਕੂ - - - - ਹਈ ਜਮਾਲੋ।
ਓ ਤੁਤਕ ਤੁਤਕ ਤੁਤਕ ਤੁਤੀਆਂ- - - ਹਈ ਜਮਾਲੋ।

(25)

ਬਾਂਕੇ ਨੈਣਾਂ ਵਾਲਿਆ ਦੇ ਜਾ ਕਰੇਲੇ. ਹੋਏ ਦੇ ਜਾ ਕਰੇਲੇ।
ਹੋਰਨਾ ਦੇ ਮਾਹੀ ਐਮੇ ਬੀਏ ਪਾਸ ਨੇ,
ਮੇਰਾ ਦਸਵੀ ਫੇਲ ਏ. ਹੋਏ ਦੇ ਜਾ ਕਰੇਲੇ।
ਬਾਂਕੇ ਨੈਣਾਂ ਵਾਲਿਆ ਦੇ ਜਾ ਕਰੇਲੇ. ਹੋਏ ਦੇ ਜਾ ਕਰੇਲੇ।
ਹੋਰਨਾ ਦੇ ਮਾਹੀ ਦਫਤਰ ਜਾਂਦੇ,
ਮੇਰਾ ਗੁੱਲੀ ਡੰਡਾ ਖੇਲੇ. ਹੋਏ ਦੇ ਜਾ ਕਰੇਲੇ।
ਬਾਂਕੇ ਨੈਣਾਂ ਵਾਲਿਆ ਦੇ ਜਾ ਕਰੇਲੇ. ਹੋਏ ਦੇ ਜਾ ਕਰੇਲੇ।
ਹੋਰਨਾ ਦੇ ਮਾਹੀ ਪਿਕਚਰ ਜਾਂਦੇ,
ਮੇਰਾ ਮਾਹੀ ਮੇਲੇ. ਹੋਏ ਦੇ ਜਾ ਕਰੇਲੇ।
ਬਾਂਕੇ ਨੈਣਾਂ ਵਾਲਿਆ ਦੇ ਜਾ ਕਰੇਲੇ. ਹੋਏ ਦੇ ਜਾ ਕਰੇਲੇ।
ਹੋਰਨਾ ਦੇ ਮਾਹੀ ਕਾਰਾਂ ਚਲਾਂਦੇ,
ਮੇਰਾ ਮਾਹੀ ਠੇਲੇ. ਹੋਏ ਦੇ ਜਾ ਕਰੇਲੇ।
ਬਾਂਕੇ ਨੈਣਾਂ ਵਾਲਿਆ ਦੇ ਜਾ ਕਰੇਲੇ. ਹੋਏ ਦੇ ਜਾ ਕਰੇਲੇ।
ਹੋਰਨਾ ਦੇ ਮਾਹੀ ਟੈਮ ਸਿਰ ਆਂਦੇ ਜਾਂਦੇ,
ਮੇਰਾ ਮਾਹੀ ਕੁਵੇਲੇ. ਹੋਏ ਦੇ ਜਾ ਕਰੇਲੇ।
ਬਾਂਕੇ ਨੈਣਾਂ ਵਾਲਿਆ ਦੇ ਜਾ ਕਰੇਲੇ. ਹੋਏ ਦੇ ਜਾ ਕਰੇਲੇ।

(26)

ਪਿਆਲਾ ਸ਼ਰਾਬ ਦਾ. ਪੀ ਜਾ ਵੇੜ੍ਹੇਹ ਖਲੋ ਕੇ।
ਹੋ ਮੈਂ ਵਾਰੀ ਸੋਣਿਆ ਵੇ. ਪੀ ਜਾ ਵੇੜ੍ਹੇਹ ਖਲੋ ਕੇ।
ਆਪ ਤਾਂ ਚੱਲੇ ਨੌਕਰੀ ਵੇ. ਸਾਨੂੰ ਦੇ ਜਾ ਨਸਾਨੀ।
ਸ੍ਰੋਣਿਆਂ ਵੇ ਸਾਨੂੰ ਦੇ ਜਾ ਨਸਾਨੀ।
ਗੋਦੀ ਦਾ ਬਾਲਕ ਖੇਲਦਾ ਨੀ. ਸਾਡੀ ਏਹੋ ਨਸਾਨੀ।
ਹੋ ਮੈਂ ਵਾਰੀ ਗੋਰੀ ਨੀ. ਸਾਡੀ ਏਹੋ ਨਸਾਨੀ।
ਗੋਦੀ ਦਾ ਬਾਲਕ ਸਾਨੂੰ ਰਬ ਨੇ ਦਿੱਤਾ,
ਹੋ ਮੈਂ ਵਾਰੀ ਸੋਣ੍ਹਿਆ ਵੇ. ਕੋਈ ਹੋਰ ਨਸਾਨੀ।
ਚੀਚੀ ਦਾ ਛੱਲਾ ਦੇ ਚਲੇ ਨੀ. ਸਾਡੀ ਏਹੋ ਨਸਾਨੀ।
ਹੋ ਮੈਂ ਵਾਰੀ ਗੋਰੀਏ ਨੀ. ਸਾਡੀ ਏਹੋ ਨਸਾਨੀ।
ਚੀਚੀ ਦਾ ਛੱਲਾ ਤੇਰੀ ਚੀਚੀ ਵਿਚ ਸੋਵੇ.
ਹੋ ਮੈਂ ਵਾਰੀ ਸ੍ਰੋਣਿਆ ਵੇ. ਕੋਈ ਹੋਰ ਨਸ਼ਾਨੀ।



(27)

ਜੇ ਸਿੰਘ ਜੀ ਤੁਸੀ ਚੱਲੇ ਵੇ ਨੌਕਰੀ,
ਚੀਰਾ ਦੇ ਜਾਈਓ ਨਸਾਨੀ।
ਜੇ ਗੋਰੀ ਤੁਮ ਚੀਰੇ ਦੀ ਨਦੀਦੀ,
ਮੂਾਰੇ ਦੇਅੂਰਾ ਆ ਜਾਈਓ ਮਜਾਜਣ।
ਜੇ ਸਿੰਘ ਜੀ ਬੂਾਰਾ ਬਜੂਗਾ ਦੇ ਤਾਰਾ,
ਹੋਂਸ ਕਾ ਖੇਨ੍ਹੂਗੀ ਚੋਬਾਰਾ।
ਜੇ ਸਿੰਘ ਜੀ ਤੁਸੀ ਚਲੇ ਵੇ ਨੌਕਰੀ,
ਕੁਰਤਾ ਦੇ ਜਾਈਓ ਨਸਾਨੀ।
ਜੇ ਗੋਰੀ ਤੁਮ ਕੁਰਤੇ ਦੀ ਨਦੀਦੀ,
ਮੂਾਰੇ ਦੇਅੂਰਾ ਆ ਜਾਈਓ ਮਜਾਜਣ।
ਜੇ ਸਿੰਘ ਜੀ ਬੂਾਰਾ ਬਜੂਗਾ ਦੇ ਤਾਰਾ,
ਹੋਂਸ ਕਾ ਖੇਨ੍ਹੂਗੀ ਚੋਬਾਰਾ।
ਜੇ ਸਿੰਘ ਜੀ ਤੁਸੀ ਚੱਲੇ ਵੇ ਨੌਕਰੀ,
ਜੁੱਤੇ ਦੇ ਜਾਈਓ ਨਸਾਨੀ।
ਜੇ ਗੋਰੀ ਤੁਮ ਜੁਤੇ ਦੀ ਨਦੀਦੀ,
ਮੂਾਰੇ ਦੇਅੂਰਾ ਆ ਜਾਈਓ ਮਜਾਜਣ,
ਜੇ ਸਿੰਘ ਜੀ ਤੁਸੀ ਚੱਲੇ ਵੇ ਨੌਕਰੀ।
ਗੂੰਠੀ ਦੇ ਜਾਈਓ ਨਸਾਨੀ,
ਜੇ ਗੋਰੀ ਤੁਮ ਗੂੰਠੀ ਦੀ ਨਦੀਦੀ।
ਮੂਾਰੇ ਦੇਅੂਰਾ ਆ ਜਾਈਓ ਮਜਾਜਣ,
ਜੇ ਸਿੰਘ ਜੀ ਤੁਸੀ ਚਲੇ ਵੇ ਨੌਕਰੀ।
ਪੈਂਟਾਂ ਦੇ ਜਾਈਓ ਨਸਾਨੀ,
ਜੇ ਗੋਰੀ ਤੁਮ ਪੈਂਟਾਂ ਦੀ ਨਦੀਦੀ,
ਮੂਾਰੇ ਦੇਅੂਰਾ ਆ ਜਾਈਓ ਮਜਾਜਣ।
ਜੇ ਸਿੰਘ ਜੀ ਬੂਾਰਾ ਵਜੂਗਾ ਦੇ ਤਾਰਾ,
ਹੋਂਸ ਕਾ ਖੇਨ੍ਹੂਗੀ ਚੋਬਾਰਾ।

(28)

ਮਾਹੀ ਵੇ ਮੈਂ ਲੌਂਗ ਗਵਾ ਆਈ ਆਂ।
ਸੈਣੀਏ ਨੀ ਕਿੱਥੇ ਗਵਾ ਆਈ ਏਂ ?
ਰੋੜ੍ਹਾਂ ਵਾਲੀ ਛੱਪੜੀ ਬਣਾਂ ਦੇ ਓਅਲ੍ਹੇ,
ਜਿਥੇ ਕਾਂ ਚਿੜੀਆਂ ਨਾ ਬੋਲੇ,

ਵੇ ਮੈਂ ਲੌਂਗ ਗਵਾ ਆਈ ਆਂ।
ਸੋਣੀਏ ਨੀ ਕਿੱਥੇ ਗਵਾ ਆਈ ਏਂ ?
ਮਾਹੀ ਵੇ ਮੈਂ ਲੌਂਗ ਗਵਾ ਆਈ ਆਂ,
ਸੋਣੀਏ ਨੀ ਕਿੱਥੇ ਗਵਾ ਆਈ ਏਂ ?
ਮੇਰੀ ਸੱਸ ਨੂੰ ਹੀ ਲੱਭਾ, ਓਅਨੇ ਪੈਂਡਲ ਘੜ੍ਹਾਤਾ,
ਮੇਰੇ ਸੁਾਮਣੇ ਹੜ੍ਹਾਤਾ, ਮੇਰੇ ਵੱਜਣ ਕਲੇਜੇ ਛੁਰੀਆਂ।
ਵੇ ਮੈਂ ਲੌਂਗ ਗਵਾ ਆਈ ਆਂ।
ਸੋਣੀਏ ਨੀ ਕਿੱਥੇ ਗਵਾ ਆਈ ਏਂ ?
ਮਾਹੀ ਵੇ ਮੈਂ ਲੌਂਗ ਗਵਾ ਆਈ ਆਂ,
ਸੋਣੀਏ ਨੀ ਕਿੱਥੇ ਗਵਾ ਆਈ ਏਂ ?
ਮੇਰੀ ਜਠਾਣੀ ਨੂੰ ਹੀ ਲੱਭਾ, ਉਅਨੇ ਪੈਂਡਲ ਘੜ੍ਹਾਤਾ,
ਮੇਰੇ ਸੁਾਮਣੇ ਹੜ੍ਹਾਤਾ, ਮੇਰੇ ਵੱਜਣ ਕਲੇਜੇ ਛੁਰੀਆਂ।
ਵੇ ਮੈਂ ਲੌਂਗ ਗਵਾ ਆਈ ਆਂ।
ਸੋਣੀਏ ਨੀ ਕਿੱਥੇ ਗਵਾ ਆਈ ਏਂ ?
ਮਾਹੀ ਵੇ ਮੈਂ ਲੌਂਗ ਗਵਾ ਆਈ ਆਂ,
ਸੋਣੀਏ ਨੀ ਕਿੱਥੇ ਗਵਾ ਆਈ ਏਂ ?
ਮੇਰੀ ਦਰਾਣੀ ਨੂੰ ਹੀ ਲੱਭਾ, ਉਅਨੇ ਪੈਂਡਲ ਘੜ੍ਹਾਤਾ,
ਮੇਰੇ ਸੁਾਮਣੇ ਹੜ੍ਹਾਤਾ, ਮੇਰੇ ਵੱਜਣ ਕਲੇਜੇ ਛੁਰੀਆਂ।
ਵੇ ਮੈਂ ਲੌਂਗ ਗਵਾ ਆਈ ਆਂ।
ਸੋਣੀਏ ਨੀ ਕਿੱਥੇ ਗਵਾ ਆਈ ਏ ?
ਮਾਹੀ ਵੇ ਮੈਂ ਲੌਂਗ ਗਵਾ ਆਈ ਆਂ,
ਸੋਣੀਏ ਨੀ ਕਿੱਥੇ ਗਵਾ ਆਈ ਏਂ ?
ਮੇਰੀ ਨਣਦ ਨੂੰ ਹੀ ਲੱਭਾ, ਉਅਨੇ ਪੈਂਡਲ ਘੜ੍ਹਾਤਾ,
ਮੇਰੇ ਸੁਾਮਣੇ ਹੜ੍ਹਾਤਾ, ਮੇਰੇ ਵੱਜਣ ਕਲੇਜੇ ਛੁਰੀਆਂ।
ਵੇ ਮੈਂ ਲੌਂਗ ਗਵਾ ਆਈ ਆਂ।
ਸੋਣੀਏ ਨੀ ਕਿੱਥੇ ਗਵਾ ਆਈ ਏਂ ?
ਮਾਹੀ ਵੇ ਮੈਂ ਲੌਂਗ ਗਵਾ ਆਈ ਆਂ,
ਸੋਣੀਏ ਨੀ ਕਿੱਥੇ ਗਵਾ ਆਈ ਏਂ ?
ਰੋੜਾਂ ਵਾਲੀ ਛੱਪੜੀ ਬਣਾਂ ਦੇ ਉਅਲ੍ਹੇ,
ਜਿਥੇ ਕਾਂ ਚਿੜੀਆ ਨਾ ਬੋਲੇ।
ਵੇ ਮੈਂ ਲੌਂਗ ਗਵਾ ਆਈ ਆਂ।
ਸੋਣੀਏ ਨੀ ਕਿੱਥੇ ਗਵਾ ਆਈ ਏਂ ?
ਮਾਹੀ ਵੇ ਮੈਂ ਲੌਂਗ ਗਵਾ ਆਈ ਆਂ,



ਸੋਣੀਏ ਨੀ ਕਿੱਥੇ ਗਵਾ ਆਈ ਏਂ ?
ਮੇਰੀ ਸੌਕਣ ਨੂੰ ਹੀ ਲੱਭਾ, ਉਅਨੇ ਪੈਂਡਲ ਘੜ੍ਹਾਤਾ,
ਮੇਰੇ ਸੁਾਮਣੇ ਹੜ੍ਹਾਤਾ, ਮੇਰੇ ਵੱਜਣ ਕਲੇਜੇ ਛੁਰੀਆਂ।
ਵੇ ਮੈਂ ਲੌਂਗ ਗਵਾ ਆਈ ਆਂ।
ਸੋਣੀਏ ਨੀ ਕਿੱਥੇ ਗਵਾ ਆਈ ਏਂ ?
ਮਾਹੀ ਵੇ ਮੈਂ ਲੌਂਗ ਗਵਾ ਆਈ ਆਂ।
ਸੋਣੀਏ ਨੀ ਕਿੱਥੇ ਗਵਾ ਆਈ ਏਂ ?
ਰੋੜਾਂ ਵਾਲੀ ਛੱਪੜੀ ਬਣਾਂ ਦੇ ਉਅਲ੍ਹੇ,
ਜਿਥੇ ਕਾਂ ਚਿੜੀਆ ਨਾ ਬੋਲੇ।
ਵੇ ਮੈਂ ਲੌਂਗ ਗਵਾ ਆਈ ਆਂ।
ਸੋਣੀਏ ਨੀ ਕਿੱਥੇ ਗਵਾ ਆਈ ਏਂ ?
ਮਾਹੀ ਵੇ ਮੈਂ ਲੌਂਗ ਗਵਾ ਆਈ ਆਂ,
ਸੋਣੀਏ ਨੀ ਕਿੱਥੇ ਗਵਾ ਆਈ ਏਂ ?

(29)

ਬੁਈ ਪੇ ਲਿਖਤੇ ਜਾਨਾ ਜੀ।
ਗੌਰ ਸੇ ਸੁਨਤੇ ਜਾਨਾ ਜੀ।
ਸੌ ਰੁਪਇਆ ਤਨਖਾਅ ਵੇ ਮੁਾਈਆ, ਸੌ ਰੁਪਇਆ ਤਨਖਾਅ।
ਦੱਸ ਦਾ ਪੋਡਰ ਲੌਤਾ, ਦਸ ਦੀ ਪਿੰਡੀ ਲੌਸੀ।
ਪਿਛੇ ਰ੍ਹੈ ਗੇ ਅਸੀ ਵੇ ਮੁਾਈਆ ਪਿਛੇ ਰ੍ਹੈ ਗੇ ਅੱਸੀ।
ਬੁਈ ਪੇ ਲਿਖਤੇ ਜਾਨਾ ਜੀ।
ਗੌਰ ਸੇ ਸੁਨਤੇ ਜਾਨਾ ਜੀ।
ਦੱਸ ਦੀ ਮੈਂ ਨੇਲ ਪਾਲਸ ਲਿੱਤੀ, ਦਸ ਦੀ ਲਿੱਤੀ ਨੱਥ।
ਪਿਛੇ ਰ੍ਹੈ ਗੇ ਸੱਠ ਵੇ ਮੁਾਈਆ, ਪਿਛੇ ਰ੍ਹੈ ਗੇ ਸੱਠ।
ਬੁਈ ਪੇ ਲਿਖਤੇ ਜਾਨਾ ਜੀ।
ਗੌਰ ਸੇ ਸੁਨਤੇ ਜਾਨਾ ਜੀ।
ਦੱਸ ਦੀ ਮੈਂ ਚੂੜੀਆਂ ਲਿੱਤੀਆਂ, ਦਸ ਦੀ ਲਿਤੀ ਬਾਲ਼ੀ।
ਪਿਛੇ ਰ੍ਹੈ ਗੇ ਚਾਲੀ ਵੇ ਮੁਾਈਆ, ਪਿਛੇ ਰ੍ਹੈ ਗੇ ਚਾਲ਼ੀ।
ਬੁਈ ਪੇ ਲਿਖਤੇ ਜਾਨਾ ਜੀ।
ਗੌਰ ਸੇ ਸੁਨਤੇ ਜਾਨਾ ਜੀ।
ਦੱਸ ਦਾ ਮੈਂ ਸਾਬਣ ਲਿੱਤਾ, ਦਸ ਦਾ ਲਿੱਤਾ ਘੀ।
ਪਿਛੇ ਰ੍ਹੈ ਗੇ ਵੀਹ ਵੇ ਮੁਾਈਆ, ਪਿਛੇ ਰ੍ਹੈ ਗੇ ਵੀਹ।
ਬੁਈ ਪੇ ਲਿਖਤੇ ਜਾਨਾ ਜੀ।

ਗੌਰ ਸੇ ਸੁਨਤੇ ਜਾਨਾ ਜੀ।
ਦੱਸ ਦੀ ਸਬਜ਼ੀ ਲਿੱਤੀ, ਦੱਸ ਦਾ ਲਿੱਤਾ ਆਦਾ।
ਸੌ ਰੁਪਇਆ ਖਾਦਾ ਵੇ, ਮਾਈਆ ਸੌ ਰੁਪਇਆ ਖਾਦਾ।
ਬੁਈ ਪੇ ਲਿਖਤੇ ਜਾਨਾ ਜੀ।
ਗੌਰ ਸੇ ਸੁਨਤੇ ਜਾਨਾ ਜੀ।

(30)

ਕਲ੍ਹੈਰੀਆ ਮੋਰਾ ਵੇ, ਮੈਂ ਨਾ ਤੇਰੇ ਰਹੈਦੀ।
ਬਾਮ੍ਹਣਾ ਦੀ ਬਹੂ ਮੁਕਲਾਵੇ ਆਈ,
ਟਿੱਕਾ ਲਾ ਲਾ ਬੈਂਦੀ।
ਕਲ੍ਹੈਰੀਆ ਮੋਰਾ ਵੇ, ਮੈਂ ਨਾ ਤੇਰੇ ਰਹੈਦੀ।
ਬਾਮ੍ਹਣਾ ਦੀ ਬਹੂ ਮੁਕਲਾਵੇ ਆਈ,
ਘੜੀਆਂ ਲਾ ਲਾ ਬੈਂਦੀ।
ਕਲ੍ਹੈਰੀਆ ਮੋਰਾ ਵੇ, ਮੈਂ ਨਾ ਤੇਰੇ ਰਹੈਦੀ।
ਬਾਮ੍ਹਣਾ ਦੀ ਬਹੂ ਮੁਕਲਾਵੇ ਆਈ,
ਸਾੜੀ ਲਾ ਲਾ ਬੈਂਦੀ।
ਕਲ੍ਹੈਰੀਆ ਮੋਰਾ ਵੇ, ਮੈਂ ਨਾ ਤੇਰੇ ਰਹੈਦੀ।
ਬਾਮ੍ਹਣਾ ਦੀ ਬਹੂ ਮੁਕਲਾਵੇ ਆਈ,
ਬੈਲੀ ਪਾ ਪਾ ਬੈਂਦੀ।
ਕਲ੍ਹੈਰੀਆ ਮੋਰਾ ਵੇ, ਮੈਂ ਨਾ ਤੇਰੇ ਰਹੈਦੀ।
ਬਾਮ੍ਹਣਾ ਦੀ ਬਹੂ ਮੁਕਲਾਵੇ ਆਈ,
ਚੈਨਾਂ ਪਾ ਪਾ ਬੈਂਦੀ।
ਕਲ੍ਹੈਰੀਆ ਮੋਰਾ ਵੇ, ਮੈਂ ਨਾ ਤੇਰੇ ਰਹੈਦੀ।
ਬਾਮ੍ਹਣਾ ਦੀ ਬਹੂ ਮੁਕਲਾਵੇ ਆਈ।
ਪੌਡਲ ਪਾ ਪਾ ਬੈਂਦੀ।
ਕਲ੍ਹੈਰੀਆ ਮੋਰਾ ਵੇ, ਮੈਂ ਨਾ ਤੇਰੇ ਰਹੈਦੀ।

(31)

ਜੇ ਤੁਸਾਂ ਵੇ ਸੁਨਿਆਰੇ ਕੋਲੋਂ ਨੱਤੀਆਂ ਘੜ੍ਹਾਈਆਂ,
ਸਾਨੂੰ ਵੀ ਇਕ ਨਗ ਜੜਵਾਦੇ ਹਾਣੀਆਂ।
ਸਾਨੂੰ ਚਾਂਦੀ ਦੀਆਂ,
ਚਾਂਦੀ ਦੀਆਂ, ਝਾਂਜਰਾਂ ਕਰਾਦੇ ਹਾਣੀਆ।
ਤੇਰੇ ਉਤੇ ਜਾਨ ਕੁਰਬਾਨ ਮੇਰੀ ਬਿਲੋ,



ਭਾਵੇਂ ਹੁਣੇ ਘੜਾਲੈ ਸੱਗੀ-ਫੁੱਲ ਗੋਰੀਏ।
ਸਾਨੂੰ ਵੇਚ ਕੇ,
ਸਾਨੂੰ ਵੇਚ ਕੇ, ਪੈਰਾਂ ਦੇ ਵਿਚ ਪਾਲੈ ਗੋਰੀਏ।
ਪੱਗੜੀ ਰੰਗਾ ਲੈ ਦੂਧਾ ਕਾਸਨੀ ਤੂੰ ਚੋਬਰਾ ਵੇ,
ਚਾਦਰਾ ਬਣਾਲੈ ਰੰਗ ਰੰਜਦਾ ਵੇ।
ਜਾਵੇ ਰੁੰਜਦਾ,
ਜਾਵੇ ਰੁੰਜਦਾ, ਗਲੀ ਦੇ ਕੱਖ ਹੂੰਝਦਾ ਵੇ।
ਭਾਵੇਂ ਗੋਰੀਏ ਮੇਰੀ ਮੱਝ ਵਿਕ ਜਾਏ,
ਤੈਨੂੰ ਘਗਰਾ ਸਵਾਦੂੰ ਕਾਲੀ ਸੂਫਦਾ ਨੀ।
ਜਾਵੇ ਸੂਕਦਾ,
ਜਾਵੇ ਸੂਕਦਾ, ਛੜਿਆਂ ਦੀ ਹਿੱਕ ਫੂਕਦਾ ਨੀ।

(32)

ਦੋ ਤਾਰੇ ਲਿਸਕਣ ਵੇ ਰਾਂਝਣਾ, ਰਾਤੀਂ ਵਾਰੋ ਵਾਰੀ।
ਸਾਨੂੰ ਪੈਸੇ ਭੇਜੀ ਵੇ ਰਾਂਝਣਾ, ਮਾਂ-ਭੈਣਾਂ ਤੋਂ ਚੋਰੀ।
ਤੈਨੂੰ ਰਖਣੇ ਨਾ ਆਉਂਦੇ ਨੀ, ਗੋਰੀਏ ਰਖਲੂਗਾ ਕੋਈ ਹੋਰੀ।
ਮੈਂ ਰੱਖਣਾ ਸਿੱਖਗੀ ਵੇ ਰਾਂਝਣਾ, ਚੂਲ੍ਹੇ ਪਿੱਛਾ ਮੋਰੀ।
ਦੋ ਤਾਰੇ ਲਿਸਕਣ ਵੇ ਰਾਂਝਣਾ, ਰਾਤੀਂ ਵਾਰੋ ਵਾਰੀ।
ਸਾਨੂੰ ਸਾੜੀ ਭੇਜੀ ਵੇ ਰਾਂਝਣਾ, ਮਾਂ-ਭੈਣਾਂ ਤੋਂ ਚੋਰੀ।
ਤੈਨੂੰ ਬੰਨ੍ਹਣੀ ਨਾ ਆਉਂਦੀ ਵੇ, ਗੋਰੀਏ ਬੰਨ੍ਹਲੂਗਾ ਕੋਈ ਹੋਰੀ।
ਮੈਂ ਬੰਨ੍ਹਣਾ ਸਿੱਖਗੀ ਵੇ ਰਾਂਝਣਾ, ਸਿਰ ਤੋਂ ਪੈਰਾਂ ਤੋੜੀ।
ਦੋ ਤਾਰੇ ਲਿਸਕਣ ਵੇ ਰਾਂਝਣਾ, ਰਾਤੀਂ ਵਾਰੋ ਵਾਰੀ।
ਸਾਨੂੰ ਕਾਂਟੇ ਭੇਜੀ ਵੇ ਰਾਂਝਣਾ, ਮਾਂ-ਭੈਣਾਂ ਤੋਂ ਚੋਰੀ।
ਤੈਨੂੰ ਪਾਣੇ ਨਾ ਆਉਂਦੇ ਵੇ, ਗੋਰੀਏ ਪਾਲੂਗਾ ਕੋਈ ਹੋਰੀ।
ਮੈਂ ਪਾਣੇ ਸਿੱਖਗੀ ਵੇ ਰਾਂਝਣਾ, ਕੰਨਾ ਵਿਚੇ ਮੋਰੀ।
ਦੋ ਤਾਰੇ ਲਿਸਕਣ ਵੇ ਰਾਂਝਣਾ, ਰਾਤੀ ਵਾਰੋ ਵਾਰੀ।
ਸਾਨੂੰ ਪੌਡਲ ਭੇਜੀ ਵੇ ਰਾਂਝਣਾ, ਮਾਂ-ਭੈਣਾਂ ਤੋਂ ਚੋਰੀ।
ਤੈਨੂੰ ਪਾਣਾ ਨਾ ਆਉਂਦਾ ਵੇ, ਗੋਰੀਏ ਪਾਲੂਗਾ ਕੋਈ ਹੋਰੀ।
ਮੈਂ ਪਾਣਾ ਸਿੱਖਗੀ ਵੇ, ਰਾਂਝਣਾ ਰਾਤੀ ਵਾਰੋ ਵਾਰੀ।

(33)

ਉਚਾ ਬੰਗਲਾ ਨੀਵਾਂ ਵੇੜਾਹ, ਸਿੰਘਾ ਵੇ ਸਾਨੂੰ ਜਾਲ਼ ਪਵਾਦੇ।
ਮਾਤਾ ਤੇਰੀ ਵੇ ਸੱਸ ਜੇ ਸਾਡੀ, ਸਿੰਘਾ ਵੇ ਸਾਨੂੰ ਬੋਲੀਆਂ ਮਾਰੇ।

ਅੰਦਰ ਵੜੀਏ ਪੀੜ੍ਹਾ ਡ੍ਹਾਈਏ, ਗੋਰੀ ਆਪਣਾ ਮਨ ਸਮਝਾਈਏ।
ਉਚਾ ਬੰਗਲਾ ਨੀਵਾਂ ਵੇੜਾਹ, ਸਿੰਘਾ ਵੇ ਸਾਨੂੰ ਜਾਲ ਪਵਾਦੇ।
ਭਾਬੋ ਤੇਰੀ ਵੇ ਜਠਾਣੀ ਜੋ ਸਾਡੀ, ਸਿੰਘਾ ਵੇ ਸਾਨੂੰ ਬੋਲੀਆਂ ਮਾਰੇ।
ਅੰਦਰ ਵੜੀਏ ਪੀੜ੍ਹਾ ਡ੍ਹਾਈਏ, ਗੋਰੀ ਇਕ ਦੀਆਂ ਦੋ ਦੋ ਸੁਣਾਈਏ।
ਉਚਾ ਬੰਗਲਾ ਨੀਵਾਂ ਵੇੜਾਹ, ਸਿੰਘਾ ਵੇ ਸਾਨੂੰ ਜਾਲ ਪਵਾਦੇ।
ਭੈਣਾਂ ਤੇਰੀ ਵੇ ਨਣਦਾਂ ਜੋ ਸਾਡੀ, ਸਿੰਘਾ ਵੇ ਸਾਨੂੰ ਬੋਲੀਆਂ ਮਾਰੇ।
ਅੰਦਰ ਵੜੀਏ ਦਹੇਜ ਬਣਾਈਏ, ਗੋਰੀ ਨਣਦੀ ਨੂੰ ਸੁੰਹੇ ਭਜ੍ਹਾਈਏ।
ਉਚਾ ਬੰਗਲਾ ਨੀਵਾਂ ਵੇੜਾਹ, ਸਿੰਘਾ ਵੇ ਸਾਨੂੰ ਜਾਲ ਪਵਾਦੇ।

(34)

ਜਦੋਂ ਦੀ ਮੈਂ ਆਈ, ਮਾਹੀ ਟਿੱਕੇ ਵੀ ਨਾ ਲਿਆਇਆ ਵੇ।
ਮੇਰਾ ਮੁਦਤਾਂ ਦਾ ਦਿਲ ਲਲਚਾਵੇ।
ਕਾਲੀਆਂ ਲਿਆ ਦੇ ਐਨਕਾਂ, ਗੋਰੇ ਰੰਗ ਦੀ ਦੁਹਾਈ ਮਚ ਜਾਵੇ।
ਕਾਲੀਆਂ ਲਿਆ ਦੇ ਐਨਕਾਂ।
ਜਦੋਂ ਦੀ ਮੈਂ ਆਈ, ਮਾਹੀ ਕਾਟੇ ਵੀ ਨਾ ਲਿਆਇਆ ਵੇ।
ਮੇਰਾ ਮੁਦਤਾਂ ਦਾ ਦਿਲ ਲਲਚਾਵੇ।
ਕਾਲੀਆਂ ਲਿਆ ਦੇ ਐਨਕਾਂ, ਗੋਰੇ ਰੰਗ ਦੀ ਦੁਹਾਈ ਮਚ ਜਾਵੇ।
ਕਾਲੀਆਂ ਲਿਆ ਦੇ ਐਨਕਾਂ।
ਜਦੋਂ ਦੀ ਮੈਂ ਆਈ, ਮਾਹੀ ਘੜੀਆਂ ਵੀ ਨਾ ਲਿਆਇਆ ਵੇ।
ਮੇਰਾ ਮੁਦਤਾਂ ਦਾ ਦਿਲ ਲਲਚਾਵੇ।
ਕਾਲੀਆਂ ਲਿਆ ਦੇ ਐਨਕਾਂ, ਗੋਰੇ ਰੰਗ ਦੀ ਦੁਹਾਈ ਮਚ ਜਾਵੇ।
ਕਾਲੀਆਂ ਲਿਆ ਦੇ ਐਨਕਾਂ।
ਜਦੋਂ ਦੀ ਮੈਂ ਆਈ, ਮਾਹੀ ਪੈਂਡਲ ਵੀ ਨਾ ਲਿਆਇਆ ਵੇ।
ਮੇਰਾ ਮੁਦਤਾਂ ਦਾ ਦਿਲ ਲਲਚਾਵੇ।
ਕਾਲੀਆਂ ਲਿਆ ਦੇ ਐਨਕਾਂ, ਗੋਰੇ ਰੰਗ ਦੀ ਦੁਹਾਈ ਮਚ ਜਾਵੇ।
ਕਾਲੀਆਂ ਲਿਆ ਦੇ ਐਨਕਾਂ।
ਜਦੋਂ ਦੀ ਮੈਂ ਆਈ, ਮਾਹੀ ਗਜਰੇ ਵੀ ਨਾ ਲਿਆਇਆ ਵੇ।
ਮੇਰਾ ਮੁਦਤਾਂ ਦਾ ਦਿਲ ਲਲਚਾਵੇ।
ਕਾਲੀਆਂ ਲਿਆ ਦੇ ਐਨਕਾਂ, ਗੋਰੇ ਰੰਗ ਦੀ ਦੁਹਾਈ ਮਚ ਜਾਵੇ।
ਕਾਲੀਆਂ ਲਿਆ ਦੇ ਐਨਕਾਂ।
ਜਦੋਂ ਦੀ ਮੈਂ ਆਈ, ਮਾਹੀ ਚੈਨਾਂ ਵੀ ਨਾ ਲਿਆਇਆ ਵੇ।
ਮੇਰਾ ਮੁਦਤਾਂ ਦਾ ਦਿਲ ਲਲਚਾਵੇ।
ਕਾਲੀਆਂ ਲਿਆ ਦੇ ਐਨਕਾਂ, ਗੋਰੇ ਰੰਗ ਦੀ ਦੁਹਾਈ ਮਚ ਜਾਵੇ।



ਕਾਲੀਆਂ ਲਿਆ ਦੇ ਐਨਕਾਂ।
ਜਦੋਂ ਦੀ ਮੈਂ ਆਈ, ਮਾਹੀ ਸਾੜੀ ਵੀ ਨਾ ਲਿਆਇਆ ਵੇ।
ਮੇਰਾ ਮੁਦਤਾਂ ਦਾ ਦਿਲ ਲਲਚਾਵੇ।
ਕਾਲੀਆਂ ਲਿਆ ਦੇ ਐਨਕਾਂ, ਗੋਰੇ ਰੰਗ ਦੀ ਦੁਹਾਈ ਮਚ ਜਾਵੇ।
ਕਾਲੀਆਂ ਲਿਆ ਦੇ ਐਨਕਾਂ।
ਜਦੋਂ ਦੀ ਮੈਂ ਆਈ, ਮਾਹੀ ਸੈਂਡਲ ਵੀ ਨਾ ਲਿਆਇਆ ਵੇ।
ਮੇਰਾ ਮੁਦਤਾਂ ਦਾ ਦਿਲ ਲਲਚਾਵੇ।
ਕਾਲੀਆਂ ਲਿਆ ਦੇ ਐਨਕਾਂ, ਗੋਰੇ ਰੰਗ ਦੀ ਦੁਹਾਈ ਮਚ ਜਾਵੇ।
ਕਾਲੀਆਂ ਲਿਆ ਦੇ ਐਨਕਾਂ।

(35)

ਅੱਜ ਕਲ ਹੈ ਸਾੜ੍ਹੀ ਦਾ ਰਵਾਜ, ਸਾੜ੍ਹੀ ਦਾ ਰਵਾਜ।
ਸਾੜ੍ਹੀ ਲੈਣੀ ਜੋਰ ਜੱਟ ਦੀ।
ਸਾੜ੍ਹੀ-ਸੁੜ੍ਹੀ ਪ੍ਹੈਨ ਕੇ ਮੈਂ ਖੇਤਾਂ ਵਲ ਜਾਨੀ ਆਂ।
ਸੌਹਰਾ ਕਹੇ ਬੁਢ੍ਹਿਏ ਵਾ, ਵਾ ਬੁਢ੍ਹਿਏ ਵਾ।
ਸਾੜ੍ਹੀ ਲੈਣੀ ਜੋਰ ਜੱਟ ਦੀ।
ਅੱਜ ਕਲ ਹੈ ਸਾੜ੍ਹੀ ਦਾ ਰਵਾਜ, ਸਾੜ੍ਹੀ ਦਾ ਰਵਾਜ।
ਸਾੜ੍ਹੀ ਲੈਣੀ ਜੋਰ ਜੱਟ ਦੀ।
ਸਾੜ੍ਹੀ-ਸੁੜ੍ਹੀ ਪ੍ਹੈਨ ਕੇ ਮੈਂ ਖੇਤਾਂ ਵਲ ਜਾਨੀ ਆਂ।
ਜੇਠਾ ਕਹੇ ਭਾਬੋ ਵਾ, ਵਾ ਭਾਬੋ ਵਾ।
ਸਾੜ੍ਹੀ ਲੈਣੀ ਜੋਰ ਜੱਟ ਦੀ।
ਅੱਜ ਕਲ ਹੈ ਸਾੜ੍ਹੀ ਦਾ ਰਵਾਜ, ਸਾੜ੍ਹੀ ਦਾ ਰਵਾਜ।
ਸਾੜ੍ਹੀ ਲੈਣੀ ਜੋਰ ਜੱਟ ਦੀ।
ਸਾੜ੍ਹੀ-ਸੁੜ੍ਹੀ ਪ੍ਹੈਨ ਕੇ ਮੈਂ ਖੇਤਾਂ ਵਲ ਜਾਨੀ ਆਂ।
ਦਿਊਰਾ ਕਹੇ ਭਾਬੋ ਵਾ, ਵਾ ਭਾਬੋ ਵਾ।
ਸਾੜ੍ਹੀ ਲੈਣੀ ਜੋਰ ਜੱਟ ਦੀ।
ਅੱਜ ਕਲ ਹੈ ਸਾੜ੍ਹੀ ਦਾ ਰਵਾਜ, ਸਾੜ੍ਹੀ ਦਾ ਰਵਾਜ।
ਸਾੜ੍ਹੀ ਲੈਣੀ ਜੋਰ ਜੱਟ ਦੀ।
ਸਾੜ੍ਹੀ-ਸੁੜ੍ਹੀ ਪ੍ਹੈਨ ਕੇ ਮੈਂ ਖੇਤਾਂ ਵਲ ਜਾਨੀ ਆਂ।
ਕੰਥਾ ਕਹੇ ਗੋਰੀ ਵਾ, ਵਾ ਗੋਰੀ ਵਾ।
ਸਾੜ੍ਹੀ ਲੈਣੀ ਜੋਰ ਜੱਟ ਦੀ।
ਅੱਜ ਕਲ ਹੈ ਸਾੜ੍ਹੀ ਦਾ ਰਵਾਜ, ਸਾੜ੍ਹੀ ਦਾ ਰਵਾਜ।
ਸਾੜ੍ਹੀ ਲੈਣੀ ਜੋਰ ਜੱਟ ਦੀ।

(36)

ਸੀਸਾ ਭੰਨਕੇ ਟੁਕੜੇ ਦੋ ਕਰਸਾਂ।
ਮਾਹੀ ਆਂਦੇ ਨੂੰ ਬੈਟਰੀ ਦੀ ਲੋ ਕਰਸਾਂ।
ਮਾਹੀ ਦੇਸ ਚਲੇ ਪਰਦੇਸ਼ ਚਲੇ।
ਮੁਝੇ ਕਿਸ ਕੇ ਸਹਾਰੇ ਛੋੜ ਚਲੇ।
ਗੋਰੀ ਦੇਸ਼ ਚਲੇ ਪਰਦੇਸ ਚਲੇ।
ਤੁਝੇ ਮਾਤਾ ਕੇ ਸਹਾਰੇ ਛੋੜ ਚਲੇ।
ਤੇਰੀ ਮਾਤਾ ਤਾਨ੍ਹੇ ਮਾਰਦੀ ਏ।
ਮੇਰਾ ਤਨ-ਮਨ ਸੀਨਾ ਸਾੜਦੀ ਏ।
ਨਾ ਮਾਰੀਂ ਮਾਤਾ ਤਾਨ੍ਹੇ ਨੀ।
ਤੂੰ ਵੀ ਆਈ ਦੇਸ਼ ਬਗਾਨੇ ਨੀ।
ਸੀਸਾ ਭੰਨਕੇ ਟੁਕੜੇ ਦੋ ਕਰਸਾਂ।
ਮਾਹੀ ਆਂਦੇ ਨੂੰ ਬੈਟਰੀ ਦੀ ਲੋ ਕਰਸਾਂ।
ਮਾਹੀ ਦੇਸ ਚਲੇ ਪਰਦੇਸ ਚਲੇ।
ਮੁਝੇ ਕਿਸ ਕੇ ਸਹਾਰੇ ਛੋੜ ਚਲੇ।
ਗੋਰੀ ਦੇਸ਼ ਚਲੇ ਪਰਦੇਸ ਚਲੇ।
ਤੁਝੇ ਭੈਣਾਂ ਕੇ ਸਹਾਰੇ ਛੋੜ ਚਲੇ।
ਤੇਰੀ ਭੈਣਾ ਤਾਨ੍ਹੇ ਮਾਰਦੀ ਏ।
ਮੇਰਾ ਤਨ-ਮਨ ਸੀਨਾ ਸਾੜਦੀ ਏ।
ਨਾ ਮਾਰੀਂ ਭੈਣੇ ਤਾਨ੍ਹੇ ਨੀ।
ਤੂੰ ਵੀ ਜਾਣਾ ਦੇਸ਼ ਬਗਾਨੇ ਨੀ।
ਸੀਸਾ ਭੰਨਕੇ ਟੁਕੜੇ ਦੋ ਕਰਸਾਂ।
ਮਾਹੀ ਆਂਦੇ ਨੂੰ ਬੈਟਰੀ ਦੀ ਲੋ ਕਰਸਾਂ।
ਮਾਹੀ ਦੇਸ ਚਲੇ ਪਰਦੇਸ਼ ਚਲੇ।
ਮੁਝੇ ਕਿਸ ਕੇ ਸਹਾਰੇ ਛੋੜ ਚਲੇ।
ਗੋਰੀ ਦੇਸ਼ ਚਲੇ ਪਰਦੇਸ਼ ਚਲੇ।
ਤੁਝੇ ਭਾਬੋ ਕੇ ਸਹਾਰੇ ਛੋੜ ਚਲੇ।
ਤੇਰੀ ਭਾਬੋ ਤਾਨ੍ਹੇ ਮਾਰਦੀ ਏ।
ਮੇਰਾ ਤਨ-ਮਨ ਸੀਨਾ ਸਾੜਦੀ ਏ।
ਨਾ ਮਾਰੀਂ ਭਾਬੋ ਤਾਨ੍ਹੇ ਨੀ।
ਤੂੰ ਵੀ ਆਈ ਦੇਸ਼ ਬਗਾਨੇ ਨੀ।
ਸੀਸਾ ਭੰਨਕੇ ਟੁਕੜੇ ਦੋ ਕਰਸਾਂ।
ਮਾਹੀ ਆਂਦੇ ਨੂੰ ਬੈਟਰੀ ਦੀ ਲੋ ਕਰਸਾਂ।



(37)

ਖੂਨੀ ਵੀ ਟੋਲਿਆ ਮਾਏ, ਡਾਕੂ ਵੀ ਟੋਲਿਆ ਮਾਏ।
ਡਾਕੇ ਮਾਰੇ ਮਾਏ ਨੀ ਹਾਕਾਂ ਮਾਰ ਕੇ।
ਟੀਕਾ ਵੀ ਮੰਗਦਾ ਮਾਏ, ਬਿੰਦੀ ਵੀ ਮੰਗਦਾ ਮਾਏ।
ਅਧੀਆ ਮੰਗਦਾ ਮਾਏ, 'ਕ ਨੀ ਸਰਾਬ ਦਾ।
ਟੀਕਾ ਵੀ ਦੇ ਦੇ ਧੀਏ, ਬਿੰਦੀ ਵੀ ਦੇਦੇ ਧੀਏ।
ਮੱਥਾ ਮਾਰ ਦੇ ਧੀਏ, ਨੀ ਠੇਕੇਦਾਰ ਦੇ।
ਖੂਨੀ ਵੀ ਟੋਲਿਆ ਮਾਏ, ਡਾਕੂ ਵੀ ਟੋਲਿਆ ਮਾਏ।
ਕਾਂਟੇ ਵੀ ਮੰਗਦਾ ਮਾਏ, ਬਾਲੀ ਵੀ ਮੰਗਦਾ ਮਾਏ।
ਅਧੀਆ ਮੰਗਦਾ ਮਾਏ, 'ਕ ਨੀ ਸਰਾਬ ਦਾ।
ਕਾਂਟੇ ਵੀ ਦੇ ਦੇ ਧੀਏ, ਬਾਲੀ ਵੀ ਦੇ ਦੇ ਧੀਏ।
ਮੱਥਾ ਮਾਰ ਦੇ ਧੀਏ, ਨੀ ਠੇਕੇਦਾਰ ਦੇ।
ਖੂਨੀ ਵੀ ਟੋਲਿਆ ਮਾਏ, ਡਾਕੂ ਵੀ ਟੋਲਿਆ ਮਾਏ।
ਸੰਗੀ ਵੀ ਮੰਗਦਾ ਮਾਏ, ਡੂੱਲਾਂ ਵੀ ਮੰਗਦਾ ਮਾਏ।
ਅਧੀਆ ਮੰਗਦਾ ਮਾਏ, ਨੀ ਸਰਾਬ ਦਾ।
ਸੰਗੀ ਵੀ ਦੇ ਦੇ ਧੀਏ, ਡੂੱਲਾਂ ਵੀ ਦੇਦੇ ਧੀਏ।
ਮੱਥੇ ਮਾਰ ਦੇ ਧੀਏ, ਨੀ ਠੇਕੇਦਾਰ ਦੇ।
ਖੂਨੀ ਵੀ ਟੋਲਿਆ ਮਾਏ, ਡਾਕੂ ਵੀ ਟੋਲਿਆ ਮਾਏ।
ਗਜਰੇ ਵੀ ਮੰਗਦਾ ਮਾਏ, ਘੜੀਆਂ ਵੀ ਮੰਗਦਾ ਮਾਏ।
ਅਧੀਆ ਮੰਗਦਾ ਮਾਏ, ਨੀ ਸਰਾਬ ਦਾ।
ਗਜਰੇ ਵੀ ਦੇ ਦੇ ਧੀਏ, ਘੜੀਆਂ ਵੀ ਦੇ ਦੇ ਧੀਏ।
ਮਥਾ ਮਾਰ ਧੀਏ, ਨੀ ਠੇਕੇਦਾਰ ਦੇ।
ਖੂਨੀ ਵੀ ਟੋਲਿਆ ਮਾਏ, ਡਾਕੂ ਵੀ ਟੋਲਿਆ ਮਾਏ।
ਪੇਡਲ ਵੀ ਮੰਗਦਾ ਮਾਏ, ਚੈਨਾਂ ਵੀ ਮੰਗਦਾ ਮਾਏ।
ਅਧੀਆ ਮੰਗਦਾ ਮਾਏ, ਨੀ ਸਰਾਬ ਦਾ।
ਪੇਡਲ ਵੀ ਦੇ ਦੇ ਧੀਏ, ਚੈਨਾਂ ਵੀ ਦੇ ਦੇ ਧੀਏ।
ਮਥਾ ਮਾਰ ਧੀਏ, ਨੀ ਠੇਕੇਦਾਰ ਦੇ।
ਮੈਂ ਤਨੈ ਬਿਆਹੀ ਮਾਏ, ਮੈਂ ਤਨੈ ਖੋਈ ਮਾਏ।
ਨੀ ਐਸਾ ਟੋਲਿਆ ਮਾਏ, ਨਸ਼ਾ ਏ ਸਰਾਬ ਦਾ।
ਖੂਨੀ ਵੀ ਟੋਲਿਆ ਮਾਏ, ਡਾਕੂ ਵੀ ਟੋਲਿਆ ਮਾਏ।

(38)

ਤਾਲਾ ਮਾਰ ਕੇ ਚਾਬੀ ਤਾਂ ਸਾਨੂੰ ਦੇ ਗਿਆ,
ਆਪ ਤਾਂ ਲਾਹੌਰ ਬ੍ਹੈਅ ਗਿਆ।
ਸੱਸ ਪੁੱਛਦੀ ਬਹੁਏ ਨੀ ਕੀ ਕੈਅ ਗਿਆ,
ਆਪ ਤਾਂ ਲਾਹੌਰ ਬ੍ਹੈਅ ਗਿਆ।
ਉਹ ਤਾਂ ਤੇਰੀਓ ਸੇਵਾ ਲਈ ਕੈਅ ਗਿਆ।
ਆਪ ਤਾਂ ਲਾਹੌਰ ਬ੍ਹੈਅ ਗਿਆ।
ਤਾਲਾ ਮਾਰ ਕੇ ਚਾਬੀ ਤਾਂ ਸਾਨੂੰ ਦੇ ਗਿਆ,
ਆਪ ਤਾਂ ਲਾਹੌਰ ਬ੍ਹੈਅ ਗਿਆ।
ਜਠਾਣੀ ਪੁੱਛਦੀ ਭੈਣੇ ਨੀ ਕੀ ਕੈਅ ਗਿਆ,
ਆਪ ਤਾਂ ਲਾਹੌਰ ਬ੍ਹੈਅ ਗਿਆ।
ਉਹ ਤਾਂ ਤੇਰੀਓ ਲੜਾਈ ਲਈ ਕੈਅ ਗਿਆ,
ਆਪ ਤਾਂ ਲਾਹੌਰ ਬ੍ਹੈਅ ਗਿਆ।
ਤਾਲਾ ਮਾਰ ਕੇ ਚਾਬੀ ਤਾਂ ਸਾਨੂੰ ਦੇ ਗਿਆ,
ਆਪ ਤਾਂ ਲਾਹੌਰ ਬ੍ਹੈਅ ਗਿਆ।
ਦਿਉਰ ਪੁੱਛਦਾ ਭਾਬੋ ਨੀ ਕੀ ਕੈਅ ਗਿਆ,
ਆਪ ਤਾਂ ਲਾਹੌਰ ਬ੍ਹੈਅ ਗਿਆ।
ਉਹ ਤਾਂ ਤੇਰੀਓ ਸ਼ਾਦੀ ਲਈ ਕੈਅ ਗਿਆ,
ਆਪ ਤਾਂ ਲਾਹੌਰ ਬ੍ਹੈਅ ਗਿਆ।
ਤਾਲਾ ਮਾਰ ਕੇ ਚਾਬੀ ਤਾਂ ਸਾਨੂੰ ਦੇ ਗਿਆ,
ਆਪ ਤਾਂ ਲਾਹੌਰ ਬ੍ਹੈਅ ਗਿਆ।

(39)

ਵੇ ਮੈਂ ਹਰਦਮ ਫੁੱਲਾਂ ਦੇ ਵਿਚ ਰ੍ਹੈਂਦੀ ਆਂ,
ਵੇ ਮੈਂ ਕੰਡੇ ਦੀ ਪੀੜ ਨ੍ਹਈਓ ਸੈ੍ਹਂਦੀ ਆਂ।
ਵੇ ਮੈਂ ਬਾਬਲ ਦੀ ਇਕੋ ਇੱਕ ਧੀ ਵੇ,
ਮੇਰਾ ਸੌਹਰੇ ਨਾ ਲਗਦਾ ਜੀਅ ਵੇ।
ਵੇ ਮੈਂ ਹਰਦਮ ਫੁੱਲਾਂ ਦੇ ਵਿਚ ਰ੍ਹੈਂਦੀ ਆਂ,
ਵੇ ਮੈਂ ਕੰਡੇ ਦੀ ਪੀੜ ਨ੍ਹਈਓ ਸੈ੍ਹਂਦੀ ਆਂ।
ਵੇ ਮੈਂ ਵੀਰੇ ਦੀ ਇਕੋ ਇਕ ਭੈਣ ਵੇ।
ਵੀਰਾ ਘੜੀਆਂ ਤੇ ਮੈਂ ਉਸਦੀ ਚੈਨ ਵੇ।
ਵੇ ਮੈਂ ਹਰਦਮ ਫੁੱਲਾਂ ਦੇ ਵਿਚ ਰ੍ਹੈਂਦੀ ਆਂ,
ਵੇ ਮੈਂ ਕੰਡੇ ਦੀ ਪੀੜ ਨ੍ਹਈਓ ਸੈ੍ਹਂਦੀ ਆਂ।



ਵੇ ਮੈਂ ਜੀਜੇ ਦੀ ਇਕੋ ਇਕ ਸਾਲੀ ਵੇ।
ਜੀਜਾ ਬਾਗ ਤੇ ਮੈਂ ਉਸਦੀ ਡਾਲੀ ਵੇ।
ਵੇ ਮੈਂ ਹਰਦਮ ਫੁੱਲਾਂ ਦੇ ਵਿਚ ਰ੍ਹੈਂਦੀ ਆਂ।
ਵੇ ਮੈਂ ਕੰਡੇ ਦੀ ਪੀੜ ਨ੍ਹਈਓ ਸੈ੍ਹਂਦੀ ਆਂ।
ਵੇ ਮੈਂ ਮ੍ਹਾਈਏ ਦੀ ਇਕੋ ਇਕ ਨਾਰ ਵੇ।
ਮ੍ਹਾਈਆ ਬਿਜਲੀ ਤੇ ਮੈਂ ਉਸਦੀ ਤਾਰ ਵੇ।
ਵੇ ਮੈਂ ਹਰਦਮ ਫੁੱਲਾਂ ਦੇ ਵਿਚ ਰ੍ਹੈਂਦੀ ਆਂ,
ਵੇ ਮੈਂ ਕੰਡੇ ਦੀ ਪੀੜ ਨ੍ਹਈਓ ਸੈ੍ਹਂਦੀਆਂ।

(40)

ਝੁਰਮਟ ਬੋਲੇ ਝੁਰਮੁਟ ਬੋਲੇ ਰੀ ਰੀ ਰਾ ਰਾ।
ਵੇ ਰਾਤਾਂ ਕਾਲੀਆਂ ਕਲੀ ਨੂੰ ਡਰ ਆਵੇ,
ਹਾਏ ਵੇ ਰਾਤਾਂ ਕਾਲੀਆਂ ਕਲੀ ਨੂੰ ਡਰ ਆਵੇ।
ਚੁੰਨੀ ਲੈ ਦੇ ਚੁੰਨੀ ਲੈ, ਦੇ ਸੱਪ ਲ੍ਹੈਰੀਆ।
ਵੇ ਜੇਅੜ੍ਹੀ ਮੁੱਤੀ ਪਈ ਨੂੰ ਡਸ ਜਾਵੇ।
ਵੇ ਰਾਤਾਂ ਕਾਲੀਆਂ ਕਲੀ ਨੂੰ ਡਰ ਆਵੇ,
ਹਾਏ ਵੇ ਰਾਤਾਂ ਕਾਲੀਆਂ ਕਲੀ ਨੂੰ ਡਰ ਆਵੇ।
ਝੱਗਾ ਲੈ ਦੇ ਝੱਗਾ ਲੈ, ਦੇ ਪਿੱਡ ਪੀੜ ਦਾ।
ਵੇ ਜੇਅੜ੍ਹੀ ਹੱਟੀਓ ਜਵੈਣ ਮੁੱਕ ਜਾਵੇ,
ਵੇ ਰਾਤਾਂ ਕਾਲੀਆਂ ਕਲੀ ਨੂੰ ਡਰ ਆਵੇ,
ਹਾਏ ਵੇ ਰਾਤਾਂ ਕਾਲੀਆਂ ਕਲੀ ਨੂੰ ਡਰ ਆਵੇ।
ਸੈਂਡਲ ਲੈ ਦੇ ਸੈਂਡਲ ਲੈ ਦੇ ਉਚੀ ਅੱਡੀ ਦੇ।
ਵੇ ਜੇਅੜ੍ਹੇ ਪਾਇਉ ਗਿੱਟਾ ਟੁੱਟ ਜਾਵੇ।
ਵੇ ਰਾਤਾਂ ਕਾਲੀਆਂ ਕਲੀ ਨੂੰ ਡਰ ਆਵੇ,
ਹਾਏ ਵੇ ਰਾਤਾਂ ਕਾਲੀਆਂ ਕਲੀ ਨੂੰ ਡਰ ਆਵੇ।
ਸੁਥਣ ਲੈਦੇ ਸੁਥਣ ਲੈਦੇ ਚੀਨ ਮੀਨਾਰੀ
ਜੇਅੜ੍ਹੀ ਵੇਖਿਆ ਨਸ਼ਾ ਚੜ੍ਹ ਜਾਵੇ।
ਹਾਏ ਵੇ ਰਾਤਾਂ ਕਾਲੀਆਂ ਕਲੀ ਨੂੰ ਡਰ ਆਵੇ।
ਵੇ ਰਾਤਾਂ ਕਾਲੀਆਂ ਕਲੀ ਨੂੰ ਡਰ ਆਵੇ,
ਝੁਰਮਟ ਬੋਲੇ ਝੁਰਮਟ ਬੋਲੇ ਰੀ ਰੀ ਰਾ ਰਾ।
ਵੇ ਰਾਤਾਂ ਕਾਲੀਆਂ ਕਲੀ ਨੂੰ ਡਰ ਆਵੇ,
ਹਾਏ ਵੇ ਰਾਤਾਂ ਕਾਲੀਆਂ ਕਲੀ ਨੂੰ ਡਰ ਆਵੇ।

(41)

ਉਡਜਾ ਕਾਲੀ ਏ ਕਾਗਣੀ, ਜੀ ਜਾਣਾ ਮਾਹੀ ਦੇ ਦੇਸ।
ਢੋਲ ਮੇਰਾ, ਜੀ ਜਾਣਾ ਮਾਹੀ ਦੇ ਦੇਸ।
ਜਾ ਕੇ ਮਾਹੀ ਨੂੰ ਕੈਣਾਂ, ਜੀ ਘਰ ਟਿੱਕੇ ਦੀ ਲੋੜ।
ਢੋਲ ਮੇਰਾ, ਜੀ ਘਰ ਟਿੱਕੇ ਦੀ ਲੋੜ।
ਟਿੱਕਾ ਪਾ ਕੇ ਵੇੜੇਹ ਦੇ ਵਿਚ ਬੈਠਾਂ, ਜੀ ਸੱਸ ਮਾਰੇਗੀ ਬੋਲ।
ਢੋਲ ਮੇਰਾ ਜੀ ਸੱਸ ਮਾਰੇਗੀ ਬੋਲ।
ਟਿੱਕਾ ਖੁਲ ਮਹੈਲ ਨਾਲ ਮਾਰਾਂ, ਜੀ ਜਾਨੀ ਲਿਆਵੇਗਾ ਹੋਰ।
ਢੋਲ ਮੇਰਾ ਜੀ ਜਾਨੀ ਲਿਆਵੇਗਾ ਹੋਰ।
ਉਡਜਾ ਕਾਲੀ ਏ ਕਾਗਣੀ, ਜੀ ਜਾਣਾ ਮਾਹੀ ਦੇ ਦੇਸ।
ਢੋਲ ਮੇਰਾ, ਜੀ ਜਾਣਾ ਮਾਹੀ ਦੇ ਦੇਸ।
ਜਾ ਕੇ ਮਾਹੀ ਨੂੰ ਕੈਣਾ, ਜੀ ਘਰ ਕਾਂਟਿਆਂ ਦੀ ਲੋੜ।
ਢੋਲ ਮੇਰਾ, ਜੀ ਘਰ ਕਾਂਟਿਆਂ ਦੀ ਲੋੜ।
ਕਾਂਟੇ ਪਾ ਕੇ ਵੇੜੇਹ ਦੇ ਵਿਚ ਬੈਠਾਂ,
ਜੀ ਜਠਾਣੀ ਮਾਰੇਗੀ ਬੋਲ।
ਢੋਲ ਮੇਰਾ, ਜੀ ਜਠਾਣੀ ਮਾਰੇਗੀ ਬੋਲ।
ਕਾਂਟੇ ਖੁਲ ਮਹੈਲ ਨਾਲ ਮਾਰਾਂ, ਜੀ ਜਾਨੀ ਲਿਆਵੇਗਾ ਹੋਰ।
ਢੋਲ ਮੇਰਾ, ਜੀ ਜਾਨੀ ਲਿਆਵੇਗਾ ਹੋਰ।
ਉਡਜਾ ਕਾਲੀ ਏ ਕਾਗਣੀ, ਜੀ ਜਾਣਾ ਮਾਹੀ ਦੇ ਦੇਸ।
ਢੋਲ ਮੇਰਾ, ਜੀ ਜਾਣਾ ਮਾਹੀ ਦੇ ਦੇਸ।
ਜਾ ਕੇ ਮਾਹੀ ਨੂੰ ਕੈਣਾਂ, ਜੀ ਘਰ ਟੀਕੇ ਦੀ ਲੋੜ।
ਢੋਲ ਮੇਰਾ, ਜੀ ਘਰ ਟੀਕੇ ਦੀ ਲੋੜ।
ਟੀਕਾ ਲਾ ਕੇ ਵੇੜੇਹ ਦੇ ਵਿਚ ਬੈਠਾਂ, ਜੀ ਸੱਸੇ ਮਾਰੇ ਜੇ ਬੋਲ।
ਬੋਲ ਅਹੇ ਵੇ ਜਹੇ ਸੜਕਾਂ ਦੇ ਰੋੜ,
ਸਹੇ ਨਾ ਜਾਂਦੇ ਵੇ ਸਾਡਾ ਦਿਲ ਕਮਜ਼ੋਰ।
ਉਡਜਾ ਕਾਲੀ ਏ ਕਾਗਣੀ, ਜੀ ਜਾਣਾ ਮਾਹੀ ਦੇ ਦੇਸ।
ਜਾ ਕੇ ਮਾਹੀ ਨੂੰ ਕੈਣਾਂ, ਜੀ ਘਰ ਪੈਂਡਲ ਦੀ ਲੋੜ।
ਢੋਲ ਮੇਰਾ, ਜੀ ਘਰ ਪੈਂਡਲ ਦੀ ਲੋੜ।
ਪੈਂਡਲ ਪਾ ਕੇ ਵੇੜੇਹ ਦੇ ਵਿਚ ਬੈਠਾਂ, ਜੀ ਜਠਾਣੀ ਮਾਰੇਗੀ ਬੋਲ।
ਜੀ ਜਠਾਣੀ ਮਾਰੇ ਜੇ ਬੋਲ।
ਬੋਲ ਅਹੇ ਵੇ ਜਹੇ ਸੜਕਾਂ ਦੇ ਰੋੜ,
ਸਹੇ ਨਾ ਜਾਂਦੇ ਵੇ ਸਾਡਾ ਦਿਲ ਕਮਜ਼ੋਰ।
ਉਡਜਾ ਕਾਲੀ ਏ ਕਾਗਣੀ, ਜੀ ਜਾਣਾ ਮਾਹੀ ਦੇ ਦੇਸ।



ਜਾ ਕੇ ਮਾਹੀ ਨੂੰ ਕੈਣਾਂ, ਜੀ ਘਰ ਚੈਨਾਂ ਦੀ ਲੋੜ।
ਢੋਲ ਮੇਰਾ, ਜੀ ਘਰ ਚੈਨਾਂ ਦੀ ਲੋੜ।
ਚੈਨਾਂ ਪਾ ਕੇ ਵੇੜੇਹ ਦੇ ਵਿਚ ਬੈਠਾਂ, ਜੀ ਸੱਸੇ ਮਾਰੇਗੀ ਬੋਲ।
ਜੀ ਸੱਸੇ ਮਾਰੇ ਜੇ ਬੋਲ,·
ਬੋਲ ਅਹੇ ਵੇ ਜਹੇ ਸੜਕਾਂ ਦੇ ਰੋੜ।
ਸਹੇ ਨਾ ਜਾਂਦੇ ਵੇ ਸਾਡਾ ਦਿਲ ਕਮਜ਼ੋਰ।
ਉਡਜਾ ਕਾਲੀ ਏ ਕਾਗਣੀ, ਜੀ ਜਾਣਾ ਮਾਹੀ ਦੇ ਦੇਸ।

(42)

ਮੈਨੂੰ ਲੈ ਚੱਲ ਸਿਮਲੇ ਪਹਾੜ, ਹੁਣ ਮੈਂ ਨਹੀਂ ਬਚਣਾ।
ਮੇਰੇ ਸੁਹਰੇ ਨੂੰ ਬੁਲਾਓ, ਸੁਹਰਾ ਜੀ ਨੂੰ ਬੁਲਾਓ,
ਜਿਨੇਹ ਲਾਇਆ ਸੋ ਹਜਾਰ, ਹੁਣ ਮੈਂ ਨਹੀਂ ਬਚਣਾ।
ਮੈਨੂੰ ਲੈ ਚੱਲ ਸਿਮਲੇ ਪਹਾੜ, ਹੁਣ ਮੈਂ ਨਹੀਂ ਬਚਣਾ।
ਮੇਰੀ ਸੱਸ ਨੂੰ ਬੁਲਾਓ, ਸੱਸ ਜੀ ਨੂੰ ਬੁਲਾਓ,
ਜਿਨੇਹ ਪਾਣੀ ਪੀਤਾ ਵਾਰ, ਹੁਣ ਮੈਂ ਨਹੀਂ ਬਚਣਾ।
ਮੈਨੂੰ ਲੈ ਚੱਲ ਸਿਮਲੇ ਪਹਾੜ, ਹੁਣ ਮੈਂ ਨਹੀਂ ਬਚਣਾ।
ਮੇਰੀ ਨਨਾਣ ਨੂੰ ਬੁਲਾਓ, ਨਣਦ ਜੀ ਨੂੰ ਬੁਲਾਓ,
ਜਿਨੇਹ ਸਗਨ ਕੀਤੇ ਹਜਾਰ, ਹੁਣ ਮੈਂ ਨਹੀਂ ਬਚਣਾ।
ਮੈਨੂੰ ਲੈ ਚੱਲ ਸਿਮਲੇ ਪਹਾੜ, ਹੁਣ ਮੈਂ ਨਹੀਂ ਬਚਣਾ।
ਮੇਰੇ ਪੀਆ ਨੂੰ ਬੁਲਾਓ, ਪੀਆ ਜੀ ਨੂੰ ਬੁਲਾਓ,
ਜਿਨੇਹ ਲਾਵਾਂ ਲਿੱਤੀਆਂ ਚਾਰ, ਹੁਣ ਮੈਂ ਨਹੀਂ ਬਚਣਾ।
ਮੈਨੂੰ ਲੈ ਚੱਲ ਸਿਮਲੇ ਪਹਾੜ, ਹੁਣ ਮੈਂ ਨਹੀਂ ਬਚਣਾ।

(43)

ਮਾਹੀ ਆਪ ਤੁਰ ਗਇਆ ਇੰਗਲੈਂਡ ਨੂੰ,
ਕੁੱਟਣ ਨੂੰ ਨਿਆਣੇ ਦੇ ਗਿਆ।
ਇਕ ਰੋਵੇ ਚਾਹ ਨੂੰ ਤੇ ਦੂਜਾ ਰੋਵੇ ਦੁੱਧ ਨੂੰ,
ਤੀਜਾ ਰੋਂਦਾ ਏ ਸਰੰਜਵੀ ਗਲਾਸ ਨੂੰ।
ਕੁੱਟਣ ਨੂੰ ਨਿਆਣੇ ਦੇ ਗਿਆ।
ਮਾਹੀ ਆਪ ਤੁਰ ਗਇਆ ਇੰਗਲੈਂਡ ਨੂੰ,
ਕੁੱਟਣ ਨੂੰ ਨਿਆਣੇ ਦੇ ਗਿਆ।
ਇਕ ਰੋਵੇ ਫੱਟੀ ਨੂੰ ਤੇ ਦੂਜਾ ਰੋਵੇ ਬਸਤੇ ਨੂੰ,
ਤੀਜਾ ਰੋਂਦਾ ਏ ਕਲਮ-ਦਵਾਤ ਨੂੰ।

ਕੁੱਟਣ ਨੂੰ ਨਿਆਣੇ ਦੇ ਗਿਆ।
ਮਾਹੀ ਆਪ ਤੁਰ ਗਇਆ ਇੰਗਲੈਂਡ ਨੂੰ.
ਕੁੱਟਣ ਨੂੰ ਨਿਆਣੇ ਦੇ ਗਿਆ।
ਇਕ ਰੋਵੇ ਚਾਦਰ ਨੂੰ ਤੇ ਦੂਜਾ ਰੋਵੇ ਦਰੀ ਨੂੰ.
ਤੀਜਾ ਰੋਂਦਾ ਏ ਤਕੀਏ ਤੇ ਗਲਾਫ ਨੂੰ।
ਕੁੱਟਣ ਨੂੰ ਨਿਆਣੇ ਦੇ ਗਿਆ।
ਮਾਹੀ ਆਪ ਤੁਰ ਗਇਆ ਇੰਗਲੈਂਡ ਨੂੰ.
ਕੁੱਟਣ ਨੂੰ ਨਿਆਣੇ ਦੇ ਗਿਆ।
ਇਕ ਰੋਵੇ ਬੁਰਸਟ ਨੂੰ ਤੇ ਦੂਜਾ ਰੋਵੇ ਤੇਲ ਨੂੰ.
ਤੀਜਾ ਰੋਂਦਾ ਏ ਜੂੜੇ ਦੇ ਰੁਮਾਲ ਨੂ.।
ਕੁੱਟਣ ਨੂੰ ਨਿਆਣੇ ਦੇ ਗਿਆ।
ਮਾਹੀ ਆਪ ਤੁਰ ਗਇਆ ਇੰਗਲੈਂਡ ਨੂੰ.
ਕੁੱਟਣ ਨੂੰ ਨਿਆਣੇ ਦੇ ਗਿਆ।

(44)

ਮੇਰੇ ਸਿਆਮ ਜੀ ਆਪ ਤਾਂ ਡਬੱਈ ਚੱਲੇ ਓ।
ਮੇਰੇ ਸਿਆਮ ਜੀ ਪੌਡਰ-ਪੁਡਰ ਘਲਿਆ ਕਰੋ।
ਮੇਰੀ ਗੋਰੀਏ ਆਟਾ-ਉਟਾ ਲਾ ਲਿਆ ਕਰੋ।
ਮੇਰੀ ਗੋਰੀਏ ਪੈਸਾ ਤਾਂ ਬਚਾ ਲਿਆ ਕਰੋ।
ਮੇਰੀ ਗੋਰੀਏ ਖਰਚਾ ਨਾ ਕਰਾਇਆ ਕਰੋ।
ਮੇਰੇ ਸਿਆਮ ਜੀ ਆਪ ਤਾਂ ਡਬੱਈ ਚੱਲੇ ਓ।
ਮੇਰੇ ਸਿਆਮ ਜੀ ਸੁਰਖੀ-ਸਰਖੀ ਘਲਿਆ ਕਰੋ।
ਮੇਰੀ ਗੋਰੀਏ ਲਾਲ ਸਿਆਈ ਲਾ ਲਿਆ ਕਰੋ।
ਮੇਰੀ ਗੋਰੀਏ ਪੈਸਾ ਤਾਂ ਬਚਾ ਲਿਆ ਕਰੋ।
ਮੇਰੀ ਗੋਰੀਏ ਖਰਚਾ ਨਾ ਕਰਾਇਆ ਕਰੋ।
ਮੇਰੇ ਸਿਆਮ ਜੀ ਆਪ ਤਾਂ ਡਬੱਈ ਚੱਲੇ ਓ।
ਮੇਰੇ ਸਿਆਮ ਜੀ ਸਾੜੀ-ਸੂੜੀ ਘਲਿਆ ਕਰੋ।
ਮੇਰੀ ਗੋਰੀਏ ਪਲੂੜ-ਪੁਲੂੜ ਲਾ ਲਿਆ ਕਰੋ।
ਮੇਰੀ ਗੋਰੀਏ ਪੈਸਾ ਤਾਂ ਬਚਾ ਲਿਆ ਕਰੋ।
ਮੇਰੀ ਗੋਰੀਏ ਖਰਚਾ ਨਾ ਕਰਾਇਆ ਕਰੋ।
ਮੇਰੇ ਸਿਆਮ ਜੀ ਆਪ ਤਾਂ ਡਬੱਈ ਚੱਲੇ ਓ।
ਮੇਰੇ ਸਿਆਮ ਜੀ ਸੈਂਡਲ-ਸੂੰਡਲ ਘਲਿਆ ਕਰੋ।
ਮੇਰੀ ਗੋਰੀਏ ਛਿੱਤਰ-ਛੁੱਤਰ ਲਾ ਲਿਆ ਕਰੋ।



ਮੇਰੀ ਗੋਰੀਏ ਪੈਸਾ ਤਾਂ ਬਚਾ ਲਿਆ ਕਰੋ।
ਮੇਰੀ ਗੋਰੀਏ ਖਰਚਾ ਨਾ ਕਰਾਇਆ ਕਰੋ।
ਮੇਰੇ ਸਿਆਮ ਜੀ ਆਪ ਤਾਂ ਡਬੱਈ ਚੱਲੇ ਓ।
ਮੇਰੇ ਸਿਆਮ ਜੀ ਪੌਡਲ-ਪੁੰਡਲ ਘਲਿਆ ਕਰੋ।
ਮੇਰੀ ਗੋਰੀਏ ਸੰਗਲ-ਸੁੰਗਲ ਪਾ ਲਿਆ ਕਰੋ।
ਮੇਰੀ ਗੋਰੀਏ ਪੈਸਾ ਤਾਂ ਬਚਾ ਲਿਆ ਕਰੋ।
ਮੇਰੀ ਗੋਰੀਏ ਖਰਚਾ ਨਾ ਕਰਾਇਆ ਕਰੋ।
ਮੇਰੇ ਸਿਆਮ ਜੀ ਆਪ ਤਾਂ ਡਬੱਈ ਚੱਲੇ ਓ।
ਮੇਰੇ ਸਿਆਮ ਜੀ ਕੰਗਣ-ਕੁੰਗਣ ਘਲਿਆ ਕਰੋ।
ਮੇਰੀ ਗੋਰੀਏ ਕੜੇ-ਕੂੜੇ ਪਾ ਲਿਆ ਕਰੋ।
ਮੇਰੀ ਗੋਰੀਏ ਪੈਸਾ ਤਾਂ ਬਚਾ ਲਿਆ ਕਰੋ।
ਮੇਰੀ ਗੋਰੀਏ ਖਰਚਾ ਨਾ ਕਰਾਇਆ ਕਰੋ।

(45)

ਇੱਕ ਉੱਤੇ ਰਾਤ ਹਨੇਰੀ, ਰਾਤ ਹਨੇਰੀ,
ਦੂਜਾ ਚੰਨ ਬਦਲਾਂ ਚੋਂ ਆਇਆ - - - - ਹਈ ਛਾਵਾ।
ਚਿਰਾਂ ਦੀਆਂ ਬੰਨ੍ਹਾਂ ਨੀ ਬਨੇਰੇ, ਚਾਰ ਚੁਫੇਰੇ,
ਕੁੰਡਾ ਮੇਰਾ ਕਿਅਨੇ ਖੜਕਾਇਆ - - - - ਹਈ ਛਾਵਾ।
ਪੁੱਛਦੀ ਆਂ ਸੱਸ ਆਪਣੀ ਨੂੰ, ਸੱਸ ਆਪਣੀ ਨੂੰ,
ਪੁੱਤ ਤੇਰਾ ਅਜੇ ਵੀ ਨਾ ਆਇਆ - - - ਹਈ ਛਾਵਾ।
ਇਕ ਮੇਰਾ ਪੁੱਤ ਪਰਦੇਸੀ, ਪੁੱਤ ਪਰਦੇਸੀ,
ਦੂਜਾ ਬੁਹੁਏ ਤੈਂ ਨੀ ਸਤਾਇਆ - - - - ਹਈ ਛਾਵਾ।
ਚਿਰਾਂ ਦੀਆਂ ਬੰਨ੍ਹਾਂ ਨੀ ਬਨੇਰੇ, ਚਾਰ ਚੁਫੇਰੇ,
ਕੁੰਡਾ ਮੇਰਾ ਕਿਅਨੇ ਖੜਕਾਇਆ - - - - ਹਈ ਛਾਵਾ।
ਪੁੱਛਦੀ ਆਂ ਜਠਾਣੀ ਆਪਣੀ ਨੂੰ, ਜਠਾਣੀ ਆਪਣੀ ਨੂੰ,
ਦਿਉਰ ਤੇਰਾ ਅਜੇ ਵੀ ਨਾ ਆਇਆ - - -ਹਈ ਛਾਵਾ।
ਇਕ ਮੇਰਾ ਦਿਉਰ ਪਰਦੇਸੀ, ਦਿਉਰ ਪਰਦੇਸੀ,
ਦੂਜਾ ਭੈਣੇ ਤੈਂ ਨੀ ਸਤਾਇਆ - - - - - ਹਈ ਛਾਵਾ।
ਚਿਰਾਂ ਦੀਆਂ ਬੰਨ੍ਹਾਂ ਨੀ ਬਨੇਰੇ, ਚਾਰ ਚੁਫੇਰੇ,
ਕੁੰਡਾ ਮੇਰਾ ਕਿਅਨੇ ਖੜਕਾਇਆ - - - - ਹਈ ਛਾਵਾ।
ਪੁੱਛਦੀ ਆਂ ਦਰਾਣੀ ਆਪਣੀ ਨੂੰ, ਦਰਾਣੀ ਆਪਣੀ ਨੂੰ,
ਜੇਠ ਤੇਰਾ ਅਜੇ ਵੀ ਨਾ ਆਇਆ - - - -ਹਈ ਛਾਵਾ।
ਇਕ ਮੇਰਾ ਜੇਠ ਪਰਦੇਸੀ, ਜੇਠ ਪਰਦੇਸੀ,

ਦੂਜਾ ਭੈਣੇ ਤੈਂ ਨੀ ਸਤਾਇਆ - - - - ਹਈ ਛਾਵਾ।
ਚਿਰਾਂ ਦੀਆਂ ਬੰਨ੍ਹਾਂ ਨੀ ਬਨੇਰੇ, ਚਾਰ ਚੁਫੇਰੇ,
ਕੁੰਡਾ ਮੇਰਾ ਕਿਅਨੇ ਖੜਕਾਇਆ - - - ਹਈ ਛਾਵਾ।
ਪੁੱਛਦੀ ਆਂ ਨਣਦ ਆਪਣੀ ਨੂੰ, ਨਣਦ ਆਪਣੀ ਨੂੰ,
ਵੀਰ ਤੇਰਾ ਅਜੇ ਵੀ ਨਾ ਆਇਆ - - -ਹਈ ਛਾਵਾ।
ਇਕ ਮੇਰਾ ਵੀਰ ਪਰਦੇਸੀ, ਵੀਰ ਪਰਦੇਸੀ,
ਦੂਜਾ ਭਾਬੋ ਤੈਂ ਨੀ ਸਤਾਇਆ - - - - ਹਈ ਛਾਵਾ।
ਇੱਕ ਉਤੋਂ ਰਾਤ ਹਨੇਰੀ, ਰਾਤ ਹਨੇਰੀ,
ਦੂਜਾ ਚੰਨ ਬਦਲਾਂ ਚੋਂ ਆਇਆ- - - - ਹਈ ਛਾਵਾ।
ਚਿਰਾਂ ਦੀਆਂ ਬੰਨ੍ਹਾਂ ਨੀ ਬਨੇਰੇ, ਚਾਰ ਚੁਫੇਰੇ,
ਕੁੰਡਾ ਮੇਰਾ ਕਿਅਨੇ ਖੜਕਾਇਆ - - - ਹਈ ਛਾਵਾ।

(46)

ਛੱਤਰੀ ਦੀ ਛਾਂ ਛੱਡਕੇ, ਮੁੰਡਾ ਨਿਤ ਨੀ ਤਰੱਕੀਆ ਤੇ ਜਾਂਦਾ।
ਛੱਤਰੀ ਦੀ ਛਾਂ ਕਰਲੈ, ਗੋਰਾ ਰੰਗ ਨੀ ਬਦਲਦਾ ਜਾਂਦਾ।
ਹੁਣ ਤਾਂ ਮੈਂ ਮੋਈ ਰਾਜਿਆ, ਮੇਰੇ ਪੈਰ ਤੇ ਠੂੰਹੇ ਨੇ ਡੰਗ ਮਾਰਿਆ।
ਠੂੰਹਾਂ ਵੀ ਨਾ ਮਾਰੀ ਰਾਜਿਆ, ਤੇਰੀ ਟੁਟ ਜੂੰ ਬੈਲਾਂ ਵਾਲੀ ਸੋਟੀ।
ਸੋਟੀ ਵੀ ਨਾ ਤੋੜੀ ਰਾਜਿਆ, ਤੇਰੀ ਸੁਾਬ ਕਟੂਗਾ ਨੌਕਰੀ।
ਨੌਕਰੀ ਨਾ ਛੱਡੀ ਰਾਜਿਆ, ਤੇਰੀ ਨੌਕਰੀ ਦਾ ਚੂੜਾ ਅਸਾਂ ਪਾਣਾ।
ਚੂੜਾ ਨਾ ਘੜਾਵੀ ਰਾਜਿਆ, ਅਸਾਂ ਚੜਦੀ ਜਵਾਨੀ ਮਰ ਜਾਣਾ।
ਜੇ ਤੈਂ ਮਰ ਜਾਣਾ ਗੋਰੀਏ, ਮੈਂ ਵੀ ਸਾਧ ਫਕੀਰ ਬਣ ਜਾਣਾ।
ਫਕੀਰ ਵੀ ਨਾ ਹੋਈ ਰਾਜਿਆ, ਤੈਨੂੰ ਖੈਰ ਕਿਸੇ ਨੇ ਨਾ ਪਾਣਾ।
ਸਾਡੀ ਗਲ਼ੀ ਆਵੀ ਰਾਜਿਆ, ਬੁਕ ਭਰ ਮੋਤੀਆਂ ਦਾ ਪਾਵਾਂ।

(47)

ਡਿੱਗ ਪਈ ਨੀ ਗੋਰੀ ਸੀਸ ਮੇਹਲ ਤੋਂ।
ਪਾ ਦਿਓ ਨੀ ਮੇਰੇ ਮ੍ਹਾਈਏ ਜੀ ਨੂੰ ਚਿੱਠੀਆਂ।
ਪਾ ਦਈਆਂ ਨੀ ਤੇਰੇ ਮ੍ਹਾਈਏ ਜੀ ਨੂੰ ਚਿੱਠੀਆਂ।
ਜਾ ਪ੍ਹੁੰਚੀ ਨੀ ਚਿੱਠੀ ਵਿਚ ਨੀ ਕਚ੍ਹੈਰੀ ਦੇ।
ਫੜ ਲਈ ਨੀ ਮ੍ਹਾਈਏ ਲੰਮੀ ਬਾਂਹ ਕਰਕੇ।
ਪੜ੍ਹ ਲਈ ਨੀ ਮ੍ਹਾਈਏ ਪੱਟਾਂ ਉਤੇ ਧਰਕੇ।
ਮੰਗ ਲਈਆਂ ਨੀ ਮਾਈਏ ਸੁਾਬ ਕੋਲੋਂ ਛੁੱਟੀਆਂ।
ਤੁਰ ਪਇਆ ਨੀ ਮ੍ਹਾਈਆ ਸਿੱਖਰ ਦੁਪ੍ਹੈਰੇ।



ਆਉਂਦੇ ਨੇ ਘੋੜਾ ਬੂਹੇ ਅੱਗੇ ਬੰਨ੍ਹਿਆ।
ਦੱਸ ਗੋਰੀਏ ਸੱਟਾਂ ਕਿਥੇ ਕਿਥੇ ਲਗੀਆਂ।

(48)

ਰੁੜ ਜਾਣੇ ਨੇ ਜਲੇਬੀ ਮਾਰੀ, 'ਕ ਅੱਖ ਵਿਚ ਰਸ ਪੈ ਗਿਆ।
ਆਪੇ ਆਟਾ ਗੁਨ੍ਹੂਗਾ ਤੇ ਆਪੇ ਫੁਲਕਾ ਤਾਰੂਗਾ,
ਔਹਦੀ ਆ ਜਾਊ ਅਕਲ ਟਕਾਣੇ, ਜਦੋਂ ਘਰ ਕੱਲਾ ਰ੍ਹੈ ਗਿਆ।
ਰੁੜ ਜਾਣੇ ਨੇ ਜਲੇਬੀ ਮਾਰੀ, 'ਕ ਅੱਖ ਵਿਚ ਰਸ ਪੈ ਗਿਆ।
ਆਪੇ ਸਬਜੀ ਕੱਟੇਗਾ ਤੇ ਆਪੇ ਤੜਕਾ ਲਾਊਗਾ,
ਔਹਦੀ ਆ ਜਾਊ ਅਕਲ ਟਕਾਣੇ, ਜਦੋਂ ਘਰ ਕੱਲਾ ਰ੍ਹੈ ਗਿਆ।
ਰੁੜ ਜਾਣੇ ਨੇ ਜਲੇਬੀ ਮਾਰੀ, 'ਕ ਅੱਖ ਵਿਚ ਰਸ ਪੈ ਗਿਆ।
ਆਪੇ ਕਪੜੇ ਧੋਊਗਾ ਤੇ ਆਪੇ ਸੁਕਣੇ ਪਾਊਗਾ,
ਔਹਦੀ ਆ ਜਾਊ ਅਕਲ ਟਕਾਣੇ, ਜਦੋਂ ਘਰ ਕੱਲਾ ਰ੍ਹੈ ਗਿਆ।
ਰੁੜ ਜਾਣੇ ਨੇ ਜਲੇਬੀ ਮਾਰੀ, 'ਕ ਅੱਖ ਵਿਚ ਰਸ ਪੈ ਗਿਆ।
ਆਪੇ ਬੱਚੇ ਪਾਲੇਗਾ ਤੇ ਆਪੇ ਟੱਟੀ ਸੁਟੇਗਾ,
ਔਹਦੀ ਆ ਜਾਊ ਅਕਲ ਟਕਾਣੇ, ਜਦੋਂ ਘਰ ਕੱਲਾ ਰ੍ਹੈ ਗਿਆ।
ਰੁੜ ਜਾਣੇ ਨੇ ਜਲੇਬੀ ਮਾਰੀ, 'ਕ ਅੱਖ ਵਿਚ ਰਸ ਪੈ ਗਿਆ।

(49)

ਆਪ ਵੀ ਨਾ ਆਇਆ, ਖ਼ਤ ਵੀ ਨਾ ਭੇਜਿਆ।
ਸੁਹੁਰਾ ਆ ਗਿਆ ਜੀ ਲੈਣੇ ਨੂੰ।
ਸੁਹੁਰੇ ਮੇਰੇ ਨੂੰ ਪਾਣੀ ਤੱਤਾ ਦੇ ਦਿਓ,
ਹੁੱਕਾ ਦੇ ਦਿਓ ਜੀ ਪੀਣੇ ਨੂੰ।
ਆਪ ਵੀ ਨਾ ਆਇਆ, ਖ਼ਤ ਵੀ ਨਾ ਭੇਜਿਆ।
ਜੇਠਾ ਆ ਗਿਆ ਜੀ ਲੈਣੇ ਨੂੰ।
ਜੇਠੇ ਮੇਰੇ ਨੂੰ ਪਾਣੀ ਤੱਤਾ ਦੇ ਦਿਓ।
ਗੁਟਕਾ ਦੇ ਦਿਓ ਜੀ ਪੜ੍ਹਨੇ ਨੂੰ।
ਆਪ ਵੀ ਨਾ ਆਇਆ, ਖ਼ਤ ਵੀ ਨਾ ਭੇਜਿਆ।
ਦੇਵਰ ਆ ਗਿਆ ਜੀ ਲੈਣੇ ਨੂੰ।
ਦੇਵਰ ਮੇਰੇ ਦੇ ਹਾਣੀ ਕੱਠੇ ਕਰਕੇ,
ਗੁੱਲੀ-ਡੰਡਾ ਦੇ ਦਿਓ ਜੀ ਖੇਲਣ ਨੂੰ।
ਆਪ ਵੀ ਆਇਆ, ਖ਼ਤ ਵੀ ਭੇਜਤਿਆ।
ਮਾਈਆ ਆ ਗਿਆ ਜੀ ਲੈਣੇ ਨੂੰ।

ਮਾਹੀ ਮੇਰੇ ਨੂੰ ਚਾਹ-ਪਾਣੀ ਦੇ ਦਿਓ,
ਬੋਤਲ ਦੇ ਦਿਓ ਜੀ ਪੀਣੇ ਨੂੰ

(50)

ਕਿਥੋਂ ਆਈਆਂ ਲਾਲ ਮਿਰਚਾਂ ਕਿਥੋਂ ਆਏ ਛੋਲੇ।
ਕਿਥੋਂ ਆਇਆ ਨੀ ਜੇੜਾਹ ਹੌਲੀ ਹੌਲੀ ਬੋਲੇ।
ਦਿਲੀਓਂ ਆਈਆਂ ਲਾਲ ਮਿਰਚਾਂ ਬੰਬਈਓ ਆਏ ਛੋਲੇ।
ਲਾਹੌਰੋਂ ਆਇਆ ਨੀ ਜੇੜਾਹ ਹੌਲੀ ਹੌਲੀ ਬੋਲੇ।
ਕਿਵੇ ਆਈਆ ਲਾਲ ਮਿਰਚਾਂ ਕਿਵੇ ਆਏ ਛੋਲੇ।
ਕਿਵੇਂ ਆਇਆ ਨੀ ਜੇੜਾਹ ਹੌਲੀ ਹੌਲੀ ਬੋਲੇ।
ਪੂੜੀ ਆਈਆਂ ਲਾਲ ਮਿਰਚਾਂ ਲਫਾਫੇ ਆਏ ਛੋਲੇ।
ਕਾਰੋਂ ਆਇਆ ਨੀ ਜੇੜਾਹ ਹੌਲੀ ਹੌਲੀ ਬੋਲੇ।
ਕਿੱਥੇ ਰੱਖਾਂ ਲਾਲ ਮਿਰਚਾਂ ਕਿੱਥੇ ਰੱਖਾਂ ਛੋਲੇ।
ਕਿੱਥੇ ਬਠਾਵਾਂ ਨੀ ਜੇੜਾਹ ਹੌਲੀ ਹੌਲੀ ਬੋਲੇ।
ਆਲੀ ਰੱਖਾਂ ਲਾਲ ਮਿਰਚਾਂ, ਲੰਮਾਰੀ ਰੱਖਾਂ ਛੋਲੇ।
ਮੈਂ ਪਲੰਗ ਬਠਾਵਾਂ ਨੀ ਜੇੜਾਹ ਹੌਲੀ ਹੌਲੀ ਬੋਲੇ।
ਸੋਫੇ ਬਠਾਵਾਂ ਨੀ ਜੇੜਾਹ ਹੌਲੀ ਹੌਲੀ ਬੋਲੇ।

(51)

ਰਾਤੀ ਸਿਲਮਾ ਵੇਖਣ ਗਏ ਨੀ, ਗਏ ਨਾ ਦੱਸ ਕੇ।
ਮੈਂ ਵੀ ਪੱਕੀ ਹੋ ਕੇ ਸੁੱਤੀ, ਬੂਹਾ ਬੰਦ ਕਰਕੇ।
ਗੋਰੀ ਮੈਂ ਤੇਰਾ ਗੁਲਾਮ, ਕੁੰਡਾ ਖੋਲੋ ਹੱਸ ਕੇ।
ਕੁੰਡਾ ਅਸਾਂ ਨ੍ਹਈਓਂ ਖੋਲ੍ਹਣਾ, ਆ ਜਾ ਕੰਧ ਟਪ ਕੇ।
ਗੋਰੀ ਮੈਂ ਤੇਰਾ ਗੁਲਾਮ, ਠੰਡਾ ਪਲਾ ਦੇ ਹੱਸ ਕੇ।
ਠੰਡਾ ਅਸਾਂ ਨ੍ਹਈਓਂ ਪਲਾਣਾ, ਪੈਜਾ ਲੱਸੀ ਪੀ ਕੇ।
ਰਾਤੀ ਸਿਲਮਾ ਵੇਖਣ ਗਏ ਨੀ, ਗਏ ਨਾ ਦੱਸ ਕੇ।
ਮੈਂ ਵੀ ਪੱਕੀ ਹੋ ਕੇ ਸੁੱਤੀ, ਬੂਹਾ ਬੰਦ ਕਰਕੇ।
ਗੋਰੀ ਮੈਂ ਤੇਰਾ ਗੁਲਾਮ, ਕੁੰਡਾ ਖੋਲੋ ਹੱਸ ਕੇ।
ਕੁੰਡਾ ਅਸਾਂ ਨ੍ਹਈਓਂ ਖੋਲ੍ਹਣਾ, ਆ ਜਾ ਕੰਧ ਟਪ ਕੇ।
ਗੋਰੀ ਮੈਂ ਤੇਰਾ ਗੁਲਾਮ, ਖਾਣਾ ਖਲਾ ਦੇ ਹੱਸ ਕੇ।
ਖਾਣਾ ਅਸਾਂ ਨ੍ਹਈਓਂ ਖਲਾਣਾ, ਪੈਜਾ ਛੋਲੇ ਚੱਬ ਕੇ।
ਰਾਤੀ ਸਿਲਮਾ ਵੇਖਣ ਗਏ ਨੀ, ਗਏ ਨਾ ਦੱਸ ਕੇ।
ਮੈਂ ਵੀ ਪੱਕੀ ਹੋ ਕੇ ਸੁੱਤੀ, ਬੂਹਾ ਬੰਦ ਕਰਕੇ।



ਗੋਰੀ ਮੈਂ ਤੇਰਾ ਗੁਲਾਮ, ਕੁੰਡਾ ਖੋਲੋ ਹੱਸ ਕੇ।
ਕੁੰਡਾ ਅਸਾਂ ਨ੍ਹਈਓਂ ਖੋਲ੍ਹਣਾ, ਆ ਜਾ ਕੰਧ ਟਪ ਕੇ।
ਗੋਰੀ ਮੈਂ ਤੇਰਾ ਗੁਲਾਮ, ਸੇਜਾਂ ਬਛਾ ਦੇ ਹੱਸ ਕੇ।
ਸੇਜਾਂ ਅਸਾਂ ਨ੍ਹਈਓਂ ਬਛਾਣੀ, ਪੈ ਜਾ ਪੱਲਤ ਸੁੱਟ ਕੇ।
ਰਾਤੀ ਸਿਲਮਾ ਵੇਖਣ ਗਏ ਨੀ, ਗਏ ਨਾ ਦੱਸ ਕੇ।
ਮੈਂ ਵੀ ਪੱਕੀ ਹੋ ਕੇ ਸੁੱਤੀ, ਬੂਹਾ ਬੰਦ ਕਰਕੇ।
ਗੋਰੀ ਮੈਂ ਤੇਰਾ ਗੁਲਾਮ, ਕੁੰਡਾ ਖੋਲੋ ਹੱਸ ਕੇ।
ਕੁੰਡਾ ਅਸਾਂ ਨ੍ਹਈਓਂ ਖੋਲ੍ਹਣਾ, ਆ ਜਾ ਕੰਧ ਟਪ ਕੇ।

(52)

ਵੇ ਮੈਂ ਮੁਾਈਏ ਚਿੱਠੀ ਪਾਵਾਂ,
ਵੇ ਮੈਂ ਝੁਮਰ ਸੂਈ ਮਗਾਵਾਂ,
ਵੇ ਮੈਂ ਬੜੇ ਸੌਕ ਨਾਲ ਲਾਵਾਂ,
ਟੇਢਾ ਚੀਰ ਕੱਢਕੇ।
ਕੀ ਲੈਣਾ ਏ ਸਕੂਲਾਂ ਦੇ ਸਵਾਲ ਕੱਢਕੇ।
ਜੇ ਕੋਈ ਹੋਵੇ ਪੜ੍ਹਿਆ ਲਿਖਿਆ,
ਲੈ ਜੂ ਨਾਲ ਕੱਢਕੇ।
ਕੀ ਲੈਣਾ ਏ ਸਕੂਲਾਂ ਦੇ ਸਵਾਲ ਕੱਢਕੇ।
ਵੇ ਮੈਂ ਮੁਾਈਏ ਚਿੱਠੀ ਪਾਵਾਂ,
ਵੇ ਮੈਂ ਲੇਡੀ ਸਾੜੀ ਮਗਾਵਾਂ,
ਵੇ ਮੈਂ ਬੜੇ ਸੌਕ ਨਾਲ ਲਾਵਾਂ,
ਪੱਲਾ ਢਿੱਲਾ ਛਡਕੇ।
ਕੀ ਲੈਣਾ ਏ ਸਕੂਲਾਂ ਦੇ ਸਵਾਲ ਕੱਢਕੇ।
ਜੇ ਕੋਈ ਹੋਵੇ ਪੜ੍ਹਿਆ ਲਿੱਖਿਆ,
ਲੈ ਜੂ ਨਾਲ ਕੱਢਕੇ।
ਕੀ ਲੈਣਾ ਏ ਸਕੂਲਾਂ ਦੇ ਸਵਾਲ ਕੱਢਕੇ।
ਵੇ ਮੈਂ ਮੁਾਈਏ ਚਿੱਠੀ ਪਾਵਾਂ,
ਵੇ ਮੈਂ ਲੇਡੀ ਘੜੀ ਮੰਗਾਵਾਂ,
ਵੇ ਮੈਂ ਬੜੇ ਸੌਕ ਨਾਲ ਲਾਵਾਂ,
ਫੀਤਾ ਢਿੱਲਾ ਛੱਡਕੇ।
ਕੀ ਲੈਣਾ ਏ ਸਕੂਲਾਂ ਦੇ ਸਵਾਲ ਕੱਢਕੇ।
ਜੇ ਕੋਈ ਹੋਵੇ ਪੜ੍ਹਿਆ ਲਿਖਿਆ,
ਲੈ ਜੂ ਨਾਲ ਕੱਢਕੇ।
ਕੀ ਲੈਣਾ ਏ ਸਕੂਲਾਂ ਦੇ ਸਵਾਲ ਕੱਢਕੇ।

(53)

ਵਹੁਟੀ ਚੰਡੀਗੜ੍ਹ ਦੀ ਆਂਦੀ,
ਦਿਨ ਵਿਚ ਛੱਤੀ ਫੈਸ਼ਨ ਲਾਂਦੀ,
ਕਹਿੰਦੀ ਕਦੇ ਨਾ ਸਿਲਮੇ ਜਾਂਦਾ ਏ।
ਅਨਪੜ੍ਹ ਪੈ ਗਿਆ ਪੱਲੇ ਕਦੇ ਨਾ ਫਿਲਮ ਦਖਾਂਦਾ ਏ।
ਮੇਰੇ ਹਾਣ ਦੀਆਂ ਨੇ ਸਾੜ੍ਹੀਆਂ ਲਾਈਆਂ ਦਿੱਲੀ ਤੋਂ ਮੰਗਵਾਕੇ।
ਮੈਂ ਗੁਜ਼ਾਰਾ ਕਰਦੀ ਚੰਨਾ ਸੂਟ ਖੱਦਰ ਦਾ ਪਾ ਕੇ।
ਮੇਰੀ ਫੁੱਗੀ ਕਿਸਮਤ ਖੋਟੀ,
ਤੇਰੀ ਮਾਂ ਅਕਲ ਦੀ ਮੋਟੀ,
ਦੇਵੇ ਰੋਜ਼ ਸਾਗ ਨਾਲ ਰੋਟੀ,
ਗੁੱਸਾ ਉਸਤੋਂ ਆਂਦਾ ਏ।
ਅਨਪੜ ਪੈ ਗਿਆ ਪੱਲੇ ਕਦੇ ਨਾ ਫਿਲਮ ਦਖਾਂਦਾ ਏ।
ਵਹੁਟੀ ਚੰਡੀਗੜ੍ਹ ਦੀ ਆਂਦੀ - - - -।
ਮੇਰੇ ਹਾਣਦੀਆਂ ਨੇ ਵੈਲੀ ਪਾਈ ਦਿੱਲੀ ਤੋਂ ਮੰਗਵਾਕੇ।
ਮੈਂ ਗੁਜ਼ਾਰਾ ਕਰਦੀ ਚੰਨਾ ਟੁਟੀ ਚੱਪਲ ਪਾ ਕੇ।
ਮੇਰੀ ਫੁੱਗੀ ਕਿਸਮਤ ਖੋਟੀ,
ਤੇਰੀ ਭੈਣ ਅਕਲ ਦੀ ਮੋਟੀ,
ਜੇੜ੍ਹੀ ਨਿੱਤ ਖੜਕਾਵੇ ਸੋਟੀ,
ਗੁੱਸਾ ਉਸਤੋਂ ਆਂਦਾ ਵੇ।
ਅਨਪੜ ਪੈ ਗਿਆ ਪੱਲੇ ਕਦੇ ਨਾ ਫਿਲਮ ਦਖਾਂਦਾ ਵੇ।

(54)

ਮੇਰਾ ਚਰਖਾ ਸੀਸਿਆਂ ਵਾਲਾ, ਕੱਤਦੀ ਦਾ ਚੂੜਾ ਛਣਕੇ।
ਕੇੜ੍ਹੀ ਗੱਲ ਸੀ ਅੰਗਰੇਜ਼ੀ ਦੇ ਵਿਚ ਤੇਰੀ, ਕੇੜ੍ਹੀ ਗਲੋਂ ਫੇਲ ਹੋ ਗਿਆ।
ਕੋਈ ਗੱਲ ਨੀ ਅੰਗਰੇਜ਼ੀ ਵਿਚ ਮੇਰੀ, ਤੇਰੇ ਵਲ ਖਿਆਲ ਹੋ ਗਿਆ।
ਮੇਰਾ ਚਰਖਾ ਸੀਸਿਆਂ ਵਾਲਾ, ਕੱਤਦੀ ਦਾ ਚੂੜਾ ਛਣਕੇ।
ਕੇੜ੍ਹੀ ਗੱਲ ਸੀ ਹਿੰਦੀ ਦੇ ਵਿਚ ਤੇਰੀ, ਕੇੜ੍ਹੀ ਗਲੋਂ ਫੇਲ ਹੋ ਗਿਆ।
ਕੋਈ ਗੱਲ ਨੀ ਹਿੰਦੀ ਵਿਚ ਮੇਰੀ, ਤੇਰੇ ਵਲ ਖਿਆਲ ਹੋ ਗਿਆ।
ਮੇਰਾ ਚਰਖਾ ਸੀਸਿਆਂ ਵਾਲਾ, ਕੱਤਦੀ ਦਾ ਚੂੜਾ ਛਣਕੇ
ਕੇੜ੍ਹੀ ਗੱਲ ਸੀ ਜੁਮੈਟਰੀ ਵਿਚ ਤੇਰੀ, ਕੇੜ੍ਹੀ ਗਲੋਂ ਫੇਲ ਹੋ ਗਿਆ।
ਕੋਈ ਗੱਲ ਨੀ ਜੁਮੈਟਰੀ ਵਿਚ ਮੇਰੀ, ਤੇਰੇ ਵਲ ਖਿਆਲ ਹੋ ਗਿਆ।
ਮੇਰਾ ਚਰਖਾ ਸੀਸਿਆਂ ਵਾਲਾ, ਕੱਤਦੀ ਦਾ ਚੂੜਾ ਛਣਕੇ।
ਕੇੜ੍ਹੀ ਗੱਲ ਸੀ ਪੰਜਾਬੀ ਵਿਚ ਤੇਰੀ, ਕੇੜ੍ਹੀ ਗਲੋਂ ਫੇਲ ਹੋ ਗਿਆ।



ਕੋਈ ਗੱਲ ਨੀ ਪੰਜਾਬੀ ਵਿਚ ਮੇਰੀ, ਤੇਰੇ ਵਲ ਖਿਆਲ ਹੋ ਗਿਆ।
ਮੇਰਾ ਚਰਖਾ ਸੀਸਿਆਂ ਵਾਲਾ, ਕੱਤਦੀ ਦਾ ਚੂੜਾ ਛਣਕੇ।

(55)

ਹੇ ਸਬਜ਼ੀ ਵਾਲੇ, ਪਦੀਨਾ ਹਰਾ ਦੇ ਜਾ।
ਜੇ ਸਬਜ਼ੀ ਵਾਲੇ ਤੇਰੀ ਮਾਂ ਨਹੀਂ ਘੁਰ ਮੈਂ,
ਹਮਾਰੀ ਸਸੂ ਲੇ ਜਾ।
ਹੇ ਸਬਜ਼ੀ ਵਾਲੇ, ਪਦੀਨਾ ਹਰਾ ਦੇ ਜਾ।
ਜੇ ਸਬਜ਼ੀ ਵਾਲੇ ਤੇਰਾ ਬਾਪ ਨਹੀਂ ਘੁਰ ਮੈਂ,
ਹਮਾਰਾ ਸੌਰਾ ਲੇ ਜਾ।
ਹੇ ਸਬਜ਼ੀ ਵਾਲੇ, ਪਦੀਨਾ ਹਰਾ ਦੇ ਜਾ।
ਜੇ ਸਬਜ਼ੀ ਵਾਲੇ ਤੇਰੀ ਬਹਿਣ ਨਹੀਂ ਘੁਰ ਮੈਂ,
ਹਮਾਰੀ ਨਣਦੀ ਲੇ ਜਾ।
ਹੇ ਸਬਜ਼ੀ ਵਾਲੇ, ਪਦੀਨਾ ਹਰਾ ਦੇ ਜਾ।
ਜੇ ਸਬਜ਼ੀ ਵਾਲੇ ਤੇਰਾ ਭ੍ਰਾਈ ਨਹੀਂ ਘੁਰ ਮੈਂ,
ਹਮਾਰਾ ਜੇਠਾ ਲੇ ਜਾ।
ਹੇ ਸਬਜ਼ੀ ਵਾਲੇ, ਪਦੀਨਾ ਹਰਾ ਦੇ ਜਾ।
ਜੇ ਸਬਜ਼ੀ ਵਾਲੇ ਤੇਰੀ ਭ੍ਰਾਬੀ ਨਹੀਂ ਘੁਰ ਮੈਂ,
ਹਮਾਰੀ ਜਠਾਣੀ ਲੇ ਜਾ।
ਹੇ ਸਬਜ਼ੀ ਵਾਲੇ, ਪਦੀਨਾ ਹਰਾ ਦੇ ਜਾ।
ਜੇ ਸਬਜ਼ੀ ਵਾਲੇ ਤੇਰੀ ਜਨਾਨੀ ਨਹੀਂ ਘੁਰ ਮੈਂ,
ਹਮਾਰੀ ਦਰਾਣੀ ਲੇ ਜਾ।
ਹੇ ਸਬਜ਼ੀ ਵਾਲੇ, ਪਦੀਨਾ ਹਰਾ ਦੇ ਜਾ।

(56)

ਪੰਜ ਪੁੱਤ ਨੀ ਕਵਾਰੇ ਬਾਮ੍ਹਣਾਂ ਦੇ।
ਲਿੱਖ ਲਿਖੱ ਚਿਠੀਆਂ ਮੇਰੇ ਸੌਰਾ ਜੀ ਨੇ ਭੇਜੀਆਂ,
ਨਾ ਸੋਈ ਬਾਮ੍ਹਣਾਂ ਦੇ ਚੁਬਾਰੇ।
ਸੌਰਾ ਜੀ ਦੀ ਚਿੱਠੀਆਂ ਮੈਂ ਪਾੜ-ਪਾੜ ਸਿੱਟੀਆਂ,
ਜਾ ਸੋਈ ਬਾਮ੍ਹਣਾਂ ਦੇ ਚੁਬਾਰੇ।
ਪੰਜ ਪੁੱਤ ਨੀ ਕਵਾਰੇ ਬਾਮ੍ਹਣਾਂ ਦੇ।
ਲਿੱਖ ਲਿੱਖ ਚਿਠੀਆਂ ਮੇਰੇ ਜੇਠਾ ਜੀ ਨੇ ਭੇਜੀਆਂ,
ਨਾ ਸੋਈ ਬਾਮ੍ਹਣਾਂ ਦੇ ਚੁਬਾਰੇ।

ਜੇਠਾ ਜੀ ਦੀ ਚਿੱਠੀਆਂ ਮੈਂ ਪਾੜ-ਪਾੜ ਸਿੱਟੀਆਂ,
ਜਾ ਸੋਈ ਬਾਮ੍ਹਣਾਂ ਦੇ ਚੁਬਾਰੇ।
ਪੰਜ ਪੁੱਤ ਨੀ ਕਵਾਰੇ ਬਾਮ੍ਹਣਾਂ ਦੇ।
ਲਿੱਖ ਲਿੱਖ ਚਿਠੀਆਂ ਮੇਰੇ ਦਿਉਰਾ ਜੀ ਨੇ ਭੇਜੀਆਂ,
ਨਾ ਸੋਈ ਬਾਮ੍ਹਣਾਂ ਦੇ ਚੁਬਾਰੇ।
ਦਿਉਰਾ ਜੀ ਦੀ ਚਿੱਠੀਆਂ ਮੈਂ ਪਾੜ-ਪਾੜ ਸਿੱਟੀਆਂ,
ਜਾ ਸੋਈ ਬਾਮ੍ਹਣਾਂ ਦੇ ਚੁਬਾਰੇ।
ਪੰਜ ਪੁੱਤ ਨੀ ਕਵਾਰੇ ਬਾਮ੍ਹਣਾਂ ਦੇ।
ਲਿੱਖ ਲਿਖੱ ਚਿਠੀਆਂ ਮੇਰੇ ਕੰਥਾ ਜੀ ਨੇ ਭੇਜੀਆਂ,
ਨਾ ਸੋਈ ਬਾਮ੍ਹਣਾਂ ਦੇ ਚੁਬਾਰੇ।
ਕੰਥਾ ਜੀ ਦੀ ਚਿੱਠੀਆਂ ਮੈਂ ਸਾਂਭ ਸਾਂਭ ਰੱਖੀਆਂ,
ਨਾ ਸੋਈ ਬਾਮ੍ਹਣਾਂ ਦੇ ਚੁਬਾਰੇ।
ਪੰਜ ਪੁੱਤ ਨੀ ਕਵਾਰੇ ਬਾਮ੍ਹਣਾ ਦੇ।

(57)

ਸੌਹਰਾ ਵੇ ਸੌਹਰਾ ਹੱਲ ਵਾਉਂਦਿਆ ਸੌਹਰਾ,
ਵੇ ਮੈਂ ਬਾਂਦਰ ਵੇਖਣ ਜਾਣਾ - - -ਹਈ ਛਾਵਾ।
ਨੂੰਹੇ ਨੀ ਨੂੰਹੇ,
ਕਲ ਬਿਆਹ ਕੇ ਲਿਆਂਦੀ,
ਦਮਾਂ ਲਾ ਕੇ ਲਿਆਂਦੀ,
ਆਪਣੀ ਸਸ੍ਹ ਨੂੰ ਪੁਛ ਜਾਣਾ - - -ਹਈ ਛਾਵਾ।
ਸੱਸੇ ਨੀ ਸੱਸੇ, ਚਰਖਾ ਕੱਤਦੀਏ,
ਵੇ ਮੈਂ ਬਾਂਦਰ ਵੇਖਣ ਜਾਣਾ - - -ਹਈ ਛਾਵਾ।
ਨੂੰਹੇ ਨੀ ਨੂੰਹੇ,
ਕਲ ਬਿਆਹ ਕੇ ਲਿਆਂਦੀ,
ਦਮਾਂ ਲਾ ਕੇ ਲਿਆਂਦੀ,
ਆਪਣੇ ਜੇਠੇ ਨੂੰ ਪੁਛ ਜਾਣਾ - - -ਹਈ ਛਾਵਾ।
ਜੇਠਾ ਵੇ ਜੇਠਾ, ਬੈਠਕ ਬੈਠਿਆ ਜੇਠਾ,
ਵੇ ਮੈਂ ਬਾਂਦਰ ਵੇਖਣ ਜਾਣਾ - - -ਹਈ ਛਾਵਾ।
ਭਾਬੋ ਨੀ ਭਾਬੋ,
ਕਲ ਬਿਆਹ ਕੇ ਲਿਆਂਦੀ,
ਦਮਾਂ ਲਾ ਕੇ ਲਿਆਂਦੀ,
ਆਪਣੀ ਜਠਾਣੀ ਨੂੰ ਪੁਛ ਜਾਣਾ - - -ਹਈ ਛਾਵਾ।



ਜਠਾਣੀ ਨੀ ਜਠਾਣੀ, ਚੌਂਕਾ ਬੈਠੀਏ ਜਠਾਣੀ,
ਵੇ ਮੈਂ ਬਾਂਦਰ ਵੇਖਣ ਜਾਣਾ - - -ਹਈ ਛਾਵਾ।
ਦਰਾਣੀ ਨੀ ਦਰਾਣੀ,
ਕਲ ਬਿਆਹ ਕੇ ਲਿਆਂਦੀ,
ਦਮਾਂ ਲਾ ਕੇ ਲਿਆਂਦੀ,
ਆਪਣੇ ਦਿਉਰ ਨੂੰ ਪੁਛ ਜਾਣਾ - - -ਹਈ ਛਾਵਾ।
ਦਿਉਰਾ ਵੇ ਦਿਉਰਾ, ਬੈਠਕ ਬੈਠਿਆ ਦਿਉਰਾ,
ਵੇ ਮੈਂ ਬਾਂਦਰ ਵੇਖਣ ਜਾਣਾ - - -ਹਈ ਛਾਵਾ।
ਭਾਬੋ ਨੀ ਭਾਬੋ,
ਕਲ ਬਿਆਹ ਕੇ ਲਿਆਂਦੀ,
ਦਮਾਂ ਲਾ ਕੇ ਲਿਆਂਦੀ,
ਆਪਣੇ ਮਾਹੀਏ ਨੂੰ ਪੁਛ ਜਾਣਾ - - -ਹਈ ਛਾਵਾ।
ਮਾਹੀਆ ਵੇ ਮਾਹੀਆ ਕਾਲਜ ਪੜ੍ਹਦਿਆ ਮਾਇਆ,
ਵੇ ਮੈਂ ਬਾਂਦਰ ਵੇਖਣ ਜਾਣਾ - - -ਹਈ ਛਾਵਾ।
ਗੁੱਤ ਪੱਟ ਦਊਂਗਾ, ਜੂੜਾ ਪੱਟ ਦਊਂਗਾ,
ਜੇ ਤੈਂ ਲਇਆ ਬਾਂਦਰ ਦਾ ਨਾਂ ਨੀ– ਹਈ ਛਾਵਾ।
ਕਤਾਬਾਂ ਪਾੜ ਦਊਂਗੀ, ਸਿਆਹੀ ਡੋਲ ਦਊਂਗੀ,
ਜੇ ਤੈਂ ਲਇਆ ਕਾਲਜ ਦਾ ਨਾਂ ਨੀ- ਹਈ ਛਾਵਾ।

(58)

ਔਥੀ ਤੇ ਸੰਧੂਰੀ ਰੰਗ ਮਾਹੀਏ ਦਾ- - - - - ਛਾਵਾ ਰੰਗ ਮਾਹੀਏ ਦਾ।
ਇਕ ਸਾਡਾ ਸੌਹਰਾ ਬੁਰਾ, ਸੌਹਰਾ ਬੁਰਾ,
ਸਾਥੋਂ ਬਾਪੂ ਜੀ ਕੁਹਾਵੇ, ਸਾਥੋਂ ਆਖਿਆ ਨਾ ਜਾਵੇ,
ਮੁਖੋਂ ਬੁੜਿਆ ਨਿਕਲ ਜਾਵੇ ਰੰਗ ਮਾਹੀਏ ਦਾ- ਛਾਵਾ ਰੰਗ ਮਾਹੀਏ ਦਾ।
ਔਥੀ ਤੇ ਸੰਧੂਰੀ ਰੰਗ ਮਾਹੀਏ ਦਾ- - - - ਛਾਵਾ ਰੰਗ ਮਾਹੀਏ ਦਾ।
ਇਕ ਸਾਡੀ ਸੱਸ ਬੁਰੀ, ਸੱਸ ਬੁਰੀ,
ਸਾਥੋਂ ਬੇਬੇ ਜੀ ਕੁਹਾਵੇ,ਸਾਥੋਂ ਆਖਿਆ ਨਾ ਜਾਵੇ,
ਮੁਖੋਂ ਬੁੜੀਏ ਨਿਕਲ ਜਾਵੇ ਰੰਗ ਮਾਹੀਏ ਦਾ- ਛਾਵਾ ਰੰਗ ਮਾਹੀਏ ਦਾ।
ਔਥੀ ਤੇ ਸੰਧੂਰੀ ਰੰਗ ਮਾਹੀਏ ਦਾ- - - - ਛਾਵਾ ਰੰਗ ਮਾਹੀਏ ਦਾ।
ਇਕ ਸਾਡਾ ਜੇਠ ਬੁਰਾ, ਜੇਠ ਬੁਰਾ,
ਸਾਥੋਂ ਵੀਰ ਜੀ ਕੁਹਾਵੇ, ਸਾਥੋਂ ਆਖਿਆ ਨਾ ਜਾਵੇ,
ਮੁਖੋਂ ਜੇਠਾ ਨਿਕਲ ਜਾਵੇ ਰੰਗ ਮਾਹੀਏ ਦਾ- - ਛਾਵਾ ਰੰਗ ਮਾਹੀਏ ਦਾ।
ਔਥੀ ਤੇ ਸੰਧੂਰੀ ਰੰਗ ਮਾਹੀਏ ਦਾ - - - - ਛਾਵਾ ਰੰਗ ਮਾਹੀਏ ਦਾ।

ਇਕ ਸਾਡੀ ਜਠਾਣੀ ਬੁਰੀ ਜਠਾਣੀ ਬੁਰੀ,
ਸਾਥੋਂ ਭੈਣ ਜੀ ਕੁਹਾਵੇ, ਸਾਥੋਂ ਆਖਿਆ ਨਾ ਜਾਵੇ।
ਮੁਖੋਂ ਜਠਾਣੀ ਨਿਕਲ ਜਾਵੇ ਰੰਗ ਮ੍ਰਾਈਏ ਦਾ - ਛਾਵਾ ਰੰਗ ਮ੍ਰਾਈਏ ਦਾ।
ਅੰਬੀ ਤੇ ਸੰਧੂਰੀ ਰੰਗ ਮ੍ਰਾਈਏ ਦਾ - - - ਛਾਵਾ ਰੰਗ ਮ੍ਰਾਈਏ ਦਾ।
ਇਕ ਸਾਡੀ ਨਣਦ ਬੁਰੀ, ਨਣਦ ਬੁਰੀ,
ਸਾਥੋਂ ਭੈਣ ਜੀ ਕੁਹਾਵੇ, ਸਾਥੋਂ ਆਖਿਆ ਨਾ ਜਾਵੇ,
ਮੁਖੋਂ ਕੁੜੀਏ ਨਿਕਲ ਜਾਵੇ ਰੰਗ ਮ੍ਰਾਈਏ ਦਾ - ਛਾਵਾ ਰੰਗ ਮ੍ਰਾਈਏ ਦਾ।
ਅੰਬੀ ਤੇ ਸੰਧੂਰੀ ਰੰਗ ਮ੍ਰਾਈਏ ਦਾ - - - ਛਾਵਾ ਰੰਗ ਮ੍ਰਾਈਏ ਦਾ।
ਇਕ ਸਾਡਾ ਦਿਉਰ ਬੁਰਾ, ਦਿਉਰ ਬੁਰਾ,
ਸਾਥੋਂ ਵੀਰ ਜੀ ਕੁਹਾਵੇ, ਸਾਥੋਂ ਆਖਿਆ ਨਾ ਜਾਵੇ।
ਮੁਖੋਂ ਕਾਕਾ ਨਿਕਲ ਜਾਵੇ ਰੰਗ ਮ੍ਰਾਈਏ ਦਾ - ਛਾਵਾ ਰੰਗ ਮ੍ਰਾਈਏ ਦਾ।
ਅੰਬੀ ਤੇ ਸੰਧੂਰੀ ਰੰਗ ਮ੍ਰਾਈਏ ਦਾ - - - - ਛਾਵਾ ਰੰਗ ਮ੍ਰਾਈਏ ਦਾ।
ਇਕ ਸਾਡੀ ਦਰਾਣੀ ਬੁਰੀ, ਦਰਾਣੀ ਬੁਰੀ,
ਸਾਥੋਂ ਭੈਣਜੀ ਕੁਹਾਵੇ, ਸਾਥੋਂ ਆਖਿਆ ਨਾ ਜਾਵੇ।
ਮੁਖੋਂ ਕੁੜੀਏ ਨਿਕਲ ਜਾਵੇ ਰੰਗ ਮ੍ਰਾਈਏ ਦਾ - ਛਾਵਾ ਰੰਗ ਮ੍ਰਾਈਏ ਦਾ।
ਅੰਬੀ ਤੇ ਸੰਧੂਰੀ ਰੰਗ ਮ੍ਰਾਈਏ ਦਾ - - - - ਛਾਵਾ ਰੰਗ ਮ੍ਰਾਈਏ ਦਾ।
ਇਕ ਸਾਡਾ ਕੰਥ ਬੁਰਾ, ਕੰਥ ਬੁਰਾ,
ਸਾਥੋਂ ਜੀ ਕੁਹਾਵੇ, ਸਾਥੋਂ ਆਖਿਆ ਨਾ ਜਾਵੇ।
ਮੁਖੋਂ ਓ ਨਿਕਲ ਜਾਵੇ ਰੰਗ ਮ੍ਰਾਈਏ ਦਾ - - ਛਾਵਾ ਰੰਗ ਮ੍ਰਾਈਏ ਦਾ।
ਅੰਬੀ ਤੇ ਸੰਧੂਰੀ ਰੰਗ ਮ੍ਰਾਈਏ ਦਾ - - - - ਛਾਵਾ ਰੰਗ ਮ੍ਰਾਈਏ ਦਾ।

(59)

ਕਰੇਲੇ ਵਿਕਣੇ ਆਏ ਜੀ ਕਰੇਲੇ - - - ਛਾਵਾ ਜੀ ਕਰੇਲੇ।
ਸੇਰ ਕੁ ਦਾਣੇ ਪਾਏ ਜੀ ਕਰੇਲੇ - - - ਛਾਵਾ ਜੀ ਕਰੇਲੇ।
ਸੱਸ ਤੋਂ ਚੋਰੀ ਲਏ ਜੀ ਕਰੇਲੇ - - - ਛਾਵਾ ਜੀ ਕਰੇਲੇ।
ਖੂਬ ਤੁੜਕਾ ਲਾਇਆ ਜੀ ਕਰੇਲੇ - - - ਛਾਵਾ ਜੀ ਕਰੇਲੇ।
ਸਾਰੇ ਟੱਬਰ ਨੇ ਖਾਏ ਜੀ ਕਰੇਲੇ - - - ਛਾਵਾ ਜੀ ਕਰੇਲੇ।
ਨਣਦੀ ਨੂੰ ਥੋੜੇ ਆਏ ਜੀ ਕਰੇਲੇ - - - ਛਾਵਾ ਜੀ ਕਰੇਲੇ।
ਨਣਦੀ ਨੇ ਮਾਂ ਨੂੰ ਬਤਾਇਆ ਜੀ ਕਰੇਲੇ - ਛਾਵਾ ਜੀ ਕਰੇਲੇ।
ਅਮਾਂ ਨੇ ਪੁੱਤ ਸਖਾਇਆ ਜੀ ਕਰੇਲੇ - - ਛਾਵਾ ਜੀ ਕਰੇਲੇ।
ਚਾਰ ਕੁ ਡੰਡੇ ਲਾਏ ਜੀ ਕਰੇਲੇ - - - ਛਾਵਾ ਜੀ ਕਰੇਲੇ।
ਬੜੇ ਸਵਾਦੀ ਲੱਗੇ ਜੀ ਕਰੇਲੇ - - - ਛਾਵਾ ਜੀ ਕਰੇਲੇ।
ਸਾਰੇ ਟੱਬਰ ਨੇ ਖਾਏ ਜੀ ਕਰੇਲੇ - - - ਛਾਵਾ ਜੀ ਕਰੇਲੇ।



(60)

ਇਕ ਟਕੇ ਦੇ ਮੈਂ ਬੈਂਗਣ ਲਿੱਤੇ, ਆਈਆਂ ਸੀ ਤੀਨ ਛਟਾਂਕਾਂ।
ਨੀ ਸੁਣ ਮੇਰੀਏ ਨਣਦੇ, ਆਈਆਂ ਸੀ ਤੀਨ ਛਟਾਂਕਾਂ।
ਜਦ ਬੈਂਗਣਾਂ ਨੂੰ ਮੈਂ ਚੀਰਨ ਲਗੀ, ਸੱਸੇ ਨੇ ਆਣ੍ਹ ਵੰਡਾਈ।
ਨੀ ਸੁਣ ਮੇਰੀਏ ਨਣਦੇ, ਸੱਸੇ ਨੇ ਆਣ੍ਹ ਵੰਡਾਈ।
ਜਦ ਬੈਂਗਣਾਂ ਨੂੰ ਤੁੜਕਣ ਲੱਗੀ, ਜੇਠਾ ਜੀ ਚੌਂਕ ਤੇ ਬੈਠੇ।
ਨੀ ਸੁਣ ਛੋਟੀਏ ਨਣਦੇ, ਜੇਠਾ ਜੀ ਚੌਂਕ ਤੇ ਬੈਠੇ।
ਪਤਲੀ ਪਤਲੀ ਪਕਾਈਆਂ ਫੁਲਕੀਆਂ, ਜੇਠੇ ਦਾ ਥਾਲ ਲਗਾਇਆ।
ਨੀ ਸੁਣ ਛੋਟੀਏ ਨਣਦੇ, ਜੇਠੇ ਦਾ ਥਾਲ ਲਗਾਇਆ।
ਚੁੱਕ ਕੇ ਥਾਲ ਪਰੋਸਣ ਲਗੀ, ਜੇਠੇ ਨੇ ਘੁੰਡ ਹੱਥ ਪਾਇਆ।
ਨੀ ਸੁਣ ਮੇਰੀਏ ਨਣਦੇ ਜੇਠੇ ਨੇ ਘੁੰਡ ਹੱਥ ਪਾਇਆ।
ਚਕਲਾ ਵੀ ਮਾਰਿਆ ਬੇਲਣਾ ਵੀ ਮਾਰਿਆ, ਬਲਦੀ ਮਾਰੀ ਮਰਿਆੜੀ।
ਨੀ ਸੁਣ ਮੇਰੀਏ ਨਣਦੇ, ਬਲਦੀ ਮਾਰੀ ਮਰਿਆੜੀ।
ਦੌੜਿਆ ਤੇ ਦੌੜਿਆ ਰਾਜਾ ਜੇਠਾ ਕੋਲ ਗਇਆ,ਤੇਰੀ ਬਹੂ ਨੇ ਮੇਰੇ ਮਾਰਿਆ।
ਨੀ ਸੁਣ ਮੇਰਿਆ ਵੀਰਾ, ਤੇਰੀ ਬਹੂ ਨੇ ਮੇਰੇ ਮਾਰਿਆ।
ਹਲ ਵੀ ਛੱਡਿਆ ਪੰਜਾਲੀ ਵੀ ਛੱਡੀ, ਨੱਠ ਘਰਾਂ ਨੂੰ ਆਇਆ।
ਨੀ ਸੁਣ ਛੋਟੀਏ ਨਣਦੇ, ਨੱਠ ਘਰਾਂ ਨੂੰ ਆਇਆ।
ਇਸ ਕੀ ਵੀ ਸੁਣ ਰਾਜਾ ਮੇਰੀ ਵੀ ਸੁਣਲੇ, ਪੀਛੇ ਸੇ ਹਾਥ ਲਾਗਈਓ।
ਨੀ ਸੁਣ ਮੇਰਿਆ ਰਾਜਾ, ਪੀਛੇ ਸੇ ਹਾਥ ਲਗਾਈਓ।
ਇਕ ਟਕੇ ਦੇ ਮੈਂ ਬੈਂਗਣ ਲੀਤੇ, ਆਈਆਂ ਸੀ ਤੀਨ ਛਟਾਂਕਾਂ।
ਵੇ ਸੁਣ ਮੇਰਿਆ ਰਾਜਾ, ਸਸੇ ਨੇ ਆਣ੍ਹ ਵੰਡਾਈ।
ਜਦ ਬੈਂਗਣਾਂ ਨੂੰ ਮੈਂ ਤੁੜਕਣ ਲਗੀ, ਜੇਠਾ ਜੀ ਚੌਂਕ ਤੇ ਬੈਠੇ।
ਵੇ ਸੁਣ ਮੇਰਿਆ ਰਾਜਾ, ਜੇਠਾ ਜੀ ਚੌਂਕ ਤੇ ਬੈਠੇ।
ਪਤਲੀ ਪਤਲੀ ਮੈਂ ਪਕਾਈਆਂ ਫੁੱਲਕੀਆਂ, ਜੇਠੇ ਦਾ ਥਾਲ ਲਗਾਇਆ।
ਵੇ ਸੁਣ ਮੇਰਿਆ ਰਾਜਾ, ਜੇਠੇ ਦਾ ਥਾਲ ਲਗਾਇਆ।
ਚੁੱਕ ਕੇ ਥਾਲ ਪਰੋਸਣ ਲਗੀ, ਜੇਠੇ ਨੇ ਘੁੰਡ ਹਥ ਪਾਇਆ।
ਵੇ ਸੁਣ ਮੇਰਿਆ ਰਾਜਾ, ਜੇਠੇ ਨੇ ਘੁੰਡ ਹਥ ਪਾਇਆ।
ਚਕਲਾ ਵੀ ਮਾਰਿਆ ਬੇਲਣਾ ਵੀ ਮਾਰਿਆ, ਬਲਦੀ ਮਾਰੀ ਮਰਿਆੜੀ।
ਵੇ ਸੁਣ ਮੇਰਿਆ ਰਾਜਾ, ਬਲਦੀ ਮਾਰੀ ਮਰਿਆੜੀ।
ਸਾਬਾਸ਼ ਮੇਰੀ ਗੋਰੀ ਸਾਬਾਸ਼ ਮੇਰੀ ਗੋਰੀ, ਜਾਂਦੇ ਦੀ ਟੰਗ ਨਾ ਤੋੜੀ।
ਨੀ ਸੁਣ ਮੇਰੀਏ ਗੋਰੀ, ਜਾਂਦੇ ਦੀ ਟੰਗ ਨਾ ਤੋੜੀ।

(61)

ਸਾਡੇ ਬੂਹੇ ਅੱਗੇ ਪਿੱਪਲੀ - - - - ਹਈ ਛਾਵਾ।
ਉਥੇ ਕੰਜਰੀਆਂ ਦਾ ਵਾਸਾ - - - - ਹਈ ਛਾਵਾ।
ਮੇਰੇ ਸੌਹੁਰੇ ਜੀ ਨੂੰ ਮੰਗਦੀ - - - - ਹਈ ਛਾਵਾ।
ਮੈਂ ਤਾਂ ਕਦੀਓ ਨਾ ਦੇਵਾਂ - - - - ਹਈ ਛਾਵਾ।
ਮੇਰੇ ਨਿਆਣਿਆਂ ਦਾ ਬਾਬਾ- - - - ਹਈ ਛਾਵਾ।
ਸਾਡੇ ਬੂਹੇ ਅੱਗੇ ਪਿੱਪਲੀ - - - - ਹਈ ਛਾਵਾ।
ਉਥੇ ਕੰਜਰੀਆਂ ਦਾ ਵਾਸਾ - - - - ਹਈ ਛਾਵਾ।
ਮੇਰੇ ਜੇਠਾ ਜੀ ਨੂੰ ਮੰਗਦੀ - - - - ਹਈ ਛਾਵਾ।
ਮੈਂ ਤਾਂ ਕਦੀਓ ਨਾ ਦੇਵਾਂ - - - - ਹਈ ਛਾਵਾ।
ਮੇਰੇ ਨਿਆਣਿਆਂ ਦਾ ਤਾਇਆ - - - ਹਈ ਛਾਵਾ।
ਸਾਡੇ ਬੂਹੇ ਅੱਗੇ ਪਿੱਪਲੀ - - - - ਹਈ ਛਾਵਾ।
ਉਥੇ ਕੰਜਰੀਆਂ ਦਾ ਵਾਸਾ - - - - ਹਈ ਛਾਵਾ।
ਮੇਰੇ ਦਿਉਰਾ ਜੀ ਨੂੰ ਮੰਗਦੀ - - - ਹਈ ਛਾਵਾ।
ਮੈਂ ਤਾਂ ਕਦੀਓ ਨਾ ਦੇਵਾਂ - - - - ਹਈ ਛਾਵਾ।
ਮੇਰੇ ਨਿਆਣਿਆਂ ਦਾ ਚਾਚਾ- - - - ਹਈ ਛਾਵਾ।
ਸਾਡੇ ਬੂਹੇ ਅੱਗੇ ਪਿੱਪਲੀ - - - - ਹਈ ਛਾਵਾ।
ਉਥੇ ਕੰਜਰੀਆਂ ਦਾ ਵਾਸਾ - - - - ਹਈ ਛਾਵਾ।
ਮੇਰੇ ਕੰਥਾ ਜੀ ਨੂੰ ਮੰਗਦੀ - - - - ਹਈ ਛਾਵਾ।
ਮੈਂ ਤਾਂ ਕਦੀਓ ਨਾ ਦੇਵਾਂ - - - - ਹਈ ਛਾਵਾ।
ਮੇਰੇ ਨਿਆਣਿਆਂ ਦਾ ਪਾਪਾ- - - - ਹਈ ਛਾਵਾ।
ਸਾਡੇ ਬੂਹੇ ਅੱਗੇ ਪਿੱਪਲੀ - - - - ਹਈ ਛਾਵਾ।
ਉਥੇ ਕੰਜਰੀਆਂ ਦਾ ਵਾਸਾ - - - - ਹਈ ਛਾਵਾ

(62)

ਬੂਰੀ ਮੱਝ ਤੇ ਕਿੱਲੇ ਦਾ ਸ਼ੰਗਾਰ ਨੀ ਮਾਏ।
ਕੋਰੀ ਚਾਟੀ ਤੇ ਲੱਸੀ ਠੰਡੀ ਠਾਰ ਨੀ ਮਾਏ।
ਸੌਹੁਰਾ ਆਇਆ ਤੇ ਗੜਵੇ ਪੀ ਗਿਆ ਚਾਰ ਨੀ ਮਾਏ।
ਲੱਸੀ ਪੀ ਕੇ ਤਾਂ ਹੋ ਗਿਆ ਬਿਮਾਰ ਨੀ ਮਾਏ।
ਚਕੋ ਮੰਜੀ ਤੇ ਲੈ ਜੋ ਹਸਪਤਾਲ ਨੀ ਮਾਏ।
ਰਾਜੀ ਹੋਇਆ ਤੇ ਲਗਿਆ ਡੇਢ ਹਜ਼ਾਰ ਨੀ ਮਾਏ।
ਬੂਰੀ ਮੱਝ ਤੇ ਕਿੱਲੇ ਦਾ ਸ਼ੰਗਾਰ ਨੀ ਮਾਏ।
ਕੋਰੀ ਚਾਟੀ ਤੇ ਲੱਸੀ ਠੰਡੀ ਠਾਰ ਨੀ ਮਾਏ।



ਜੇਠਾ ਆਇਆ ਤੇ ਗੜਵੇ ਪੀ ਗਿਆ ਚਾਰ ਨੀ ਮਾਏ।
ਲੱਸੀ ਪੀ ਕੇ ਤਾਂ ਹੋ ਗਿਆ ਬਿਮਾਰ ਨੀ ਮਾਏ।
ਚਕੋ ਮੰਜੀ ਤੇ ਲੈ ਜੋ ਹਸਪਤਾਲ ਨੀ ਮਾਏ।
ਰਾਜੀ ਹੋਇਆ ਤੇ ਲਗਿਆ ਡੇਢ ਹਜਾਰ ਨੀ ਮਾਏ।
ਬੁਰੀ ਮੱਝ ਤੇ ਕਿੱਲੇ ਦਾ ਸ਼ੰਗਾਰ ਨੀ ਮਾਏ।
ਕੋਰੀ ਚਾਟੀ ਤੇ ਲੱਸੀ ਠੰਡੀ ਠਾਰ ਨੀ ਮਾਏ।

(63)

ਕੁਲਫੀ ਵਾਲੇ ਨੇ ਸਤਾ ਲਿਆ - - - - - - ਹਈ ਛਾਵਾ।
ਡੇਰਾ ਸਾਡੇ ਬੂਹੇ ਅੱਗੇ ਲਾ ਲਿਆ - - - - - ਹਈ ਛਾਵਾ।
ਜਦ ਕੁਲਫੀ, ਜਦ ਕੁਲਫੀ ਮੈਂ ਲੇਵਣ ਲੱਗੀ, ਲੇਵਣ ਲੱਗੀ,
ਉਪਰੋਂ ਆ ਗਿਆ ਸੌਹੁਰਾ ਨੀ,
ਮੈਂ ਮਾਰਿਆ ਚਕ ਕੇ ਫੌੜ੍ਹਾ ਨੀ,
ਕੁਲਫੀ ਵਾਲੇ ਨੇ ਸਤਾ ਲਿਆ - - - - - - ਹਈ ਛਾਵਾ।
ਡੇਰਾ ਸਾਡੇ ਬੂਹੇ ਅੱਗੇ ਲਾ ਲਿਆ - - - - - ਹਈ ਛਾਵਾ।
ਜਦ ਕੁਲਫੀ, ਜਦ ਕੁਲਫੀ ਮੈਂ ਲੇਵਣ ਲੱਗੀ, ਲੇਵਣ ਲੱਗੀ,
ਉਪਰੋਂ ਆ ਗਿਆ ਜੇਠ ਨੀ,
ਮੈਂ ਵੜਗੀ ਮੰਜੇ ਹੇਠ ਨੀ,
ਕੁਲਫੀ ਵਾਲੇ ਨੇ ਸਤਾ ਲਿਆ - - - - - - ਹਈ ਛਾਵਾ।
ਡੇਰਾ ਸਾਡੇ ਬੂਹੇ ਅੱਗੇ ਲਾ ਲਿਆ - - - - - ਹਈ ਛਾਵਾ।
ਜਦ ਕੁਲਫੀ, ਜਦ ਕੁਲਫੀ ਮੈਂ ਲੇਵਣ ਲੱਗੀ, ਲੇਵਣ ਲੱਗੀ,
ਉਪਰੋਂ ਆ ਗਿਆ ਦਿਓਰ,
ਕੈਦਾ ਲੈ ਲਾ ਭਾਬੀ ਹੋਰ,
ਕੁਲਫੀ ਵਾਲੇ ਨੇ ਸਤਾ ਲਿਆ - - - - - - ਹਈ ਛਾਵਾ।
ਡੇਰਾ ਸਾਡੇ ਬੂਹੇ ਅੱਗੇ ਲਾ ਲਿਆ - - - - - ਹਈ ਛਾਵਾ।
ਜਦ ਕੁਲਫੀ, ਜਦ ਕੁਲਫੀ ਮੈਂ ਲੇਵਣ ਲੱਗੀ, ਲੇਵਣ ਲੱਗੀ,
ਉਪਰੋਂ ਆ ਗਿਆ ਆਪ,
ਮੈਨੂੰ ਲੈ ਕੇ ਦਿਤੀ ਆਪ,
ਕੁਲਫੀ ਵਾਲੇ ਨੇ ਸਤਾ ਲਿਆ - - - - - - ਹਈ ਛਾਵਾ।
ਡੇਰਾ ਸਾਡੇ ਬੂਹੇ ਅੱਗੇ ਲਾ ਲਿਆ - - - - - ਹਈ ਛਾਵਾ।

(64)

ਗਲੀ ਗਲੀ ਵਿਚ ਵੰਗਾਂ ਵਾਲਾ ਫਿਰਦਾ,
ਹਾਕ ਮਾਰ ਲਇਆ ਨੀ ਬਲਾਅ।
ਭਲਾ ਵੇ ਮੈਨੂੰ ਤੇਰੀ ਸਹੁੰ, ਹਾਕ ਮਾਰ ਲਇਆ ਨੀ ਬਲਾਅ।
ਸੱਸ ਨਹੀਂ ਪੁੱਛੀ ਨਣਦ ਨਹੀਂ ਪੁੱਛੀ,
ਆਪੇ ਵੰਗਾਂ ਲਈਆਂ ਨੀ ਚੜਾਅ।
ਭਲਾ ਵੇ ਮੈਨੂੰ ਤੇਰੀ ਸਹੁੰ, ਆਪੇ ਵੰਗਾਂ ਲਈਆਂ ਨੀ ਚੜਾਅ।
ਬੂਹਰੋਂ ਤੇ ਆਇਆ ਹੱਸਦਾ ਖੇਲਦਾ,
ਭਾਬੀਆਂ ਨੇ ਦਿੱਤਾ ਨੀ ਸਖਾਅ।
ਭਲਾ ਵੇ ਮੈਨੂੰ ਤੇਰੀ ਸਹੁੰ, ਭਾਬੀਆਂ ਨੇ ਦਿੱਤਾ ਨੀ ਸਖਾਅ।
ਅੰਦਰ ਵੜਿਆ ਰੰਗੀਲ ਡੰਡਾ ਫੜਿਆ,
ਵੰਗਾਂ ਤਾਂ ਕਰਤੀ ਫਨਾਹ।
ਭਲਾ ਵੇ ਮੈਨੂੰ ਤੇਰੀ ਸਹੁੰ, ਵੰਗਾਂ ਤਾਂ ਕਰਤੀ ਫਨਾਹ।
ਚੁੱਗ-ਚੁੱਗ ਵੰਗਾਂ ਮੈਂ ਝੋਲੇ ਵਿਚ ਪਾਈਆਂ,
ਪੈ ਗਈ ਮੈਂ ਪੇਕਿਆਂ ਦੇ ਰਾਹ।
ਭਲਾ ਵੇ ਮੈਨੂੰ ਤੇਰੀ ਸਹੁੰ, ਪੈ ਗਈ ਮੈਂ ਪੇਕਿਆਂ ਦੇ ਰਾਹ।
ਹਾਲੀਆਂ ਨੂੰ ਪੁੱਛਦੀ ਮੈਂ ਪਾਲੀਆਂ ਨੂੰ ਪੁੱਛਦੀ,
ਦੱਸੋ ਮੇਰੇ ਪੇਕਿਆਂ ਦਾ ਰਾਹ।
ਭਲਾ ਵੇ ਮੈਨੂੰ ਤੇਰੀ ਸਹੁੰ, ਦਸੋ ਮੈਨੂੰ ਪੇਕਿਆਂ ਦਾ ਰਾਹ।
ਉਰਲੇ ਨਾ ਜਾਈਂ ਪਰਲੇ ਨਾ ਜਾਈਂ,
ਪੈ ਜਾ ਤੂੰ ਗਭਲੇ ਈ ਰਾਹ।
ਭਲਾ ਵੇ ਮੈਨੂੰ ਤੇਰੀ ਸਹੁੰ, ਪੈ ਜਾ ਤੂੰ ਗਭਲੇ ਈ ਰਾਹ।
ਪੀਛੇ ਮੁੜਕਾ ਦੇਖਣ ਲਗੀ,
ਨੀਲਾ ਘੋੜਾ ਲਇਆ ਨੀ ਦੁੜਾਅ।
ਭਲਾ ਵੇ ਮੈਨੂੰ ਤੇਰੀ ਸਹੁੰ, ਨੀਲਾ ਘੋੜਾ ਲਇਆ ਨੀ ਦੁੜਾਅ।
ਉਰਲੇ ਨਾ ਜਾਈਂ ਪਰਲੇ ਨਾ ਜਾਈਂ,
ਪੈ ਜਾ ਨੀ ਤੂੰ ਪਿਛਲੇ ਈ ਰਾਹ।
ਭਲਾ ਵੇ ਮੈਨੂੰ ਤੇਰੀ ਸਹੁੰ, ਪੈ ਜਾ ਤੂੰ ਪਿਛਲੇ ਈ ਰਾਹ।
ਪੰਜ ਵੀ ਲੈ ਲਾ ਪੰਜਾਅ ਵੀ ਲੈ ਲਾ,
ਸੁੱਚਾ ਚੂੜਾ ਲਈ ਨੀ ਚੜ੍ਹਾਅ।
ਭਲਾ ਵੇ ਮੈਨੂੰ ਤੇਰੀ ਸਹੁੰ, ਸੁੱਚਾ ਚੂੜਾ ਲਈ ਤੂੰ ਚੜ੍ਹਾਅ।
ਪੰਜ ਨਹੀਂ ਲੈਣੇ ਪੰਜ੍ਹਾਹ ਨਹੀਂ ਲੈਣੇ,
ਭਾਬੋ ਦੀਆਂ ਪੱਕੀਆਂ ਤੂੰ ਖੁਆ।



ਭਲਾ ਵੇ ਮੈਨੂੰ ਤੇਰੀ ਸਹੁੰ, ਭਾਬੋ ਦੀਆਂ ਪੱਕੀਆਂ ਈ ਖੁਆ।
ਹੱਥ ਵਿਚ ਛਲਣੀ ਪਰਾਤ ਵਿਚ ਆਟਾ,
ਲੈ ਨੀ ਭਾਬੋ ਰੋਟੀਆਂ ਪਕਾਅ।
ਭਲਾ ਵੇ ਮੈਨੂੰ ਤੇਰੀ ਸਹੁੰ ਲੈ ਨੀ ਭਾਬੋ ਰੋਟੀਆਂ ਪਕਾਅ।
ਸਾਥੋਂ ਨਹੀਂ ਪੱਕਦੀਆਂ ਸਾਥੋਂ ਨਹੀਂ ਰੜ੍ਹਦੀਆਂ,
ਜਾ ਕੇ ਆਪਣੀ ਗੋਰੀ ਨੂੰ ਲਿਆ।
ਭਲਾ ਵੇ ਮੈਨੂੰ ਤੇਰੀ ਸਹੁੰ, ਜਾ ਕੇ ਆਪਣੀ ਗੋਰੀ ਨੂੰ ਲਿਆ।

(65)

ਸੂਹੀਆਂ ਵੰਗਾਂ ਮਾਹੀ ਵੇ, ਦਈਆਂ ਤੋੜ ਮਰੋੜ।
ਮਾਤਾ ਤੇਰੀ ਮਾਹੀ ਵੇ, ਮਾਰੇ ਮੰਦੜੇ ਬੋਲ।
ਸਹੇ ਨਾ ਜਾਂਦੇ ਮਾਹੀ ਵੇ, ਸਾਡਾ ਦਿਲ ਕਮਜ਼ੋਰ।
ਐਦਾਂ ਰੜਕਣ ਮਾਹੀ ਵੇ, ਜਿਦਾਂ ਸੜਕਾਂ ਦੇ ਰੋੜ।
ਚੁਕ ਲੈ ਮੰਜੀ ਮਾਹੀ ਵੇ, ਜਾ ਸੌਂ ਅੰਮਾਂ ਦੇ ਕੋਲ।
ਸੂਹੀਆਂ ਵੰਗਾਂ ਮਾਹੀ ਵੇ, ਦਈਆਂ ਤੋੜ ਮਰੋੜ।
ਤਾਈ ਤੇਰੀ ਮਾਹੀ ਵੇ, ਮਾਰੇ ਮੰਦੜੇ ਬੋਲ।
ਸਹੇ ਨਾ ਜਾਂਦੇ ਮਾਹੀ ਵੇ, ਸਾਡਾ ਦਿਲ ਕਮਜ਼ੋਰ।
ਐਦਾਂ ਰੜਕਣ ਮਾਹੀ ਵੇ, ਜਿਦਾਂ ਸੜਕਾਂ ਦੇ ਰੋੜ।
ਚੁਕ ਲੈ ਮੰਜੀ ਮਾਹੀ ਵੇ, ਜਾ ਸੌਂ ਤਾਈ ਦੇ ਕੋਲ।
ਸੂਹੀਆਂ ਵੰਗਾਂ ਮਾਹੀ ਵੇ, ਦਈਆਂ ਤੋੜ ਮਰੋੜ।
ਚਾਚੀ ਤੇਰੀ ਮਾਹੀ ਵੇ, ਮਾਰੇ ਮੰਦੜੇ ਬੋਲ।
ਸਹੇ ਨਾ ਜਾਂਦੇ ਮਾਹੀ ਵੇ, ਸਾਡਾ ਦਿਲ ਕਮਜ਼ੋਰ।
ਐਦਾਂ ਰੜਕਣ ਮਾਹੀ ਵੇ, ਜਿਦਾਂ ਸੜਕਾਂ ਦੇ ਰੋੜ।
ਚੁਕ ਲੈ ਮੰਜੀ ਮਾਹੀ ਵੇ, ਜਾ ਸੌਂ ਚਾਚੀ ਦੇ ਕੋਲ।
ਸੂਹੀਆਂ ਵੰਗਾਂ ਮਾਹੀ ਵੇ, ਦਈਆਂ ਤੋੜ ਮਰੋੜ।

(66)

ਨਸ਼ੇ ਦੀਏ ਬੰਦ ਬੋਤਲੇ ਨੀ ਹਾਏ ਹਾਏ ਬੰਦ ਬੋਤਲੇ,
ਤੈਨੂੰ ਪੀਣਗੇ ਨਸੀਬਾਂ ਵਾਲੇ।
ਆਪ ਸੱਸੇ ਮੰਜਾ ਲੇਟਦੀ ਨੀ ਹਾਏ ਹਾਏ ਮੰਜਾ ਲੇਟਦੀ,
ਸਾਨੂੰ ਮਾਰਦੀ ਚਕੀ ਦੇ ਵਲ ਸੈਨਾਂ।
ਅਸਾਂ ਚੱਕੀ ਨਹੀਂਓ ਪੀਸਣੀ ਨੀ ਹਾਏ ਹਾਏ ਨਹੀਂਓ ਪੀਸਣੀ,
ਚੱਕੀ ਪੀਹਣਗੀਆਂ ਸੁਹਰੇ ਦੀਆਂ ਜਾਈਆਂ।

ਨਸ਼ੇ ਦੀਏ ਬੰਦ ਬੋਤਲੇ ਨੀ ਹਾਏ ਹਾਏ ਬੰਦ ਬੋਤਲੇ,
ਤੈਨੂੰ ਪੀਣਗੇ ਨਸੀਬਾਂ ਵਾਲੇ।
ਆਪ ਸੱਸੇ ਮੰਜਾ ਲੇਟਦੀ ਨੀ ਹਾਏ ਹਾਏ ਮੰਜਾ ਲੇਟਦੀ,
ਸਾਨੂੰ ਮਾਰਦੀ ਚੁਲ੍ਹੇ ਵਲ ਸੈਨਾਂ।
ਅਸਾਂ ਰੋਟੀ ਨਹੀਓਂ ਪਕੌਣੀ ਨੀ ਹਾਏ ਹਾਏ ਨਹੀਓਂ ਪਕੌਣੀ,
ਰੋਟੀ ਪੋਣਗੀਆਂ ਸ੍ਹੋਰੇ ਦੀਆਂ ਜਾਈਆਂ।
ਨਸ਼ੇ ਦੀਏ ਬੰਦ ਬੋਤਲੇ ਨੀ ਹਾਏ ਹਾਏ ਬੰਦ ਬੋਤਲੇ,
ਤੈਨੂੰ ਪੀਣਗੇ ਨਸੀਬਾਂ ਵਾਲੇ।
ਅੱਧੀ ਰਾਤੀ ਮਾਰ ਪੈ ਗਈ ਨੀ ਹਾਏ ਹਾਏ ਮਾਰ ਪੈ ਗਈ,
ਜਦੋਂ ਘੁੰਮਿਆ ਸੰਮਾਂ ਵਾਲਾ ਸੋਟਾ।
ਨਾਲੇ ਮੇਰਾ ਲੌਂਗ ਭੰਨਿਆ ਨੀ ਹਾਏ ਹਾਏ ਲੌਂਗ ਭੰਨਿਆ,
ਨਾਲੇ ਤੋੜੀਆਂ ਮਲੂਕ ਜੁਈਆਂ ਹੱਡੀਆਂ।
ਇਕ ਤਾਰ ਪਾਵਾਂ ਪੇਕਿਆਂ ਨੀ ਹਾਏ ਹਾਏ ਪਾਵਾਂ ਪੇਕਿਆਂ,
ਦਿਨ ਚੜ੍ਹਦੇ ਨੂੰ ਵੀਰ ਬਲਾਮਾ।
ਤਾਰ ਅਸਾਂ ਨਹੀਓਂ ਪੋਣੀ ਨੀ ਹਾਏ ਹਾਏ ਨਹੀਓਂ ਪੋਣੀ,
ਦਿਨ ਚੜ੍ਹਦੇ ਨੂੰ ਲੌਂਗ ਘੜਾਮਾ।
ਨਾਲੇ ਮੁੰਡਾ ਮੋਤੀ ਚੁਗਦਾ ਨੀ ਹਾਏ ਹਾਏ ਮੋਤੀ ਚੁਗਦਾ ,
ਨਾਲੇ ਪੁੱਛਦਾ ਕਿਥੇ ਕਿਥੇ ਲਗੀਆਂ।
ਨਸ਼ੇ ਦੀਏ ਬੰਦ ਬੋਤਲੇ ਨੀ ਹਾਏ ਹਾਏ ਬੰਦ ਬੋਤਲੇ,
ਤੈਨੂੰ ਪੀਣਗੇ ਨਸੀਬਾਂ ਵਾਲੇ।

(67)

ਕਾਲਾ ਕਾਗ ਨੀ ਬਨੇਰੇ ਉਤੇ ਬੋਲੇ, ਅਜ ਮੇਰਾ ਬਾਪੂ ਆਊਗਾ।
ਆਜਾ ਬਾਪੂ ਬੈਜਾ ਪੀੜ੍ਹੀ ਤੇ, ਸੱਸ ਕੰਜਰੀ ਦੇ ਬੋਲ ਸੁਣਾਵਾਂ।
ਬਾਪੂ ਤੇਰੀ ਕੁੜਮਣੀ ਨੇ, ਮੇਰਾ ਚੱਕ ਕੇ ਮੱਕੀ ਦਾ ਗੁੱਲਾ ਮਾਰਿਆ।
ਮੈਂ ਵੀ ਬਾਪੂ ਘੱਟ ਨਾ ਰਹੀ, ਮੈਂ ਵੀ ਚਕ ਕੇ ਦਸੇਰਾ ਮਾਰਿਆ।
ਚਾਹੇ ਬਾਪੂ ਮੈ ਮਰਜਾਂ, ਚਾਹੇ ਮਰਜੇ ਕੁੜਮਣੀ ਤੇਰੀ।
ਲੱਖ ਧੀਏ ਤੂੰ ਮਰ ਜਾ, ਸਦਾ ਜੀਵੇਗੀ ਕੁੜਮਣੀ ਮੇਰੀ।
ਸਸੇ ਨੀ ਕਰਾਲੈ ਮੰਗਣਾ, ਤੇਰੇ ਹਾਣ ਦਾ ਮੁੰਡਾ ਮੇਰਾ ਬਾਪੂ।
ਸੱਸ ਚੱਲੀ ਸ੍ਹੋਰਿਆਂ ਨੂੰ, ਗਲ ਲਗ ਕੇ ਪੁੱਤਾਂ ਦੇ ਰੋਈ।
ਨਾ ਰੋ ਸੱਸੇ ਮੇਰੀਏ, ਕੁਲ ਛੱਡਣੀ ਐ ਡੇਢ ਮਹੀਨਾ।
ਸੱਸ ਆਈ ਸ੍ਹੋਰਿਆਂ ਤੋਂ, ਝੱਗੋ-ਚੁੰਨੀਆਂ ਪੁਤਾਂ ਨੂੰ ਲਿਆਈ।
ਸੱਸ ਘਰ ਮੁੰਡਾ ਜੰਮਿਆ, ਉਨ੍ਹਾਂ ਦਿਓਰ ਕਹਾਂ ਜਾਂ ਭਾਈ।



(68)

ਸੰਝ ਵੇਲੇ ਉਠਕੇ ਸਵੇਰ ਵੇਲੇ ਉਠ ਕੇ, ਠੰਡੀ ਮੂਲੀ ਖਾ ਲੈਂਦੀ ਆਂ।
ਭਲਾ ਵੇ ਮੈਨੂੰ ਤੇਰੀ ਸੌਹ, ਠੰਡੀ ਮੂਲੀ ਖਾ ਲੈਂਦੀ ਆਂ।
ਬਾਰੋਂ ਤੇ ਆਇਆ ਸੌਹੁਰਾ ਜੀ ਮੇਰਾ, ਬਹੂ ਰਾਣੀ ਕਿਵੇਂ ਪਈ ਆ।
ਭਲਾ ਜੀ ਮੈਨੂੰ ਤੇਰੀ ਸੌਂਅ, ਬਹੂ ਰਾਣੀ ਕਿਵੇ ਪਈ ਆ।
ਸੱਦ ਲੈ ਸਿਆਣਾ ਰਬ ਦਾ ਈ ਭਾਣਾ, ਬਚਣਾ ਤਾਂ ਮੈਂ ਕੋਈ ਨਾ।
ਭਲਾ ਵੀ ਮੈਨੂੰ ਤੇਰੀ ਸੌਂਅ, ਬਚਣਾ ਤਾ ਮੈ ਕੋਈ ਨਾ।
ਇਕ ਲੱਖ ਲਾਵਾਂ ਦੋ ਲੱਖ ਲਾਵਾਂ, ਪੁਤ ਨੂੰ ਬਿਆਹ ਲਊਂਗਾ।
ਭਲਾ ਜੀ ਮੈਨੂੰ ਤੇਰੀ ਸੌਂਅ, ਪੁਤ ਨੂੰ ਬਿਆਹ ਲਊਂਗਾ।
ਸੰਝ ਵੇਲੇ ਉਠਕੇ ਸਵੇਰ ਵੇਲੇ ਉਠ ਕੇ, ਠੰਡੀ ਮੂਲੀ ਖਾ ਲੈਂਦੀ ਆਂ।
ਭਲਾ ਵੇ ਮੈਨੂੰ ਤੇਰੀ ਸੌਹ, ਠੰਡੀ ਮੂਲੀ ਖਾ ਲੈਂਦੀ ਆਂ।
ਬਾਰੋਂ ਤੇ ਆਇਆ ਜੇਠ ਜੀ ਮੇਰਾ, ਭਾਬੋ ਰਾਣੀ ਕਿਵੇਂ ਪਈ ਆ।
ਭਲਾ ਜੀ ਮੈਨੂੰ ਤੇਰੀ ਸੌਂਅ, ਭਾਬੋ ਰਾਣੀ ਕਿਵੇਂ ਪਈ ਆ।
ਸੱਦ ਲੈ ਸਿਆਣਾ ਰਬ ਦਾ ਈ ਭਾਣਾ, ਬਚਣਾ ਤਾਂ ਮੈਂ ਕੋਈ ਨਾ।
ਭਲਾ ਵੀ ਮੈਨੂੰ ਤੇਰੀ ਸੌਂਅ, ਬਚਣਾ ਤਾਂ ਮੈਂ ਕੋਈ ਨਾ।
ਇਕ ਲੱਖ ਲਾਵਾਂ ਦੋ ਲੱਖ ਲਾਵਾਂ, ਵੀਰੇ ਨੂੰ ਬਿਆਹ ਲਊਂਗਾ।
ਭਲਾ ਜੀ ਮੈਨੂੰ ਤੇਰੀ ਸੌਂਅ, ਵੀਰੇ ਨੂੰ ਬਿਆਹ ਲਊਂਗਾ।
ਸੰਵ ਵੇਲੇ ਉਠਕੇ ਸਵੇਰ ਵੇਲੇ ਉਠਕੇ, ਠੰਡੀ ਮੂਲੀ ਖਾ ਲੈਂਦੀ ਆਂ।
ਭਲਾ ਵੇ ਮੈਨੂੰ ਤੇਰੀ ਸੌਹ, ਠੰਡੀ ਮੂਲੀ ਖਾ ਲੈਂਦੀ ਆਂ।

(69)

ਡਿਸਕੋ ਕੀ ਚੂੜੀਆਂ ਰੁਮਾਲ ਮੇਰੇ ਹਾਥ ਮਾ।
ਸਾਸ ਬਹੂ ਕੀ ਹੋਈ ਲੜਾਈ ਰਸੋਈ ਕੇ ਬੀਚਮਾ।
ਆਜਾ ਸਸੇ ਆਜਾ ਚਿਮਟਾ ਤੋ ਮੇਰੇ ਹਾਥ ਮਾ।
ਡਿਸਕੋ ਕੀ ਚੂੜੀਆ ਰੁਮਾਲ ਮੇਰੇ ਹਾਥ ਮਾ।
ਸਾਸ ਬਹੂ ਕੀ ਹੋਈ ਲੜਾਈ ਬਾਥਰੂਮ ਕੇ ਬੀਚਮਾ।
ਆਜਾ ਸਸੇ ਆਜਾ ਬਾਲਟੀ ਤੋ ਮੇਰੇ ਹਾਥ ਮਾ।
ਡਿਸਕੋ ਕੀ ਚੂੜੀਆ ਰੁਮਾਲ ਮੇਰੇ ਹਾਥ ਮਾ।
ਸਾਸ ਬਹੂ ਕੀ ਹੋਈ ਲੜਾਈ ਖੇਤੋਂ ਕੇ ਬੀਚਮਾ।
ਆਜਾ ਸਸੇ ਆਜਾ ਪੋਣੀ ਤੋ ਮੇਰੇ ਹਾਥ ਮਾ।
ਡਿਸਕੋ ਕੀ ਚੂੜੀਆ ਰੁਮਾਲ ਮੇਰੇ ਹਾਥ ਮਾ।
ਸਾਸ ਬਹੂ ਕੀ ਹੋਈ ਲੜਾਈ ਬਾੜੇ ਕੇ ਬੀਚਮਾ।
ਆਜਾ ਸਸੇ ਆਜਾ ਪਾਥੀ ਤੋ ਮੇਰੇ ਹਾਥ ਮਾ।
ਡਿਸਕੋ ਕੀ ਚੂੜੀਆਂ ਰੁਮਾਲ ਮੇਰੇ ਹਾਥ ਮਾ।

(70)

ਸੱਸ ਨੂੰਹ ਦਾ ਮੁਕਾਬਲਾ- - - - ਆਮ੍ਹੋ ਸਾਮ੍ਹਣੇ।
ਤੇਰਾ ਦਿੱਲੀ ਮੇਰਾ ਆਗਰਾ - - - ਆਮ੍ਹੋ ਸਾਮ੍ਹਣੇ।
ਬਹੂਆਂ ਤੇ ਡਰਦੀ ਸੱਸ ਚੱਪਲ ਵੀ ਨਾ ਪਾਂਦੀ,
ਸੌਰਾ ਵੈਲੀ ਲੈ ਕੇ ਆ ਗਿਆ - - -ਆਮ੍ਹੋ ਸਾਮ੍ਹਣੇ।
ਸੱਸ ਨੂੰਹ ਦਾ ਮੁਕਾਬਲਾ- - - - ਆਮ੍ਹੋ ਸਾਮ੍ਹਣੇ।
ਤੇਰਾ ਦਿੱਲੀ ਮੇਰਾ ਆਗਰਾ - - - ਆਮ੍ਹੋ ਸਾਮ੍ਹਣੇ।
ਬਹੂਆਂ ਤੇ ਡਰਦੀ ਸੱਸ ਟਿੱਕਾ ਵੀ ਨਾ ਲਾਂਦੀ,
ਬਹੂਆਂ ਤੇ ਡਰਦੀ ਸੱਸ ਸੁਰਖੀ ਵੀ ਨਾ ਲਾਂਦੀ,
ਸੌਰਾ ਐਨਕਾਂ ਲੈ ਕੇ ਆ ਗਿਆ - - ਆਮ੍ਹੋ ਸਾਮ੍ਹਣੇ।
ਸੱਸ ਨੂੰਹ ਦਾ ਮੁਕਾਬਲਾ- - - - ਆਮ੍ਹੋ ਸਾਮ੍ਹਣੇ।
ਤੇਰਾ ਦਿੱਲੀ ਮੇਰਾ ਆਗਰਾ - - - ਆਮ੍ਹੋ ਸਾਮ੍ਹਣੇ।
ਬਹੂਆਂ ਤੇ ਡਰਦੀ ਸੱਸ ਘੱਗਰਾ ਵੀ ਨਾ ਪਾਂਦੀ,
ਸੌਰਾ ਸਾੜੀ ਲੈ ਕੇ ਆ ਗਿਆ - - ਆਮ੍ਹੋ ਸਾਮ੍ਹਣੇ।
ਸੱਸ ਨੂੰਹ ਦਾ ਮੁਕਾਬਲਾ- - - - ਆਮ੍ਹੋ ਸਾਮ੍ਹਣੇ।
ਤੇਰਾ ਦਿੱਲੀ ਮੇਰਾ ਆਗਰਾ - - - ਆਮ੍ਹੋ ਸਾਮ੍ਹਣੇ।
ਬਹੂਆਂ ਤੇ ਡਰਦੀ ਸੱਸ ਸੈਕਲ ਵੀ ਨਾ ਚਲਾਂਦੀ,
ਸੌਰਾ ਮੋਪਡ ਲੈ ਕੇ ਆ ਗਿਆ - - ਆਮ੍ਹੋ ਸਾਮ੍ਹਣੇ।
ਸੱਸ ਨੂੰਹ ਦਾ ਮੁਕਾਬਲਾ- - - - ਆਮ੍ਹੋ ਸਾਮ੍ਹਣੇ।
ਤੇਰਾ ਦਿੱਲੀ ਮੇਰਾ ਆਗਰਾ - - - ਆਮ੍ਹੋ ਸਾਮ੍ਹਣੇ।
ਬਹੂਆਂ ਤੇ ਡਰਦੀ ਸੱਸ ਸਿਰ ਵੀ ਨਾ ਵਾਂਦੀ,
ਸੌਰਾ ਪਫ ਲੈ ਕੇ ਆ ਗਿਆ - - - ਆਮ੍ਹੋ ਸਾਮ੍ਹਣੇ।
ਤੇਰਾ ਦਿੱਲੀ ਮੇਰਾ ਆਗਰਾ - - - ਆਮ੍ਹੋ ਸਾਮ੍ਹਣੇ।

(71)

ਮੇਰਾ ਪੈਂਡਲ ਦਰ੍ਹਿਆ ਇਸ ਆਲ੍ਹੇ ਮਾਂ,
ਮੇਰੀਏ ਨਣਦੇ ਪਕੜਾਦੇ ਨਾ।
ਤੇਰਾ ਵੀਰਾ ਫਿਰਾ ਨਿਆਰਾ ਹੋਣੇ ਮਾ,
ਮੇਰੀਏ ਨਣਦੇ ਸਮਝਾਦੇ ਨਾ।
ਤੇਰੇ ਵੀਰੇ ਕੀ ਮਰੋੜ ਮੇਰੇ ਠੋਸੇ ਮਾ,
ਮੇਰੀ ਏ ਨਣਦੇ ਸਮਝਾਦੇ ਨਾ।
ਤੇਰਾ ਵੀਰਾ ਫਿਰਾ ਆਜ ਰੋਸੇ ਮਾ,
ਮੇਰੀ ਏ ਨਣਦੇ ਸਮਝਾਦੇ ਨਾ।



ਮੇਰੀ ਗਾਨੀ ਦਰ੍ਹੀ ਇਸ ਆਲ੍ਹੇ ਮਾ,
ਮੇਰੀਏ ਨਣਦੇ ਪਕੜਾਦੇ ਨਾ।
ਤੇਰਾ ਵੀਰਾ ਫਿਰਾ ਨਿਆਰਾ ਹੋਣੇ ਮਾ,
ਮੇਰੀਏ ਨਣਦੇ ਸਮਝਾਦੇ ਨਾ।
ਤੇਰੇ ਵੀਰੇ ਕੀ ਮਰੋੜ ਮੇਰੇ ਠੋਸੇ ਮਾ,
ਮੇਰੀ ਏ ਨਣਦੇ ਸਮਝਾਦੇ ਨਾ।
ਤੇਰਾ ਵੀਰਾ ਫਿਰਾ ਆਜ ਰੋਸੇ ਮਾ,
ਮੇਰੀ ਏ ਨਣਦੇ ਸਮਝਾਦੇ ਨਾ।
ਮੇਰੇ ਕਾਂਟੇ ਦਰ੍ਹੇ ਇਸ ਆਲ੍ਹੇ ਮਾ,
ਮੇਰੇ ਟੌਪਸ ਦਰੇ ਇਸ ਆਲ੍ਹੇ ਮਾ।
ਮੇਰੀਏ ਨਣਦੇ ਪਕੜਾਦੇ ਨਾ।
ਤੇਰਾ ਵੀਰਾ ਫਿਰਾ ਨਿਆਰਾ ਹੋਣੇ ਮਾ,
ਮੇਰੀ ਏ ਨਣਦੇ ਸਮਝਾਦੇ ਨਾ।
ਤੇਰੇ ਵੀਰੇ ਕੀ ਮਰੋੜ ਮੇਰੇ ਠੋਸੇ ਮਾ,
ਮੇਰੀ ਏ ਨਣਦੇ ਸਮਝਾਦੇ ਨਾ।
ਤੇਰਾ ਵੀਰਾ ਫਿਰਾ ਆਜ ਰੋਸੇ ਮਾ,
ਮੇਰੀ ਏ ਨਣਦੇ ਸਮਝਾ ਦੇ ਨਾ।
ਮੇਰੀ ਚੂੜੀਆਂ ਦਰ੍ਹੀ ਇਸ ਆਲ੍ਹੇ ਮਾ,
ਮੇਰੇ ਗਜਰੇ ਦਰ੍ਹੇ ਇਸ ਆਲ੍ਹੇ ਮਾ।
ਮੇਰੀ ਏ ਨਣਦੇ ਪਕੜਾਦੇ ਨਾ,
ਤੇਰਾ ਵੀਰਾ ਫਿਰਾ ਨਿਆਰਾ ਹੋਣੇ ਮਾ।
ਮੇਰੀ ਏ ਨਣਦੇ ਸਮਝਾਦੇ ਨਾ,
ਤੇਰੇ ਵੀਰੇ ਕੀ ਮਰੋੜ ਮੇਰੇ ਠੋਸੇ ਮਾ,
ਮੇਰੀ ਏ ਨਣਦੇ ਸਮਝਾਦੇ ਨਾ।
ਤੇਰਾ ਵੀਰਾ ਫਿਰਾ ਆਜ ਰੋਸੇ ਮਾ,
ਮੇਰੀ ਏ ਨਣਦੇ ਸਮਝਾ ਦੇ ਨਾ।
ਮੇਰੀ ਚੈਨਾਂ ਦਰ੍ਹੀ ਇਸ ਆਲ੍ਹੇ ਮਾ,
ਮੇਰੀ ਏ ਨਣਦੇ ਪਕੜਾਦੇ ਨਾ।
ਤੇਰਾ ਵੀਰਾ ਫਿਰਾ ਨਿਆਰਾ ਹੋਣੇ ਮਾ,
ਮੇਰੀ ਏ ਨਣਦੇ ਸਮਝਾਦੇ ਨਾ।
ਤੇਰੇ ਵੀਰੇ ਕੀ ਮਰੋੜ ਮੇਰੇ ਠੋਸੇ ਮਾ,
ਮੇਰੀ ਏ ਨਣਦੇ ਸਮਝਾਦੇ ਨਾ।
ਤੇਰਾ ਵੀਰਾ ਫਿਰਾ ਆਜ ਰੋਸੇ ਮਾ,
ਮੇਰੀ ਏ ਨਣਦੇ ਸਮਝਾ ਦੇ ਨਾ।

(72)

ਛੋਲੇ ਵਿਕਣੇ ਆਏ, ਮੈਂ ਆਪੇ ਗਲ ਕਰਨੂੰਗੀ।
ਤੈਨੂੰ ਅਕਲ ਨਾ ਕੋਈ, ਮੈਂ ਆਪੇ ਗਲ ਕਰਨੂੰਗੀ।
ਕਮਰੇ-ਕੁਮਰੇ ਵੰਡਣ ਲੱਗੇ, ਕਮਰੇ-ਕੁਮਰੇ ਵੰਡਣ ਲੱਗੇ,
ਮੈਂ ਬੈਠਕ ਵਲ ਖਲੋਈ, ਮੈਂ ਆਪੇ ਗਲ ਕਰਨੂੰਗੀ।
ਤੈਨੂੰ ਅਕਲ ਨਾ ਕੋਈ, ਮੈਂ ਆਪੇ ਗਲ ਕਰਨੂੰਗੀ।
ਭਾਂਡੇ-ਭੂੰਡੇ ਵੰਡਣ ਲੱਗੇ, ਭਾਂਡੇ ਭੂੰਡੇ ਵੰਡਣ ਲੱਗੇ,
ਮੈਂ ਕੁਕਰ ਵਲ ਖਲੋਈ, ਮੈਂ ਆਪੇ ਗਲ ਕਰਨੂੰਗੀ।
ਤੈਨੂੰ ਅਕਲ ਨਾ ਕੋਈ, ਮੈਂ ਆਪੇ ਗਲ ਕਰਨੂੰਗੀ।
ਮੱਝਾਂ ਮੁੱਝਾਂ ਵੰਡਣ ਲੱਗੇ, ਮੱਝਾਂ ਮੁੱਝਾਂ ਵੰਡਣ ਲੱਗੇ,
ਮੈਂ ਬੂਰੀ ਵਲ ਖਲੋਈ, ਮੈਂ ਆਪੇ ਗਲ ਕਰਨੂੰਗੀ।
ਤੈਨੂੰ ਅਕਲ ਨਾ ਕੋਈ, ਮੈਂ ਆਪੇ ਗਲ ਕਰਨੂੰਗੀ।
ਸੈਕਲ ਸਕੂਟਰ ਵੰਡਣ ਲੱਗੇ, ਸੈਕਲ ਸਕੂਟਰ ਵੰਡਣ ਲੱਗੇ,
ਮੈਂ ਸਕੂਟਰ ਵਲ ਖਲੋਈ, ਮੈਂ ਆਪੇ ਗਲ ਕਰਨੂੰਗੀ।
ਤੈਨੂੰ ਅਕਲ ਨਾ ਕੋਈ ਮੈਂ ਆਪੇ ਗਲ ਕਰਨੂੰਗੀ।
ਬੁੱਢੀ ਬੁੱਢਾ ਵੰਡਣ ਲੱਗੇ, ਬੁੱਢੀ ਬੁੱਢਾ ਵੰਡਣ ਲੱਗੇ,
ਮੈਂ ਵਿਚੋਂ ਖਿਸਕ ਹੋਈ, ਮੈਂ ਆਪੇ ਗਲ ਕਰਨੂੰਗੀ।
ਤੈਨੂੰ ਅਕਲ ਨਾ ਕੋਈ ਮੈਂ ਆਪੇ ਗਲ ਕਰਨੂੰਗੀ।

(73)

ਸੱਸੇ ਲੜਿਆ ਨਾ ਕਰ ਨੀ ਜੁਦਾ ਕਰ ਦੇ।
ਸੱਸੇ ਭਾਂਡੇ ਵੰਡਦੇ, ਭਾਂਡੇ ਪਤੀਲੇ ਵੰਡ ਦੇ।
ਮੇਰੇ ਦਾਜ ਦੀ ਪਰਾਤ ਮੇਰੇ ਵੱਲ ਕਰ ਦੇ।
ਸੱਸੇ ਲੜਿਆ ਨਾ ਕਰ ਨੀ ਜੁਦਾ ਕਰ ਦੇ।
ਸੱਸੇ ਕਮਰੇ ਵੰਡਦੇ, ਕਮਰੇ ਵਰਾਂਡੇ ਵੰਡ ਦੇ।
ਮੇਰੇ ਮਾਹੀ ਵਾਲੀ ਬੈਠਕ ਮੇਰੇ ਵੱਲ ਕਰ ਦੇ।
ਸੱਸੇ ਲੜਿਆ ਨਾ ਕਰ ਨੀ ਜੁਦਾ ਕਰ ਦੇ।
ਸੱਸੇ ਖੇਸ ਵੰਡਦੇ, ਖੇਸ ਤਲਾਈਆਂ ਵੰਡ ਦੇ।
ਮੇਰੇ ਦਾਜ ਦੀ ਰਜਾਈ ਮੇਰੇ ਵੱਲ ਕਰ ਦੇ।
ਸੱਸੇ ਲੜਿਆ ਨਾ ਕਰ ਨੀ ਜੁਦਾ ਕਰ ਦੇ।
ਸੱਸੇ ਖੇਤ ਵੰਡਦੇ, ਖੇਤ-ਖਲਿਆਣ ਵੰਡ ਦੇ।
ਮੇਰੇ ਮਾਹੀ ਵਾਲਾ ਮੁਰੱਬਾ ਮੇਰੇ ਵੱਲ ਕਰ ਦੇ।
ਮੇਰੇ ਮਾਹੀ ਵਾਲਾ ਟਿਊਬਲ ਮੇਰੇ ਵੱਲ ਕਰ ਦੇ।



ਸੱਸੇ ਲੜਿਆ ਨਾ ਕਰ ਨੀ ਜੁਦਾ ਕਰ ਦੇ।
ਸੱਸੇ ਡੰਗਰ ਵੰਡਦੇ, ਡੰਗਰ ਵੱਛੇ ਵੰਡ ਦੇ।
ਮੇਰੇ ਦਾਜ ਵਾਲੀ ਬੂਰੀ ਮੇਰੇ ਵੱਲ ਕਰ ਦੇ।
ਸੱਸੇ ਲੜਿਆ ਨਾ ਕਰ ਨੀ ਜੁਦਾ ਕਰ ਦੇ।
ਸੱਸੇ ਸੋਨਾ ਵੰਡਦੇ, ਸੋਨਾ ਚਾਂਦੀ ਵੰਡ ਦੇ।
ਮੇਰੇ ਦਾਜ ਵਾਲੇ ਗਹਿਣੇ ਮੇਰੇ ਵੱਲ ਕਰ ਦੇ।
ਸੱਸੇ ਲੜਿਆ ਨਾ ਕਰ ਨੀ ਜੁਦਾ ਕਰ ਦੇ।
ਸੱਸੇ ਦਿਓਰ ਵੰਡਦੇ, ਦਿਓਰ ਜੇਠ ਵੰਡ ਦੇ।
ਮੇਰੇ ਬਾਪ ਦਾ ਜਵਾਈ ਮੇਰੇ ਵੱਲ ਕਰ ਦੇ।
ਸੱਸੇ ਲੜਿਆ ਨਾ ਕਰ ਨੀ ਜੁਦਾ ਕਰ ਦੇ।

(74)

ਮੱਛਰ ਘੂੰ ਕਰੇਂਦਾ ਘੂੰ, 'ਕ ਲੜਿਆ ਦੇ ਜਣਿਆਂ ਦੇ ਮੂੰਅ।
ਮੱਛਰ ਸਪੂਰੇ ਵੇੜੇਹ ਵੜਿਆ,
ਐਦੀ ਕਰਨੈਲੋ ਦਾ ਵੀ ਲੜਿਆ,
ਐਦੇ ਸਾਦੇ ਦਾ ਵੀ ਲੜਿਆ,
ਐਦੇ ਮਨਜੀਤ ਕੋਲੋਂ ਡਰਿਆ।
ਮੱਛਰ ਘੂੰ ਕਰੇਂਦਾ ਘੂੰ, 'ਕ ਲੜਿਆ ਦੇ ਜਣਿਆਂ ਦੇ ਮੂੰਅ।
ਮੱਛਰ ਮੇਹਰ ਵੇੜੇਹ ਵੜਿਆ,
ਐਦੀ ਬੀਰੀ ਦਾ ਵੀ ਲੜਿਆ,
ਐਦੇ ਕਰਮੇ ਦਾ ਵੀ ਲੜਿਆ,
ਐਦੀ ਮੇਟੋ ਦਾ ਵੀ ਲੜਿਆ,
ਐਦੀ ਮਿੰਚਰੀ ਦਾ ਵੀ ਲੜਿਆ,
ਐਦੀ ਰੱਜੀ ਦਾ ਵੀ ਲੜਿਆ,
ਐਦੇ ਭੂਰੇ ਦਾ ਵੀ ਲੜਿਆ,
ਐਦੇ ਗੀਤੇ ਕੋਲੋਂ ਡਰਿਆ।
ਮੱਛਰ ਘੂੰ ਕਰੇਂਦਾ ਘੂੰ, 'ਕ ਲੜਿਆ ਦੇ ਜਣਿਆਂ ਦੇ ਮੂੰਅ।
ਮੱਛਰ ਪਿਆਰੇ ਵੇੜੇਹ ਵੜਿਆ,
ਐਦੇ ਦੋਲਾਂ ਪਿੱਛੇ ਵੜਿਆ,
ਐਦੀ ਮੇਜਾਂ ਕੋਲੋਂ ਡਰਿਆ,
ਐਦੇ ਮੰਜੇ ਕੋਲੋਂ ਡਰਿਆ,
ਐਦੀ ਕੰਧਾਂ ਕੋਲੋਂ ਡਰਿਆ।
ਮੱਛਰ ਘੂੰ ਕਰੇਂਦਾ ਘੂੰ, 'ਕ ਲੜਿਆ ਦੇ ਜਣਿਆਂ ਦੇ ਮੂੰਅ।

(75)

ਤੱਤਾ ਸਾ ਪਾਣੀ ਸਾਬਣ ਕੀ ਟਿਕੀਆ,
ਜਿਠਾਣੀ ਨ੍ਹਾਅ ਲੇ ਮੇਰੇ ਕਹੇ ਸੇ।
ਦਿਲ ਮਿਲ ਗਿਆ ਜੇਠ ਬੜੇ ਸੇ।
ਜਿਠਾਣੀ ਇਬ ਕਿਆ ਹੈ ਲੜੇ ਸੇ।
ਦਿਲ ਮਿਲ ਗਿਆ ਜੇਠ ਬੜੇ ਸੇ।
ਤੱਤੀ ਸੀ ਪੂਰੀ ਛੋਲੇ ਗੁਲਦਾਣਾ।
ਜਿਠਾਣੀ ਲੇਲੇ ਮੇਰੇ ਕਹੇ ਸੇ।
ਦਿਲ ਮਿਲ ਗਿਆ ਜੇਠ ਬੜੇ ਸੇ।
ਜਿਠਾਣੀ ਇਬ ਕਿਆ ਹੈ ਲੜੇ ਸੇ।
ਦਿਲ ਮਿਲ ਗਿਆ ਜੇਠ ਬੜੇ ਸੇ।
ਤੱਤਾ ਸਾ ਦੂਧਵਾ ਬੀਚ ਪਾਇਆ ਬੂਰਾ।
ਜਿਠਾਣੀ ਪੀ ਲੇ ਮੇਰੇ ਕਹੇ ਸੇ।
ਦਿਲ ਮਿਲ ਗਿਆ ਜੇਠ ਬੜੇ ਸੇ।
ਜਿਠਾਣੀ ਇਬ ਕਿਆ ਹੈ ਲੜੇ ਸੇ।
ਦਿਲ ਮਿਲ ਗਿਆ ਜੇਠ ਬੜੇ ਸੇ।
ਬਿਸਤਰੇ ਬਛੌਣੇ ਮੋਤੀ ਝਾਲਰ ਕੇ ਤਕੀਏ।
ਜਿਠਾਣੀ ਸੋ ਜਾ ਮੇਰੇ ਕਹੇ ਸੇ।
ਦਿਲ ਮਿਲ ਗਿਆ ਜੇਠ ਬੜੇ ਸੇ।
ਜਿਠਾਣੀ ਇਬ ਕਿਆ ਹੈ ਲੜੇ ਸੇ।
ਦਿਲ ਮਿਲ ਗਿਆ ਜੇਠ ਬੜੇ ਸੇ।

(76)

ਜੇਠਾ ਮਠਿਆਈ ਲਿਆਇਆ ਵਈ- - - - - -ਹਈ ਛਾਵਾ।
ਕਿਦਹੇ ਜੋਗੀ ਲਿਆਇਆ ਵਈ - - - - - - -ਹਈ ਛਾਵਾ।
ਨਾ ਕੋਈ ਨਿਆਣਾ ਨਾ ਕੋਈ ਸਿਆਣਾ।
ਕਿਦਹੇ ਜੋਗੀ ਲਿਆਇਆ ਵਈ- - - - - - ਹਈ ਛਾਵਾ।
ਨਾ ਕੋਈ ਨਿਆਣਾ ਨਾ ਕੋਈ ਸਿਆਣਾ।
ਤੇਰੇ ਜੋਗੀ ਲਿਆਇਆ ਵਈ - - - - - - - ਹਈ ਛਾਵਾ।
ਸਾਰੀ ਮਠਿਆਈ ਖਾ ਕੇ ਮੈਂ,
ਜੇਠੇ ਦਾ ਬਲਦੀ ਮਰਿਆੜੀ ਮਾਰੀ ਵਈ - - - ਹਈ ਛਾਵਾ।
ਮੁੱਛਾਂ ਵੀ ਜਲ ਗੀਆਂ ਦਾੜ੍ਹੀ ਵੀ ਜਲਗੀ।
ਬਰਦੀ ਜਲਗੀ ਸਾਰੀ ਵਈ - - - - - - - - ਹਈ ਛਾਵਾ।



ਨੱਠਿਆ ਭੱਜਿਆ ਭਾਈ ਕੋਲ ਜਾਂਦਾ।
ਤੇਰੀ ਬਹੂ ਨੇ ਮਾਰਿਆ ਵਈ - - - - - - - -ਹਈ ਛਾਵਾ।
ਹਲ ਵੀ ਛੱਡ ਤਾ ਪੰਜਾਲੀ ਵੀ ਛੱਡਤੀ।
ਪਰੈਣੀ ਲੈ ਕੇ ਆ ਗਿਆ ਵਈ - - - - - - -ਹਈ ਛਾਵਾ।
ਔਦੀਆਂ ਵੀ ਸੁਣ ਲੈ ਮੇਰੀਆਂ ਵੀ ਸੁਣ ਲੈ।
ਪੀਛੇ ਸੇ ਹਾਥ ਲਗਾਈਓ ਵਈ - - -- - - ਹਈ ਛਾਵਾ।

(77)

ਸੋਨੇ ਦੀ ਡੱਬੀ ਵਿਚ ਮੋਤੀਆਂ ਦੇ ਦਾਣੇ,
ਮੈਂ ਨੀ ਘੁੰਕਣੇ ਵੇ ਢੋਲਾ ਜੇਠ ਦੇ ਨਿਆਣੇ।
ਜੇਠ ਦੀਆਂ ਗੁੱਡੀਆਂ ਨੂੰ ਕੇੜਾਹ ਵੇ ਖਿਡਾਊਗਾ,
ਥੱਬਾ ਰੋਟੀਆਂ ਦਾ ਦੱਸ ਕਿੜਾਹ ਵੇ ਪਕਾਊਗਾ।
ਮੈਂ ਨੀ ਐਥੇ ਰੈਣਾ ਮੈਨੂੰ ਛੱਡ ਲੁਧਿਆਣੇ,
ਮੈਂ ਨੀ ਚੁਕਣੇ ਵੇ ਢੋਲਾ ਜੇਠ ਦੇ ਨਿਆਣੇ।
ਦੇਖ ਲੈ ਜਠਾਣੀ ਤੇਰੀ ਕਿੱਡੀ ਦਿਲਦਾਰ ਨੀ,
ਵੱਡਾ ਭਾਈ ਤੈਨੂੰ ਕਰੇ ਧੀਆਂ ਵਾਂਗੂ ਪਿਆਰ ਨੀ।
ਘੁੰ ਜਾ ਗੋਰੀਏ ਨੀ ਦਿਲ ਰੱਖ ਕੇ ਟਕਾਣੇ,
ਮੈਂ ਨੀ ਚੁਕਣੇ ਵੇ ਢੋਲਾ ਜੇਠ ਦੇ ਨਿਆਣੇ।

(78)

ਗੋਰੇ ਪੈਰ ਸਲੀਪਰ ਕਾਲੇ, ਬਣਾਂ ਦੇ ਵਿਚ ਨਹੀਓਂ ਤੁਰਨਾ।
ਜੇਠ ਮੇਰੇ ਨੇ ਗੱਡੀ ਲਿਆਂਦੀ, ਗੱਡੀ ਤੇ ਵੱਜਦੀ ਏ ਔਂਡੀ।
ਗਡੀ ਦੇ ਵਿਚ ਨਹੀਓਂ ਚੜ੍ਹਨਾ।
ਗੋਰੇ ਪੈਰ ਸਲੀਪਰ ਕਾਲੇ, ਬਣਾਂ ਦੇ ਵਿਚ ਨਹੀਓਂ ਤੁਰਨਾ।
ਜੇਠ ਮੇਰੇ ਨੇ ਜੱਕਾ ਲਿਆਂਦਾ, ਜੱਕੇ ਤੇ ਵੱਜਦਾ ਏ ਧੱਕਾ।
ਜੱਕੇ ਦੇ ਵਿਚ ਨਹੀਓਂ ਚੜ੍ਹਨਾ।
ਗੋਰੇ ਪੈਰ ਸਲੀਪਰ ਕਾਲੇ, ਬਣਾਂ ਦੇ ਵਿਚ ਨਹੀਓਂ ਤੁਰਨਾ

(79)

ਗਿੱਠ ਫੁਲਕਾਰੀ ਪਾਟੀ ਨੀ ਨਣਦੇ ਦੱਸੀਂ ਨਾ- - ਦੱਸਾਂਗੇ ਬਈ ਦੱਸਾਂਗੇ।
ਸੂਟ ਸਵਾਦੂੰ ਤੇਰੇ ਗਲ ਪਾਦੂੰ,
ਤੇਰੇ ਵੀਰੇ ਤੋਂ ਚੋਰੀ ਨੀ ਨਣਦੇ ਦੱਸੀ ਨਾ- - -ਦੱਸਾਂਗੇ ਬਈ ਦੱਸਾਂਗੇ।
ਗਿੱਠ ਫੁਲਕਾਰੀ ਪਾਟੀ ਨੀ ਨਣਦੇ ਦੱਸੀ ਨਾ- - ਦੱਸਾਂਗੇ ਬਈ ਦੱਸਾਂਗੇ।

ਪੈਂਡਲ ਕਰਾਂਦੂ ਤੇਰੇ ਗਲ ਪਾਦੂੰ।
ਤੇਰੇ ਵੀਰੇ ਤੋਂ ਚੋਰੀ ਨੀ ਨਣਦੇ ਦੱਸੀ ਨਾ- - - ਦੱਸਾਂਗੇ ਬਈ ਦੱਸਾਂਗੇ।
ਗਿੱਠ ਫੁਲਕਾਰੀ ਪਾਟੀ ਨੀ ਨਣਦੇ ਦੱਸੀਂ ਨਾ- - ਦੱਸਾਂਗੇ ਬਈ ਦੱਸਾਂਗੇ।
ਕਾਂਟੇ ਕਰਾਦੂੰ ਤੇਰੇ ਗਲ ਪਾਦੂੰ।
ਤੇਰੇ ਵੀਰੇ ਤੋਂ ਚੋਰੀ ਨੀ ਨਣਦੇ ਦੱਸੀ ਨਾ- - - ਦੱਸਾਂਗੇ ਬਈ ਦੱਸਾਂਗੇ।
ਗਿੱਠ ਫੁਲਕਾਰੀ ਪਾਟੀ ਨੀ ਨਣਦੇ ਦੱਸੀਂ ਨਾ- - ਦੱਸਾਂਗੇ ਬਈ ਦੱਸਾਂਗੇ।
ਚੈਨਾਂ ਕਰਾਦੂੰ ਤੇਰੇ ਗਲ ਪਾਦੂੰ।
ਤੇਰੇ ਵੀਰੇ ਤੋਂ ਚੋਰੀ ਨੀ ਨਣਦੇ ਦੱਸੀ ਨਾ- - - ਦੱਸਾਂਗੇ ਬਈ ਦੱਸਾਂਗੇ।
ਗਿੱਠ ਫੁਲਕਾਰੀ ਪਾਟੀ ਨੀ ਨਣਦੇ ਦੱਸੀਂ ਨਾ- - ਦੱਸਾਂਗੇ ਬਈ ਦੱਸਾਂਗੇ।
ਕੰਗਣ ਕਰਾਂਦੂ ਤੇਰੇ ਗਲ ਪਾਦੂੰ।
ਤੇਰੇ ਵੀਰੇ ਤੋਂ ਚੋਰੀ ਨੀ ਨਣਦੇ ਦੱਸੀ ਨਾ- - - ਦੱਸਾਂਗੇ ਬਈ ਦੱਸਾਂਗੇ।
ਗਿੱਠ ਫੁਲਕਾਰੀ ਪਾਟੀ ਨੀ ਨਣਦੇ ਦੱਸੀਂ ਨਾ- - ਦੱਸਾਂਗੇ ਬਈ ਦੱਸਾਂਗੇ।
ਕੋਕਾ ਕਰਾਦੂੰ ਤੇਰੇ ਗਲ ਪਾਦੂੰ।
ਤੇਰੇ ਵੀਰੇ ਤੋਂ ਚੋਰੀ ਨੀ ਨਣਦੇ ਦੱਸੀ ਨਾ- - - ਦੱਸਾਂਗੇ ਬਈ ਦੱਸਾਂਗੇ।
ਗਿੱਠ ਫੁਲਕਾਰੀ ਪਾਟੀ ਨੀ ਨਣਦੇ ਦੱਸੀ ਨਾ- - ਦੱਸਾਂਗੇ ਬਈ ਦੱਸਾਂਗੇ।

(80)

ਜੀਜਾ ਜੀ ਜੀਜਾ ਜੀ,
ਲੈ ਦੇ ਮੈਨੂੰ ਲਾਲ ਚੂੜਾ, ਲੈ ਦੇ ਮੈਨੂੰ ਚੁੰਨੀਆਂ।
ਲੈ ਦੇ ਮੈਨੂੰ ਸੁੱਚੇ ਮੋਤੀ, ਲੈ ਦੇ ਮੈਨੂੰ ਬਿੰਦੀਆ।
ਸਾਲੀਏ ਸਾਲੀਏ,
ਕਿਯਾ ਕਰੂਗੀ ਲਾਲ ਚੂੜਾ, ਕਿਯਾ ਕਰੂਗੀ ਚੁੰਨੀਆਂ।
ਕਿਯਾ ਕਰੂਗੀ ਸੁੱਚੇ ਮੋਤੀ, ਕਿਯਾ ਕਰੂਗੀ ਬਿੰਦੀਆ।
ਜੀਜਾ ਜੀ ਜੀਜਾ ਜੀ,
ਹੱਥੀ ਪਾਵਾਂ ਲਾਲ ਚੂੜਾ, ਸਿਰ ਓਡਾਂ ਚੁੰਨੀਆਂ।
ਗਲ ਪਾਵਾਂ ਸੁੱਚੇ ਮੋਤੀ, ਮੱਥੇ ਲਾਵਾਂ ਬਿੰਦੀਆਂ।
ਸਾਲੀਏ ਸਾਲੀਏ,
ਕੌਣ ਦੇਖੂ ਲਾਲ ਚੂੜਾ, ਕੌਣ ਦੇਖੂ ਚੁੰਨੀਆਂ।
ਕੌਣ ਦੇਖੂ ਸੁੱਚੇ ਮੋਤੀ, ਕੌਣ ਦੇਖੂ ਬਿੰਦੀਆ।
ਜੀਜਾ ਜੀ ਜੀਜਾ ਜੀ,
ਸੱਸ ਦੇਖਾ ਲਾਲ ਚੂੜਾ, ਸੌਰਾ ਦੇਖਾ ਚੁੰਨੀਆ।
ਨਣਦ ਦੇਖਾ ਸੁੱਚੇ ਮੋਤੀ, ਰਾਜਾ ਦੇਖਾ ਬਿੰਦੀਆ।
ਸਾਲੀਏ ਸਾਲੀਏ,



ਕੌਣ ਦੇਖੂ ਲਾਲ ਚੂੜਾ, ਕੌਣ ਦੇਖੂ ਚੁੰਨੀਆਂ।
ਕੌਣ ਦੇਖੂ ਸੁੱਚੇ ਮੋਤੀ, ਕੌਣ ਦੇਖੂ ਬਿੰਦੀਆ।
ਜੀਜਾ ਜੀ ਜੀਜਾ ਜੀ
ਟੁੱਟ ਗਿਆ ਲਾਲ ਚੂੜਾ, ਫੱਟ ਗਈਆਂ ਚੁੰਨੀਆਂ।
ਖਿੰਡ ਗਏ ਸੁੱਚੇ ਮੋਤੀ, ਖਿਖਰ ਗਈਆਂ ਬਿੰਦੀਆਂ।

(81)

ਨੀ ਤੂੰ ਦੇਖ ਭਾਬੀਏ, ਆ ਦੇਖ ਰੇਲ ਗੱਡੀ ਆਈ।
ਆਪਾਂ ਦੋਵੇਂ ਜਾਵਾਂਗੇ, ਦਿਉਰ ਤੇ ਭਰਜਾਈ।
ਪਰ੍ਹਾਂ ਹਟ ਦੇਵਰਾ, ਛੁੱਟੀ ਆਵੇ ਮੇਰਾ ਮਾਹੀ।
ਨੀ ਤੂੰ ਦੇਖ ਭਾਬੀਏ, ਆ ਦੇਖ ਲੇਫ ਤੇ ਰਜਾਈ।
ਆਪਾਂ ਦੋਵੇਂ ਸੋਵਾਂਗੇ, ਦਿਉਰ ਤੇ ਭਰਜਾਈ।
ਪਰ੍ਹਾਂ ਹੱਟ ਦੇਵਰਾ, ਛੁੱਟੀ ਆਵੇ ਮੇਰਾ ਮਾਹੀ।
ਨੀ ਤੂੰ ਦੇਖ ਭਾਬੀਏ, ਆ ਦੇਖ ਪੇਠੇ ਦੀ ਮਠਿਆਈ।
ਆਪਾਂ ਦੋਵੇਂ ਖਾਵਾਂਗੇ, ਦਿਉਰ ਤੇ ਭਰਜਾਈ।
ਪਰ੍ਹਾਂ ਹੱਟ ਦੇਵਰਾ, ਛੁਟੀ ਆਵੇ ਮੇਰਾ ਮਾਹੀ।
ਨੀ ਤੂੰ ਦੇਖ ਭਾਬੀਏ, ਆ ਦੇਖ ਦੁੱਧ ਤੇ ਮਲਾਈ।
ਆਪਾਂ ਦੋਵੇਂ ਖਾਵਾਂਗੇ, ਦਿਉਰ ਤੇ ਭਰਜਾਈ।
ਪਰਾਂ ਹੱਟ ਦੇਵਰਾ, ਛੁਟੀ ਆਵੇ ਮੇਰਾ ਮਾਹੀ।

(82)

ਟਿੱਕਾ ਤੇਰੇ ਕੋਲ ਭਾਬੀ, ਤੈਨੂੰ ਬਿੰਦੀ ਹੋਰ ਕਰਾਵਾਂ।
ਨੀ ਭਾਬੀ ਤੇਰੇ ਰੰਗ ਵਰਗੇ, ਤੈਨੂੰ ਬੇਰੀਆਂ ਦੇ ਬੇਰ ਖਲਾਵਾਂ।
ਨੀ ਭਾਬੀ ਤੇਰੀ ਗਲ੍ਹ ਵਰਗੇ, ਤੈਨੂੰ ਬੇਰੀਆਂ ਦੇ ਬੇਰ ਖਲਾਵਾਂ।
ਪੈਂਡਲ ਤੇਰੇ ਕੋਲ ਭਾਬੀ, ਤੈਨੂੰ ਗਾਨੀ ਹੋਰ ਕਰਾਵਾਂ।
ਨੀ ਭਾਬੀ ਤੇਰੇ ਰੰਗ ਵਰਗੇ, ਤੈਨੂੰ ਬੇਰੀਆਂ ਦੇ ਬੇਰ ਖਲਾਵਾਂ।
ਚੂੜੀਆਂ ਤੇਰੇ ਕੋਲ ਭਾਬੀ, ਤੈਨੂੰ ਗਜਰੇ ਹੋਰ ਕਰਾਵਾਂ।
ਨੀ ਭਾਬੀ ਤੇਰੇ ਰੰਗ ਵਰਗੇ, ਤੈਨੂੰ ਬੇਰੀਆਂ ਦੇ ਬੇਰ ਖਲਾਵਾਂ।
ਕਾਂਟੇ ਤੇਰੇ ਕੋਲ ਭਾਬੀ, ਤੈਨੂੰ ਬਾਲੀਆਂ ਹੋਰ ਮੰਗਾਵਾਂ।
ਨੀ ਭਾਬੀ ਤੇਰੇ ਰੰਗ ਵਰਗੇ, ਤੈਨੂੰ ਬੇਰੀਆਂ ਦੇ ਬੇਰ ਖਲਾਵਾਂ।
ਗੂੰਠੀ ਤੇਰੇ ਕੋਲ ਭਾਬੀਏ, ਤੈਨੂੰ ਛੱਲਾ ਹੋਰ ਕਰਾਵਾਂ।
ਨੀ ਭਾਬੀ ਤੇਰੇ ਰੰਗ ਵਰਗੇ, ਤੈਨੂੰ ਬੇਰੀਆਂ ਦੇ ਬੇਰ ਖਲਾਵਾਂ।
ਚੈਨਾਂ ਤੇਰੇ ਕੋਲ ਭਾਬੀਏ, ਤੈਨੂੰ ਸੈਂਡਲ ਹੋਰ ਮੰਗਾਵਾਂ।
ਨੀ ਭਾਬੀ ਤੇਰੇ ਰੰਗ ਵਰਗੇ, ਤੈਨੂੰ ਬੇਰੀਆਂ ਦੇ ਬੇਰ ਖਲਾਵਾਂ।
ਨੀ ਭਾਬੀ ਤੇਰੀ ਗਲ੍ਹ ਵਰਗੇ, ਤੈਨੂੰ ਬੇਰੀਆਂ ਦੇ ਬੇਰ ਖਲਾਵਾਂ।

(83)

ਦਿੱਲੀ ਸ਼ੈਹਰ ਦੀਆਂ ਟਿਕਟਾਂ ਕਟਾਈਆਂ, ਉਸੀ ਸ੍ਹੈਰ ਉਤਰਾਂਗੇ।
ਓ ਤੇਰੀ ਜੜ੍ਹ ਮਾਰੀ ਜਾ, ਉਸੀ ਸ੍ਹੈਰ ਉਤਰਾਂਗੇ।
ਨੱਤੀਆਂ ਘੜ੍ਹਾਦੇ ਠਾਣੇਦਾਰਾ, ਮੁੰਡੇ ਨੇ ਛਕੀਨ ਜੰਮਣਾ।
ਓ ਤੇਰੀ ਜੜ੍ਹ ਮਾਰੀ ਜਾ, ਮੁੰਡੇ ਨੇ ਛਕੀਨ ਜੰਮਣਾ।
ਦਿਨ ਚੜ੍ਹਦੇ ਨੂੰ ਜੰਮ ਆਈ ਤਾਰੋ, ਨੱਤੀਆਂ ਘੜ੍ਹਾਈਆਂ ਰ੍ਹੈਗੀਆਂ।
ਓ ਤੇਰੀ ਜੜ੍ਹ ਮਾਰੀ ਜਾ, ਨਤੀਆਂ ਘੜ੍ਹਾਈਆਂ ਰ੍ਹੈਗੀਆਂ।
ਜੇ ਮੈਂ ਜਾਣਦੀ ਤਾਰੋ ਨੇ ਮਰ ਜਾਣਾ, ਪੱਟਾਂ ਤੇ ਸੁਲ਼ਾ ਰੱਖਦੀ।
ਓ ਤੇਰੀ ਜੜ੍ਹ ਮਾਰੀ ਜਾ, ਪੱਟਾਂ ਤੇ ਸੁਲ਼ਾ ਰੱਖਦੀ।
ਜੇ ਮੈਂ ਜਾਣਦੀ ਪੱਟਾਂ ਨੇ ਸੌਂ ਜਾਣਾ, ਮਾਲਸ ਕਰਾ ਰੱਖਦੀ।
ਓ ਤੇਰੀ ਜੜ੍ਹ ਮਾਰੀ ਜਾ, ਮਾਲਸ ਕਰਾ ਰੱਖਦੀ।
ਜੇ ਮੈਂ ਜਾਣਦੀ ਤੇਲ ਮੁਕ ਜਾਣਾ, ਕੌਅਲ਼ੂ ਤੇ ਮੰਗਾ ਰੱਖਦੀ।
ਓ ਤੇਰੀ ਜੜ ਮਾਰੀ ਜਾ, ਕੌਅਲ਼ੂ ਤੇ ਮੰਗਾ ਰੱਖਦੀ।
ਜੇ ਮੈਂ ਜਾਣਦੀ ਕੌਅਲ਼ੂ ਨੇ ਟੁਟ ਜਾਣਾ, ਹਟੀ ਤੇ ਮੰਗਾ ਰੱਖਦੀ।
ਓ ਤੇਰੀ ਜੜ੍ਹ ਮਾਰੀ ਜਾ, ਹੱਟੀ ਤੋਂ ਮੰਗਾ ਰੱਖਦੀ।
ਜੇ ਮੈਂ ਜਾਣਦੀ ਹੱਟੀ ਨੇ ਟੁਟ ਜਾਣਾ, ਪੜੋਸਨ ਤੋਂ ਮੰਗਾ ਰੱਖਦੀ।
ਓ ਤੇਰੀ ਜੜ੍ਹ ਮਾਰੀ ਜਾ, ਪੜੋਸਨ ਨਾਲ ਬਣਾ ਰੱਖਦੀ।
ਜੇ ਮੈਂ ਜਾਣਦੀ ਪੜੋਸਨ ਲੜ ਪੈਣਾ, ਸੱਸੇ ਨਾਲ ਸਲੂਕ ਰੱਖਦੀ।
ਓ ਤੇਰੀ ਜੜ ਮਾਰੀ ਜਾ, ਸੱਸੇ ਨਾਲ ਸਲੂਕ ਰੱਖਦੀ।

(84)

ਜੱਗਾ ਜੰਮਿਆ,
ਜੱਗਾ ਜੰਮਿਆ ਤੇ ਮਿਲਣ ਵਧਾਈਆਂ,
'ਕ ਵੱਡਾ ਹੋਇਆ ਡਾਕੇ ਮਾਰਦਾ,
ਜੱਗਿਆ, ਜੱਗਿਆ।
ਤੁਰ ਪਰਦੇਸ਼ ਗਇਓਂ ਬੂਹਾ ਵੱਜਿਆ- - ਹਾਏ।
ਜੱਗਾ ਪੈਨ੍ਹਦਾ,
ਜੱਗਾ ਪੈਨ੍ਹਦਾ ਚਿੱਟੀਆਂ ਕਮੀਜ਼ਾਂ,
ਮਾਂ ਪਈ ਵੱਟ ਕਢਦੀ,
ਜਗਿਆ, ਜਗਿਆ।
ਤੁਰ ਪਦਰੇਸ਼ ਗਇਓਂ ਬੂਹਾ ਵਜਿਆ- - ਹਾਏ।
ਜੱਗੇ ਜੱਟ ਦੇ,
ਜੱਗ ਜੱਟ ਦੇ ਕਬੂਤਰ ਚੀਨੇ,



ਨਦੀਓਂ ਪਾਰ ਚੁਗਦੇ,
ਦਾਣੇ ਦਾਣੇ।
ਰੱਬ ਦੀਆਂ ਲਿਖੀਆਂ ਨੂੰ ਰੱਬ ਜਾਣੇ- - ਹਾਏ।
ਜੱਗੇ ਜੱਟ ਦਾ,
ਜੱਗੇ ਜਟ ਦਾ ਜਾਂਗੀਆ ਪਟ ਦਾ,
ਕਿੱਲੀ ਉਤੇ ਟੰਗਿਆ ਪਿਆ,
ਜੱਗਿਆ ਜੱਗਿਆ।
ਤੁਰ ਪਦਰੇਸ ਗਇਓਂ ਬੂਹਾ ਵੱਜਿਆ- - ਹਾਏ।
ਜੱਗੇ ਮਾਰਿਆ,
ਜੱਗੇ ਮਾਰਿਆ ਲੈਲਪੁਰ ਡਾਕਾ,
ਡਾਂਗਾਂ ਖੜਕ ਗਈਆਂ,
ਜੱਗਿਆ ਜੱਗਿਆ।
ਤੁਰ ਪਰਦੇਸ ਗਇਓਂ ਬੂਹਾ ਵਜਿਆ- - ਹਾਏ।
ਜੇ ਮੈਂ ਜਾਣਦੀ,
ਜੇ ਮੈਂ ਜਾਣਦੀ ਜੱਗੇ ਨੇ ਮਰ ਜਾਣਾ,
ਇਕ ਦੇ ਦੋ ਜੰਮਦੀ,
ਜੱਗਿਆ ਜੱਗਿਆ।
ਤੁਰ ਪਰਦੇਸ ਗਇਓਂ ਬੂਹਾ ਵੱਜਿਆ- - ਹਾਏ।
ਜੱਗੇ ਜੱਟ ਦੀ,
ਜੱਗੇ ਜੱਟ ਦੀ ਗੰਡਾਸੀ ਖੜਕੇ,
ਨੂੰਰ ਵਾਲ਼ੇ ਪੁਲਾਂ ਦੇ ਉੱਤੇ,
ਜੱਗਿਆ ਜੱਗਿਆ।
ਤੁਰ ਪਦਰੇਸ਼ ਗਇਓਂ ਬੁਹਾ ਵੱਜਿਆ- - ਹਾਏ।
ਜੱਗਾ ਜੱਟ ਵਈ,
ਜੱਗਾ ਜੱਟ ਵਈ ਗਰੀਬਾਂ ਦਾ ਰਾਖਾ,
ਪੁਲਸ ਨੇ ਮਾਰ ਸੁਟਿਆ,
ਜੱਗਿਆ ਜੱਗਿਆ।
ਤੁਰ ਪਦਰੇਸ ਗਇਓਂ ਬੂਹਾ ਵਜਿਆ- - ਹਾਏ।
ਜੱਗਾ ਜੱਟ ਨੀ,
ਜੱਗਾ ਜੱਟ ਨੀ ਕਿਸੇ ਨੇ ਬਣ ਜਾਣਾ,
ਘਰ ਘਰ ਪੁੱਤ ਜੰਮਦੇ,
ਜੱਗਿਆ ਜੱਗਿਆ।
ਤੁਰ ਪਦਰੇਸ਼ ਗਇਓਂ ਬੂਹਾ ਵਜਿਆ- - ਹਾਏ।

# ਪੁਆਧੀ ਧਾਰਮਿਕ ਲੋਕ ਗੀਤ

ਧਰਮ ਮਨੁੱਖੀ ਜੀਵਨ ਦਾ ਇਕ ਅਹਿਮ ਹਿੱਸਾ ਹੈ ਹਰ ਇਕ ਸਮਾਜ ਵਿਚ ਧਰਮ ਕਿਸੇ ਨਾ ਕਿਸੇ ਰੂਪ ਵਿਚ ਵਿਦਮਾਨ ਹੁੰਦਾ ਹੈ। ਕਿਸੇ ਵੀ ਕੌਮ, ਕਬੀਲੇ, ਜਾਤੀ ਸਮੂਹ ਜਾਂ ਸਮਾਜ ਦੇ ਧਾਰਮਿਕ ਸੰਸਕਾਰ ਜਾਂ ਮਰਯਾਦਾ ਵੱਖ-ਵੱਖ ਹੋ ਸਕਦੀ ਹੈ ਪਰੰਤੂ ਧਰਮ ਦਾ ਮੁੱਖ ਕਾਰਜ ਸਮਾਜ ਵਿਸ਼ੇਸ਼ ਦੀ ਰੱਖਿਆ ਕਰਨਾ ਹੁੰਦਾ ਹੈ। ਧਰਮ ਦੀ ਹੋਂਦ ਹੀ ਇਸ ਵਿਸ਼ਵਾਸ ਤੇ ਟਿਕੀ ਹੈ ਕਿ ਲੋੜ ਪੈਣ ਤੇ ਇਹ ਕਿਸੇ ਨਾ ਕਿਸੇ ਰੂਪ ਵਿਚ ਮਦਦਗਾਰ ਹੋਵੇਗਾ। ਏ.ਆਰ. ਰੈਡਕਲਿਫ ਆਪਣੀ ਪੁਸਤਕ 'ਸਟਰੱਕਚਰ ਐਂਡ ਫੰਕਸ਼ਨ ਇਨ ਪ੍ਰੀਮੀਟਿਵ ਸੁਸਾਇਟੀ' ਵਿਚ ਲਿਖਦਾ ਹੈ, ''ਸਭ ਯੁੱਗਾਂ ਵਿਚ ਮਨੁੱਖ ਨੇ ਇਹ ਆਸ ਕੀਤੀ ਹੈ ਕਿ ਧਾਰਮਿਕ ਕਾਰਜਾਂ ਨੂੰ ਉਚਿਤ ਰੂਪ ਵਿਚ ਕਰਨ ਨਾਲ ਲੋਕਾਂ ਨੂੰ ਵਿਸ਼ੇਸ਼ ਪ੍ਰਕਾਰ ਦਾ ਲਾਭ ਪ੍ਰਾਪਤ ਹੋ ਸਕਦਾ ਹੈ, ਜਿਵੇਂ; ਸਿਹਤ ਅਤੇ ਲੰਮੀ ਉਮਰ, ਉਨ੍ਹਾਂ ਦੇ ਵੰਸ਼ ਨੂੰ ਚਲਦਾ ਰੱਖਣ ਲਈ ਬੱਚੇ, ਪਦਾਰਥਕ ਖੁਸ਼ਹਾਲੀ, ਸ਼ਿਕਾਰ ਕਰਨ ਵਿਚ ਸਫਲਤਾ, ਮੀਂਹ ਵਸਣਾ, ਫਸਲਾਂ ਵਿਚ ਵਾਧਾ, ਡੰਗਰਾਂ ਵਿਚ ਵਾਧਾ, ਲੜਾਈ ਵਿਚ ਜਿੱਤ, ਮੌਤ ਪਿਛੋਂ ਦੀਆਂ ਆਤਮਾਵਾਂ ਦਾ ਸਵਰਗ ਵਿਚ ਵਾਸ ਜਾਂ ਫਿਰ ਇਸ ਦੇ ਉਲਟ ਨਰਕ ਵਿਚ ਜਾਣਾ ਅਤੇ ਜਨਮ ਮਰਨ ਦੇ ਚੱਕਰ ਵਿਚੋਂ ਛੁਟਕਾਰਾ ਭਾਵ ਮੁਕਤੀ।''

ਇਹ ਆਮ ਪ੍ਰਚੱਲਿਤ ਧਾਰਨਾ ਹੈ ਕਿ ਮਨੁੱਖੀ ਜੀਵਨ ਦੀ ਮੁੱਕਤੀ ਉਸਦੇ ਆਪਣੇ ਧਾਰਮਿਕ ਅਨੁਸਠਾਨਾਂ ਨੂੰ ਪੂਰਿਆਂ ਕਰਨ ਵਿਚ ਹੀ ਹੋ ਸਕਦੀ ਹੈ। ਜੀਵਨ ਮੁੱਕਤ ਉਹੀ ਹੁੰਦਾ ਹੈ ਜੋ ਧਾਰਮਿਕ ਮਰਿਯਾਦਾ ਅਨੁਸਾਰ ਜੀਵਨ ਬਤੀਤ ਕਰਦਾ ਹੈ।

ਪੁਆਧ ਵਿਚ ਮਿਲਦੇ ਇਤਿਹਾਸਕ ਅਤੇ ਮਿਥਿਹਾਸਕ ਹਵਾਲਿਆਂ ਤੋਂ ਇਹ ਪਤਾ ਚਲਦਾ ਹੈ ਕਿ ਧਾਰਮਿਕ ਦ੍ਰਿਸ਼ਟੀ ਤੋਂ ਇਸ ਖੇਤਰ ਦੀ ਕਾਫੀ ਮਹੱਤਤਾ ਹੈ।ਰੋਪੜ ਨੇੜੇ ਹੋਈਆਂ ਖੁਦਾਈਆਂ ਤੋਂ ਮਿਲੀਆਂ ਵਸਤਾਂ ਪੁਆਧ ਖੇਤਰ ਨੂੰ ਪ੍ਰਾਚੀਨ ਸੱਭਿਆਤਾਵਾਂ ਵਾਲੇ ਦੇਸ਼ ਨਾਲ ਜੋੜ ਦਿੰਦੀਆਂ ਹਨ। ਸਿੰਧੂ ਘਾਟੀ ਦੀ ਸਭਿਅਤਾ ਤੋਂ ਵੀ ਪੁਰਾਣੀ ਸਭਿਅਤਾ ਨਾਲ ਸੰਬੰਧਿਤ ਮਿਲੇ ਅਵਸ਼ੇਸ਼ ਇਸ ਦੇ ਅਤਿ ਪੁਰਾਤਨ ਹੋਣ ਦੇ ਮਹੱਤਵ ਨੂੰ ਪ੍ਰਗਟ ਕਰਦੇ ਹਨ। ਆਰੀਆ ਜਾਤੀ ਦੇ ਆਗਮਨ ਤੋਂ ਬਾਅਦ ਹੀ ਇਕ ਮਹਾਨ ਅਧਿਆਤਮਕ ਪਰੰਪਰਾ ਦੀ ਸ਼ੁਰੂਆਤ ਹੁੰਦੀ ਹੈ ਜੋ ਵਰਤਮਾਨ ਸਮੇਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਵੇਖਣ ਨੂੰ ਮਿਲਦੀ ਹੈ। ਹਿੰਦੂ, ਸਿੱਖ ਅਤੇ ਮੁਸਲਿਮ ਧਰਮਾਂ ਤੋਂ ਇਲਾਵਾ ਬੁੱਧ ਅਤੇ ਜੈਨ ਧਰਮਾਂ ਨਾਲ ਸੰਬੰਧਿਤ ਸਮੁਦਾਇ ਇਸ ਖਿੱਤੇ ਵਿਚ ਵਸਦੇ ਹਨ। ਪੁਆਧ ਪੰਜਾਬ ਦਾ ਹੀ ਇਕ ਹਿੱਸਾ ਹੋਣ ਕਾਰਨ ਇਥੇ ਜ਼ਿਆਦਾਤਰ ਸਿੱਖ ਸਮੁਦਾਇ ਨਾਲ ਸੰਬੰਧਿਤ ਲੋਕ ਹੀ ਵਸਦੇ ਹਨ। ਹੋਵੇ ਵੀ ਕਿਉਂ ਨਾ ਕਿਉਂਕਿ ਇਸ ਖਿੱਤੇ ਵਿਚ 'ਖਾਲਸਾ ਪੰਥ ਦੀ ਸਾਜਨਾ' ਜਿਹਾ ਮਹਾਨ ਕਾਰਜ ਹੋਇਆ ਹੈ। ਆਨੰਦ ਪੁਰ ਸਾਹਿਤ ਦੀ ਧਰਤੀ ਉਤੇ 1699 ਈ. ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰਕੇ ਸਿੱਖ ਸਮੁਦਾਇ ਨੂੰ ਇਕ ਨਵੀਂ ਜੀਵਨ ਦ੍ਰਿਸ਼ਟੀ ਅਤੇ ਪਹਿਚਾਣ ਦਿੱਤੀ ਸੀ। ਸਿੱਖ ਧਰਮ



ਦੇ ਤਕਰੀਬਨ ਗੁਰੂ ਸਹਿਬਾਨ ਨੇ ਇਸ ਖੇਤਰ ਦੀ ਧਰਤੀ ਨੂੰ ਆਪਣੀ ਚਰਨ ਛੋਹ ਨਾਲ ਨਿਵਾਜਿਆ ਹੈ। ਰਾਮ ਚੰਦਰ ਅਤੇ ਕ੍ਰਿਸ਼ਨ ਜੀ ਦਾ ਸੰਬੰਧ ਵੀ ਇਸ ਖਿੱਤੇ ਨਾਲ ਰਿਹਾ ਹੈ, ਘੜਾਮ, ਪਿੰਜੋਰ, ਜੋਤੀਸਰ (ਥਾਨੇਸਰ) ਵਰਗੇ ਕਸਬੇ ਇਸਦੇ ਗਵਾਹ ਹਨ। ਪਿਹੋਵਾ, ਕਪਾਲਮੋਚਨ ਅਤੇ ਥਾਨੇਸਰ ਇਥੋਂ ਦੇ ਪ੍ਰਮੁੱਖ ਤੀਰਥ ਸਥਾਨ ਹਨ। ਨੈਣਾ ਦੇਵੀ, ਮਨਸਾ ਦੇਵੀ, ਜੈਨਤੀ ਦੇਵੀ ਅਤੇ ਕਾਲੀ ਦੇਵੀ ਦੇ ਮੰਦਿਰ ਹਿੰਦੂਆਂ ਦੀ ਆਸਥਾ ਦੇ ਪ੍ਰਮੁੱਖ ਸਥਾਨ ਹਨ। ਮੁਸਲਿਮ ਪੀਰਾਂ, ਫਕੀਰਾਂ ਨਾਲ ਸੰਬੰਧਿਤ ਬਹੁਤ ਸਾਰੇ ਮਕਬਰੇ ਅਤੇ ਮਜਾਰਾਂ ਹਨ ਜਿਥੇ ਨਾ ਕੇਵਲ ਮੁਸਲਿਮ ਸਮੁਦਾਇ ਹੀ ਸਗੋਂ ਵੱਖ-ਵੱਖ ਧਰਮਾਂ ਨੂੰ ਮੰਨਣ ਵਾਲੇ ਲੋਕ ਵੀ ਇਨ੍ਹਾਂ ਵਿਚ ਸ਼ਰਧਾ ਰੱਖਦੇ ਹਨ।

ਪੁਆਧ ਦੀ ਇਕ ਵੱਡੀ ਵਿਸ਼ੇਸਤਾ ਇਹ ਹੈ ਕਿ ਲੋਕਾਂ ਦਾ ਇਕ ਦੂਜੇ ਦੇ ਧਰਮਾਂ ਪ੍ਰਤੀ ਨਜ਼ਰੀਆ ਸਾਕਾਰਾਤਮਕ ਹੈ। ਇਹ ਇਕ ਦੂਜੇ ਦੇ ਧਾਰਮਿਕ ਸਮਾਗਮਾਂ ਵਿਚ ਨਾ ਕੇਵਲ ਸ਼ਾਮਿਲ ਹੁੰਦੇ ਹਨ ਸਗੋਂ ਚੰਗੀ ਮਿਲਵਰਤਨ ਨਾਲ ਆਪਸੀ ਭਾਈਚਾਰਾ ਵੀ ਬਣਾਈ ਰੱਖਦੇ ਹਨ। ਮਨੁੱਖੀ ਜੀਵਨ ਦੀ ਨਾਸ਼ਮਾਨਤਾ ਅਤੇ ਜਨਮ ਮਰਨ ਦੇ ਗੇੜ ਤੋਂ ਬਚਣ ਲਈ ਪੁਆਧੀ ਲੋਕ ਆਪੋ-ਆਪਣੇ ਧਰਮ ਅਨੁਸਾਰ ਆਪਣੇ ਈਸ਼ਟ ਦੀ ਅਰਾਧਨਾ/ਪੂਜਾ ਵੀ ਕਰਦਾ ਹੈ ਅਤੇ ਲੋੜ ਪੈਣ ਤੇ ਦੂਜੇ ਧਰਮਾਂ ਦੀ ਸ਼ਰਨ ਵੀ ਲੈ ਲੈਂਦਾ ਹੈ।

(1)

ਉਚੇ ਮੰਦਰ ਗੁਰਾਂ ਦੇ ਡੇਰੇ,
ਸੰਗਤਾਂ ਪੁੱਛਦੀਆਂ ਗੁਰੂ ਨਾਨਕ ਕੇੜ੍ਹੇ।
ਸਿਰ ਤੇ ਛਤਰ ਫੁੱਲਾਂ ਦੇ ਸੇਅਰੇ,
ਉਚੇ ਮੰਦਰ ਗੁਰਾਂ ਦੇ ਡੇਰੇ।
ਸੰਗਤਾਂ ਪੁੱਛਦੀਆਂ ਗੁਰੂ ਨਾਨਕ ਕੇੜ੍ਹੇ।
ਸਤਗੁਰ ਆਵੇ ਪਾਰ ਲੰਘਾਵੇ।
ਉਚੇ ਮੰਦਰ ਗੁਰਾਂ ਦੇ ਡੇਰੇ,
ਸੰਗਤਾਂ ਪੁੱਛਦੀਆਂ ਗੁਰੂ ਨਾਨਕ ਕੇੜ੍ਹੇ।
ਬਾਲਾ ਤੇ ਮਰਦਾਨਾ ਸਾਥੀ ਨਾਲ ਵੇ।
ਉਚੇ ਮੰਦਰ ਗੁਰਾਂ ਦੇ ਡੇਰੇ,
ਸੰਗਤਾਂ ਪੁੱਛਦੀਆਂ ਗੁਰੂ ਨਾਨਕ ਕੇੜ੍ਹੇ।

(2)

ਵਗਦੀ ਏ ਰਾਵੀ ਵਿਚ ਰੇਤੇ ਦੀਆਂ ਢੇਰੀਆਂ,
ਅੱਗੇ ਗੁਰੂ ਨਾਨਕ ਪਿਛੇ ਸੰਗਤਾਂ ਬਥੇਰੀਆਂ।
ਵਗਦੀ ਏ ਰਾਵੀ ਵਿਚ ਸੁੱਟਾਂ ਮੈਂ ਕਾਨਾ ਜੀ,

ਅੱਗੇ ਗੁਰੂ ਨਾਨਕ ਪਿਛੇ ਬਾਲਾ ਮਰਦਾਨਾ ਜੀ।
ਵਗਦੀ ਏ ਰਾਵੀ ਵਿਚ ਰੇਤੇ ਦੀਆਂ ਢੇਰੀਆਂ,
ਅੱਗੇ ਗੁਰੂ ਨਾਨਕ ਪਿਛੇ ਸੰਗਤਾਂ ਬਥੇਰੀਆਂ।
ਵਗਦੀ ਏ ਰਾਵੀ ਵਿਚ ਸੁੱਟਾਂ ਮੈਂ ਚਰਖਾ ਜੀ,
ਅਗੇ ਗੁਰੂ ਨਾਨਕ ਪਿਛੇ ਫੁੱਲਾਂ ਦੀ ਵਰਖਾ ਜੀ।
ਵਗਦੀ ਏ ਰਾਵੀ ਵਿਚ ਰੇਤੇ ਦੀਆਂ ਢੇਰੀਆਂ,
ਅੱਗੇ ਗੁਰੂ ਨਾਨਕ ਪਿਛੇ ਸੰਗਤਾਂ ਬਥੇਰੀਆਂ।
ਵਗਦੀ ਏ ਰਾਵੀ ਵਿਚ ਸੁੱਟਾਂ ਮੈਂ ਅੰਬਾ ਜੀ,
ਅਗੇ ਗੁਰੂ ਨਾਨਕ ਪਿਛੇ ਚਿੜੀਆਂ ਦਾ ਚੰਬਾ ਜੀ।
ਵਗਦੀ ਏ ਰਾਵੀ ਵਿਚ ਰੇਤੇ ਦੀਆਂ ਢੇਰੀਆਂ,
ਅੱਗੇ ਗੁਰੂ ਨਾਨਕ ਪਿਛੇ ਸੰਗਤਾਂ ਬਥੇਰੀਆਂ।
ਵਗਦੀ ਏ ਰਾਵੀ ਵਿਚ ਸੁੱਟਾਂ ਮੈਂ ਪਾਥੀ ਜੀ,
ਅੱਗੇ ਗੁਰੂ ਨਾਨਕ ਪਿਛੇ ਉਸਦਾ ਸਾਥੀ ਜੀ।
ਵਗਦੀ ਏ ਰਾਵੀ ਵਿਚ ਰੇਤੇ ਦੀਆਂ ਢੇਰੀਆਂ,
ਅੱਗੇ ਗੁਰੂ ਨਾਨਕ ਪਿਛੇ ਸੰਗਤਾਂ ਬਥੇਰੀਆਂ।

(3)

ਪਿਤਾ ਦਸਮੇਸ਼ ਦੀਆਂ ਖੁਸ਼ੀਆਂ ਜੇ ਲੈਣੀਆਂ, ਖੰਡੇ ਵਾਲਾ ਅੰਮ੍ਰਿਤ ਪੀ।
ਨੀ ਸੰਗਤੇ, ਖੰਡੇ ਵਾਲਾ ਅੰਮ੍ਰਿਤ ਪੀ।
ਪਿਤਾ ਗੁਰਾਂ ਦੇ ਤੇਗ ਬਹਾਦਰ, ਮਾਤਾ ਗੁਜਰੀ ਸੀ।
ਨੀ ਸੰਗਤੇ, ਮਾਤਾ ਗੁਜਰੀ ਸੀ।
ਜਨਮ ਗੁਰਾਂ ਦਾ ਪਟਨੇ ਸ਼ੈਰ ਦਾ, ਨੰਦਪੁਰ ਡੇਰਾ ਸੀ।
ਨੀ ਸੰਗਤੇ, ਨੰਦ ਪੁਰ ਡੇਰਾ ਸੀ।
ਨਾਲ ਗੁਰਾਂ ਦੇ ਪੰਜ ਪਿਆਰੇ, ਚਾਰ ਦੁਲਾਰੇ ਸੀ।
ਨੀ ਸੰਗਤੇ, ਚਾਰ ਦੁਲਾਰੇ ਸੀ।
ਹੇਠ ਗੁਰਾਂ ਦੇ ਨੀਲਾ ਘੋੜਾ, ਹੱਥ ਵਿਚ ਬਾਜ ਸੀ।
ਨੀ ਸੰਗਤੇ, ਹੱਥ ਵਿਚ ਬਾਜ ਸੀ।
ਪੰਜ ਪਿਆਰੇ ਚਾਰ ਦੁਲਾਰੇ, ਦਸਵੇਂ ਆਪ ਸੀ।
ਨੀ ਸੰਗਤੇ, ਦਸਵੇਂ ਆਪ ਸੀ।
ਇਕ ਘੁੱਟ ਪੀਤਾ ਅੱਖ ਮੇਰੀ ਖੁਲ੍ਹਗੀ, ਪਤਾ ਨੀ ਸੀ ਬਾਟੇ ਵਿਚ ਕੀ।
ਨੀ ਸੰਗਤੇ, ਪਤਾ ਨੀ ਸੀ ਬਾਟੇ ਵਿਚ ਕੀ।
ਪਿਤਾ ਦਸਮੇਸ਼ ਦੀਆਂ ਖੁਸ਼ੀਆਂ ਜੇ ਲੈਣੀਆਂ, ਖੰਡੇ ਵਾਲਾ ਅੰਮ੍ਰਿਤ ਪੀ।
ਨੀ ਸੰਗਤੇ, ਖੰਡੇ ਵਾਲਾ ਅੰਮ੍ਰਿਤ ਪੀ।



(4)

ਕਿਥੇ ਦਾ ਜਨਮ ਗੁਰਾਂ ਦਾ, ਕਿਥੇ ਡੇਅਰੇ ਲਾਏ ਨੇ।
ਪਟਨੇ ਸੈਅਰ ਦਾ ਜਨਮ ਗੁਰਾਂ ਦਾ, ਨੰਦਪੁਰ ਡੇਰੇ ਲਾਏ ਨੇ।
ਕੌਣ 'ਜ' ਪਿਤਾ ਗੁਰਾਂ ਦਾ, ਕੌਣ 'ਜ' ਮਾਤਾ ਜਾਏ ਨੇ।
ਪਿਤਾ ਗੁਰਾਂ ਦੇ ਤੇਗ ਬਹਾਦਰ, ਮਾਤਾ ਗੁਜਰੀ ਜਾਏ ਨੇ।
ਕਾਅਦੀ ਮੰਜੀ ਗੁਰਾਂ ਦੀ, ਕਾਅਦੇ ਬਿਸਤਰ ਲਾਏ ਨੇ।
ਵਣ ਦੀ ਮੰਜੀ ਗੁਰਾਂ ਦੀ, ਰੇਸਮ ਬਿਸਤਰ ਲਾਏ ਨੇ।

(5)

ਉਠ ਜਾਗ ਸਵੇਰੇ ਨੀ, ਜਿੰਦੜੀਏ ਜਪ ਸਤਗੁਰ ਦੀ ਬਾਣੀ।
ਚਲ ਸਤਸੰਗ ਕਰੀਏ ਨੀ, ਜਿੰਦੜੀਏ ਮੌਜ ਬਥੇਰੀ ਮਾਣੀ।
ਤੈ ਇਊਂ ਹੜ ਜਾਣਾ ਨੀ, ਜਿੰਦੜੀਏ ਜਿਉਂ ਨੈਹਰਾਂ ਦਾ ਪਾਣੀ।
ਉਠ ਜਾਗ ਸਵੇਰੇ ਨੀ, ਜਿੰਦੜੀਏ ਜਪ ਸਤਗੁਰ ਦੀ ਬਾਣੀ।
ਚਲ ਸਤਸੰਗ ਕਰੀਏ ਨੀ, ਜਿੰਦੜੀਏ ਮੌਜ ਬਥੇਰੀ ਮਾਣੀ।

(6)

ਜਗ ਰੁੜ੍ਹਿਆ ਜਾਂਦਾ ਨੀ, ਜਿੰਦੜੀਏ ਪੜ੍ਹ ਸਤਗੁਰ ਦੀ ਬਾਣੀ।
ਜਮ ਲੈਣ ਆਗੇ ਨੀ, ਜਿੰਦੜੀਏ ਪੀਣ ਨਾ ਦਿੰਦੇ ਪਾਣੀ।
ਜੇ ਨਿਰਮਲ ਹੋਣਾ ਨੀ, ਜਿੰਦੜੀਏ ਪੜ੍ਹ ਸਤਗੁਰ ਦੀ ਬਾਣੀ।
ਤੈਂ ਐਂ ਰੁੜ੍ਹ ਜਾਣਾ ਨੀ, ਜਿੰਦੜੀਏ ਜਿਓਂ ਨ੍ਹੈਰ ਦਾ ਪਾਣੀ।
ਜੇ ਨਿਰਮਲ ਹੋਣਾ ਨੀ, ਜਿੰਦੜੀਏ ਪੜ੍ਹ ਸਤਗੁਰ ਦੀ ਬਾਣੀ।
ਜਗ ਰੁੜ੍ਹਿਆ ਜਾਂਦਾ ਨੀ, ਜਿੰਦੜੀਏ ਪੜ੍ਹ ਸਤਗੁਰ ਦੀ ਬਾਣੀ।
ਤੈਂ ਐਂ ਲਿਫ ਜਾਣਾ ਨੀ, ਜਿੰਦੜੀਏ ਜਿਵੇਂ ਤੂਤ ਦੀ ਢਾਣੀ।
ਜੇ ਨਿਰਮਲ ਹੋਣਾ ਨੀ, ਜਿੰਦੜੀਏ ਪੜ੍ਹ ਸਤਗੁਰ ਦੀ ਬਾਣੀ।
ਜਗ ਰੁੜ੍ਹਿਆ ਜਾਂਦਾ ਨੀ, ਜਿੰਦੜੀਏ ਪੜ੍ਹ ਸਤਗੁਰ ਦੀ ਬਾਣੀ।
ਜਮ ਲੈਣ ਆਗੇ ਨੀ, ਜਿੰਦੜੀਏ ਪੀਣ ਨਾ ਦਿੰਦੇ ਪਾਣੀ।

(7)

ਕਿਵੇਂ ਸਮਝਾਵਾਂ ਵੇ, ਵੈਰੀ ਮਨ ਹੰਕਾਰੀਆ ਤੈਨੂੰ।
ਜੇ ਮਨ ਲਕੜੀ ਹੋਵੇ, ਆਰੇ ਦੇ ਨਾਲ ਚਰਾਵਾਂ।
ਗੁਰਾਂ ਲਈ ਤਖਤ ਬਣਾਵਾਂ, ਗੁਰਾਂ ਦੇ ਚਰਨੀ ਲਾਵਾਂ।
ਕਿਵੇਂ ਸਮਝਾਵਾਂ ਵੇ, ਵੈਰੀ ਮਨ ਹੰਕਾਰੀਆ ਤੈਨੂੰ।
ਜੇ ਮਨ ਕਪੜਾ ਹੋਵੇ, ਕੈਂਚੀ ਦੇ ਨਾਲ ਕਟਾਵਾਂ।

ਗੁਰਾਂ ਲਈ ਚੋਗਾ ਸਵਾਵਾਂ, ਗੁਰਾਂ ਦੇ ਚਰਨੀ ਲਾਵਾਂ।
ਕਿਵੇਂ ਸਮਝਾਵਾਂ ਵੇ, ਵੈਰੀ ਮਨ ਹੰਕਾਰੀਆ ਤੈਨੂੰ।
ਜੇ ਮਨ ਚਮੜਾ ਹੋਵੇ, ਗੁਰਾਂ ਲਈ ਚੱਪਲ ਬਣਾਵਾਂ।
ਗੁਰਾਂ ਦੇ ਚਰਨੀ ਪਾਵਾਂ, ਵੇ ਮਨ ਹੰਕਾਰੀਆ ਤੈਨੂੰ।
ਕਿਵੇਂ ਸਮਝਾਵਾਂ ਵੇ, ਵੈਰੀ ਮਨ ਹੰਕਾਰੀਆ ਤੈਨੂੰ।

(8)

ਭਿਲਣੀ ਰਸਤਾ ਕਰਦੇ ਸਾਫ, ਮੇਰੇ ਘਰ ਰਾਮ ਆਵਾਂਗੇ।
ਰਾਮ ਆਵਾਂਗੇ ਸ੍ਰੀ ਭਗਵਾਨ ਆਵਾਂਗੇ।
ਭਿਲਣੀ ਰਸਤਾ ਕਰਦੇ ਸਾਫ, ਮੇਰੇ ਘਰ ਰਾਮ ਆਵਾਂਗੇ।
ਰਾਮ ਆਵਾਂਗੇ ਸ੍ਰੀ ਭਗਵਾਨ ਆਵਾਂਗੇ।
ਤੱਤਾ ਸਾ ਦੂਧ ਵਿਚ ਪਾਇਆ ਬੂਰਾ,
ਰਾਮ ਪੀਵਾਂਗੇ ਸ੍ਰੀ ਭਗਵਾਨ ਪੀਵਾਂਗੇ।
ਭਿਲਣੀ ਰਸਤਾ ਕਰਦੇ ਸਾਫ, ਮੇਰੇ ਘਰ ਰਾਮ ਆਵਾਂਗੇ।
ਰਾਮ ਆਵਾਂਗੇ ਸ੍ਰੀ ਭਗਵਾਨ ਆਵਾਂਗੇ।
ਤੱਤੀ ਸੀ ਪੂਰੀ ਹਰ ਗੁਲਦਾਣਾ,
ਰਾਮ ਖਾਵਾਂਗੇ ਸ੍ਰੀ ਭਗਵਾਨ ਖਾਵਾਂਗੇ।
ਭਿਲਣੀ ਰਸਤਾ ਕਰਦੇ ਸਾਫ, ਮੇਰੇ ਘਰ ਰਾਮ ਆਵਾਂਗੇ।
ਰਾਮ ਆਵਾਂਗੇ ਸ੍ਰੀ ਭਗਵਾਨ ਆਵਾਂਗੇ।
ਬਿਸਤਰ ਬਛੌਣੇ ਰੇਸ਼ਮ ਕੇ ਤਕੀਏ,
ਰਾਮ ਸੋਵਾਂਗੇ ਸ੍ਰੀ ਭਗਵਾਨ ਸੋਵਾਂਗੇ।
ਭਿਲਣੀ ਰਸਤਾ ਕਰਦੇ ਸਾਫ, ਮੇਰੇ ਘਰ ਰਾਮ ਆਵਾਂਗੇ।
ਰਾਮ ਆਵਾਂਗੇ ਸ੍ਰੀ ਭਗਵਾਨ ਆਵਾਂਗੇ।

(9)

ਕਹਾਂ ਉਤਰੇ ਲਛਮਣ ਕਹਾਂ ਉਤਰੇ ਰਾਮ।
ਏ ਸਖੀਓ ਕਹਾਂ ਤੇ ਉਤਰੇ ਸ੍ਰੀ ਭਗਵਾਨ,
ਗੰਗਾ ਉਤਰੇ ਲਛਮਣ, ਜਮਨਾ ਉਤਰੇ ਰਾਮ।
ਏ ਸਖੀਓ ਕੁਲਛੇਤਰ ਤੇ ਉਤਰੇ ਸ੍ਰੀ ਭਗਵਾਨ।
ਕਹਾਂ ਨ੍ਹਾਵਾਂ ਲਛਮਣ ਕਹਾਂ ਨ੍ਹਾਵਾਂ ਰਾਮ,
ਏ ਸਖੀਓ ਕਹਾਂ ਤੇਂ ਨ੍ਹਾਵਾਂ ਸ੍ਰੀ ਭਗਵਾਨ।
ਗੰਗਾ ਨ੍ਹਾਵਾ ਲਛਮਣ ਜਮਨਾ ਨ੍ਹਾਵਾਂ ਰਾਮ,
ਏ ਸਖੀਓ ਕੁਲਛੇਤਰ ਤੇ ਨ੍ਹਾਵਾ ਸ੍ਰੀ ਭਗਵਾਨ।



ਕਿਆ ਏ ਖਾਵਾਂ ਲਛਮਣ ਕਿਆ ਏ ਖਾਵਾਂ ਰਾਮ,
ਏ ਸਖੀਓ ਕਿਆ ਏ ਤੇ ਖਾਵਾਂ ਸ੍ਰੀ ਭਗਵਾਨ।
ਲਡੂ ਖਾਵਾਂ ਲਛਮਣ ਬਰਫੀ ਖਾਵਾਂ ਰਾਮ,
ਏ ਸਖੀਓ ਪੇੜੇ ਤੇ ਖਾਵਾ ਸ੍ਰੀ ਭਗਵਾਨ।
ਕਿਆ ਏ ਪੀਵਾਂ ਲਛਮਣ ਕਿਆ ਏ ਪੀਵਾਂ ਰਾਮ,
ਏ ਸਖੀਓ ਕਿਆ ਏ ਤੇ ਪੀਵਾਂ ਸ੍ਰੀ ਭਗਵਾਨ।
ਦੂਧ ਪੀਵਾਂ ਲਛਮਣ ਜੈ ਏ ਪੀਵਾਂ ਰਾਮ,
ਏ ਸਖੀਓ ਗਊਆਂ ਕਾ ਦੂਧ ਪੀਵਾਂ ਸ੍ਰੀ ਭਗਵਾਨ।
ਗੀਤਾ ਵਾਚਾਂ ਲਛਮਣ ਕਿਤਾਬ ਵਾਚਾਂ ਰਾਮ,
ਏ ਸਖੀਓ ਪੂਜਾ ਤੇ ਕਰਾਂ ਸ੍ਰੀ ਭਗਵਾਨ।
ਕਹਾਂ ਸੋਵਾਂ ਲਛਮਣ ਕਹਾ ਸੋਵਾਂ ਰਾਮ,
ਏ ਸਖੀਓ ਕਹਾ ਤੇ ਸੋਵਾਂ ਸ੍ਰੀ ਭਗਵਾਨ।
ਮੰਜਾ ਸੋਵਾਂ ਲਛਮਣ ਪਲੰਗ ਸੋਵਾਂ ਰਾਮ,
ਏ ਸਖੀਓ ਫੁੱਲਾਂ ਕੀ ਸੇਜ ਸ੍ਰੀ ਭਗਵਾਨ।

(10)

ਰਾਮ ਲਛਮਣ ਦੋਨੋ ਭਾਈ ਦੋਨੋ ਚਲੇ ਬਣਵਾਸ,
ਏ ਜੀ ਕੋਈ ਰਾਮ ਮਿਲੇ ਭਗਵਾਨ।
ਇਕ ਬਣ ਚਾਲੇ ਦੋ ਬਣ ਚਾਲੇ, ਤੀਜੇ ਮਾ ਲਗ ਆਈ ਪਿਆਸ।
ਏ ਜੀ ਕੋਈ ਰਾਮ ਮਿਲੇ ਭਗਵਾਨ।
ਛੋਟਾ ਸਾ ਲੜਕਾ ਗਊਆਂ ਏ ਚਰਾਵਾ, ਭਜ ਰਿਆ ਹਰ ਕਾ ਨਾਮ।
ਏ ਜੀ ਕੋਈ ਰਾਮ ਮਿਲੇ ਭਗਵਾਨ।
ਤੈਂ ਤੇ ਲੜਕੇ ਗਊਆਂ ਏ ਚਰਾਵਾ, ਪਿਆ ਸਾਨੂੰ ਠੰਡਾ ਨੀਰ।
ਏ ਜੀ ਕੋਈ ਰਾਮ ਮਿਲੇ ਭਗਵਾਨ।
ਨਾ ਉਰਾ ਲੋਟਾ ਨਾ ਉਰਾ ਤਾਲ, ਕਹਾਂ ਤੇ ਲਿਆਊਂ ਠੰਡਾ ਨੀਰ।
ਏ ਜੀ ਕੋਈ ਰਾਮ ਮਿਲੇ ਭਗਵਾਨ।
ਸੀਤਾ ਕੇ ਬਾਗ ਮਾ ਤੇ ਉਠੀਏ ਬਦਲੀਆ, ਬੁਰ ਦੀਏ ਸਾਰੇ ਤਾਲ।
ਏ ਜੀ ਕੋਈ ਰਾਮ ਮਿਲੇ ਭਗਵਾਨ।
ਬੁਰ ਲਿਆਇਆ ਲੋਟਾ ਬੁਰ ਲਿਆ ਜਲ, ਲੈ ਜੀ ਪੀਓ ਭਗਵਾਨ।
ਏ ਜੀ ਕੋਈ ਰਾਮ ਮਿਲੇ ਭਗਵਾਨ।
ਪਾਣੀ ਤੇ ਲੜਕੇ ਫੇਰ ਪੀਆਂਗੇ, ਨਾਮ ਬਤਾਦੇ ਮਾਈ ਬਾਪ।
ਏ ਜੀ ਕੋਈ ਰਾਮ ਮਿਲੇ ਭਗਵਾਨ।
ਪਿਤਾ ਆਪਣੇ ਕਾ ਨਾਂ ਏ ਨਾ ਜਾਣੂੰ ਸੀਤਾ ਮੇਰੀ ਮਾਂ।

ਏ ਜੀ ਕੋਈ ਰਾਮ ਮਿਲੇ ਭਗਵਾਨ।
ਇਤਨੀ ਤੋ ਸੁਣ ਕਾ ਲੜਕਾ ਗੋਦ ਬਠਾਇਆ, ਪਟਕੇ ਪੂੰਝੇ ਉਸਕੇ ਪੈਰ।
ਏ ਜੀ ਕੋਈ ਰਾਮ ਮਿਲੇ ਭਗਵਾਨ।
ਚਲੋ ਏ ਲੜਕੇ ਉਸ ਬਣ ਚਾਲੈ, ਜਹਾਂ ਤੁਮ੍ਹਾਰੀ ਮਾਂ।
ਏ ਜੀ ਕੋਈ ਰਾਮ ਮਿਲੇ ਭਗਵਾਨ।
ਉਠਲੇ ਏ ਮਾਤਾ ਖੇਸ ਚਾ ਰਖਲੇ, ਵੇਲਾ ਬਹੁੜਾਂਗੇ ਭਗਵਾਨ।
ਏ ਜੀ ਕੋਈ ਰਾਮ ਮਿਲੇ ਭਗਵਾਨ।
ਐਸੇ ਸੇ ਮੂਰਖ ਕਾ ਬੇਟਾ ਮੁਖੜਾ ਨਾ ਦੇਖੂੰ, ਜਿਸਨੇ ਲੀਆ ਬਣਵਾਸ।
ਏ ਜੀ ਕੋਈ ਰਾਮ ਮਿਲੇ ਭਗਵਾਨ।
ਪਟ ਜਾ ਏ ਧਰਤੀ ਸਮਾ ਜਾ ਏ ਸੀਤਾ, ਹੋ ਜਾ ਹਰੀ ਏ ਦਾਬ੍ਹ।
ਏ ਜੀ ਕੋਈ ਰਾਮ ਮਿਲੇ ਭਗਵਾਨ।
ਪਟ ਗਈ ਧਰਤੀ ਸਮਾ ਗਈ ਸੀਤਾ, ਹੋ ਜਾ ਗੀ ਹਰੀ ਏ ਦ੍ਹਾਬ।
ਏ ਜੀ ਕੋਈ ਰਾਮ ਮਿਲੇ ਭਗਵਾਨ।
ਬਾਜ ਨਾਠ ਕਾ ਕੇਸ ਪਕੜ ਲੀਏ, ਕੇਸਾਂ ਕੀ ਹੋਗੀ ਹਰੀ ਦਾਬ੍ਹ।
ਏ ਜੀ ਕੋਈ ਰਾਮ ਮਿਲੇ ਭਗਵਾਨ।
ਚਾਂਦ ਸੂਰਜ ਕਾ ਲਗਿਆ ਏ ਗ੍ਰਹਿਣੀਆ, ਕਾਮ ਆਈ ਹਰੀ ਏ ਦਾਬ੍ਹ।
ਏ ਜੀ ਕੋਈ ਰਾਮ ਮਿਲੇ ਭਗਵਾਨ।

(11)

ਤੇਲ ਕਿਨਾਰਾ ਉਖੜਿਆ ਖੜਿਆ ਓ ਮੇਰੇ ਰਾਮ।
ਚਲੋ ਏ ਸਖੀਓ ਵਹੀ ਕਰਾਂਗੇ ਸਭ ਦਾਨ।
ਭਜਨ ਬਿਨਾ ਕੈਸੇ ਮਿਲਾਂ ਏ ਭਗਵਾਨ।
ਗੰਗਾ ਕਿਨਾਰਾ ਗਊਆਂ ਬੈਠੀ ਓ ਮੇਰੇ ਰਾਮ।
ਚਲੋ ਏ ਸਖੀਓ ਵਹੀ ਕਰਾਂਗੇ ਪੇੜੇ ਦਾਨ।
ਭਜਨ ਬਿਨਾਂ ਕੈਸੇ ਮਿਲਾਂ ਏ ਭਗਵਾਨ।
ਜਮਨਾ ਕਿਨਾਰਾ ਸਾਧੂ ਬੈਠੇ ਓ ਮੇਰੇ ਰਾਮ।
ਚਲੋ ਏ ਸਖੀਓ ਵਹੀਂ ਕਰਾਂਗੇ ਵਸਤਰ ਦਾਨ।
ਭਜਨ ਬਿਨਾ ਕੈਸੇ ਮਿਲਾਂ ਏ ਰਾਮ।
ਕੁਲਛੇਤਰ ਕਿਨਾਰਾ ਬਾਮ੍ਹਣ ਬੈਠੇ ਓ ਮੇਰੇ ਰਾਮ।
ਚਲੋ ਏ ਸਖੀਓ ਵਹੀ ਕਰਾਂਗੇ ਸਿੱਧਾ ਦਾਨ।
ਭਜਨ ਬਿਨਾ ਕੈਸੇ ਮਿਲਾਂ ਏ ਭਗਵਾਨ।
ਪੇਹੋਵਾ ਕਿਨਾਰਾ ਪੰਡਤ ਬੈਠੇ ਓ ਮੇਰੇ ਰਾਮ।
ਸੁਰਸਤੀ ਕਿਨਾਰਾ ਪੰਡਤ ਬੈਠੇ ਓ ਮੇਰੇ ਰਾਮ।



ਚਲੋ ਏ ਸਖੀਓ ਵਹੀ ਕਰਾਂਗੇ ਪਿੰਡ ਦਾਨ।
ਭਜਨ ਬਿਨਾ ਕੈਸੇ ਮਿਲਾਂ ਏ ਭਗਵਾਨ।

(12)

ਬੁਮ ਤੋ ਸਖੀ ਮੇਰੇ ਹਾਣ ਕੀ ਏ ਕੀਰਤਨ ਮਾ ਆਈਓ।
ਸਿੱਧੀ ਗਲ਼ੀ ਮੇਰੇ ਰਾਮ ਕੀ ਏ ਮੋੜ ਮਤ ਪਾਈਓ।
ਖਾਣਾ ਦਰ੍ਹਿਆ ਮੇਰੇ ਰਾਮ ਕਾ ਏ ਸਖੀ ਹਾਥ ਮਤ ਲਾਈਓ।
ਸਿੱਧੀ ਗਲ਼ੀ ਮੇਰੇ ਰਾਮ ਕੀ ਏ ਸਖੀ ਮੋੜ ਮਤ ਪਾਈਓ।
ਬੁਮ ਤੋ ਸਖੀ ਮੇਰੇ ਹਾਣ ਕੀ ਏ ਕੀਰਤਨ ਮਾ ਆਈਓ।
ਪੀਣਾ ਦਰ੍ਹਿਆ ਮੇਰੇ ਰਾਮ ਕਾ ਏ ਸਖੀ ਹਾਥ ਮਤ ਲਾਈਓ।
ਸਿੱਧੀ ਗਲ਼ੀ ਮੇਰੇ ਰਾਮ ਕੀ ਏ ਸਖੀ ਮੋੜ ਮਤ ਪਾਈਓ।
ਬੁਮ ਤੋ ਸਖੀ ਮੇਰੇ ਹਾਣ ਕੀ ਏ ਕੀਰਤਨ ਮਾ ਆਈਓ।
ਸੋਣਾਂ ਦਰਿਆ ਮੇਰੇ ਰਾਮ ਕਾ ਏ ਸਖੀ ਹਾਥ ਮਤ ਲਾਈਓ।
ਸੇਜਾਂ ਬਣਾਈ ਮੇਰੇ ਰਾਮ ਕੀ ਏ ਸਖੀ ਹਾਥ ਮਤ ਲਾਈਓ।
ਸਿੱਧੀ ਗਲ਼ੀ ਮੇਰੇ ਰਾਮ ਕੀ ਏ ਸਖੀ ਮੋੜ ਮਤ ਪਾਈਓ।
ਬੁਮ ਤੋ ਸਖੀ ਮੇਰੇ ਹਾਣ ਕੀ ਏ ਕੀਰਤਨ ਮਾ ਆਈਓ।

(13)

ਰਾਮ ਰਾਮ ਰਾਮ ਵੇਲਾ ਹੋਵੇ ਸਤਸੰਗ ਦਾ,
ਪ੍ਰੇਮ ਵਾਲ਼ੀ ਗਲੀ ਵਿਚੋਂ ਕੋਈ ਕੋਈ ਲੰਘਦਾ।
ਤੱਤਾ ਸਾ ਪਾਣੀ ਸਾਬਣ ਕੀ ਟਿਕੀਆ,
ਨ੍ਹਾਣ ਵਾਲਾ ਕ੍ਰਿਸ਼ਨ ਹੋਵੇ ਤਾਈਓ ਦਿਲ ਲਗਦਾ।
ਰਾਮ ਰਾਮ ਰਾਮ ਵੇਲਾ ਹੋਵੇ ਸਤਸੰਗ ਦਾ,
ਤੱਤੀ ਸੀ ਪੂਰੀ ਹਰ ਗੁਲ ਦਾਣਾ।
ਖਾਣ ਵਾਲਾ ਕ੍ਰਿਸ਼ਨ ਹੋਵੇ ਤਾਈਓ ਦਿਲ ਲਗਦਾ,
ਰਾਮ ਰਾਮ ਰਾਮ ਵੇਲਾ ਹੋਵੇ ਸਤਸੰਗ ਦਾ।
ਤੱਤਾ ਸਾ ਦੂਧੁ ਵਿਚ ਪਾਇਆ ਬੂਰਾ,
ਪੀਣ ਵਾਲਾ ਕ੍ਰਿਸ਼ਨ ਹੋਵੇ ਤਾਈਓ ਦਿਲ ਲਗਦਾ।
ਰਾਮ ਰਾਮ ਰਾਮ ਵੇਲਾ ਹੋਵੇ ਸਤਸੰਗ ਦਾ,
ਸੋਹਣਾਂ ਜੇਹਾ ਕਿਰਤਨ ਫੁੱਲਾਂ ਵਿਚ ਰੱਖਦੀ।
ਕਿਰਤਨ ਕਰਨ ਵਾਲਾ ਕ੍ਰਿਸ਼ਨ ਹੋਵੇ ਤਾਈਓ ਦਿਲ ਲਗਦਾ।
ਰਾਮ ਰਾਮ ਰਾਮ ਵੇਲਾ ਹੋਵੇ ਸਤਸੰਗ ਦਾ।
ਸੋਹਣੀ ਜੀ ਸੇਜਾ ਫੁੱਲਾਂ ਵਿਚ ਰੱਖਦੀ,

ਸੌਣ ਵਾਲਾ ਕ੍ਰਿਸ਼ਨ ਹੋਵੇ ਤਾਈਓ ਦਿਲ ਲਗਦਾ।
ਰਾਮ ਰਾਮ ਰਾਮ ਵੇਲਾ ਹੋਵੇ ਸਤਸੰਗ ਦਾ,
ਪ੍ਰੇਮ ਵਾਲੀ ਗਲ਼ੀ ਵਿਚੋਂ ਕੋਈ ਕੋਈ ਲੰਘਦਾ।

(14)

ਕਿਆਹੇਂ ਕਾ ਤੇਰਾ ਪਾਲਣਾ ਏ ਸਾਜਨੇ,
ਕਿਆਹੇ ਕੀ ਡਲ ਰਈ ਡੋਰ, ਝਲਾਵਾ ਰਾਣੀ ਸਾਜਨਾ।
ਸੋਨੇ ਚਾਂਦੀ ਕਾ ਏ ਮੇਰਾ ਪਾਲਣਾ,
ਰੇਸ਼ਮ ਕੀ ਡਲ ਰਈ ਡੋਰ, ਝਲਾਵਾ ਰਾਣੀ ਸਾਜਨਾ।
ਧਰਤੀ ਮਾਤਾ ਝੂਲਾ ਪਾਲਣਾ, ਝਲਾਵਾ ਰਾਣੀ ਸਾਜਨਾ।
ਕਿਆਹੇਂ ਕਾ ਤੇਰਾ ਪਾਲਣਾ ਏ ਸਾਜਨੇ,
ਖੇੜੇ ਖੁਆਜੇ ਝੂਲਾ ਪਾਲਣਾ, ਝੂਲਾਵਾ ਰਾਣੀ ਸਾਜਨਾ।
ਕਿਆਹੇਂ ਕਾ ਤੇਰਾ ਪਾਲਣਾ ਏ ਸਾਜਨੇ,
ਬਰਮਾ ਵਿਸਨੂੰ ਝੂਲਾ ਪਾਲਣਾ, ਝੂਲਾਵਾ ਰਾਣੀ ਸਾਜਨਾ।
ਕਿਆਹੇਂ ਕਾ ਤੇਰਾ ਪਾਲਣਾ ਏ ਸਾਜਨੇ,
ਪੰਜੋਂ ਪਾਂਡੇ ਝੂਲਾ ਪਾਲਣਾ, ਝਲਾਵਾ ਰਾਣੀ ਸਾਜਨਾ।
ਕਿਆਹੇਂ ਕਾ ਤੇਰਾ ਪਾਲਣਾ ਏ ਸਾਜਨੇ,
ਰਾਮ ਝੂਲਾ ਪਾਲਣਾ, ਝੂਲਾਵਾ ਰਾਣੀ ਸਾਜਨਾ।
ਕਿਆਹੇਂ ਕਾ ਤੇਰਾ ਪਾਲਣਾ ਏ ਸਾਜਨੇ,
ਸੀਤਾ ਲਛਮਣ ਝੂਲਾ ਪਾਲਣਾ, ਝਲਾਵਾ ਰਾਣੀ ਸਾਜਨਾ।
ਕਿਆਹੇਂ ਕਾ ਤੇਰਾ ਪਾਲਣਾ ਏ ਸਾਜਨੇ,
ਸਿਵਜੀ ਭੋਲਾ ਝੂਲਾਂ ਪਾਲਣਾ, ਝਲਾਵਾ ਰਾਣੀ ਸਾਜਨਾ।
ਕਿਆਹੇਂ ਕਾ ਤੇਰਾ ਪਾਲਣਾ ਏ ਸਾਜਨੇ,
ਚੰਦਾ ਸੂਰਜ ਝੂਲਾ ਪਾਲਣਾ, ਝਲਾਵਾ ਰਾਣੀ ਸਾਜਣਾ।
ਕਿਆਹੇਂ ਕਾ ਤੇਰਾ ਪਾਲਣਾ ਏ ਸਾਜਨੇ,
ਸ੍ਰੀ ਕ੍ਰਿਸ਼ਨ ਝੂਲਾਂ ਪਾਲਣਾ, ਝਲਾਵਾ ਰਾਣੀ ਸਾਜਨਾ।
ਕਿਆਹੇਂ ਕਾ ਤੇਰਾ ਪਾਲਣਾ ਏ ਸਾਜਨੇ,
ਕਿਆਹੇ ਕੀ ਡਲ ਰਈ ਡੋਰ, ਝਲਾਵਾ ਰਾਣੀ ਸਾਜਨਾ।
ਸੋਨੇ ਚਾਂਦੀ ਕਾ ਏ ਮੇਰਾ ਪਾਲਣਾ,
ਰੇਸ਼ਮ ਕੀ ਡਲ ਰਈ ਡੋਰ, ਝਲਾਵਾ ਰਾਣੀ ਸਾਜਨਾ।
ਕਿਆਹੇਂ ਕਾ ਤੇਰਾ ਪਾਲਣਾ ਏ ਸਾਜਨੇ,



(15)

ਜੈ ਕ੍ਰਿਸਨ ਜੈ ਕ੍ਰਿਸਨ ਜੈ ਕ੍ਰਿਸ਼ਨ ਦੇਵਾ,
ਮਾਤਾ ਜਾਕੀ ਦੇਵਕੀ ਪਿਤਾ ਵਾਸੁਦੇਵਾ।
ਫੂਲ ਚੜੇ ਹਾਰ ਚੜੇ ਔਰ ਚੜੇ ਮੇਵਾ।
ਜੈ ਕ੍ਰਿਸਨ ਜੈ ਕ੍ਰਿਸਨ ਜੈ ਕ੍ਰਿਸ਼ਨ ਦੇਵਾ,
ਮੱਖਣਾਂ ਕੇ ਭੋਗ ਲਗੇ ਸੰਤ ਕਰੇ ਸੇਵਾ।
ਜੈ ਕ੍ਰਿਸਨ ਜੈ ਕ੍ਰਿਸਨ ਜੈ ਕ੍ਰਿਸ਼ਨ ਦੇਵਾ,
ਮਾਤਾ ਜਾਕੀ ਦੇਵਕੀ, ਪਿਤਾ ਵਾਸੁਦੇਵਾ।

(16)

ਤੈਂ ਤੋ ਕਹਾਂ ਗਇਆ ਤਾ ਬੋਲ੍ਹੇ ਨਾਥ, ਢੂੰਡ ਆਈ ਸਾਰੀ ਏ ਬਣੀ।
ਮੈਂ ਤੋ ਗਇਆ ਤਾ ਪੇਹਵੇ ਜੀ ਕੇ ਨਾਮ, ਬੰਸਰੀ ਬਜਾਵਣੇ ਕੋ।
ਤੈਂ ਤੋ ਐਸੀ ਰੇ ਬਜਾਈ ਬ੍ਹੋਲੇ ਨਾਥ, ਚਰਦੀ ਗਊਆਂ ਰੇ ਡਰਾਈ।
ਤੈਂ ਤੋ ਕਹਾਂ ਗਇਆ ਤਾ ਬੋਲ੍ਹੇ ਨਾਥ, ਢੂੰਡ ਆਈ ਸਾਰੀ ਏ ਬਣੀ।
ਮੈਂ ਤੋ ਗਇਆ ਤਾ ਗੰਗਾ ਜੀ ਕੇ ਨਾਮ, ਬੰਸਰੀ ਬਜਾਣੇ ਕੋ।
ਤੈਂ ਤੋ ਐਸੀ ਰੇ ਬਜਾਈ ਬੋਲ੍ਹੇ ਨਾਥ, ਚਰਦੀ ਗਊਆਂ ਏ ਡਰਾਈ।
ਤੈਂ ਤੋ ਕਹਾਂ ਗਇਆ ਤਾ ਬੋਲ੍ਹੇ ਨਾਥ, ਢੂੰਡ ਆਈ ਸਾਰੀ ਏ ਬਣੀ।
ਮੈਂ ਤੋ ਗਇਆ ਤਾ ਜਮਨਾ ਜੀ ਕੇ ਨਾਮ, ਬੰਸਰੀ ਬਜਾਣੇ ਕੋ।
ਤੈਂ ਤੋ ਐਸੀ ਰੇ ਬਜਾਈ ਭੋਲੇ ਨਾਥ, ਚਰਦੀ ਗਊਆਂ ਰੇ ਡਰਾਈ।
ਤੈਂ ਤੋ ਕਹਾਂ ਗਇਆ ਤਾ ਬੋਲ੍ਹੇ ਨਾਥ, ਢੂੰਡ ਆਈ ਸਾਰੀ ਏ ਬਣੀ।
ਮੈਂ ਤੋ ਗਇਆ ਤਾ (ਕ੍ਰਿਪਾਲ) ਮਾਸੜ ਜੀ ਕੇ ਪਾਸ, ਬੰਸਰੀ ਬਜਾਣੇ ਕੋ।
ਤੈਂ ਤੋ ਐਸੀ ਰੇ ਬਜਾਈ ਬੋਲ੍ਹੇ ਨਾਥ, ਚਰਦੀ ਗਊਆਂ ਏ ਡਰਾਈ।
ਤੈਂ ਤੋ ਕਹਾਂ ਗਇਆ ਤਾ ਬੋਲ੍ਹੇ ਨਾਥ, ਢੂੰਡ ਆਈ ਸਾਰੀ ਏ ਬਣੀ।

—0—

# ਪੁਸਤਕ ਸੂਚੀ


ਅੰਮ੍ਰਿਤਾ, ਪ੍ਰੀਤਮ : ਪੰਜਾਬ ਦੀ ਆਵਾਜ਼, 1952,

.................. : ਮੌਲੀ ਤੇ ਮਹਿੰਦੀ, 1961

ਅਮਰਜੀਤ ਸਿੰਘ : ਪੰਜਾਬੀ ਦਾ ਭਾਸ਼ਾ ਸੰਸਾਰ (ਸੰਪਾ.) 1979

ਅਮਰੀਕ ਸਿੰਘ : ਡੋਗਰੀ ਲੋਕਗੀਤ (ਸੰਪਾ.), 1973

ਸੰਤੋਖ ਸਿੰਘ, ਧੀਰ : ਲੋਕਗੀਤਾਂ ਬਾਰੇ, 1954

ਸਾਹਿਬ ਸਿੰਘ, ਅਰਸ਼ੀ : ਹਰਿਆਣਾ ਜਨ ਜੀਵਨ ਅਤੇ ਸਭਿਆਚਾਰ, 1982

ਸੋਹਿੰਦਰ ਸਿੰਘ, ਵਣਜਾਰਾ ਬੇਦੀ (ਡਾ): ਪੰਜਾਬ ਦੀ ਲੋਕਧਾਰਾ, 1973

: ਲੋਕਧਾਰਾ ਅਤੇ ਸਾਹਿਤ, 1977

: ਲੋਕ ਪਰੰਪਰਾ ਅਤੇ ਸਾਹਿਤ, 1978

: ਰੂਸੀ ਲੋਕ ਧਾਰਾ, 1986

ਸੇਵਾ ਸਿੰਘ : ਜੰਮੂ ਕਸ਼ਮੀਰ ਦੇ ਪੰਜਾਬੀ ਲੋਕਗੀਤ (ਸੰਪਾ.), 1980

ਹਰਕੀਰਤ ਸਿੰਘ (ਡਾ.) : ਭਾਸ਼ਾ ਅਤੇ ਭਾਸ਼ਾ ਵਿਗਿਆਨ, 1974

: ਪੰਜਾਬੀ ਦੀਆਂ ਭਾਸ਼ਾਵੀ ਵਿਸ਼ੇਸਤਾਵਾਂ, 1991

ਹਰਕੀਰਤ ਸਿੰਘ ਉੱਜਲ ਸਿੰਘ ਬਾਹਰੀ: ਭਾਸ਼ਾ ਵਿਗਿਆਨ ਤੇ ਪੰਜਾਬੀ ਭਾਸ਼ਾ, 1973

ਕਰਨਜੀਤ ਸਿੰਘ (ਡਾ.) : ਪੰਜਾਬ ਦੀ ਲੋਕਧਾਰਾ ਅਤੇ ਪੰਜਾਬੀ ਜਨ ਜੀਵਨ, 1988

ਕਰਮਜੀਤ ਸਿੰਘ (ਡਾ.) : ਧਰਤ ਦੁਆਬੇ ਦੀ, 1985

: ਮਿੱਟੀ ਦੀ ਮਹਿਕ, 1990

ਕਰਨੈਲ ਸਿੰਘ, ਥਿੰਦ (ਡਾ.) : ਲੋਕਧਾਰਾ ਅਤੇ ਮਧਕਾਲੀ ਸਾਹਿਤ, 1973

: ਲੋਕਧਾਰਾ ਅਧਿਐਨ (ਸੰਪਾ.), 1986

ਕੁਲਵੰਤ ਸਿੰਘ, ਔਲਖ : ਮਾਝੇ ਦੇ ਲੋਕਗੀਤ (ਸੰਪਾ.)1985

: ਬਾਬਲ ਧਰਮੀ ਦਾ ਦੇਸ (ਸੰਪਾ.)

ਗੁਰਦਿਤ ਸਿੰਘ, ਗਿਆਨੀ : ਮੇਰਾ ਪਿੰਡ, 1981

ਗੁਰਬਖ਼ਸ਼ ਸਿੰਘ, ਫਰੈਂਕ : ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, 1992

ਗੌਤਮ ਸ਼ਰਮਾ, ਵਿਅਧਿਤ : ਹਿਮਾਚਲ ਪ੍ਰਦੇਸ਼: ਲੋਕ ਸਭਿਆਚਾਰ ਅਤੇ ਸਾਹਿਤ, 1990

ਜੀਤ ਸਿੰਘ, ਜੋਸ਼ੀ (ਡਾ.) : ਪੰਜਾਬੀ ਸਭਿਆਚਾਰ ਬਾਰੇ, 1988

ਸਭਿਆਚਾਰ ਅਤੇ ਲੋਕਧਾਰਾ ਦੇ ਮੂਲ ਸਾਰੋਕਾਰ,





2004

ਜਸਵਿੰਦਰ ਸਿੰਘ (ਡਾ.) : ਪੰਜਾਬੀ ਸਭਿਆਚਾਰ ਦੇ ਪਛਾਣ ਚਿੰਨ੍ਹ

ਦੁਨੀ ਚੰਦ੍ : ਪੰਜਾਬੀ ਭਾਸ਼ਾ ਦਾ ਵਿਕਾਸ, 1959

ਦੇਵਿੰਦਰ ਸਤਿਆਰਥੀ : ਪੰਜਾਬੀ ਲੋਕ ਸਾਹਿਤ ਵਿਚ ਸੈਨਿਕ, 1970

: ਗਿੱਧਾ, 1954 ਦੂਜਾ ਸੰਸਕਰਨ

ਪਿਆਰਾ ਸਿੰਘ ਪਦਮ (ਪ੍ਰੋ.) : ਪੰਜਾਬੀ ਬੋਲੀ ਦਾ ਇਤਿਹਾਸ

ਪਰਮਿੰਦਰ ਸਿੰਘ, ਕ੍ਰਿਪਾਲ ਸਿੰਘ ਕਸੇਲ : ਪੰਜਾਬੀ ਸਾਹਿਤ ਦੀ ਉਤਪੱਤੀ ਤੇ ਵਿਕਾਸ, 1980, 1998 ਵਿਚ ਅਠਵਾਂ ਸੰਸਕਰਨ

ਪ੍ਰੇਮ ਪ੍ਰਕਾਸ਼ ਸਿੰਘ (ਪ੍ਰੋ.) : ਪੰਜਾਬੀ ਬੋਲੀ ਦਾ ਨਿਕਾਸ ਤੇ ਵਿਕਾਸ

ਸਿਧਾਂਤਕ ਭਾਸ਼ਾ ਵਿਗਿਆਨ, 2002 ਚੌਥੀ ਸੰਸਕਰਨ

ਬਲਬੀਰ ਸਿੰਘ ਪੂੰਨੀ (ਡਾ.) : ਲੋਕਧਾਰਾ, 1993

ਭੁਪਿੰਦਰ ਸਿੰਘ ਖਹਿਰਾ(ਡਾ.) : ਲੋਕਧਾਰਾ ਭਾਸ਼ਾ ਅਤੇ ਸਭਿਆਂਚਾਰ, 2004, ਚੌਥਾ ਸੰਸਕਰਨ

ਮਹਿੰਦਰ ਸਿੰਘ ਰੰਧਾਵਾ : ਪੰਜਾਬ, 1955

ਦਵਿੰਦਰ ਸਤਿਆਰਥੀ : ਪੰਜਾਬੀ ਲੋਕਗੀਤ, 1994

: ਪੰਜਾਬ ਦੇ ਲੋਕਗੀਤ, 2000, ਤੀਜੀ ਵਾਰ

ਨਰਿੰਦਰ, ਧੀਰ : ਮੈਂ ਧਰਤੀ ਪੰਜਾਬ ਦੀ, 1965

ਨਾਹਰ ਸਿੰਘ (ਡਾ.) : ਲੋਕ ਕਾਵਿ ਦੀ ਸਿਰਜਣ ਪ੍ਰਕ੍ਰਿਆ, 1983 (ਭਾਗ I ਅਤੇ II)

: ਕਲਿਆ ਹਰਨਾ ਰੋਹੀਏ ਚਰਨਾ, 1985

: ਲੌਂਗ ਬੁਰਜੀਆਂ ਵਾਲਾ, 1986

: ਖੂਨੀ ਨੈਣ ਜਲ ਭਰੇ

ਵਿਸ਼ਵਨਾਥ, ਤਿਵਾੜੀ (ਡਾ.) : ਪੰਜਾਬੀ ਸਭਿਆਚਾਰ, 1985


## ਰਸਾਲੇ ਕੋਸ਼ ਅਤੇ ਵਿਸ਼ਵਕੋਸ਼ ਰਸਾਲੇ


ਪਰਖ, ਵੌਲਿਅਮ-2, 1968, 1978

ਜੀਤ ਸਿੰਘ ਸੀਤਲ ਤੇ ਹੋਰ : ਪੁਆਧੀ ਸ਼ਬਦ ਕੋਸ਼, (ਸੰਪਾ), 1960

ਕਾਨ੍ਹ ਸਿੰਘ ਨਾਭਾ : ਗੁਰਸ਼ਬਦ ਰਤਨਾਕਰ ਮਹਾਨ ਕੋਸ਼, 1981

ਸੁਰਿੰਦਰ ਸਿੰਘ ਕੋਹਲੀ : ਪੰਜਾਬੀ ਸਾਹਿਤ ਕੋਸ਼ (ਸੰਪਾ), 1972

ਸੋਹਿੰਦਰ ਸਿੰਘ, ਵਣਜਾਰਾ ਬੇਦੀ (ਡਾ) ਪੰਜਾਬੀ ਲੋਕਧਾਰਾ ਵਿਸ਼ਵਕੋਸ਼, (ਪਹਿਲੀਆਂ ਛੇ ਜਿਲਦਾਂ 1978 ਤੋਂ 1992

## ਹਿੰਦੀ ਪੁਸਤਕਾਂ


ओम चन्द्र हांडा : पहाड़ी लोकगीत, 1984
कन्हैया लाल, शर्मा : हड़ौती बोली और साहित्य, 1965
कृष्ण देव उपाध्याय : भोजपुरी लोक साहित्य का अध्ययन
भोजपुरी लोक गीत (भाग 1-2)
कान्हू राम, संस्कर्ता : राजस्थानी लोक साहित्य
जवाहर लाल, हण्डू : कश्मीरी और हिन्दी लोक गीत
जगमल सिंह (डा.) : राजस्थानी एवं गुजराती लोकगीतो का तुल्नात्मक अध्ययन, 1986
देवी शंकर प्रभाकर : हरियाणा एक सांस्कृतिक मुल्यांकन, 1981
रामधारी सिंह दिनकर : संस्कृति के चार अध्याय, 1956
विश्वनाथ प्रसाद (डा.) : मगही संस्कार गीत
सुरेश, गौतम (डा.) : भारतीय लोकगीत संस्कृति अस्मिता, (संपा.)
सरोजनी रोहतागी (डा.) : अवधि का लोक साहित्य, 1971
साधूराम शारदा (डा.) : हरियाणे के लोकगीत, 1970
सत्येन्द्र (डा.) : ब्रज लोक साहित्य का अध्ययन 1974
सुरेश चन्द्र त्रिपाठी : ब्रज लोक गीत, 1977
सत्य, गुप्ता (डा.) : खड़ी बोली का लोक साहित्य, 1965
शिवलाल खण्डेलवाल : बांगरू बोली का भाषा शास्त्रीय अध्ययन,1980
शंकर लाल, यादव (डा.) : हरियाणा प्रदेश का लोक साहित्य, 1960


**English Books**


A.L. Kroeber : The Nature of Culture, 1952
Balbir Singh Sandhu : A Descriptive grammer of Puadhi
Harkirat Singh : A Comparative study of Maghi and Multani (Thesis)
Dandes, Alam : The study of folklore, 1965
Grierson (Dr) : Grierson on Punjab, 1961
Kluck Lohn, Richard : Culture and Behaviour, 1964
Sanker Sen, Gupta : Folklore and Folk life in India,1975
Thompson stith : The Folklore, 1951
R.C. Temple (Captain) : The Legends of the Punjab, Vol.3, 1962-63
Y.M. Sokolov : Russian Folk lore, 1950